SANGAM PUBLICATIONS

# ਜ਼ੁਬੈਰ ਅਹਿਮਦ
# ਦੀਆਂ
# ਚੋਣਵੀਆਂ ਕਹਾਣੀਆਂ



ਸੰਪਾਦਕ: ਖ਼ਾਲਿਦ ਫ਼ਰਹਾਦ ਧਾਰੀਵਾਲ

# ਜ਼ੁਬੈਰ ਅਹਿਮਦ ਦੀਆਂ ਚੋਣਵੀਆਂ ਕਹਾਣੀਆਂ

(ਪਾਕਿਸਤਾਨੀ ਪੰਜਾਬੀ ਕਹਾਣੀਆਂ)

## ਜ਼ੁਬੈਰ ਅਹਿਮਦ ਦੀਆਂ ਹੋਰ ਛਪੀਆਂ ਕਿਤਾਬਾਂ:

*ਕਵਿਤਾ ਸੰਗ੍ਰਹਿ:*
ਦਮ ਯਾਦ ਨਾ ਕੀਤਾ
ਸੱਦ
*ਕਹਾਣੀ ਸੰਗ੍ਰਹਿ:*
ਮੀਂਹ ਬੂਹੇ ਤੇ ਬਾਰੀਆਂ
ਕਬੂਤਰ ਬਨੇਰੇ ਤੇ ਗਲੀਆਂ
ਪਾਣੀ ਦੀ ਕੰਧ
Grieving For Pigeons (translation by Anne Murphy)
*ਪਰਖ-ਪੜਚੋਲ:*
ਵਿਚਾਰ ਲੇਖ
*ਅਨੁਵਾਦ:*
20ਵੀਂ ਸਦੀ ਦੀ ਵਾਰ / ਤਾਰਿਕ ਅਲੀ

## ਖ਼ਾਲਿਦ ਫ਼ਰਹਾਦ ਧਾਰੀਵਾਲ ਦੀਆਂ ਹੋਰ ਛਪੀਆਂ ਕਿਤਾਬਾਂ:

*ਕਹਾਣੀ ਸੰਗ੍ਰਹਿ:*
ਵਟਾਂਦਰਾ
ਕਥਾ ਇੱਕ ਕਲਯੁੱਗ ਦੀ
*ਅਨੁਵਾਦ / ਲਿਪੀਅੰਤਰ:*
ਮੋਹਨ ਦਾਸ / ਉਦਯ ਪ੍ਰਕਾਸ਼
ਸੂਰਜ ਦਾ ਸੱਤਵਾਂ ਘੋੜਾ / ਧਰਮਵੀਰ ਭਾਰਤੀ
ਪਰੋਹਤ ਜਿਨ੍ਹੇ ਮੱਛੀਆਂ ਪਾਲੀਆਂ / ਮਨੋਜ ਕੁਮਾਰ ਪਾਂਡੇ
ਭੋਏਂ ਤੇ ਭੱਸ / ਅਤੀਕ ਰਹੀਮੀ
ਅੱਤ ਸੁਖਾਲੀ ਮੌਤ / ਸਿਮੋਨ ਦ ਬੋਵੂਆਰ
ਸਾਂਝ / ਸਲੀਮ ਖ਼ਾਂ ਗਿੰਮੀ (ਗੁਰਮੁਖੀ ਲਿਪੀਅੰਤਰ)
ਸੇਫ਼ਟੀ ਕਿੱਟ ਤੇ ਹੋਰ ਕਹਾਣੀਆਂ / ਜਿੰਦਰ (ਸ਼ਾਹਮੁਖੀ ਲਿਪੀਅੰਤਰ)
ਦਰਿਆਵਾਂ ਦੇ ਹਾਣੀ / ਸ਼ਹਿਜ਼ਾਦ ਅਸਲਮ (ਗੁਰਮੁਖੀ ਲਿਪੀਅੰਤਰ)
ਜੰਗਲ ਰਾਖੇ ਜੱਗ ਦੇ / ਸ਼ਹਿਜ਼ਾਦ ਅਸਲਮ (ਗੁਰਮੁਖੀ ਲਿਪੀਅੰਤਰ)
*ਸੰਪਾਦਿਤ:*
ਚੋਣਵੀਆਂ ਪਾਕਿਸਤਾਨੀ ਕਹਾਣੀਆਂ
ਬੰਦੇ ਖਾਣੀਆਂ / ਅਫ਼ਜ਼ਲ ਅਹਿਸਨ ਰੰਧਾਵਾ (ਜਿੰਦਰ ਦੇ ਨਾਲ)
ਇਲਿਆਸ ਘੁੰਮਣ ਦੀਆਂ ਚੋਣਵੀਆਂ ਕਹਾਣੀਆਂ
ਜ਼ੁਬੈਰ ਅਹਿਮਦ ਦੀਆਂ ਚੋਣਵੀਆਂ ਕਹਾਣੀਆਂ
ਮਕਸੂਦ ਸਾਕਿਬ ਦੀਆਂ ਚੋਣਵੀਆਂ ਕਹਾਣੀਆਂ

# ਜ਼ੁਬੈਰ ਅਹਿਮਦ
# ਦੀਆਂ
# ਚੋਣਵੀਆਂ ਕਹਾਣੀਆਂ

ਸੰਪਾਦਕ

ਖ਼ਾਲਿਦ ਫ਼ਰਹਾਦ ਧਾਰੀਵਾਲ

# ZUBAIR AHMAD DIYAN CHONVIYAN KAHANIYAN

(A Collection Of Short Stories)

Edited by

**Khaled Farhad Dhariwal**

**Zubair Ahmad**

M - 95,
Johar Town,
Lahore, Pakistan.
Mobile: +92345-402-9632
Email: kitab.trinjan@gmail.com

**Khaled Farhad Dhariwal**

Village : Torhiyan Wala,
P.O. & Teh. Pasroor,
Distt. Syalkot, Pb. Pakistan
Mobile: +92300-617-7533
Email: kahani.kaar@yahoo.com
Facebook ID: Khalid Farhad

ISBN 978-93-5231-658-8

© 2024

Published by
**Sangam Publications**
Narata Market, Near Bus Stand,
Samana-147101, Distt. Patiala (Punjab)
Mob. 92090-00001, 99151-03490, 98152-43917
email : sangam541@gmail.com
www.sangampublications.com

Printed & Bound at:
Aarna Printing Solutions, Patiala
Ph. 99148-40666

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਜੇ. ਬੀ. ਸੇਖੋਂ ਅਤੇ ਚੰਦਰ ਅਦੀਬ ਦੇ ਨਾਂ

## ਤਰਤੀਬ


*ਮੀਂਹ ਬੂਹੇ ਤੇ ਬਾਰੀਆਂ 2001*

| | | |
|---|---|---|
| 1. | ਸਵੈਟਰ | 7 |
| 2. | ਮੀਂਹ, ਬੂਹੇ ਤੇ ਬਾਰੀਆਂ | 10 |
| 3. | ਬੂਹਾ ਖੁੱਲ੍ਹਾ ਏ | 17 |
| 4. | ਨਿਰੀ ਇੱਕ ਵਾਜ ਲਈ | 20 |
| 5. | ਵਲੀ ਅੱਲ੍ਹਾ ਗਵਾਚ ਗਿਆ ਏ | 28 |

*ਕਬੂਤਰ ਬਨੇਰੇ ਤੇ ਗਲੀਆਂ 2013*

| | | |
|---|---|---|
| 6. | ਮੁਰਦਾ ਤਾਰੀ | 36 |
| 7. | ਸਾਵਾ ਤੋਤਾ ਚੁੰਜ ਦਰਆਵੇ ਬੋੜ ਗਿਆ | 43 |
| 8. | ਬਾਜਵਾ ਹੁਣ ਗੱਲ ਨਹੀਂ ਕਰਦਾ | 50 |
| 9. | ਕਬੂਤਰ, ਬਨੇਰੇ ਤੇ ਗਲੀਆਂ | 57 |
| 10. | ਅਕਹਾਣੀ | 67 |

*ਪਾਣੀ ਦੀ ਕੰਧ 2019*

| | | |
|---|---|---|
| 11. | ਅੱਧ ਮੱਘਰ ਦਾ ਚੰਦ | 71 |
| 12. | ਅੱਗ ਲੱਗੇ ਦਰਿਆ | 78 |
| 13. | ਸਾਹਵਾਂ ਦੀ ਵਲਗਨ | 83 |
| 14. | ਓਭੜ ਹੋਇਆ ਸ਼ਹਿਰ | 91 |
| 15. | ਪਾਣੀ ਦੀ ਕੰਧ | 99 |
| • | ਵੇਲੇ ਦੀ ਸਾਖੀ / ਅਮਰਜੀਤ ਚੰਦਨ | 119 |
| • | ਜ਼ੁਬੈਰ ਅਹਿਮਦ ਨਾਲ ਇੰਟਰਵਿਊ (ਮੁਲਾਕਾਤੀ : ਖ਼ਾਲਿਦ ਫ਼ਰਹਾਦ ਧਾਰੀਵਾਲ) | 122 |

# ਸਵੈਟਰ

ਮਾਂ ਆਖਦੀ ਏ ਜਿਸ ਵਰ੍ਹੇ ਅੱਬੀ ਹਸਪਤਾਲ ਡਾਕਟਰਾਂ ਦੀ ਲਾਪਰਵਾਹੀ ਪਾਰੋਂ ਆਖ਼ਰੀ ਸਾਹ ਪੂਰੇ ਕੀਤੇ, ਉਸ ਵਰ੍ਹੇ ਈ ਉਨ੍ਹਾਂ ਇਹ ਸਵੈਟਰ ਉਣਿਆ। ਮਾਂ ਸਾਰੀ ਉਮਰ ਸੁਣਾਂਦੀ ਰਹੀ, ਤੇਰੇ ਪਿਉ ਨਾਹੀ ਮਰਨਾ ਜੇ ਡਾਕਟਰਾਂ ਪੁੱਠਾ ਟੀਕਾ ਨਾ ਲਾਇਆ ਹੁੰਦਾ। ਇਹ ਮਾਂ ਮੇਰੀ ਤੇ ਪਿਉ ਐਵੇਂ ਈ ਵਿੱਚ ਆ ਗਏ ਨੇ, ਅਸਲੋਂ ਸਾਰੀ ਗੱਲ ਸਵੈਟਰ ਦੀ ਏ।

ਪੋਹ ਮਾਹੀਂ ਪਿਉ ਮੋਇਆ ਤੇ ਇਸ ਤੋਂ ਅਗਦੋਂ ਉਹ ਇੱਕ ਦੋ ਮਹੀਨੇ ਤਾਂ ਮੰਜੀ ਲੱਗਾ ਰਿਹਾ ਹੋਣਾ ਏ। ਸਿਆਲ ਤਾਂ ਉਸ ਸ਼ੋਹਦੇ ਪੂਰਾ ਹੰਢਾਇਆ ਈ ਨਾ। ਸਵੈਟਰ ਉਸ ਸਵਾਹ ਪਾਣਾ ਸੀ। ਮਾਂ ਨੇ ਉਸ ਵਰ੍ਹੇ ਬਹੁੰ ਚਾਹਵਾਂ ਨਾਲ਼ ਹੱਥੀਂ ਉਹ ਸਵੈਟਰ ਉਣਿਆ ਸੀ। ਅਸੀਂ ਨਿੱਕੇ ਸਾਂ, ਪਰ ਫ਼ਿਰ ਵੀ ਇੱਕ ਦੋ ਗੱਲਾਂ ਚੇਤੇ ਨੇ। ਮੁੜ ਜਦੋਂ ਵੀ ਮਾਂ ਪਿਉ ਨੂੰ ਚੇਤੇ ਕਰਨਾ ਤੇ ਇਹ ਈ ਆਖਣਾ, "ਮੈਂ ਕਿੰਨੇ ਚਾਹਵਾਂ ਨਾਲ਼ ਸਵੈਟਰ ਬੁਣਿਆ। ਤੇਰੇ ਅੱਬੀ ਪਾਇਆ ਈ ਨਾ। ਬਸ ਇੱਕ ਵਾਰੀ ਪਾਇਆ ਤੇ ਟਾਂਗੇ ਉੱਤੇ ਅਸੀਂ ਬਾਜ਼ਾਰ ਵੀ ਗਏ। ਬਾਜ਼ਾਰ ਵਿੱਚੋਂ ਕੱਚੀ ਗਿਰੀ ਖਾਧੀ ਤੇ ਤੁਹਾਡੇ ਲਈ ਫਲਾਲੀਨ ਦਾ ਕੱਪੜਾ ਵੀ ਲਿਆ।"

ਸਾਡਾ ਸਭ ਤੋਂ ਨਿੱਕਾ ਚਾਚਾ ਉਦੋਂ ਅਜੇ ਪੜ੍ਹਦਾ ਸੀ। ਪਿਉ ਦੇ ਗੁਜ਼ਰਨ ਮਗਰੋਂ ਪਿਉ ਦੇ ਕੁੱਝ ਕੱਪੜੇ ਮਾਂ ਲੋਕਾਂ ਨੂੰ ਵੰਡ ਦਿੱਤੇ, ਕੁੱਝ ਸਾਂਭ ਲਏ ਪਈ ਪੁੱਤਰ ਵੱਡੇ ਹੋ ਕੇ ਪਾਣਗੇ, ਪਰ ਉਹ ਸਵੈਟਰ ਨਿੱਕਾ ਚਾਚਾ ਲੈ ਗਿਆ। ਅੱਬੀ ਨਾਲ਼ ਉਹਦਾ ਗੂੜ੍ਹ ਵੀ ਬਹੁੰ ਸੀ। ਹੁਣ ਤਾਂ ਮੇਰੇ ਵੀ ਧੌਲ਼ੇ ਆਵਣ ਲੱਗ ਪਏ ਨੇ, ਪਰ ਉਦੋਂ ਸ਼ੈਵਾਂ ਘੱਟ ਈ ਹੁੰਦੀਆਂ ਸਨ ਤੇ ਇੱਕ ਇੱਕ ਸ਼ੈ ਦੀ ਤਵਾਰੀਖ਼ ਲੋਕਾਂ ਨੂੰ ਚੇਤੇ ਹੁੰਦੀ ਸੀ। ਮੈਨੂੰ ਯਾਦ ਏ ਪਿਉ ਦੇ ਗੁਜ਼ਰਨ ਪਿੱਛੋਂ ਇੱਕ ਹੋਰ ਚਾਚੇ ਦੇ ਘਰੋਂ ਮਾਂ ਕੁੱਝ ਸ਼ੈਵਾਂ ਲਿਆਈ ਸੀ, ਜਿਹੜੀਆਂ ਵੰਡ ਦੇ ਵੇਲੇ ਤੋਂ ਉੱਥੇ ਈ ਪਈਆਂ ਸਨ। ਉਨ੍ਹਾਂ ਵਿੱਚ ਇੱਕ ਵੱਡੀ ਪਿੱਤਲ ਦੀ ਪਰਾਤ, ਇੱਕ ਵੱਡੇ ਪਲੰਘ ਦੇ ਪਾਵੇ, ਬਾਹੀਆਂ ਤੇ ਸੇਰੂ ਸਨ। ਇੱਕ ਵੱਡਾ ਪਿੱਤਲ ਦਾ ਥਾਲ ਤੇ ਦੋ ਬਹੁੰ ਪੁਰਾਣੀਆਂ ਵੱਡੀਆਂ ਵੱਡੀਆਂ ਕੁਰਸੀਆਂ।

ਮਾਂ ਨੂੰ ਇੱਕ-ਇੱਕ ਸ਼ੈ ਦੀ ਤਵਾਰੀਖ਼ ਯਾਦ ਸੀ। ਇਹ ਪਿੱਤਲ ਦੀ ਪਰਾਤ ਤੇਰਾ ਮਾਮਾ ਡਾਰੀ ਵਾਲ ਤੋਂ ਲਿਆਇਆ ਸੀ। ਇਹ ਵੱਡਾ ਪਲੰਘ ਤੇਰੇ ਮੀਆਂ ਜੀ ਆਪ ਵਿਹੜੇ ਬਹਿ ਕੇ ਪਿੰਡ ਦੇ ਤਰਖਾਣ ਕੋਲੋਂ ਬਣਵਾਇਆ ਸੀ ਤੇ ਇੰਨਾ ਗੁੜ ਤੇ ਐਨੀ ਕਣਕ ਉਹਨੂੰ ਦਿੱਤੀ ਸੀ। ਪਲੰਘ ਅਸੀਂ ਲੈ ਤੇ ਆਏ, ਪਰ ਉਹਨੂੰ ਡਾਹਣ ਦੀ ਥਾਂ ਕੋਈ ਨਾ। ਇੱਕੋ ਇੱਕ ਤਾਂ ਕਮਰਾ ਸੀ ਰਹਿਣ ਲਈ। ਅਖ਼ੀਰ ਇੱਕ ਥਾਂ ਫਸ ਫਸਾ ਕੇ ਡਾਹ ਈ ਲਿਆ ਤੇ ਹੇਠਾਂ ਮਾਂ ਪੁਰਾਣੇ ਟਰੰਕ ਤੇ ਹੋਰ ਸ਼ੈਵਾਂ ਤੂਸ ਦਿੱਤੀਆਂ। ਅਸੀਂ ਤਿੰਨੇ ਭਰਾ ਕਿੰਨੇ ਵਰ੍ਹੇ ਉਸ ਉੱਤੇ ਸੌਂਦੇ ਰਹੇ। ਦੋ-ਚਾਰ ਮਹੀਨਿਆਂ ਮਗਰੋਂ ਨਵਾਰ ਢਿੱਲੀ ਹੋ ਜਾਣੀ ਤੇ ਥੱਲੇ

ਲਟਕਣ ਲੱਗ ਪੈਣੀ। ਰਾਤੀਂ ਅਸੀਂ ਸੌਣਾ ਤੇ ਸਾਝਰੇ ਭੁੰਜਿਓਂ ਉੱਠਣਾ। ਪਰ ਕਹਾਣੀ ਤਾਂ ਸਵੈਟਰ ਦੀ ਏ। ਕਿੰਨੇ ਈ ਵਰ੍ਹੇ ਮਾਂ ਨੂੰ ਉਹ ਸਵੈਟਰ ਯਾਦ ਰਿਹਾ।

ਮਾਂ ਨੂੰ ਰੋਜ਼ ਸਵੇਰੇ ਉੱਠ ਕੇ ਰਾਤ ਦੇ ਸੁਫ਼ਨੇ ਸੁਨਾਵਣ ਦੀ ਵੀ ਆਦਤ ਏ। ਮਾਂ ਆਖਣਾ, ਰਾਤੀਂ ਤੇਰੇ ਅੱਬੀ ਨੂੰ ਮੈਂ ਸੁਫਨੇ ਵਿੱਚ ਤੱਕਿਆ। ਉਹਨੇ ਚਿੱਟੇ ਲੀੜੇ ਪਾਏ ਹੋਏ ਸਨ ਤੇ ਮੇਰੇ ਵੱਲ ਤੱਕ ਕੇ ਨਿੰਮ੍ਹਾ-ਨਿੰਮ੍ਹਾ ਹੱਸਦੇ ਪਏ ਸਨ। ਸਵੈਟਰ ਉਨ੍ਹਾਂ ਉਹੋ ਪਾਇਆ ਹੋਇਆ ਸੀ। ਨਿੱਕਾ ਚਾਚਾ ਮੇਰਾ ਪੜ੍ਹ ਕੇ ਵੱਡਾ ਅਫ਼ਸਰ ਲੱਗ ਗਿਆ। ਉਹਦਾ ਵਿਆਹ ਹੋਇਆ ਤੇ ਉਹਦੇ ਨਾਲ਼ ਸਾਡਾ ਮੇਲ ਘਟ ਗਿਆ। ਪਰ ਵਰ੍ਹੇ ਛਿਮਾਹੀਂ ਉਹਨੇ ਆਣਾ ਜ਼ਰੂਰ ਤੇ ਜਾਣ ਲੱਗਿਆਂ ਸਾਡਿਆਂ ਸਿਰਾਂ ਉੱਤੇ ਹੱਥ ਫੇਰਨਾ, ਉੱਭਾ ਸਾਹ ਲੈਣਾ ਤੇ ਚੁੱਪ ਕਰਕੇ ਮਾਂ ਦੇ ਹੱਥ ਵਿੱਚ ਕੁੱਝ ਫੜਾ ਜਾਣਾ। ਕਿੰਨੇ ਹੀ ਵਰ੍ਹੇ ਸਾਡੀ ਇਕੱਲੀ ਖ਼ੁਸ਼ੀ ਉਸ ਚਾਚੇ ਦਾ ਵਰ੍ਹੇ ਛਿਮਾਹੀਂ ਆਵਣ ਸੀ। ਜਦ ਮੈਂ ਦਸਵੀਂ ਚੰਗੇ ਨੰਬਰਾਂ ਨਾਲ਼ ਪਾਸ ਕੀਤੀ ਤੇ ਨਿੱਕਾ ਚਾਚਾ ਮਿਲਣ ਆਇਆ ਤੇ ਮੇਰੇ ਅੱਗੇ ਪੜ੍ਹਨ ਉੱਤੇ ਜ਼ੋਰ ਪਾਇਆ। ਦੂਜੇ ਚਾਚੇ ਕਈ ਵਰ੍ਹਿਆਂ ਤੋਂ ਆਖਦੇ ਪਏ ਸਨ ਪਈ ਮੁੰਡਿਆਂ ਨੂੰ ਕੰਮ ਉੱਤੇ ਪਾ ਦੇਵੋ। ਜਾਂਦੇ ਜਾਂਦੇ ਮੇਰੀ ਨਿੱਕੀ ਚਾਚੀ ਕੁੱਝ ਪੁਰਾਣੇ ਕੱਪੜੇ ਦੇ ਗਈ, ਜਿਸ ਵਿੱਚ ਮਾਂ ਦਾ ਉਣਿਆ ਉਹ ਸਵੈਟਰ ਵੀ ਸੀ। ਜਦ ਮੈਂ ਉਹ ਸਵੈਟਰ ਪਾਇਆ ਤਾਂ ਮਾਂ ਚੁੱਪ ਕਰਕੇ ਦੂਜੇ ਕਮਰੇ ਟੁਰ ਗਈ। ਸਾਨੂੰ ਮਾਂ ਦੀ ਇਸ ਆਦਤ ਦਾ ਪਤਾ ਸੀ।

ਬੀ. ਏ. ਕਰਨ ਮਗਰੋਂ ਮੇਰੇ ਅੰਦਰ ਅਜਿਹਾ ਪੰਛੀ ਉੱਡਣ ਲੱਗ ਪਿਆ ਜਿਸ ਨੂੰ ਮੈਂ ਜਾਣਦਾ ਤਾਂ ਨਹੀਂ ਸਾਂ ਪਰ ਉਹਦੀ ਉਡਾਰੀ ਪਰਦੇਸ ਵੱਲ ਸੀ। ਪਰਦੇਸ ਵੰਞ ਕੇ ਮੈਂ ਕੁੱਝ ਚਿਰ ਮਗਰੋਂ ਇੰਜ ਦਾ ਹੋ ਗਿਆ ਜਿਵੇਂ ਪਖੂ ਰੁੱਖ ਬਿਨਾਂ ਜਾਂ ਚਿੜੀ ਮਿੱਟੀ ਬਿਨਾਂ। ਜਾਂਦੇ ਸਾਰ ਈ ਤੁਹਾਡੇ ਅੱਗੇ ਕੋਈ ਰੋਟੀ ਤਾਂ ਨਹੀਂ ਡਾਹ ਦੇਂਦਾ। ਪਰ ਰੋਟੀ ਬਿਨਾਂ ਕੰਮ ਕਿੱਥੇ ? ਪਰ ਜੇ ਕੰਮ ਮਿਲੇ ਤਾਂ ਫ਼ਿਰ ? ਪੈਸੇ ਮੁੱਕੇ ਤਾਂ ਅਸੀਂ ਫੁਟਪਾਥ ਉੱਤੇ ਸਾਂ। ਉੱਤੋਂ ਸਿਆਲ ਲਹਿੰਦੇ ਦੇ ਦਿਨ। ਉਨ੍ਹਾਂ ਮੁਲਕਾਂ 'ਚ ਜਿਹਨੇ ਸਿਆਲ ਡਿੱਠਾ ਨਹੀਂ, ਉਹਨੂੰ ਸਾਰ ਨਹੀਂ। ਅਖ਼ੀਰ 'ਟੇਸ਼ਨ ਦੀ ਜ਼ਮੀਨ ਥੱਲੇ ਵੀ ਉਹ ਥਾਂ ਈ ਨਿੱਘੀ ਰਹਿ ਜਾਂਦੀ ਏ, ਜਿੱਥੋਂ ਮੈਟਰੋ ਰੇਲ ਗੱਡੀਆਂ ਚੱਲਦੀਆਂ ਹਨ। ਉਥੇ ਵੀ ਬਹੁਤੇ ਉਹ ਜਿਹੜੇ ਆਪਣੇ ਦੇਸ ਵਿੱਚ ਪਰਦੇਸੀ ਹਨ। ਬੁੱਢੇ, ਦਾਰੂ ਦੀਆਂ ਮਾਰੀਆਂ ਝੱਲੀਆਂ ਜ਼ਨਾਨੀਆਂ, ਕੰਮੋਂ ਨੱਠੇ ਤੇ ਕੰਮੋਂ ਵਾਂਝੇ ਬੇਕਾਰ ਮੁੰਡੇ। ਸਾਡੇ ਵਰਗੇ ਮਾੜੇ ਮੁਲਕਾਂ ਦੇ ਰੰਗ ਰੰਗ ਦੇ ਗੱਭਰੂ ਵਿੱਚ-ਵਿੱਚ ਅੱਧਖੜ ਵੀ।

ਫ਼ਿਰ ਕਈ ਵਾਰੀ ਪੁਲਿਸ ਸਾਨੂੰ ਉਥੋਂ ਵੀ ਕੱਢ ਦੇਣਾ ਤਾਂ ਅਸਾਂ ਠੰਡੀ ਸੀਤ ਵਗਦੀ ਰਾਤ ਵਿੱਚ ਤਾਰਕੋਲ ਦੀ ਸੜਕ ਉੱਤੇ ਆ ਖਲੋਣਾ। ਸਵੈਟਰ ਮੈਂ ਉਸ ਵੇਲੇ ਵੀ ਉਹੀ ਪਾਇਆ ਹੁੰਦਾ ਸੀ। ਉੱਤੇ ਇੱਕ ਦੋ ਹੋਰ ਵੀ ਤੇ ਮੁੜ ਉੱਤੇ ਇੱਕ ਮੋਟੀ ਜੈਕਟ। ਪਰ ਕਿਥੇ ? ਇਹ ਸਾਡੇ ਦੇਸ ਦਾ ਸਿਆਲ ਤਾਂ ਨਹੀਂ ਸੀ। ਸਿਆਲ ਵੀ ਓਬੜ ਤੇ ਚੀਰਵੀਂ 'ਵਾ ਵੀ। ਇੱਕ ਦਿਨ ਸਵੇਰੇ 'ਟੇਸ਼ਨ ਉੱਤੇ ਜਗਰਾਤਾ ਕੱਟ ਕੇ ਮੈਂ ਪਬਲਿਕ ਟਾਈਲਟ ਉੱਤੇ ਮੂੰਹ ਹੱਥ ਧੋਤੇ। ਇੱਕ ਖਰੈਤੀ ਗਿਰਜੇ ਵਿੱਚ ਵੇਲੇ ਸਿਰ ਅੱਪੜ ਕੇ ਰੋਟੀ ਲੱਭਣੀ ਸੀ। ਜੇ ਜ਼ਰਾ ਵੀ ਖੁੰਝ ਗਏ ਤੇ ਮੁੜ ਸਾਰਾ ਦਿਨ ਭੁੱਖਿਆਂ। ਕਾਹਲ ਵਿੱਚ ਗਲੋਂ ਲਾਹ ਕੇ ਟਾਈਲਟ ਦੀ ਕੰਧ ਉੱਤੇ ਟੰਗਿਆ ਸਵੈਟਰ ਭੁੱਲ ਗਿਆ। ਰੋਟੀ ਖਾ ਕੇ ਮੈਨੂੰ ਚੇਤਾ ਆਇਆ।

ਨੱਸਿਆ, ਸ਼ੁਕਰ ਏ ਸਵੈਟਰ ਉਥਾਈਂ ਕੰਧ ਉੱਤੇ ਟੰਗਿਆ ਮੈਨੂੰ ਉਡੀਕਦਾ ਪਿਆ ਸੀ। ਦੋ ਤਿੰਨ ਘੰਟੇ ਤਾਂ ਲੰਘ ਗਏ ਹੋਸਨ।

ਜਦ ਕੰਮ ਲੱਭਿਆ ਤਾਂ ਦੇਸ ਦੀਆਂ ਅਜਬ ਅਜਬ ਗੱਲਾਂ ਚੇਤੇ ਆਵਣ ਲੱਗ ਪਈਆਂ। ਇੱਕ ਸੁਫ਼ਨਾ ਕਈ ਵਾਰ ਆਇਆ। ਇੱਕ ਮੂਰਤੀਕਾਰ ਦੀ ਸਟਿੱਲ ਲਾਈਫ਼ ਵਾਂਗ। ਇੱਕ ਖਾਲੀ ਕਮਰਾ, ਇੱਕ ਮੇਜ਼, ਕੁੱਝ ਖਾਲੀ ਕੁਰਸੀਆਂ ਪਈਆਂ ਹਨ। ਮੇਜ਼ ਉੱਤੇ ਕੁੱਝ ਭਾਂਡੇ ਤੇ ਕੁੱਝ ਅੱਧ-ਪਚੱਧੀਆਂ ਖਾਵਣ ਦੀਆਂ ਸ਼ੈਵਾਂ ਵੀ, ਪਰ ਕੁਰਸੀਆਂ ਉੱਤੇ ਕੋਈ ਜੀ ਨਹੀਂ ਬੈਠਾ। ਇੰਜ ਲੱਗਦਾ ਏ, ਜਿਵੇਂ ਹੁਣੇ ਹੁਣੇ ਕੋਈ ਏਥੋਂ ਉੱਠ ਕੇ ਤੁਰ ਗਿਆ ਏ। ਮੈਂ ਉਥੇ ਅੱਪੜਣ ਦੀ ਕਰਨਾ ਵਾਂ, ਪਰ ਮੈਥੋਂ ਅੱਪੜਿਆ ਨਹੀਂ ਜਾਂਦਾ। ਮੈਨੂੰ ਡਾਹਢੀ ਭੁੱਖ ਲੱਗੀ ਏ। ਮੈਂ ਰੱਜ ਖਾਣਾ ਚਾਹੁੰਦਾ ਆਂ। ਪਰ ਮੈਥੋਂ ਰੱਜ ਖਾਣ ਨਹੀਂ ਹੁੰਦਾ। ਮੈਨੂੰ ਸਾਰ ਨਾਹੀ ਪਈ ਮੈਥੋਂ ਆਪਣੇ ਜੀਆਂ ਤੋਂ ਬਿਨਾਂ ਕਦੀ ਰੱਜ ਖਾਵਣ ਨਹੀਂ ਹੋਣਾ।

ਕਈ ਗੱਲਾਂ ਚੇਤੇ ਆਣੀਆਂ ਤੇ ਮੇਰੀਆਂ ਅੱਖਾਂ ਹੰਝੂਆਂ ਨਾਲ਼ ਭਰੀਜ ਜਾਣੀਆਂ। ਮਾਲ ਰੋਡ ਲਹੌਰ ਦੇ ਪੁਰਾਣੇ ਰੁੱਖਾਂ ਵਿੱਚ ਰਹਿਣ ਵਾਲੀ 'ਵਾ। ਫੀਜਦੇ ਦੇ ਹੋਟਲ ਦੇ ਖਾਲੀ ਬੋਤਲਾਂ ਦੇ ਕਰੇਟ, ਜਿਨ੍ਹਾਂ ਉੱਤੇ ਬਹਿ ਕੇ ਅਸੀਂ ਚਾਹ ਪੀਂਦੇ ਸਾਂ। ਮੀਂਹ ਮਗਰੋਂ ਕ੍ਰਿਸ਼ਨ-ਨਗਰ ਦੀਆਂ ਰਾਤ ਦੀਆਂ ਸੁੰਞੀਆਂ ਗਲੀਆਂ ਵਿੱਚ ਖਲੋਤਾ 'ਵਾ ਨਾਲ਼ ਸੱਪ ਵਾਂਗ ਲਹਿਰਦਾ ਪਾਣੀ। ਉਦਾਸ ਸਟਰੀਟ ਲਾਈਟ ਦੇ ਬਲਬ ਤੇ ਚੁੱਪ ਘਰਾਂ ਵਿੱਚੋਂ ਆਂਦੀ ਨਿੰਮ੍ਹੀ ਨਿੰਮ੍ਹੀ ਲੋ।

ਇੱਕ ਡੇਢ ਵਰ੍ਹੇ ਮਗਰੋਂ ਮੈਂ ਰੂਹੋਂ ਵਾਂਝਿਆ ਤੇ ਪਾਲੇ ਮਾਰਿਆ ਦੇਸ਼ ਪਰਤ ਆਇਆ। ਗਲ਼ ਮੇਰੇ ਉਹੋ ਸਵੈਟਰ ਸੀ। ਮਾਂ ਆਖਿਆ, "ਤੂੰ ਤਾਂ ਜਿਵੇਂ ਦਾ ਗਿਆ ਸੈਂ ਉਂਜੇ ਪਰਤ ਆਇਆ ਏਂ।" ਅਖ਼ੀਰ ਹੱਥ ਪੈਰ ਮਾਰ ਮੈਂ ਪੜ੍ਹਾਈ ਪੂਰੀ ਕੀਤੀ ਤੇ ਦਾਲ ਰੋਟੀ ਲੱਭਣ ਲੱਗ ਪਈ। ਵੇਲੇ ਨਾਲ਼ ਰੋਟੀ ਨਾਲ਼ ਹੋਰ ਵੀ ਵਧਦਾ ਗਿਆ।

ਪਿੱਛੇ ਮਾਂ ਦੀ ਇੱਕ ਨੇੜੇ ਦੀ ਰਿਸ਼ਤੇਦਾਰ ਉਨ੍ਹਾਂ ਨੂੰ ਮਿਲਣ ਆਈ। ਉਹ ਦੂਜੇ ਸ਼ਹਿਰ ਹੁੰਦੀ ਸੀ ਤੇ ਖਾਵੰਦ ਉਹਦਾ ਪਿੱਛੇ ਜਿਹੇ ਰਿਟਾਇਰ ਹੋਇਆ ਸੀ। ਮਾਂ ਉਹਦੇ ਜਾਵਣ ਮਗਰੋਂ ਆਖਿਆ, ਉਹ ਤੈਨੂੰ ਮਿਲਣ ਆਈ ਸੀ। ਆਪਣੇ ਵੱਡੇ ਮੁੰਡੇ ਦੀ ਨੌਕਰੀ ਲਈ। ਚੰਗੇ ਭਲੇ ਸਨ ਉਹ, ਪਰ ਜਦ ਦਾ ਉਹਦਾ ਖਾਵੰਦ ਰਿਟਾਇਰ ਹੋਇਆ ਤੇ ਅਚਨਚੇਤ ਪਤਾ ਚੱਲਿਆ ਪਈ ਉਨ੍ਹਾਂ ਕੋਲ ਤਾਂ ਕੁੱਝ ਵੀ ਨਹੀਂ। ਮਸਾਂ ਸਿਰ ਉੱਤੇ ਛੱਤ ਈ ਪੂਰੀ ਹੋਈ। ਮਾਂ ਮੇਰੀ ਨਾਲ਼ ਉਹ ਚੁੱਪ ਚਪੀਤੇ ਗੱਲਾਂ ਕਰਦੀ ਰਹੀ। ਅੱਖਾਂ ਤਾਂ ਉਸਦੀਆਂ ਮੈਂ ਸਦਾ ਉਦਾਸ ਈ ਡਿੱਠੀਆਂ।

ਜਾਵਣ ਲੱਗਿਆਂ ਮਾਂ ਉਹਨੂੰ ਕੁੱਝ ਪੁਰਾਣੇ ਕੱਪੜੇ ਦਿੱਤੇ ਤੇ ਉਨ੍ਹਾਂ ਵਿੱਚ ਉਹ ਸਵੈਟਰ ਵੀ ਸੀ। ਪਰ ਹੁਣ ਉਹ ਬਹੁੰ ਹੰਢ ਗਿਆ ਸੀ। ਖੌਰੇ ਪਾਣ ਯੋਗ ਵੀ ਸੀ ਕਿ ਨਾ। ਵਿੱਚੋਂ ਉੱਨ ਲਟਕੇ ਪਈ ਤੇ ਮੋਢੇ ਬਹੁੰ ਖੁੱਲ੍ਹੇ ਹੋ ਗਏ ਸਨ। ਅਜਬ ਤਰ੍ਹਾਂ ਦਾ ਬੇਢੰਗਾ ਜਿਹਾ ਲੱਗਦਾ ਸੀ। ਮੈਂ ਆਖਿਆ, "ਮਾਂ ਪੁਰਾਣੀ ਸ਼ੈ ਵੀ ਚੱਜ ਦੀ ਹੋਣੀ ਚਾਹੀਦੀ ਏ। ਕੋਈ ਇਸ ਨੂੰ ਕਿੰਜ ਪਾ ਸਕਦਾ ਏ ?" ਪਰ ਉਸ ਜ਼ਨਾਨੀ ਝੱਟ ਉਹ ਸਵੈਟਰ ਦੂਜਿਆਂ ਕੱਪੜਿਆਂ ਵਿੱਚ ਇਹ ਆਖ ਕੇ ਸਾਂਭ ਲਿਆ, "ਕਮੀਜ਼ ਹੇਠੋਂ ਤਾਂ ਪਾਇਆ ਈ ਜਾ ਸਕਦਾ ਏ। ਨਾਲ਼ੇ ਹੱਥੀਂ ਬਣਾਏ ਸਵੈਟਰਾਂ ਦਾ ਤਾਂ ਨਿੱਘ ਈ ਬਹੁੰ ਹੁੰਦਾ ਏ।"

# ਮੀਂਹ, ਬੂਹੇ ਤੇ ਬਾਰੀਆਂ

ਮੀਂਹ ਪੈਂਦਾ ਪਿਆ ਏ ਤੇ ਮੈਂ ਬਾਰੀ ਲਾਗੇ ਬੈਠਾ ਹਾਂ।

ਛੱਤਾਂ, ਚੁਬਾਰਿਆਂ, ਪੜਛੱਤੀਆਂ, ਕੰਧਾਂ ਤੇ ਪਰਨਾਲਿਆਂ ਰਾਹੀਂ ਪਾਣੀ ਡਿੱਗਦਾ ਪਿਆ ਏ, ਵਗਦਾ ਪਿਆ ਏ, ਡਿੱਗੀ ਜਾਂਦਾ ਏ, ਵਗੀ ਜਾਂਦਾ ਏ। ਧੋਈ ਜਾਂਦਾ ਏ ਸਾਡੀ ਗਲ਼ੀ। ਮਿੱਟੀ, ਗਾਰ, ਕੱਖ ਤੇ ਗੰਦ ਸਭੇ ਰੋੜ੍ਹੀ ਜਾਂਦਾ ਏ। ਮੁੰਡਿਆਂ ਦੇ ਲੱਕ ਲੱਕ ਤੀਕ ਪਾਣੀ ਹੋ ਗਿਆ ਹੋਣਾ ਏ ਵੱਡੇ ਬਾਜ਼ਾਰ। ਮੁਹੱਲੇ ਦੀ ਮੁੰਡੀਰ ਉਥੇ ਨਹਾਂਵਦੀ ਹੋਣੀ ਏ ਤੇ ਵਿੱਚ ਪਾਣੀ ਪਲਾਂਘਾ ਮਾਰ-ਮਾਰ ਇੱਕ ਦੂਜੇ ਉੱਤੇ ਸੁੱਟਦੀ ਹੋਣੀ ਏ। ਪੀਲੀ ਕੋਠੀ ਵਾਲੇ ਅਸ਼ਰਫ ਸਾਹਿਬ ਕਹਿੰਦੇ ਨੇ ਇਸ ਗਾਰ ਰਲੇ ਪਾਣੀ ਵਿੱਚ ਨਹਾਵਣ ਨਾਲ਼ ਫੋੜੇ ਫਿਨਸੀਆਂ ਨਿਕਲਦੇ ਨੇ, ਪਰ ਹਨੀਫ਼ਾ ਬਰਫ਼ ਵਾਲਾ ਕਹਿੰਦਾ ਏ ਮਰਦੇ ਨੇ।

ਇਹ ਗੱਲਾਂ ਹੁਣ ਪੁਰਾਣੀਆਂ ਨਹੀਂ ਹੋ ਗਈਆਂ ਹੋਈਆਂ ? ਨਾ ਵੱਡੇ ਬਾਜ਼ਾਰ ਪਾਣੀ ਖੜ੍ਹਾ ਹੁੰਦਾ ਏ, ਨਾ ਮੁੰਡੇ ਨਹਾਂਦੇ ਨੇ। ਨਵਾਂ ਸੀਵਰੇਜ ਜੋ ਪੈ ਗਿਆ ਏ ਵੱਡੇ ਬਾਜ਼ਾਰ ਵਿੱਚ। ਸਾਡਾ ਪੁਰਾਣਾ ਮੁਹੱਲਾ ਨਵੇਂ ਵਜ਼ੀਰੇ ਆਜ਼ਮ ਦੇ ਹਲਕੇ ਵਿੱਚ ਜੋ ਆ ਗਿਆ ਹੋਇਆ ਏ।

ਸਾਡੇ ਘਰ ਦੇ ਪਰਨਾਲ਼ੇ 'ਚੋਂ ਮਿੱਟੀ ਰੰਗਾ ਤੂੜੀ ਰਲਿਆ ਪਾਣੀ ਡਿੱਗੀ ਜਾਂਦਾ ਏ ਤੇ ਕੋਠਾ ਸਾਡਾ ਖੁਰੀ ਜਾਂਦਾ ਏ। ਚਿੰਤਾ ਲੱਗੀ ਪਈ ਏ ਮੈਨੂੰ। ਸਾਨੂੰ ਈ ਛੱਤਣਾ ਪੈਣਾ ਏ ਕੋਠਾ ਮੁੜ। ਟੱਬਰ ਸਾਡੇ ਨੂੰ ਕੰਮੀ ਲਾ ਦੇਣਾ ਏ ਚਾਚੀ ਤੇ ਆਪ ਦੋ ਗੁੱਤਾਂ ਕਰਕੇ ਪ੍ਰਾਹੁਣਿਆਂ ਵਾਂਗ ਰੰਗਲੇ ਪਲੰਘ ਉੱਤੇ ਜਾ ਬਹਿਣਾ ਏ।

ਵੱਡੇ ਸਾਂਦੇ ਤੋਂ ਸਾਇਕਲ ਪਿੱਛੇ ਮੈਂ ਤੂੜੀ ਦੀ ਬੋਰੀ ਲਿਆਸਾਂ। ਜੇ ਸਾਇਕਲ ਸਿੱਧੀ ਕਰਾਂ ਤੇ ਬੋਰੀ ਇੱਕ ਪਾਸੇ ਉੱਲਰ ਜਾਣੀ ਏ ਤੇ ਜੇ ਬੋਰੀ ਨੂੰ ਸਾਵਾਂ ਕਰਾਂ ਤਾਂ ਸਾਇਕਲ ਸਿੱਧੀ ਨਹੀਂ ਰਹਿਣੀ। ਫ਼ਿਰ ਅਸਗਰ ਗੁੱਜਰ ਕਿਆਂ ਤੋਂ ਗੋਹਾ ਦਾਬੜਾ ਵਿੱਚ ਚੁੱਕ ਕੇ ਲਿਆਣਾ ਪੈਣਾ ਏ। ਉਸ ਹਮੇਸ਼ ਮੇਰੇ ਵਜੂਦ ਤੋਂ ਵੱਧ ਦਾਬੜੇ ਵਿੱਚ ਲੱਦ ਦੇਣਾ ਏ ਤੇ ਉੱਤੋਂ ਮਾਰਨੀਆਂ ਨੇ ਗੱਲਾਂ। ਮੈਥੋਂ ਚੁੱਕਿਆ ਨਹੀਂ ਜਾਣਾ। ਗੱਡ ਵਾਲੇ ਚੀਕਨੀ ਮਿੱਟੀ ਦੀਆਂ ਤਿੰਨ ਗੱਡੀਆਂ ਗਲੀ ਵਿੱਚ ਈ ਸੁੱਅ ਜਾਣੀਆਂ ਨੇ। ਮਿੱਟੀ ਵਿੱਚ ਗੋਹਾ ਤੇ ਤੂੜੀ ਰਲਾ ਕੇ ਤੇ ਵਿਚਕਾਰ ਪਾਣੀ ਦੀ ਥਾਂ ਬਣਾ ਕੇ ਕੱਛੇ ਪਾ ਕੇ ਜਦ ਅਸੀਂ ਗਿੱਲੀ ਮਿੱਟੀ ਉੱਤੇ ਨੱਚਾਂਗੇ ਤੇ ਫ਼ਿਰ ਭੁੱਲ ਜਾਵਾਂਗੇ ਸੱਭੇ ਕੁੱਝ। ਬਾਰੀ ਦੀ ਝੀਤ ਵਿੱਚੋਂ ਸਾਡਾ ਤਮਾਸ਼ਾ ਤਕਸੀ ਚਾਚੀ।

ਮੇਰੀ ਵੱਡੀ ਭੈਣ ਤੇ ਮਾਂ ਸਾਰਾ ਕੋਠਾ ਲਿਪਣਗੀਆਂ ਤੇ ਚਾਚੀ ਸਿਆਲਾਂ ਵਿੱਚ

ਸੁਥਰੇ ਕੋਠੇ ਉੱਤੇ ਮੰਜੀ ਡਾਹ ਕੇ ਧੁੱਪ ਸੇਕੇਗੀ। ਮੈਂ ਹੁਣ ਵੱਡਾ ਹੋ ਗਿਆ ਹਾਂ ਤੇ ਚਾਚੀ ਮੈਨੂੰ ਕੋਈ ਕੰਮ ਨਹੀਂ ਆਖਦੀ। ਪਰ ਨਿੱਕੇ ਭਰਾਵਾਂ ਛਾਛੀ ਤੇ ਕਾਛੀ ਨੂੰ ਅਜੇ ਵੀ ਸਾਰਾ ਕੰਮ ਕਰਨਾ ਪੈਂਦਾ ਏ। ਕਾਛੀ ਪਰਦੇਸ ਟੁਰ ਗਿਆ ਹੋਇਆ ਏ ਕਦ ਦਾ। ਚਾਚੀ ਕਦੇ ਗੌਲਿਆਂ ਵੀ ਨਹੀਂ ਹੋਣਾ ਕਿ ਕਾਛੀ ਵੀ ਕਦੀ ਪਰਦੇਸ ਟੁਰ ਜਾਵੇਗਾ। ਗੋਰਿਆਂ ਦੇ ਦੇਸ ਵਿੱਚ। ਚਾਚੀ ਦੇ ਦੋਵੇਂ ਪੁੱਤਰ ਵੀ ਤਾਂ ਅਮਰੀਕਾ ਟੁਰ ਗਏ ਨੇ। ਉਹ ਆਪੇ ਵੀ ਹੁਣ ਉਥੇ ਈ ਰਹਿੰਦੀ ਏ। ਕਈ ਬੰਦਿਆਂ ਮੈਥੋਂ ਪੁੱਛਿਆ ਪਈ ਕੀ ਗੱਲ ਹੋਈ ਪਈ ਚਾਚੀ ਤੈਥੋਂ ਕੰਮ ਲੈਣਾ ਤੇ ਕਲਾਮ ਕਰਨਾ ਛੱਡ ਦਿੱਤਾ। ਪ੍ਰੀਤ ਵਾਂਗੂੰ ਕੌੜ ਨੂੰ ਵੀ ਪਾਲਣਾ ਪੈਂਦਾ ਏ। ਮੇਰੇ ਅੰਦਰ ਵੀ ਸਤਾਰਾਂ ਵਰ੍ਹਿਆਂ ਦੀ ਕੌੜ ਸੀ ਚਾਚੇ ਚਾਚੀ ਨਾਲ਼।

ਪਿਓ ਦੇ ਪੂਰੇ ਹੋਣ ਮਗਰੋਂ ਅਸਾਡਾ ਚਾਚੇ ਨਾਲ਼ ਈ ਰਹਿਣਾ ਹੋਇਆ। ਮੈਂ ਕੌੜ ਪਾਲਦਾ ਤੇ ਸੜਦਾ ਬਲਦਾ ਰਿਹਾ। ਮੈਂ ਨਾ ਚਾਚੀ ਨਾਲ਼ ਲੜਿਆ ਨਾ ਬਦਕਲਾਮੀ ਕੀਤੀ। ਬਸ ਚੁੱਪ ਕਰ ਕੇ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਤੱਕਿਆ ਸੀ। ਚਾਚੀ ਮਾਂ ਨਾਲ਼ ਵਿਹੜੇ ਵਿੱਚ ਲੜਦੀ ਪਈ ਸੀ। ਮੈਂ ਉਤਲੀ ਬਾਰੀ ਵਿੱਚ ਖਲੋਤਾ ਸਾਂ। ਐਵੇਂ ਮੇਰੀ ਚੁੱਪ ਤੱਕਣੀ ਦਾ ਪਰਛਾਵਾਂ ਉਹਦੀਆਂ ਅੱਖਾਂ ਉੱਤੋਂ ਲੰਘਿਆ। ਉਹਨੇ ਕੌੜ ਨਾਲ਼ ਉਤਲੀ ਮੰਜ਼ਲੇ ਤੱਕਿਆ। "ਤੂੰ ਕੀ ਆਨੇ ਟੱਡ ਕੇ ਤੱਕਦਾ ਪਿਆ ਏਂ ?" ਪਹਿਲੋਂ ਕਦੀ ਅੱਖ ਨਹੀਂ ਸੀ ਚੁੱਕੀ। ਇੱਕੋ ਚੁੱਪ ਦੇ ਪਲ ਵਿੱਚ ਡਰਦੇ ਸਤਾਰਾਂ ਵਰ੍ਹਿਆਂ ਉੱਤੇ ਮੈਂ ਪੁੱਠੇ ਪੈਰੀਂ ਪੈਂਡਾ ਕੀਤਾ ਤੇ ਅੱਖ ਨਾ ਝਮਕੀ। ਜਦ ਮੈਂ ਹਿਲਿਆ ਤੇ ਚਾਚੀ ਹੰਕਾਰ ਨਾਲ਼ ਸਿਰ ਮਾਰ ਕੇ 'ਹੂੰ' ਆਖ ਕੇ ਕਮਰੇ ਵੜ ਗਈ। ਉਹਨੂੰ ਕੀ ਪਤਾ ਪੈਰਾਂ ਤੋਂ ਮੈਂ ਕੰਬ ਰਿਹਾ ਸਾਂ।

ਉਹ ਦਿਨ ਤੋਂ ਮੁੜ ਉਸ ਨਾ ਮੈਨੂੰ ਕੋਈ ਕੰਮ ਕਿਹਾ ਨਾ ਕਲਾਮ ਕੀਤਾ। ਤੀਹ ਪੈਂਤੀ ਵਰ੍ਹੇ ਹੋ ਗਏ ਨੇ ਜੱਦੀ ਘਰ ਵਿਕਿਆ, ਪੁਰਾਣਾ ਮੁਹੱਲਾ ਛੁਟਿਆ ਪਰ ਕੌੜ ਨਾ ਮੁੱਕੀ। ਕਾਮਰੇਡ ਬਾਲੀ ਮੈਨੂੰ ਮੱਤ ਦਿੰਦਾ ਹੁੰਦਾ ਸੀ। ਕੌੜ ਨੂੰ ਪੁੱਠਾ ਕਰ ਦੇ, ਤੇਰਾ ਦੁੱਖ ਮੁੱਕ ਜਾਵੇਗਾ। ਚਾਚੀ ਵਲੇ ਪਿਆਰ ਨਾਲ਼ ਤੱਕ, ਮੱਤ ਦਿੰਦਾ ਸੀ। ਪਤਾ ਨਹੀਂ ਚਾਚੀ ਨੇ ਕਿੰਨਾ ਜਿਉਣਾ ਏਂ। ਹਰ ਵਾਰ ਅਮਰੀਕਾ ਤੋਂ ਆਉਂਦੀ ਏ ਤੇ ਪਹਿਲੇ ਤੋਂ ਵੱਧ ਵਲ ਹੁੰਦੀ ਏ, ਜੀਵੀ ਜਾਂਦੀ ਏ, ਵਧੀ ਫੁੱਲੀ ਜਾਂਦੀ ਏ।

ਮੀਂਹ ਪਈ ਜਾਂਦਾ ਏ ਤੇ ਮੈਂ ਬਾਰੀ ਤੋਂ ਤੱਕੀ ਜਾਨਾਂ। ਸਾਹਮਣੇ ਬਾਜੀ ਨਸੀਮ ਦਾ ਘਰ ਏ ਤੇ ਝਾਤੀ ਸਿੱਧੀ ਗਲੀ ਤੋਂ ਪਾਰ ਉਨ੍ਹਾਂ ਦੇ ਵਿਹੜੇ ਪੈਂਦੀ ਏ। ਹੁਣੇ ਹੁਣੇ ਬਾਜੀ ਨਸੀਮ ਦੀ ਧਰੇਕ ਵਾਂਗ ਵਧਦੀ ਧੀ ਕੋਠੇ ਉੱਤੋਂ ਸੁੱਕਣੇ ਪਾਏ ਕੱਪੜੇ ਲਾਹ ਕੇ ਗਈ ਏ ਤੇ ਮਾਂ ਉਹਦੀ ਪਿੱਛੇ ਪਿੱਛੇ ਆਈ ਏ। ਮਾਂ ਉਹਦੀ ਨੂੰ ਪਤਾ ਏ ਮੈਂ ਬਾਰੀ ਕੋਲ ਖਲਾ ਆਂ। ਮਾਂ ਉਹਦੀ ਨੂੰ ਹਰ ਵੇਲੇ ਪਤਾ ਹੁੰਦਾ ਏ ਬਸ ਉਹਦੀ ਧੀ ਨੂੰ ਪਤਾ ਨਹੀਂ ਹੁੰਦਾ। ਪਿੱਛੇ ਮੈਂ ਆਪਣੇ ਘਰ ਦੇ ਬੂਹੇ ਅੱਗੇ ਪਿਸ਼ਾਬ ਕਰਦਾ ਪਿਆ ਸਾਂ। ਜਦ ਮੈਂ ਖਲੋ ਕੇ ਨਾਲ਼ਾ ਬੰਨਦਾ ਪਿਆ ਸਾਂ ਤਾਂ ਬਾਜੀ ਨਸੀਮ ਆਪਣੇ ਬੂਹੇ ਅੱਗੇ ਖਲੋਤੀ ਸੀ। ਨਾਸਾਂ ਫੜਕਾ ਕੇ ਆਖਣ ਲੱਗੀ, "ਤੂੰ ਖ਼ੈਰ ਨਾਲ਼ ਵੱਡਾ ਹੋ ਗਿਆ ਏਂ। ਰੋਟੀ ਨੂੰ ਚੋਚੀ ਤਾਂ ਨਹੀਂ ਕਹਿੰਦਾ। ਪਰ ਅੰਦਰ ਪਿਸ਼ਾਬ ਕਰਿਆ ਕਰ।"

ਮੈਂ ਹੈਰਾਨ, ਬਿਟ ਬਿਟ ਉਹਦਾ ਮੂੰਹ ਤੱਕੀ ਗਿਆ। ਬਾਜੀ ਨਸੀਮ ਦੀਆਂ ਅੱਖੀਆਂ

ਕਿੰਨੀਆਂ ਮੋਟੀਆਂ ਤੇ ਕਾਲੀਆਂ ਸ਼ਾਹ ਨੇ। ਕਿੰਨੇ ਵਰ੍ਹੇ ਤੋਂ ਉਹਦਾ ਬੰਦਾ ਕਿਸੇ ਅਰਬ ਮੁਲਕ ਵਿੱਚ ਏ। ਹਰ ਵਰ੍ਹੇ ਆਉਂਦਾ ਏ ਤੇ ਉਹਨੂੰ ਇਕਬਾਲ ਦੇ ਜਾਂਦਾ ਏ। ਇੱਕ ਦੋ ਵਰ੍ਹੇ ਪਹਿਲਾਂ ਤਾਂ ਬਾਜੀ ਮੈਥੋਂ ਘਰ ਦਾ ਸੌਦਾ ਮੰਗਵਾਉਂਦੀ ਹੁੰਦੀ ਸੀ ਤੇ ਹੁਣ ਆਨੇ ਟੱਡਣ ਲੱਗ ਪਈ ਏ। ਪਰ ਮੈਂ ਤਾਂ ਨਾ ਉਹਨੂੰ ਵੇਖਦਾ ਆਂ, ਨਾ ਉਹਦੀ ਜੁਆਨ ਹੁੰਦੀ ਧੀ ਨੂੰ। ਬਸ ਉਨ੍ਹਾਂ ਦਾ ਘਰ ਹੀ ਸਾਡੇ ਸਾਹਮਣੇ ਏ ਤੇ ਝਾਤੀ ਸਿੱਧੀ ਉਨ੍ਹਾਂ ਦੇ ਘਰ ਪੈਂਦੀ ਏ। ਨਾਲ਼ੇ ਉਹਦੀ ਧੀ ਤਾਂ ਕਿਸੇ ਨੂੰ ਵੀ ਨਹੀਂ ਵੇਖਦੀ। ਉਹਨੂੰ ਈ ਸਾਰੇ ਵੇਖਦੇ ਨੇ ਤੇ ਉਹ ਆਪ ਤਾਂ ਬਸ ਸ਼ੀਸ਼ਾ ਈ ਵੇਖਦੀ ਰਹਿੰਦੀ ਏ। ਦੋਹਾਂ ਮਾਵਾਂ ਧੀਆਂ ਦੇ ਵਾਲ ਕਿੰਨੇ ਲੰਮੇ ਨੇ। ਬਾਜੀ ਨਸੀਮ ਦਾ ਸਹੁਰਾ ਹਰ ਐਤਵਾਰ ਨੂੰ ਵਿਹੜੇ ਬਹਿ ਕੇ ਸਿਰ ਨੂੰ ਖਜ਼ਾਬ ਲਾਉਂਦਾ ਰਹਿੰਦਾ ਏ ਜਾਂ ਫ਼ਿਰ ਪੁਰਾਣੀ ਸਾਇਕਲ ਧੋਂਦਾ ਰਹਿੰਦਾ ਏ। ਹਰ ਦੂਜੇ ਚੌਥੇ ਮਹੀਨੇ ਕਾਲੇ ਰੰਗ ਦੀ ਨਿੱਕੀ ਡੱਬੀ ਲਿਆ ਕੇ ਸਾਇਕਲ ਨੂੰ ਰੰਗਦਾ ਰਹਿੰਦਾ ਏ। ਸੁਣਿਆ ਉਸ ਤਿੰਨ ਵਿਆਹ ਕੀਤੇ ਪਰ ਹੁਣ ਤਾਂ ਇੱਕ ਵੀ ਉਹਦੇ ਨਾਲ਼ ਨਹੀਂ।

ਬਾਜੀ ਨਸੀਮ ਹੁਣ ਪਤਾ ਨਹੀਂ ਕਿੱਥੇ ਏ ? ਅਚਨਚੇਤ ਉਨ੍ਹਾਂ ਘਰ ਛੱਡ ਦਿੱਤਾ। ਕਹਿੰਦੇ ਉਹ ਕਿਰਾਏ ਉੱਤੇ ਸਨ ਤੇ ਮੁਕੱਦਮਾ ਚੱਲਦਾ ਪਿਆ ਸੀ। ਨਵੇਂ ਆਏ ਕੌਣ ਨੇ ?

ਮੀਂਹ ਪਈ ਜਾਂਦਾ ਏ ਤੇ ਮੈਂ ਬਾਰੀ ਕੋਲ ਬੈਠਾਂ। ਬਾਜੀ ਨਸੀਮ ਦੇ ਬੂਹੇ ਅੱਗੇ ਪਾਣੀ ਖਲੋ ਜਾਣਾ ਏ, ਸ਼ਰੀਫ ਹੱਟੀ ਆਲੇ ਦੇ ਕੋਲ ਵੀ, ਗੁੱਜਰਾਂ ਦੇ ਵਾੜੇ ਵੀ ਤੇ ਉਹ ਆਪਣੀਆਂ ਮੱਝਾਂ ਗਲ਼ੀ ਵਿੱਚ ਚੋਣਗੇ। ਮਾਸੀ ਦੇ ਵਿਹੜੇ ਵੀ ਪਾਣੀ ਭਰ ਜਾਣਾ ਏਂ। ਰਾਤੀ ਉਥੋਂ ਡੱਡੂਆਂ ਦੀਆਂ ਵਾਜਾਂ ਆਉਣੀਆਂ ਨੇ। ਕਹਿੰਦੇ ਮਾਸੀ ਦੇ ਸਿਰ ਦਾ ਸਾਈਂ ਫ਼ਕੀਰ ਹੋ ਗਿਆ ਸੀ। ਕੁੱਝ ਸੁਣਾਂਦੇ ਅਸਾਂ ਫਲਾਣੀ ਥਾਂ ਭਿੱਖਿਆ ਮੰਗਦੇ ਤੱਕਿਆ ਸੀ। ਕੁੱਝ ਆਖਦੇ ਨਸ਼ੇ ਕਰਦਾ ਏ ਤੇ ਮਜ਼ਾਰਾਂ ਉੱਤੇ ਪਿਆ ਰਹਿੰਦਾ ਏ। ਅਸਾਂ ਕਦੀ ਨਹੀਂ ਅੱਖੀਂ ਡਿੱਠਾ। ਮਾਸੀ ਦੇ ਵਿਹੜੇ ਅੱਕ ਦੇ ਬੂਟੇ, ਧਰੇਕ ਤੇ ਅਮਰੂਦਾਂ ਦੇ ਰੁੱਖ ਨੇ। ਮਾਸੀ ਕੁਕੜੀਆਂ ਪਾਲੀਆਂ ਹੋਈਆਂ ਨੇ ਤੇ ਉਨ੍ਹਾਂ ਦੇ ਆਂਡੇ ਵੇਚ ਕੇ ਗੁਜ਼ਾਰਾ ਕਰਦੀ ਏ।

ਬਾਬੇ ਸ਼ਰੀਫ ਨੇ ਹੱਟੀਆਂ ਦੇ ਰਾਹ ਉੱਤੇ ਵਿੱਥ ਨਾਲ਼ ਇੱਟਾਂ ਵਿਛਾ ਦਿੱਤੀਆਂ ਨੇ। ਬਾਲ ਤਾਂ ਛਲਾਂਗਾਂ ਮਾਰ ਕੇ ਇੱਟਾਂ ਟਪਦੇ ਪਾਣੀ ਨਾਲ਼ ਖੇਡਾਂ ਕਰਦੇ ਹੱਟੀ ਅੱਪੜ ਜਾਣੇ ਨੇ ਪਰ ਅੰਕਲ ਜ਼ਮੀਲ ਸਾਹਿਬ ਜੇ ਸੌਦਾ ਲੈਣ ਆਏ ਤਾਂ ਉਨ੍ਹਾਂ ਕੋਲੋਂ ਇੱਕ ਇੱਟ ਤੋਂ ਦੂਜੇ ਤਾਈਂ ਪੈਰ ਈ ਨਹੀਂ ਪੁੱਟਿਆ ਜਾਣਾ। ਬਾਲਾਂ ਕੁੱਝ ਚਿਰ ਉਨ੍ਹਾਂ ਨੂੰ ਉਡੀਕਣਾ ਏਂ ਤੇ ਮੁੜ ਛੜੱਪੇ ਮਾਰ ਪਾਣੀ 'ਚੋਂ ਤਰਿੱਖੇ ਲੰਘਣਾ ਏਂ ਤੇ ਛਿੱਟਾਂ ਉਨ੍ਹਾਂ ਉੱਤੇ ਪੈਣੀਆਂ ਨੇ। ਉਨ੍ਹਾਂ ਗਾਲ੍ਹਾਂ ਕੱਢਣੀਆਂ ਨੇ— "ਕੁੱਤੇ ਦੇ ਤੁਖ਼ਮੋ, ਬੱਦ ਦੇ ਬੀਓ ਮਗ਼ਰਬ ਦੀ ਨਮਾਜ਼ ਪੜ੍ਹਨੀ ਸੀ ਮੈਂ ਮਸੀਤੇ ਜਾ ਕੇ।" ਭਾਵੇਂ ਮੀਂਹ ਹੋਵੇ ਭਾਵੇਂ ਹਨੇਰੀ, ਉਹਨੇ ਆਪਣੀ ਪੁਰਾਣੀ ਛਤਰੀ ਨਾਲ਼ ਮਸੀਤੇ ਨਮਾਜ਼ ਪੜ੍ਹਨ ਜ਼ਰੂਰ ਜਾਣਾ ਹੁੰਦਾ ਏ। ਛੱਤਰੀ ਸ਼ੌਰੇ ਅੰਗਰੇਜ਼ਾਂ ਦੇ ਵੇਲੇ ਦੀ ਏ। ਥਾਂ-ਥਾਂ ਤਰੋਪੇ ਲੱਗੇ ਹੋਏ ਨੇ। ਬਾਜੀ ਨਸੀਮ ਦਾ ਸਹੁਰਾ ਆਪਣੀ ਸਾਇਕਲ 'ਤੇ ਅੰਕਲ ਜਮੀਲ ਸਾਹਿਬ ਆਪਣੀ ਛੱਤਰੀ ਤੋਂ ਖਲਾਸੀ ਕਿਉਂ ਨਹੀਂ ਕਰਾਂਦੇ ?

ਮੀਂਹ ਪੈ ਰਿਹਾ ਏ ਤੇ ਮੈਨੂੰ ਪਤਾ ਏ ਸਾਡੇ ਘਰ ਦੇ ਨਾਲ਼ ਦੇ ਕੋਠੇ ਉੱਤੇ ਸੋਨੀਆ ਤੇ ਉਹਦੀ ਨਿੱਕੀ ਭੈਣ ਨਹਾਉਂਦੀ ਹੋਣੀ ਏ। ਪਰ ਮੈਂ ਕਿਹੜੇ ਕੋਠੇ 'ਤੇ ਜਾਵਾਂ ? ਮੰਜੀਆਂ ਵੀ

ਲਾਹ ਲਈਆਂ ਹੋਣੀਆਂ ਨੇ ਤੇ ਜੇ ਉਨ੍ਹਾਂ ਦੀ ਭੈਣ ਬੁਸ਼ਰਾ ਨੇ ਤੱਕ ਲਿਆ ਤਾਂ ਉਸ ਮੀਂਹ ਦੇ ਨਾਲ਼ ਹਨੇਰੀ ਵੀ ਝੁਲਾ ਦੇਣੀ ਏ। ਨਾਲ਼ੇ ਸੋਨੀਆ ਦਾ ਕੋਈ ਕੀ ਕਰੇ ? ਇੱਕ ਨਾਲ਼ ਟਿਕੇ ਤਾਂ ਗੱਲ ਏ। ਜਿਹੜੇ ਮੁੰਡੇ ਕੋਲ ਚਾਰ ਛਿੱਲੜ ਨੇ, ਦੋ ਚਾਰ ਪੈਂਟਾਂ ਨੇ, ਨਹਾਤਾ ਧੋਤਾ ਰਹਿੰਦਾ ਏ, ਕਾਲੀ ਐਨਕ ਲਾਂਦਾ ਏ, ਉਹ ਈ ਉਹਨੂੰ ਚੰਗਾ ਲੱਗਣਾ ਏ। ਬੁਸ਼ਰਾ ਨੂੰ ਵੇਖੋ ! ਵਿਆਹ ਤੋਂ ਪਹਿਲਾਂ ਕਿਸੇ ਨੂੰ ਵੀ ਉਸ ਮੂੰਹ ਨਾ ਲਾਇਆ। ਭਾਵੇਂ ਉਹ ਵੀ ਸੁਹਣੀ ਈ ਸੀ। ਸੁਹਣੇ ਈ ਹੋਂਦੇ ਨੇ ਕਸ਼ਮੀਰੀ। ਵਿਆਹ ਦਾ ਕਿੰਨਾ ਚਾਅ ਸੀ ਉਸ ਨੂੰ। ਮਰੀ ਜਾਂਦੀ ਸੀ। ਵਿਆਹ ਹੋਇਆ ਪਰ ਨਿਬਾਹ ਨਾ ਹੋਇਆ। ਛੇਵੇਂ ਮਹੀਨੇ ਤੋਂ ਜਿਓਂ ਘਰ ਆ ਕੇ ਬੈਠੀ, ਬੰਦਾ ਲੈਣ ਈ ਨਾ ਆਇਆ। ਮੂੰਹ ਫੱਟ ਸੀ ਉਹ ਹਮੇਸ਼ਾ ਤੋਂ ਈ। ਹੁਣ ਝੇੜੇ ਕਰਦੀ ਰਹਿੰਦੀ ਏ ਸਾਰਾ ਦਿਨ। ਹਰ ਫੇਰੀ ਵਾਲ਼ੇ ਨਾਲ਼ ਉਹਦੀ ਲੜਾਈ। ਬਾਜ਼ਾਰ ਵਿੱਚ ਹਰ ਹੱਟੀ ਵਾਲ਼ੇ ਨਾਲ਼ ਉਹਦੀ ਖਰਖਸ਼। ਸਾਡੇ ਉਹ ਗੁਆਂਢੀ ਨੇ। ਕੰਧ ਨਾਲ਼ ਕੰਧ ਸਾਂਝੀ ਏ। ਗਰਮੀਆਂ ਵਿੱਚ ਉਨ੍ਹਾਂ ਦੇ ਘਰ ਜਾਵਾਂ ਤੇ ਉਨ੍ਹਾਂ ਦੀ ਮਾਂ ਗਲ ਵਿੱਚ ਬਿਨਾਂ ਕਮੀਜ਼ ਦੇ, ਮਲਮਲ ਦੀ ਚੁੰਨੀ ਨੂੰ ਗਿੱਲਿਆਂ ਕਰਕੇ ਪਿੰਡੇ ਉੱਤੇ ਲਿਆ ਹੁੰਦਾ ਏ। ਕਸ਼ਮੀਰੀ ਖੁੱਲ੍ਹੇ ਡੁੱਲ੍ਹੇ ਬਿਨਾਂ ਸ਼ਰਮ ਤੋਂ ਕੱਪੜੇ ਬਦਲ ਲੈਂਦੇ ਨੇ। ਕਿੰਨੀ ਵਾਰ ਸੋਚਨਾ ਰੱਬ ਕਰੇ ਕੋਈ ਬੁਸ਼ਰਾ ਨੂੰ ਦੱਸ ਈ ਦੇਵੇ ਪਈ ਉਹ ਅਜੇ ਵੀ ਸੁਹਣੀ ਏਂ। ਸਾਰੇ ਘਰ ਦਾ ਕੰਮ ਉਹਨੇ ਸਾਂਭਿਆ ਹੋਇਆ ਤੇ ਹਰ ਇੱਕ ਨਾਲ਼ ਖਿਝਦੀ ਤੇ ਖਹਿੰਦੀ ਰਹਿੰਦੀ ਏ ਤੇ ਝੇੜਾ ਕਰੀ ਜਾਂਦੀ ਏ...... ਕਰੀ ਜਾਂਦੀ ਏ।

ਕੀਹਨੇ ਦੱਸਿਆ ਸੀ ਬੁਸ਼ਰਾ ਦਾ ਦੂਜਾ ਵਿਆਹ ਹੋ ਗਿਆ ਏ ? ਖ਼ੌਰੇ ਹੁਣ ਕਿਸ ਹਾਲ ਵਿੱਚ ਏ ? ਕਿੰਨੇ ਈ ਵਰ੍ਹੇ ਹੋ ਗਏ ਨੇ। ਕੋਈ ਖ਼ੈਰ ਖ਼ਬਰ ਨਹੀਂ ਮਿਲੀ। ਮੇਰਾ ਵੀ ਫੇਰਾ ਨਹੀਂ ਲੱਗਾ।

ਮੀਂਹ ਅਜੇ ਵੀ ਪੈਂਦਾ ਪਿਆ ਏ ਤੇ ਕੁਵੈਤ ਵਾਲੀ ਭੱਜਦੀ ਸਾਹਮਣਿਓਂ ਲੰਘੀ ਏ। ਬਾਜੀ ਨਸੀਮ ਕਿਆਂ ਦੇ ਪਛਵਾੜੇ ਕੁਵੈਤ ਵਾਲੀ ਦਾ ਘਰ ਏ। ਉਹਦਾ ਇੱਕੋ ਪੁੱਤਰ ਏ ਤੇ ਉਹ ਕੁਵੈਤ ਏ। ਵੱਡਾ ਸਾਰਾ ਘਰ ਤੇ ਉਹ ਅਜੇ ਵੀ ਕੱਲੀ। ਨੌਕਰ ਵੀ ਕੋਈ ਨਹੀਂ ਰੱਖਿਆ ਹੋਇਆ ਸੂ। ਪਿੱਛੋਂ ਕਿਸੇ ਪਿੰਡ ਦੀ ਏ। ਕਦੀ ਕਦਾਰ ਕੋਈ ਬੰਦਾ ਜ਼ਨਾਨੀ ਆਂਦੇ ਨੇ ਕੁੱਝ ਦਿਨ ਰਹਿ ਕੇ ਮੁੜ ਜਾਂਦੇ ਨੇ। ਕੁਵੈਤ ਵਾਲੀ ਦੇ ਇਕੱਲੇ ਪੁੱਤਰ ਦਾ ਅਜੇ ਵਿਆਹ ਨਹੀਂ ਹੋਇਆ। ਕਈ ਵਰ੍ਹਿਆਂ ਤੋਂ ਸਾਕ ਲੱਭਦੀ ਪਈ ਏ। ਹਰ ਵਰ੍ਹੇ ਉਹਦਾ ਪੁੱਤਰ ਆਉਂਦਾ ਏ ਤੇ ਵਿਆਹ ਕੀਤੇ ਬਿਨਾਂ ਪਰਤ ਜਾਂਦਾ ਏ। ਕਿਸੇ ਵੇਲ਼ੇ ਕੁਵੈਤ ਵਾਲੀ ਦਾ ਘਰ ਬੰਦ ਹੋਂਦਾ ਸੀ। ਹਿੰਦੂਆਂ ਦੇ ਵੇਲੇ ਦਾ ਪੁਰਾਣਾ ਘਰ ਤੇ ਕਹਿੰਦੇ ਪਈ ਇਥੇ ਭੂਤਾਂ ਦਾ ਡੇਰਾ ਏ। ਬਸੰਤ ਉੱਤੇ ਉਨ੍ਹਾਂ ਦੇ ਘਰ ਗੁੱਡੀਆਂ ਡਿੱਗਦੀਆਂ ਪਰ ਜੇਰਾ ਨਹੀਂ ਸੀ ਹੁੰਦਾ ਕਿਸੇ ਦਾ ਲੁੱਟਣ ਦਾ। ਇੱਕ ਦਿਨ ਕੁਵੈਤ ਵਾਲੀ ਟਾਂਗੇ ਉੱਤੇ ਆਈ ਤੇ ਘਰੀਂ ਚਾਨਣ ਹੋਇਆ। ਜਦ ਉਸ ਦੱਸਿਆ ਪਈ ਮੇਰਾ ਪੁੱਤਰ ਕੁਵੈਤ ਏ ਤੇ ਉਸ ਵਿਆਹ ਕਰਨਾ ਏ ਤੇ ਕਿੰਨੀਆਂ ਈ ਜੁਆਨ ਕੁੜੀਆਂ ਦੀਆਂ ਮਾਵਾਂ ਉਹਦੀ ਸੇਵਾ ਵਿੱਚ ਰੁੱਝ ਗਈਆਂ। ਪਰ ਜਦ ਤਿੰਨ ਚਾਰ ਵਰ੍ਹੇ ਉਹਦੇ ਪੁੱਤਰ ਕਿਸੇ ਨਾਲ਼ ਵੀ ਵਿਆਹ ਨਾ ਕੀਤਾ ਤੇ ਜ਼ਨਾਨੀਆਂ ਉਹਨੂੰ ਮੂੰਹ ਲਾਣਾ ਈ ਬੰਦ ਕਰ ਦਿੱਤਾ ਤੇ ਸੌ ਸੌ ਗੱਲਾਂ ਕਰਨ ਲੱਗ ਪਈਆਂ। ਮੈਨੂੰ ਪਤਾ ਏ ਕੁਵੈਤ

ਵਾਲੀ ਗੁੜ ਆਲੇ ਚੌਲ ਜਾਂ ਪੂੜੇ ਪਕਾਏਗੀ ਤੇ ਸਾਡੇ ਘਰ ਜ਼ਰੂਰ ਲੈ ਕੇ ਆਏਗੀ। ਸਹੇਲੜੀ ਜੋਏ ਉਹ ਮਾਂ ਮੇਰੀ ਦੀ। ਦੋਵੇਂ ਹਰ ਜੁਮੇਰਾਤ ਨੂੰ ਸਵੇਲ਼ੇ ਸਵੇਲ਼ੇ ਹੱਥ ਵਿੱਚ ਤਸਬੀਹਾਂ ਫੜ ਕੇ ਚਿੱਟੀਆਂ ਚੁੰਨੀਆਂ ਮੂੰਹ ਦੇ ਦੰਦਾਂ ਵਿੱਚ ਦੇ ਕੇ 'ਅੱਲ੍ਹਾ ਹੂ ਅੱਲ੍ਹਾ ਹੂ' ਕਰਦੀਆਂ ਦਾਤਾ ਸਾਹਿਬ ਪੈਦਲ ਜਾਂਦੀਆਂ ਨੇ।

ਕਿੰਨੇ ਈ ਵਰ੍ਹੇ ਕੁਵੈਤ ਵਾਲੀ ਦਾ ਪੁੱਤਰ ਆਉਂਦਾ ਰਿਹਾ ਤੇ ਫ਼ਿਰ ਮੁੜ ਕਦੇ ਨਾ ਆਇਆ। ਕਿੰਨੇ ਈ ਵਰ੍ਹੇ ਹੋ ਗਏ ਨੇ ਕੁਵੈਤ ਵਾਲੀ ਨੂੰ ਗੁਜ਼ਰਿਆਂ ਤੇ ਹੁਣ ਪਤਾ ਨਹੀਂ ਉਨ੍ਹਾਂ ਦੇ ਘਰ ਕੌਣ ਬਹਿੰਦਾ ਏ ? ਮੀਂਹ ਪਈ ਜਾਂਦਾ ਏ ਤੇ ਮੈਂ ਬਾਰੀ ਕੋਲ ਬੈਠਾ ਆਂ...... ਹੋਰ ਕੀ ਕਰਾਂ ?

ਬਾਜੀ ਨਸੀਮ ਕਿਆਂ ਦੇ ਸੱਜੇ ਪਾਸੇ ਸਈਅਦ ਅਲੀ ਹੈਦਰ ਵਾਸਤੀ ਹੋਰਾਂ ਦਾ ਘਰ ਏ। ਹੈਦਰ ਵਾਸਤੀ ਮੇਰੇ ਨਾਲ਼ ਕਾਲਜ ਵਿੱਚ ਹੀ ਏ ਪਰ ਉਹਦਾ ਗਰੁੱਪ ਦੂਜਾ ਏ। ਹੈਦਰ ਵਾਸਤੀ ਦੇ ਦੋ ਵੱਡੇ ਭਰਾ ਤੇ ਤਿੰਨ ਵੱਡੀਆਂ ਭੈਣਾਂ ਨੇ। ਪਿਉ ਉਹਦਾ ਆਲਮ ਏ, ਕਈ ਕਿਤਾਬਾਂ ਲਿਖੀਆਂ ਉਸ। ਪਰ ਹੁਣ ਕਈ ਵਰ੍ਹਿਆਂ ਤੋਂ ਮੰਜੇ ਲੱਗਾ ਹੋਇਆ ਏ। ਜ਼ਨਾਨੀ ਉਹਦੀ ਉਹਨੂੰ ਕਈ ਵਰ੍ਹਿਆਂ ਤੋਂ ਦਵਾਈਆਂ ਖੁਆਈ ਜਾਂਦੀ ਏ ਪਰ ਉਹ ਵੱਲ ਈ ਨਹੀਂ ਹੋ ਰਿਹਾ। ਵੱਡੀਆਂ ਤਿੰਨੇ ਭੈਣਾਂ ਯੂਨੀਵਰਸਿਟੀਆਂ ਤੀਕ ਪੜ੍ਹੀਆਂ ਤੇ ਨੌਕਰੀ ਕਰਦੀਆਂ ਨੇ। ਪਹਿਲੇ ਸਾਕ ਪਸੰਦ ਨਾ ਆਏ। ਹੁਣ ਆਉਂਦਾ ਕੋਈ ਨਹੀਂ। ਜਾਪਦਾ ਏ ਤਿੰਨੇ ਭੈਣਾਂ ਰੁੱਸੀਆਂ ਹੋਈਆਂ ਨੇ ਆਪਣੇ ਆਪ ਤੋਂ। ਵੇਲੇ ਤੋਂ, ਭਰਾਵਾਂ ਤੋਂ, ਮਾਪਿਆਂ ਤੋਂ ਤੇ ਪਤਾ ਨਹੀਂ ਕੀਹਦੇ-ਕੀਹਦੇ ਕੋਲੋਂ। ਭਰਾ ਆਖਦੇ ਨੇ ਜਦ ਤੀਕ ਭੈਣਾਂ ਦੇ ਵਿਆਹ ਨਹੀਂ ਹੁੰਦੇ, ਅਸਾਂ ਵੀ ਨਹੀਂ ਕਰਨੇ। ਭੈਣਾਂ ਕਦੇ ਬਾਰੀ ਕੋਲ ਨਹੀਂ ਖਲੋਂਦੀਆਂ। ਮੀਂਹ ਨਹੀਂ ਵੇਖਦੀਆਂ, ਕਦੀ ਵਿਹੜੇ ਨਹੀਂ ਨਹਾਉਂਦੀਆਂ, ਕਿਸੇ ਨਾਲ਼ ਗੱਲ ਨਹੀਂ ਕਰਦੀਆਂ। ਬਸ ਉਨ੍ਹਾਂ ਨੂੰ ਰੋਹ ਏ। ਸਾਰੇ ਭੈਣ ਭਰਾ ਨੌਕਰੀਆਂ ਕਰੀ ਜਾਂਦੇ ਨੇ ਤੇ ਬੁੱਢੇ ਹੋਈ ਜਾਂਦੇ ਨੇ, ਹੋਈ ਜਾਂਦੇ ਨੇ।

ਸਈਅਦ ਅਲੀ ਹੈਦਰ ਵਾਸਤੀ ਹੁਣ ਘਰ ਢਾਹ ਕੇ ਮਾਰਕੀਟ ਪਾ ਲਈ ਹੋਈ ਏ। ਦੂਜੇ ਬੰਨਿਓਂ ਉਨ੍ਹਾਂ ਦਾ ਘਰ ਬਜ਼ਾਰ ਨੂੰ ਜੁ ਲੱਗਦਾ ਸੀ। ਪਰ ਉਹ ਕਿੱਥੇ ਨੇ ? ਕਦੀ ਉੱਘ-ਸੁੱਘ ਨਹੀਂ ਮਿਲੀ। ਹੈਦਰ ਵਾਸਤੀ ਵੀ ਨਾ ਕਦੀ ਮਿਲਿਆ ਨਾ ਨਜ਼ਰੀਂ ਪਿਆ ਏ।

ਮੀਂਹ ਅਜੇ ਰੁਕਿਆ ਨਹੀਂ। ਆਪਣੇ ਘਰ ਦੀ ਦੂਜੀ ਮੰਜ਼ਿਲ ਦੀ ਬਾਰੀ ਤੋਂ ਮੈਂ ਸਾਹਮਣੇ ਬਾਜੀ ਨਸੀਮ ਕਿਆਂ ਤੋਂ ਖੱਬੇ ਪਾਸੇ ਗਲੀ ਦੀ ਨੁੱਕਰੇ ਰਿਆਜ਼ ਡਾਕੀਏ ਨੂੰ ਘਰ ਦੀ ਬਾਰੀ ਕੋਲ ਬੈਠਾ ਤਕਨਾਂ ਵਾ।

ਰਿਆਜ਼ ਡਾਕੀਆ ਕਦੀ ਦਾ ਰਿਟਾਇਰ ਹੋ ਗਿਆ। ਥੱਲੇ ਘਰ ਕਿਰਾਏ ਉੱਤੇ ਚੜ੍ਹਿਆ ਹੋਇਆ ਸੂ ਤੇ ਉੱਤੇ ਦੋ ਕਮਰਿਆਂ ਵਿੱਚ ਉਹ ਕੱਲਾ ਰਹਿੰਦਾ ਏ। ਇਹ ਘਰ ਵੀ ਉਹਨੇ ਪੰਦਰਾਂ ਵੀਹ ਵਰ੍ਹਿਆਂ ਪਿੱਛੋਂ ਇੱਟ-ਇੱਟ ਜੋੜ ਕੇ ਉਸਾਰਿਆ ਏ। ਮੁਹੱਲੇ ਵਿੱਚ ਕਮੇਟੀਆਂ ਪਾ ਪਾ ਕੇ ਚਾਰ ਪੈਸੇ ਜੋੜਦਾ ਏ ਤੇ ਘਰ ਉੱਤੇ ਲਾ ਦਿੰਦਾ ਏ।

ਕਹਿੰਦੇ ਨੇ ਉਹਦੀ ਜ਼ਨਾਨੀ ਬਹੁੰ ਸੁਹਣੀ ਸੀ। ਤਿੱਖਾ ਨੱਕ, ਸਾਂਵਲਾ ਰੰਗ, ਮੱਧਰਾ ਕੱਦ ਤੇ ਪਿੱਛਾ ਭਾਰਾ। ਚਾਰ ਬਾਲਾਂ ਸਣੇ ਉਹ ਖੁਰਸ਼ੀਦ ਨਾਲ਼ ਉਧਲ ਗਈ। ਪਰ ਨਹੀਂ! ਉਧਲੀ ਉਹ ਖੁਰਸ਼ੀਦ ਨਾਲ਼ ਈ ਸੀ ਪਰ ਵੱਸੀ ਉਹਦੇ ਨਾਲ਼ ਨਹੀਂ। ਖੁਰਸ਼ੀਦ ਨੂੰ ਤਾਂ

ਉਹਨੇ ਧੁਰਾ ਬਣਾਇਆ ਆਪਣੇ ਪੁਰਾਣੇ ਯਾਰ ਤਾਈਂ ਅੱਪੜਨ ਲਈ। ਖੁਰਸ਼ੀਦ ਰਿਕਸ਼ਾ ਚਲਾਉਂਦਾ ਸੀ। ਇੱਕ ਦਿਨ ਜਦ ਰਿਆਜ਼ ਨੌਕਰੀ ਉੱਤੇ ਗਿਆ ਹੋਇਆ ਸੀ, ਖੁਰਸ਼ੀਦ ਬਿਨਾਂ ਬੂਹਾ ਖੜਕਾਏ ਉਹਦੇ ਬੂਹੇ ਦਾ ਫਾਟ ਚੁੱਕ ਕੇ ਅੰਦਰ ਵੜ ਗਿਆ। ਰਿਆਜ਼ ਦੀ ਜ਼ਨਾਨੀ ਦੇ ਰੌਲੇ ਦੀ ਵਾਜ ਆਈ ਤੇ ਲੋਕਾਂ ਖੁਰਸ਼ੀਦ ਨੂੰ ਉਹਦੇ ਘਰੋਂ ਨਿਕਲ ਨੱਸਦੇ ਨੂੰ ਤੱਕਿਆ। ਖੁਰਸ਼ੀਦ ਬਹੁਤ ਉੱਚਾ ਲੰਮਾ ਗੱਭਰੂ ਸੀ। ਉਹਨੂੰ ਡੱਕਣ ਦਾ ਜ਼ੇਰਾ ਨਾ ਹੋਇਆ ਕਿਸੇ ਦਾ। ਦੋ ਤਿੰਨ ਦਿਨਾਂ ਮਗਰੋਂ ਮੁੜ ਇੰਜ ਹੀ ਹੋਇਆ। ਹੁੰਦੇ-ਹੁੰਦੇ ਦਿਨ ਦਿਹਾੜੇ ਖੁਰਸ਼ੀਦ ਰਿਆਜ਼ ਦੇ ਘਰ ਜਾ ਵੜਦਾ ਪਰ ਉਹਦੀ ਜ਼ਨਾਨੀ ਦੀ ਵਾਜ ਈ ਨਾ ਆਉਂਦੀ। ਰਿਆਜ਼ ਨੂੰ ਪਤਾ ਲੱਗਾ ਤੇ ਉਸ ਰੋਜ਼ ਘਰ ਆ ਕੇ ਜ਼ਨਾਨੀ ਦਾ ਕੁੱਟ ਕੁਟਾਪਾ ਕਰਨਾ। ਬਾਲਾਂ ਦੇ ਉੱਚੀ-ਉੱਚੀ ਰੋਵਣ ਦਾ ਰੌਲ਼ਾ ਪੂਰੇ ਮੁਹੱਲੇ ਸੁਣਿਆ ਜਾਣਾ। ਅਖੀਰ ਇੱਕ ਦਿਹਾੜੇ ਉਹਦੀ ਜ਼ਨਾਨੀ ਖੁਰਸ਼ੀਦ ਨਾਲ਼ ਈ ਨਿਕਲ ਗਈ। ਉਸ ਬਾਲ ਸਾਂਭੇ, ਇੱਕ ਦੋ ਗਠੜੀਆਂ ਬੰਨੀਆਂ ਤੇ ਸਾਰਾ ਸੋਨਾ ਰੁਪਿਆ ਹੂੰਝ ਹਾਂਝ ਕੇ ਖੁਰਸ਼ੀਦ ਨਾਲ਼ ਰਿਕਸ਼ੇ ਬਹਿ ਕੇ ਟੁਰ ਗਈ ਤੇ ਮੁੜ ਕਦੇ ਨਾ ਆਈ। ਮੁਹੱਲੇ ਦੇ ਬੁੱਢੇ ਬਾਬੇ ਅੱਜ ਵੀ ਪੁਰਾਣੀ ਡੱਠੀ ਨੂੰ ਚੇਤਿਓਂ ਲੰਘਾ ਕੇ ਉਹਦੇ ਸੁਹੱਪਣ ਨੂੰ ਮੋਹ ਨਾਲ਼ ਚਿਤਾਰਦੇ ਨੇ।

ਕੁੱਝ ਦਿਨਾਂ ਮਗਰੋਂ ਖੁਰਸ਼ੀਦ ਪਰਤ ਆਇਆ। ਰਿਆਜ਼ ਉਹਦੇ ਖਿਲਾਫ਼ ਪੁਲਿਸ ਵਿੱਚ ਪਹਿਲੋਂ ਈ ਪਰਚਾ ਦਿੱਤਾ ਹੋਇਆ ਸੀ। ਪਰ ਰਾਤੀਂ ਈ ਥਾਣੇ ਤੋਂ ਮੁੜ ਆਇਆ। ਉਹਦਾ ਆਖਣਾ ਸੀ ਉਹ ਮੈਨੂੰ ਵੀ ਛੱਡ ਕੇ ਆਪਣੇ ਵਿਆਹ ਤੋਂ ਪਹਿਲੋਂ ਦੇ ਈ ਕਿਸੇ ਯਾਰ ਦੇ ਨਾਲ਼ ਟੁਰ ਗਈ ਏ ਤੇ ਕਰਾਚੀ ਜਾ ਵਸੀ ਏ। ਜ਼ਨਾਨੀ ਦੇ ਜਾਵਣ ਤੋਂ ਕੁੱਝ ਦਿਨਾਂ ਮਗਰੋਂ ਰਿਆਜ਼ ਆਪਣੇ ਬਾਲਾਂ ਤੇ ਜ਼ਨਾਨੀ ਨੂੰ ਚੇਤੇ ਕਰ ਰੋਂਦਾ। ਉਹਨੇ ਮੁੜ ਵਿਆਹ ਕਰਨ ਦੇ ਲੱਖ ਆਹਰ ਕੀਤੇ ਪਰ ਵਿਆਹ ਕਰਵਾਉਣ ਵਾਲੀਆਂ ਵਿੱਚ ਵਿਚੋਲੀਆਂ ਉਹਨੂੰ ਲੁੱਟ ਪੁੱਟ ਲੈ ਜਾਂਦੀਆਂ ਪਰ ਉਹਦਾ ਵਿਆਹ ਨਾ ਹੁੰਦਾ। ਸਿੱਧੜ ਤਾਂ ਉਹ ਸਦਾ ਤੋਂ ਸੀ।

ਰਿਆਜ਼ ਡਾਕੀਏ ਨੂੰ ਸਾਰੇ ਪੁਰਾਣੇ ਮੁਹੱਲੇ ਦੇ ਲੋਕਾਂ ਦਾ ਪਤਾ ਏ। ਚਾਲੀ ਸਾਲ ਦੀ ਨੌਕਰੀ ਪਿੱਛੋਂ ਉਹ ਰਿਟਾਇਰ ਹੋਇਆ। ਜਦ ਦਾ ਸਰਕਾਰ ਨੇ ਗਲੀਆਂ, ਮੁਹੱਲਿਆਂ ਤੇ ਸੜਕਾਂ ਦੇ ਨਾਂ ਬਦਲੇ ਨੇ ਰਿਆਜ਼ ਡਾਕੀਏ ਨੂੰ ਅੱਲ੍ਹਾ ਭਾਣੇ ਕੰਮ ਲੱਭ ਗਿਆ ਏ। ਉਹਨੂੰ ਈ ਪੁਰਾਣੇ ਮੁਹੱਲਿਆਂ ਦੇ ਨਾਂ ਯਾਦ ਨੇ। ਸਗੋਂ ਹਰ ਘਰ ਦੇ ਇੱਕ-ਇੱਕ ਜੀਅ ਦਾ ਪਤਾ ਏ। ਪੁਰਾਣੇ ਪਤਿਆਂ ਉੱਤੇ ਜਿਹੜੀਆਂ ਚਿੱਠੀਆਂ ਆਉਂਦੀਆਂ ਨੇ ਨਵੇਂ ਡਾਕੀਏ ਉਹਦੇ ਕੋਲੋਂ ਈ ਆ ਕੇ ਪੁੱਛਦੇ ਨੇ— "ਅਰਜਨ ਰੋਡ, ਸ਼ਿਵਾ ਜੀ ਸਟਰੀਟ, ਕ੍ਰਿਸ਼ਨਾ ਗਲੀ।" ਰਿਆਜ਼ 'ਕੱਲਾ ਰਹਿੰਦਾ ਏ ਤੇ ਰੋਟੀ ਟੁੱਕਰ ਆਪ ਪਕਾਂਦਾ ਏ। ਅਸਾਂ ਤਾਂ ਜਦ ਦਾ ਉਹਨੂੰ ਤੱਕਿਆ ਏ ਉਹਦੇ ਧੌਲੇ ਨੇ ਤੇ ਬਿਮਾਰ ਏ। ਜਾਪਦਾ ਏ ਉਹ ਵੇਲੇ ਤੋਂ ਬਾਹਰ ਏ। ਉਹਦੇ ਲਈ ਨਾ ਵੇਲਾ ਲੰਘਦਾ ਏ, ਨਾ ਘਟਦਾ ਏ ਸਗੋਂ ਉਹ ਵੇਲੇ ਤੋਂ ਬਾਹਰ ਹੋ ਕੇ ਲੰਘਦੇ ਵੇਲੇ ਨੂੰ ਤੱਕਦਾ ਰਹਿੰਦਾ ਏ। ਕਈ ਵਰ੍ਹਿਆਂ ਤੋਂ ਚੁੱਪ ਚੁਪੀਤਾ ਬੈਠਾ ਤੱਕੀ ਜਾਂਦਾ ਏ। ਕੈਰਮ ਬੋਰਡ ਖੇਡਦਿਆਂ ਮੁੰਡਿਆਂ ਨੂੰ, ਬਾਂਦਰ ਕਿਲਾ ਖੇਡਦਿਆਂ ਨੂੰ, ਬਸੰਤ ਉੱਤੇ ਪਤੰਗਾਂ ਨੂੰ, ਬਾਜ਼ੀ ਲੱਗੇ ਕਬੂਤਰਾਂ ਨੂੰ, ਗਲੀ ਵਿੱਚੋਂ ਲੰਘਦੀ ਖਲਕਤ ਨੂੰ ਉਹ ਤੱਕੀ ਜਾਂਦਾ ਏ...... ਤੱਕੀ ਜਾਂਦਾ ਏ।

ਮੀਂਹ ਮੱਠਾ ਹੋ ਗਿਆ ਏ ਤੇ ਗਲੀ ਵਿੱਚ ਨਾਤੀ ਧੋਤੀ ਤਾਰਕੋਲ ਦੀ ਸੜਕ ਵਾਂਗ ਸਲੇਟੀ ਸ਼ਾਮ ਲੱਥ ਪਈ ਏ।

ਜ਼ਫਰੀ ਆ ਜਾਂਦਾ ਤੇ ਚੰਗਾ ਸੀ। ਉਹਦੇ ਕੋਲ ਸਿਗਰਟਾਂ ਦੀ ਡੱਬੀ ਵੀ ਹੋਣੀ ਏ। ਸਾਰੇ ਯਾਰਾਂ ਬੂਟਾ ਟੀ ਸਟਾਲ ਉੱਤੇ ਇਕੱਠੇ ਹੋਣਾ ਏਂ ਤੇ ਰੋਜ਼ ਵਾਂਗਰ ਰਾਤੀ ਅਸਾਂ ਚਿਰਕੇ ਘਰ ਆਉਣਾ ਏਂ। ਭਾਦੋਂ ਦਾ ਅਖੀਰੀ ਮੀਂਹ ਏ ਤੇ ਅਮਜਦ ਸਾਹਬ ਸਿਆਲ ਤੋਂ ਅਗਦੋਂ ਈ ਚੁੜ-ਮੁੜ ਕੀਤਾ ਅੱਧੀਆਂ ਬਾਹਵਾਂ ਵਾਲਾ ਸਵੈਟਰ ਪਾ ਕੇ ਪਾਣੀ ਤੋਂ ਬਚਦੇ ਗੜਵੀ ਫੜ ਕੇ ਦੁੱਧ ਲੈਣ ਜਾਂਦੇ ਪਏ ਨੇ।

ਚੰਗਾ ਸੀ ਜੋ ਜ਼ਫਰੀ ਆ ਜਾਂਦਾ। ਦੋ ਤਿੰਨ ਗਲੀਆਂ ਛੱਡ ਕੇ ਈ ਉਹਦਾ ਘਰ ਏ। ਮੈਂ ਆਪੇ ਈ ਨਾ ਪਤਾ ਕਰਾਂ ? ਪਰ ਉਹਦੇ ਪਿਓ ਨੇ ਆਖ ਦੇਣਾ ਏ ਪਈ ਉਹ ਤਾਂ ਘਰ ਈ ਨਹੀਂ। ਨਾਲ਼ੇ ਇੱਕ ਦੋ ਗੱਲਾਂ ਵੀ ਸੁਣਾ ਦੇਣੀਆਂ ਨੇ।

ਹੁਣ ਬਾਜੀ ਨਸੀਮ ਦੀਆਂ ਮੋਟੀਆਂ-ਮੋਟੀਆਂ ਕਾਲੀਆਂ ਸ਼ਾਹ ਅੱਖਾਂ ਵਾਂਗ ਰਾਤ ਲੱਥ ਪੈਣੀ ਏ। ਰਾਤ ਨੂੰ ਤਿੱਖੀ ਹਵਾ ਝੁੱਲਣੀ ਏ ਤੇ ਬੂਹੇ ਬਾਰੀਆਂ ਰਾਹੀਂ ਆਉਂਦੇ ਨਿੰਮੇ-ਨਿੰਮੇ ਚਾਨਣ ਵਿੱਚ ਗਲੀ ਵਿੱਚ ਖਲੋਤੇ ਪਾਣੀਆਂ ਉੱਤੇ ਹਵਾ ਪਾਰੋਂ ਸੱਪ ਲਹਰਦੇ ਜਾਪਣੇ ਨੇ। ਅਚੇਤ ਵਿੱਚ ਬਾਰੀ 'ਚੋਂ ਤੱਕੇ ਇਹ ਰੰਗ ਕਦੇ ਵੀ ਫਿੱਕੇ ਨਹੀਂ ਪੈਣੇ...... ਮੀਂਹ, ਸ਼ਾਮ ਤੇ ਰਾਤ ਦੇ। ਗਲੀ ਦੀ ਇਕੱਲੀ ਸਟਰੀਟ ਲਾਈਟ ਦੇ ਫਿੱਕੇ ਚਾਨਣ ਵਿੱਚ ਬਸ ਚੁੱਪ ਈ ਸੱਖਣੀ ਹੋਣੀ ਏ। ਅਲੀ ਹੈਦਰ ਵਾਸਤੀ ਦੇ ਘਰ ਦੀ ਬੱਤੀ ਕਿੰਨੀ ਈ ਦੇਰ ਬਲਦੀ ਰਹਿਣੀ ਏ ਤੇ ਬੁਸ਼ਰਾ ਕਿਆਂ ਦੇ ਘਰੋਂ ਗੱਲਾਂ ਕਰਨ ਦੀਆਂ ਵਾਜਾਂ ਆਉਂਦੀਆਂ ਰਹਿਣੀਆਂ ਏ। ਰਿਆਜ਼ ਡਾਕੀਏ ਨੇ ਰੇਡੀਓ ਉੱਤੇ ਵੱਜਦੇ ਪੁਰਾਣੇ ਹਿੰਦੋਸਤਾਨੀ ਗਾਣਿਆਂ ਉੱਤੇ ਕਈਆਂ ਕੰਨ ਲਾਏ ਹੋਣੇ ਨੇ।

ਮੈਂ ਯਾਰਾਂ ਨਾਲ਼ ਟੀ ਸਟਾਲ ਉੱਤੇ ਚਾਹ ਸੁੜਕਦੇ ਹੋਣਾ ਏ ਤੇ ਤਕੀ ਤੇ ਪ੍ਰੋਫ਼ੈਸਰ ਐਵੇਂ ਈ ਕਿਸੇ ਗੱਲ ਉੱਤੇ ਅੜ ਕੇ ਸਾਰਿਆਂ ਨੂੰ ਬੋਰ ਕਰੀ ਜਾਣਾ ਏ ਤੇ ਮੈਨੂੰ ਗੁਲਾਬੋ ਈ ਚੇਤੇ ਆਈ ਜਾਣੀ ਏ। ਮੀਂਹ ਪਵੇ ਨਾ ਪਵੇ ਅਸਾਂ ਬਾਰੀ ਕੋਲ ਈ ਖਲੋਤੇ ਰਹਿ ਜਾਣਾ ਏ। ਸਵਾਦਲੀ ਗੱਲ ਇਹ ਏ ਪਈ ਗੁਲਾਬੋ ਹੇਠਲੀ ਮੰਜ਼ਿਲ 'ਤੇ ਰਹਿੰਦੀ ਏ ਤੇ ਉਹਦੇ ਘਰ ਅੱਗੇ ਪਾਣੀ ਵੀ ਨਹੀਂ ਖਲੋਂਦਾ। ਤੁਸੀਂ ਆਖਸੋ ਮੈਂ ਗੁਲਾਬੋ ਦਾ ਤੇ ਦੱਸਿਆ ਈ ਨਹੀਂ। ਮੈਂ ਹੁਣ ਗੁਲਾਬੋ ਦਾ ਕੀ ਦੱਸਾਂ ? ਖ਼ੌਰੇ ਹੁਣ ਉਹ ਕਿੱਥੇ ਏ ?

# ਬੂਹਾ ਖੁੱਲ੍ਹਾ ਏ

ਪਹਿਲੇ ਸੁਫ਼ਨਾ......

ਉਹੋ ਪੁਰਾਣਾ ਘਰ ਏ, ਕ੍ਰਿਸ਼ਨ-ਨਗਰ ਵਾਲਾ ਸਾਡਾ।

ਸਾਰੀ ਉਮਰ ਇਸੇ ਘਰ ਦੇ ਸੁਫ਼ਨੇ ਕਦ ਤਕ ਆਉਂਦੇ ਰਹਿਣੇ ਨੇ ?

ਉਹੋ ਨਿੱਕਾ ਪੁਰਾਣਾ ਕਮਰਾ ਮੇਰਾ। ਅੱਧੀ ਰਾਤ। ਮੈਂ ਬੇਦੀ ਦੀ ਕਹਾਣੀਆਂ ਦੀ ਕਿਤਾਬ ਪੜ੍ਹਦਾ ਪਿਆ ਵਾਂ। ਸਾਰੀ ਉਮਰ ਬੇਦੀ ਦੀਆਂ ਕਹਾਣੀਆਂ ਪੜ੍ਹਨ ਦਾ ਚਾਅ ਰਿਹਾ ਏ ਮੈਨੂੰ। ਇੱਕ ਸਤਰ ਉੱਤੇ ਆ ਕੇ ਖਲੋ ਜਾਣਾਂ— "ਜਦ ਇੱਕ ਯਾਰ ਨਾਲ਼ ਹੋਈਏ ਤਾਂ ਇੱਕ ਹੋਰ ਦੀ ਸਿੱਕ ਕਿਉਂ ਰਹਿੰਦੀ ਏ ?" ਮੈਂ ਸੋਚਨਾਂ, ਕੇਡੀ ਸੁਹਣੀ ਗੱਲ ਏ। ਕੀ ਗੱਲ ਕਰ ਗਿਆ ਏ ਬੇਦੀ। ਐਵੇਂ ਗਲੀ ਵਿੱਚ ਕਿਸੇ ਦੀ ਵਾਜ ਆਉਂਦੀ ਏ ਅਤੇ ਉੱਠ ਕੇ ਬਾਰੀ ਕੋਲ ਜਾਨਾਂ। ਤਿੰਨ ਯਾਰ ਥੱਲੇ ਗਲੀ ਵਿੱਚ ਖਲੋਤੇ ਨੇ। ਇੱਕ ਚਾਨਣ ਵਿੱਚ ਏ। ਵੇਖ ਕੇ ਮੈਨੂੰ ਖਿੜ ਜਾਂਦਾ ਏ। ਦੂਜਾ ਅੱਧ ਹਨੇਰੇ ਅੱਧ ਚਾਨਣ ਵਿੱਚ ਏ। ਉਹਨੂੰ ਵੀ ਸਿਹਾਣ ਲੈਨਾਂ। ਹੱਥ ਨਾਲ਼ ਐਨਕ ਠੀਕ ਕਰਦਾ ਉਹ ਹੌਲ਼ੀ ਜਿਹੇ ਖੰਘੂਰਦਾ ਏ। ਤੀਜਾ ਉੱਕਾ ਹਨੇਰੇ ਵਿੱਚ ਏ। ਹੁਣ ਟੇਵਾ ਈ ਲਾ ਸਕਨਾ ਪਈ ਉਹ ਕੌਣ ਏ ਤੇ ਟੇਵਾ ਤਾਂ ਟੇਵਾ ਈ ਏ। ਪਹਿਲਾਂ ਜਿਹੜਾ ਵੇਖ ਖਿੜਿਆ ਏ, ਝਬਦੇ ਆਪਣੀ ਪਤਲੀ ਵਾਜ ਵਿੱਚ ਉੱਚੀ ਸਾਰੀ ਆਂਹਦਾ ਏ— "ਯਾਰ ਉਹ ਆਏ ਸਨ, ਉਨ੍ਹਾਂ ਨੂੰ ਸਾਡੀ ਸਿੱਕ ਲੈ ਆਈ, ਉਹ ਚਾਹੁੰਦੇ ਨੇ ਅਸੀਂ ਕੁੱਝ ਕਰੀਏ।" ਅਜੇ ਮੈਂ ਬੇਦੀ ਦੀ ਗੱਲ ਦੀ ਲੋਰ ਵਿੱਚ ਆਂ— "ਜਦ ਇੱਕ ਯਾਰ ਨਾਲ਼ ਹੋਏ ਤਾਂ ਇੱਕ ਹੋਰ ਦੀ ਸਿੱਕ ਕਿਉਂ ਰਹਿੰਦੀ ਏ ?" ਮੈਂ ਵੀ ਉਹਨੂੰ ਵੇਖ ਖਿੜ ਪੈਨਾਂ। ਬੇਦੀ ਦੀ ਗੱਲ ਦਾ ਸਵਾਦ ਵਿੱਚੇ ਏ। ਮੈਂ ਆਹਨਾਂ, 'ਲੰਘ ਆ।' ਪਰ ਖਲੋਵੋ, ਤੁਹਾਨੂੰ ਸਾਰਾ ਨਕਸ਼ਾ ਦੱਸ ਦੇਵਾਂ। ਸਾਰੀ ਉਮਰ ਇਸੇ ਸੁਫ਼ਨੇ ਵਿੱਚ ਈ ਫਸਿਆ ਰਿਹਾ ਵਾਂ ਮੈਂ।

ਇੱਕ ਮਕਾਨ ਏ ਦੋ ਮੰਜ਼ਲਾ। ਥੱਲੇ ਚਾਚਾ ਰਹਿੰਦਾ ਏ ਤੇ ਅਸੀਂ ਉੱਤੇ। ਉੱਤੇ ਦੋ ਕਮਰੇ ਸਨ। ਜਦ ਘਰ ਵੜੋ ਤਾਂ ਸਾਹਮਣੇ ਡਿਓੜੀ ਸੀ। ਡਿਓੜੀ ਵਿੱਚੋਂ ਸੱਜੇ, ਨਹੀਂ, ਖੱਬੇ ਹੱਥ ਨਾਲ਼ ਈ ਉੱਤੇ ਨੂੰ ਪੌੜੀਆਂ ਸਨ। ਅੱਠ ਦਸ ਪੌੜੀਆਂ, ਚੜ੍ਹ, ਖੌਰੇ ਕੁੱਝ ਵਧ। ਨਿੱਕੇ ਹੁੰਦਿਆਂ ਤੋਂ ਈ ਉਹ ਪੌੜੀਆਂ ਚੜ੍ਹਿਆ ਪਰ ਭੁੱਲ ਗਿਆ ਵਾਂ। ਚਲੋ ਆਖ ਲਓ ਦਸ ਬਾਰਾਂ ਪੌੜੀਆਂ। (ਤਕੀ ਕੋਲੋਂ ਪੁਛਸਾਂ ਉਹ ਉਸ ਘਰ ਦਾ ਬੜਾ ਜ਼ਿਕਰ ਕਰਦਾ ਰਹਿੰਦਾ ਏ) ਹਾਂ, ਅੱਠ ਦਸ ਪੌੜੀਆਂ ਚੜ੍ਹ ਖੱਬੇ ਹੱਥ ਈ ਇੱਕ ਵੱਡੇ ਕਮਰੇ ਦਾ ਬੂਹਾ ਏ। ਮੈਂ ਫ਼ਿਰ ਭੁੱਲ ਗਿਆ ਜੇ। ਬੂਹੇ ਬਾਰੀਆਂ ਕੋਈ ਨਹੀਂ। ਹਾਂ, ਚੌਗਾਠਾਂ ਸਨ ਉਸ ਕਮਰੇ ਦੀਆਂ। ਸਾਨੂੰ

ਕੱਢਣ ਮਗਰੋਂ ਸੁਣਿਆ ਪਈ ਚਾਚੇ ਮੁੜ ਮਕਾਨ ਦੀ ਮੁਰੰਮਤ ਕਰਾਈ ਤੇ ਬੂਹੇ ਬਾਰੀਆਂ ਲਾ ਕੇ ਵੇਚ ਦਿੱਤਾ। ਉਸ ਕਮਰੇ ਮਾਂ ਤੇ ਦੂਜੇ ਭਰਾ ਰਹਿੰਦੇ ਸਨ। ਫ਼ਿਰ ਅਗਾਂਹ ਲੰਘ ਰਾਹ ਸਾਹਵਾਂ ਹੋ ਜਾਵੇ ਤੇ ਨਾਲ਼ ਈ ਖੱਬੇ ਹੱਥ ਇੱਕ ਨਿੱਕਾ ਕਮਰਾ ਸੀ ਜਿਹਨੂੰ ਅਸੀਂ 'ਗੈਲਰੀ' ਕਹਿੰਦੇ ਸਾਂ। ਮੇਰਾ ਇੱਕ ਹੋਰ ਚਾਚਾ ਇਹ ਸੁਣਦਾ ਤੇ ਉਸ ਗੱਲ ਦਾ ਬੜਾ ਸਵਾਦ ਲੈਂਦਾ ਸੀ ਪਰ ਹੁਣ ਤਾਂ ਉਹ ਇਸ ਜਹਾਨੇ ਈ ਨਹੀਂ ਏ।

ਏਹੋ ਕਮਰਾ ਸੀ ਮੇਰਾ। ਹੈ ਤਾਂ ਉਹ ਦੂਜੀ ਮੰਜ਼ਲ ਪਰ ਸੀ ਬਹੁੰ ਨੀਵਾਂ। ਤੁਸੀਂ ਬਾਰੀ ਕੋਲ ਖਲੋ ਬਿਨਾਂ ਔਖਤ ਗਲੀ ਖਲੋਤੇ ਬੰਦੇ ਨਾਲ਼ ਗੱਲ ਕਰ ਲੈਂਦੇ ਸਓ। ਨਾਲ਼ ਬਾਰੀ ਸੀ, ਇੱਕ ਪੜਛੱਤੀ। ਸਾਰਾ ਪਵਾੜਾ ਈ ਉਸ ਪੜਛੱਤੀ ਦਾ ਏ। ਨਾਲ਼ ਸਾਡੇ ਮਕਾਨ ਦੇ ਸੱਜੇ ਹੱਥ ਇੱਕ ਪਲਾਟ ਸੀ। ਪਲਾਟ ਤਾਂ ਖ਼ਾਲੀ ਸੀ ਪਰ ਦਵਾਲੇ ਕੰਧ ਵਲੀ ਸੀ। ਹੁਣ ਉਹ ਖ਼ਾਲੀ ਨਹੀਂ ਰਿਹਾ, ਉਥੇ ਤਿੰਨ ਮੰਜ਼ਲੀ ਇਮਾਰਤ ਏ।

ਇਹ ਉਦੋਂ ਦੀ ਗੱਲ ਏ ਜਦੋਂ ਪਲਾਟ ਖ਼ਾਲੀ ਸੀ। ਹੁਣ ਤਾਂ ਉਹ ਗਲੀ ਵੀ ਉਹ ਗਲੀ ਨਹੀਂ ਰਹੀ। ਨਾਲ਼ੇ ਇਹ ਤਾਂ ਸੁਫ਼ਨੇ ਦੀ ਗੱਲ ਏ।

ਕਮਰੇ ਦੀ ਬਾਰੀ ਤੋਂ ਤੁਸੀਂ ਗਲੀ ਖਲੋਤੇ ਬੰਦੇ ਨਾਲ਼ ਗੱਲ ਕਰ ਲੈਂਦੇ ਸਓ। ਮੈਂ ਪਹਿਲੇ ਯਾਰ ਨੂੰ ਆਹਨਾਂ, "ਲੰਘ ਆ।" ਛੇਤੀ ਨਾਲ਼ ਖ਼ਾਲੀ ਪਲਾਟ ਦੀ ਕੰਧ ਉਪਰ ਚੜ੍ਹ ਉਹ ਪੜਛੱਤੀ ਤੋਂ ਚਲਦਾ ਉਸ ਬਾਰੀ ਕੋਲ ਆ ਜਾਂਦਾ ਏ ਜਿਥੇ ਮੈਂ ਖੜ੍ਹਾ ਵਾਂ। ਬਾਰੀ ਟੱਪ ਉਹ ਕਮਰੇ ਆ ਜਾਂਦਾ ਏ। ਹੁਣ ਥੱਲੇ ਬੂਹੇ ਕੋਲ ਦੋ ਯਾਰ ਖੜ੍ਹੇ ਨੇ। ਦੂਜਾ ਜਿਹੜਾ ਕੁੱਝ ਹਨੇਰੇ ਕੁੱਝ ਚਾਨਣ ਵਿੱਚ ਏ, ਹੱਥ ਨਾਲ਼ ਐਨਕ ਠੀਕ ਕਰਦਾ ਹੌਲ਼ੀ ਜਿਹੀ ਖੰਘੂਰਦਾ ਏ। ਮਤਲਬ ਪਈ ਥੱਲੇ ਆ ਕੇ ਬੂਹਾ ਖੋਲ੍ਹ। ਮੈਂ ਕੰਧ ਚੜ੍ਹ ਪੜਛੱਤੀ ਤੋਂ ਨਹੀਂ ਆ ਸਕਦਾ। ਮੈਨੂੰ ਵੀ ਏਹੋ ਡਰ ਸੀ। ਸਾਰੀ ਉਮਰ ਇਸੇ ਤੋਂ ਡਰਿਆ ਤੇ ਸੁਫ਼ਨੇ ਵਿੱਚ ਵੀ ਡਰ ਗਿਆ। ਪਰ ਬੂਹਾ ਕੌਣ ਖੋਲ੍ਹੇ ? ਥੱਲੇ ਚਾਚਾ ਰਹਿੰਦਾ ਸੀ।

ਬਾਲਪਨ ਤੋਂ ਇਸ ਚਾਚੇ ਦੇ ਡਰ ਹੇਠ ਰਹੇ। ਉੱਤੇ ਅਸੀਂ ਰਹਿਣਾ ਤੇ ਡਰ ਡਰ ਕੇ। ਐਵੇਂ ਕੋਈ ਸ਼ੈਅ ਡਿੱਗ ਪੈਣੀ ਤੇ ਹੇਠੋਂ ਵਾਜ ਆਉਣੀ, "ਅਰਮਾਨ ਨਾਲ਼ ਨਹੀਂ ਰਿਹਾ ਜਾਂਦਾ ਕੁੱਤਿਓ ? ਕੀ ਖੱਪ ਪਾਈ ਰੱਖਦੇ ਓ ? ਨਾਲ਼ੇ ਰਹਿਣ ਨੂੰ ਥਾਂ ਦਿੱਤੀ ਏ, ਉਤੋਂ ਮਸ਼ਕਰੀਆਂ ਕਰਦੇ ਓ।" ਬਾਲਪਨ ਤੋਂ ਵੱਡੇ ਹੋਵਣ ਤਕ ਇਹ ਡਰ ਪੌੜੀਆਂ ਚੜ੍ਹਦਾ, ਸਾਡੇ ਸਰੀਰ ਤੇ ਸਾਹ, ਰੱਤ ਤੇ ਦਿਮਾਗ਼, ਰੂਹ ਤੇ ਮੁਹਾਂਦਰੇ ਚੜ੍ਹਦਿਆਂ ਪੱਕਾ ਹੋ ਗਿਆ। ਇੱਕੀ ਵਰ੍ਹੇ ਸਾਡੇ ਉੱਤੇ ਅੱਡੀ ਰੱਖ ਖਲੋਤਾ ਰਿਹਾ। ਸਹਿਮ ਸਾਡਾ ਨਕਸ਼ ਸੀ ਤੇ ਡਰ ਹਯਾਤੀ। ਹੁਣ ਬੂਹਾ ਕੌਣ ਖੋਲ੍ਹੇ ? ਮੈਂ ਭਰਾਵਾਂ ਵਿੱਚੋਂ ਵੱਡਾ ਸਾਂ। ਬਹੁਤਾ ਡਰ ਮੇਰੇ ਹਿੱਸੇ ਆਇਆ। ਇੱਕ ਉਮਰ ਇਸ ਨਾਲ਼ ਲੜਿਆ ਵਾਂ। ਰੂਹ ਬੜਾ ਕਰਦਾ ਏ ਥੱਲੇ ਜਾ ਕੇ ਬੂਹਾ ਖੋਲ੍ਹਾਂ। ਸਾਰੀ ਉਮਰ ਬੰਦ ਬੂਹੇ ਖੋਲ੍ਹਣ ਦਾ ਚਾਅ ਰਿਹਾ ਏ। ਹੁਣ ਵੱਡਾ ਹੋ ਗਿਆ ਵਾਂ। ਡਰ ਵੀ ਘਟ ਗਿਆ ਏ ਪਰ ਮੁੱਕਿਆ ਤਾਂ ਨਹੀਂ। ਖ਼ੌਰੇ ਯਾਰਾਂ ਨੂੰ ਸਾਰ ਹੋਈ ਜਾਂ ਨਾ। ਉਹ ਜਿਹੜੇ ਗਲੀ ਖਲੋਤੇ ਨੇ, ਤੇ ਉਹ ਵੀ ਜਿਹੜੇ ਕੰਧ ਚੜ੍ਹ ਪੜਛੱਤੀ ਤੋਂ ਬਾਰੀ ਰਾਹੀਂ ਅੰਦਰ ਕਮਰੇ ਲੰਘ ਆਏ।

ਹੁਣ ਥੱਲੇ ਬੂਹੇ ਕੋਲ ਦੋ ਯਾਰ ਖਲੋਤੇ ਨੇ। ਡਰਨਾ ਵਾਂ ਕਿਵੇਂ ਜਾ ਕੇ ਬੂਹਾ ਖੋਲ੍ਹਾਂ ?

ਬੇਦੀ ਦੀ ਗੱਲ ਫ਼ਿਰ ਚੇਤੇ ਆਉਂਦੀ ਏ, "ਜਦੋਂ ਇੱਕ ਯਾਰ ਨਾਲ਼ ਹੋਵੇ ਤਾਂ ਇੱਕ ਹੋਰ ਦੀ ਸਿੱਕ ਕਿਉਂ ਰਹਿੰਦੀ ਏ ?" ਬੇਦੀ ਤੀਜੇ ਬੰਦੇ ਦੀ ਸਿੱਕ ਵੀ ਆਖ ਸਕਦਾ ਸੀ। ਪਰ ਅਸਲੋਂ ਬੇਦੀ ਨੇ ਇਹ ਗੱਲ ਕਿਤੇ ਨਹੀਂ ਕੀਤੀ। ਇਹ ਤਾਂ ਨਿਰੀ ਸੁਫ਼ਨੇ ਦੀ ਗੱਲ ਏ। ਜਦ ਤੁਸੀਂ ਬੂਹਾ ਖੋਲ੍ਹ ਨਹੀਂ ਸਕਦੇ। ਉਹ ਬੂਹੇ ਰਾਹੀਂ ਹੀ ਕਿਉਂ ਆਉਣਾ ਚਾਹੁੰਦਾ ਏ ? ਉਹ ਕੰਧ ਚੜ੍ਹ ਉੱਤੇ ਪੜਛੱਤੀ ਰਾਹੀਂ ਕਿਉਂ ਨਹੀਂ ਆ ਜਾਂਦਾ ? ਮੈਂ ਬਾਰੀ ਵਿੱਚ ਖਲੋਤਾ ਉਹਨੂੰ ਇੱਕ ਦੋ ਵਾਰ ਸੱਦਦਾ ਵੀ ਆਂ, ਪਰ ਉਹ ਕੋਈ ਜੁਆਬ ਨਹੀਂ ਦਿੰਦਾ। ਸੁਭਾਅ ਵੀ ਉਹਦਾ ਇੰਜ ਦਾ ਏ। ਮੈਨੂੰ ਪਤਾ ਏ ਉਹ ਸਾਰੀ ਉਮਰ ਥੱਲੇ ਬੂਹੇ ਕੋਲ ਖਲੋਤਾ ਰਹਿਸੀ ਤੇ ਮੈਂ ਉੱਤੇ ਬਾਰੀ ਕੋਲ। ਜਿਹੜਾ ਲੰਘ ਆਇਆ ਏ ਉਹ ਆਪਣੇ ਸਦਾ ਦੇ ਢੰਗ ਨਾਲ਼ ਛਿੱਥਾ ਪੈ ਆਂਹਦਾ ਏ, "ਲੰਘ ਆ, ਕੀ ਏ ਤੈਨੂੰ ?" ਮੈਂ ਬਾਰੀ ਕੋਲ 'ਕੱਲਾ ਆਂ। ਉਹ ਥੱਲੇ ਖਲੋਤਾ ਏ। ਬੂਹੇ ਨਾਲ਼ ਹਨੇਰੇ ਵਿੱਚ ਇੱਕ ਹੋਰ ਯਾਰ ਵੀ ਏ। ਸਦਾ ਦਾ ਆਪਣਾ ਸਰੀਰ ਲੁਕਾਉਂਦਾ, ਪਿੱਛੇ ਪਿੱਛੇ ਰਹਿੰਦਾ। ਡਰ ? ਨਹੀਂ ਨਹੀਂ। ਮੈਂ ਚਾਚੇ ਬਾਰੇ ਸੋਚਨਾ ਵਾਂ। ਇੱਕਦਮ ਮੈਨੂੰ ਲੱਗਦਾ ਏ ਪਈ ਕੋਈ ਗੱਲ ਨਹੀਂ। ਮੈਂ ਥੱਲੇ ਜਾ ਕੇ ਬੂਹਾ ਖੋਲ੍ਹ ਸਕਨਾ ਵਾਂ। ਮੈਨੂੰ ਜਾਪਦਾ ਏ ਯਾਰਾਂ ਨੂੰ ਮਿਲਣ ਦੀ ਸਿੱਕ ਡਰ ਤੋਂ ਵਧੇਰੀ ਏ, ਇਹੋ ਸਿੱਕ ਡਰ ਤੋਂ ਵੀ ਭਓ ਖਾਂਦੀ ਏ। ਮੇਰਾ ਸਾਰਾ ਭਓ ਮੁੱਕ ਜਾਂਦਾ ਏ। ਅਚਨਚੇਤ ਮੇਰੀ ਅੱਖ ਖੁੱਲ੍ਹ ਜਾਂਦੀ ਏ। ਕਾਵਾਂ ਕੁਕਾਰਾ ਘੱਤਿਆ ਹੋਇਆ ਏ। ਅੱਖਾਂ ਸਾਹਮਣੇ ਪੁਰਾਣੇ ਮੁਹੱਲੇ ਦੀ ਮੂਰਤ ਘੁੰਮ ਜਾਂਦੀ ਏ। ਇੱਕੀ ਵਰ੍ਹੇ ਹੋਏ ਅਸੀਂ ਉਹ ਘਰ ਤੇ ਮੁਹੱਲਾ ਛੱਡ ਆਏ ਹੋਏ ਆਂ।

ਸਵੇਰ ਏ। ਤਾਕੀ ਰਾਹੀਂ ਨਿੰਮਾ ਨਿੰਮਾ ਚਾਨਣ ਕਮਰੇ ਅੰਦਰ ਆਉਂਦਾ ਪਿਆ ਏ। ਜਾਪਿਆ ਜਿਵੇਂ ਡਰ ਪੌੜੀਆਂ ਲਹਿ ਗਿਆ ਹੋਵੇ ਤੇ ਸਿੱਕ ਪੌੜੀਆਂ ਚੜ੍ਹ ਗਈ ਹੋਵੇ। ਜਿਵੇਂ ਕਾਵਾਂ ਦੇ ਕੁਕਾਰੇ ਵਿੱਚ ਮਲਕੜੇ ਜਿਹੀ ਚਿੜੀਆਂ ਦੀ ਵਾਜ ਹੌਲ਼ੀ-ਹੌਲ਼ੀ ਕੁਕਾਰੇ ਉੱਤੇ ਚੜ੍ਹ ਬੈਠੀ ਹੋਵੇ। ਮੈਂ ਕਮਰਿਓਂ ਬਾਹਰ ਨਿਕਲ ਵੇਖਦਾਂ, ਬੂਹਾ ਤਾਂ ਖੁੱਲ੍ਹਾ ਏ, ਤੁਸੀਂ ਲੰਘ ਆਓ।

# ਨਿਰੀ ਇੱਕ ਵਾਜ ਲਈ

ਪੰਝੀ-ਸਤਾਈ ਵਰ੍ਹਿਆਂ ਪਿੱਛੋਂ ਉਹਦੀ ਵਾਜ ਸੁਣੀ। ਉਂਜੇ ਸਾਹਵਾਂ ਤੇ ਕੰਨਾਂ ਵਿੱਚ ਰਸ ਘੋਲਦੀ। ਕੋਸੇ ਸਾਹ ਵਰਗੀ ਟਕੋਰ ਕਰਦੀ। ਮੇਰੀ ਵਹੁਟੀ ਦੱਸਿਆ ਕੋਈ ਜ਼ਨਾਨੀ ਫ਼ੋਨ ਉੱਤੇ ਗੱਲ ਕਰਨਾ ਚਾਹੁੰਦੀ ਏ। ਉਹ ਆਪਣੀ ਉਹੋ ਵਾਜ ਨਾਲ਼ ਬੋਲਦੀ ਪਈ ਸੀ, ਜਿਸ ਉੱਤੇ ਇੱਕ ਵੇਲੇ ਅਸੀਂ ਸਾਰੇ ਆਸ਼ਕ ਸਾਂ।

"ਵੇਖ ਲੱਭ ਈ ਲਿਆ ਨਾ ਮੈਂ ਤੈਨੂੰ। ਬੁਝ ਕੌਣ ਆਂ ਮੈਂ ਭਲਾ ?"

"ਤੁਹਾਡੀ ਵਾਜ।" ਮੈਂ ਚੇਤੇ ਦੀ ਪੁੱਠੀ ਤਾਰੀ ਤਰਦਾ ਅਚੇਤ ਥੱਲੇ ਨੂੰ ਖੁਰਚਦਾ ਅਭੁੱਕ ਕੇ ਮਸਾਂ ਇੱਕ ਦੋ ਲਫ਼ਜ਼ ਈ ਆਖ ਸਕਿਆ।

"ਮੈਂ ਇਹ...... ਵਾਜ।"

"ਮਾਂ ਜੀ ਤਾਂ ਮਿਲਦੇ ਰਹਿੰਦੇ ਨੇ। ਹਜ਼ਰਤ ਸਾਹਿਬ ਦੇ ਉਰਸ ਉੱਤੇ ਸਾਲ ਪਿੱਛੋਂ। ਤੁਹੀਓਂ ਕਦੇ ਨਹੀਂ ਆਇਆ। ਵੱਡਾ ਬੰਦਾ ਹੋ ਗਿਆ ਏਂ ਨਾ...... ਪ੍ਰੋਫ਼ੈਸਰ ਬਣ ਗਿਆ ਏਂ।"

"ਨਹੀਂ ਇਹ ਗੱਲ ਨਹੀਂ। ਪੁਰਾਣਾ ਮੁਹੱਲਾ ਤੇ ਛੱਡ ਦਿੱਤਾ ਹੋਇਆ ਏ ਅਸਾਂ। ਪਤਾ ਈ ਏ ਤੁਹਾਨੂੰ ਕਿ...... ?"

"ਫ਼ਿਰ ਵੀ ਬੰਦਾ ਮਿਲ ਈ ਲੈਂਦਾ ਏ ਕਦੇ। ਇਫਤਖ਼ਾਰ ਇੱਕ ਦੋ ਵਾਰ ਮਿਲਿਆ ਏ। ਇੰਜ ਗ਼ਾਇਬ ਹੋਇਆ ਏਂ ਮੁੜ ਤੇਰੀ ਸ਼ਕਲ ਈ ਨਹੀਂ ਵੇਖੀ ਕਦੇ। ਮਾਂ ਜੀ ਦੱਸਦੇ ਰਹਿੰਦੇ ਨੇ ਤੇਰੀ ਵਹੁਟੀ ਤੇ ਬਾਲਾਂ ਦਾ। ਕਦੇ ਲੈ ਕੇ ਆਉਣਾ ਸਾਡੇ ਵੱਲ।"

"ਆਵਾਂਗਾ ਕਦੀ।"

"ਇੱਕ ਕੰਮ ਆ ਪਿਆ ਏ ਤੇਰੇ ਨਾਲ਼...... ਐਵੇਂ ਛੋਟਾ ਜਿਹਾ ਈ। ਆਪਣੇ ਪੁੱਤਰ ਦਾ, ਕਰੇਂਗਾ ? ਕਾਸ਼ਫ ਕਹਿੰਦਾ ਏ ਤੁਹੀਓਂ ਕਰ ਸਕਦਾ ਏ ਇਹ ਕੰਮ, ਹੋਰ ਕੋਈ ਨਹੀਂ।"

ਉਸ ਛਾਉਣੀ ਵਿੱਚ ਕੋਠੀ ਦਾ ਨੰਬਰ ਦੱਸਿਆ ਤੇ ਅਗਲੇ ਦਿਨ ਸ਼ਾਮੀਂ ਮੈਂ ਮੋਟਰ ਸਾਇਕਲ ਉੱਤੇ ਉਨ੍ਹਾਂ ਦਾ ਘਰ ਲੱਭਦਾ ਪਿਆ ਸਾਂ। ਮਿਸ ਸੁਰਈਆ ਕੋਲ ਪਹਿਲੀ ਤੋਂ ਛੇਵੀਂ ਤਕ ਮੈਂ ਪੜ੍ਹਿਆ। ਮੁੰਡਿਆਂ ਕੁੜੀਆਂ ਲਈ ਉਹ ਸਕੂਲ ਪੰਜਵੀਂ ਤੀਕ ਤੇ ਛੇਵੀਂ ਤੋਂ ਦਸਵੀਂ ਤੀਕ ਨਿਰਾ ਕੁੜੀਆਂ ਲਈ। ਮੈਂ ਇੰਨਾ ਮਾੜਾ ਤੇ ਭਲਾ ਮਾਣਸ ਜਿਹਾ ਸਾਂ ਪਈ ਮੈਂ ਤੇ ਇਫ਼ੀ ਛੇਵੀਂ ਤੀਕ ਉਸ ਸਕੂਲੇ ਪੜ੍ਹੇ। ਇਫ਼ੀ ਇਸ ਪਾਰੋਂ ਪਈ ਉਹਦੀ ਵੱਡੀ ਭੈਣ ਉਸਤਾਨੀ ਸੀ। ਉਹ ਇੱਕ ਪ੍ਰਾਈਵੇਟ ਸਕੂਲ ਸੀ। ਜਦੋਂ ਭੁੱਟੋ ਸਰਕਾਰ ਸਕੂਲਾਂ ਨੂੰ

ਕੌਮਆਇਆ ਬੰਦ ਹੋ ਗਿਆ। ਸਰਕਾਰੀ ਖਾਤਿਆਂ ਵਿੱਚ ਸਕੂਲ ਹਜ਼ਰਤ ਸਾਹਿਬ ਆਵਣ ਈ ਨਾ ਦਿੱਤਾ ਤੇ ਕੌਮਆਏ ਜਾਣ ਦੇ ਡਰ ਪਾਰੋਂ ਈ ਬੰਦ ਕਰ ਦਿੱਤਾ। ਪਰ ਇਹ ਸਾਡੇ ਸਕੂਲ ਛੱਡਣ ਤੋਂ ਕੁੱਝ ਵਰ੍ਹਿਆਂ ਮਗਰੋਂ ਦੀ ਗੱਲ ਏ। ਆਲ-ਦੁਆਲ ਵਿੱਚ ਸਕੂਲ ਪੀਰਾਂ ਦਾ ਸਕੂਲ ਅਖਵਾਂਦਾ ਸੀ। ਵੱਡੇ ਹਜ਼ਰਤ ਸਾਹਿਬ ਪੀਰ ਸਨ ਤੇ ਤਵੀਜ਼ ਧਾਗਾ ਕਰਦੇ ਸਨ। ਉਹ ਬਹੁਤ ਘੱਟ ਲੋਕਾਂ ਸਾਹਮਣੇ ਆਉਂਦੇ ਤੇ ਜਿਥੇ ਉਨ੍ਹਾਂ ਦੀ ਬੈਠਕ ਸੀ, ਉਹਦੇ ਬੂਹੇ ਅਸਾਂ ਰੋਜ਼ ਸਵੇਰੇ ਜੁੱਤੀਆਂ ਦਾ ਢੇਰ ਵੇਖਦੇ।

ਸਕੂਲ ਨਿੱਕੇ ਹਜ਼ਰਤ ਸਾਹਿਬ ਚਲਾਉਂਦੇ ਸਨ। ਕਿੰਨਾ ਈ ਵੱਡਾ ਘਰ ਤੇ ਇਸ ਤੋਂ ਵੀ ਵੱਡਾ ਵਿਹੜਾ ਸੀ, ਸਕੂਲ ਦਾ। ਬਹੁਤੀਆਂ ਜਮਾਤਾਂ ਵਿਹੜੇ ਈ ਹੁੰਦੀਆਂ। ਗਰਮੀਆਂ ਵਿੱਚ ਰੁੱਖਾਂ ਹੇਠ ਤੇ ਸਿਆਲ ਵਿੱਚ ਧੁੱਪੇ। ਅਠਵੀਂ ਤੀਕ ਟਾਟ ਤੇ ਨੌਵੀਂ ਦਸਵੀਂ ਲਈ ਕਮਰੇ ਤੇ ਡੈਸਕ। ਘਰ ਤੇ ਸਕੂਲ ਵਿਚਕਾਰ ਬਹੁਤੀ ਵਿੱਥ ਨਹੀਂ ਸੀ। ਮੇਰੇ ਦੋਵੇਂ ਨਿੱਕੇ ਭਰਾ ਤੇ ਦੋਵੇਂ ਵੱਡੀਆਂ ਭੈਣਾਂ ਵੀ ਇਸ ਸਕੂਲੋਂ ਈ ਪੜ੍ਹੀਆਂ ਸਨ। ਅਸਲੋਂ ਮੁਹੱਲੇ ਵਿੱਚ ਉਹੀ ਸਕੂਲ ਸਾਰਿਆਂ ਨੂੰ ਨੇੜੇ ਪੈਂਦਾ ਸੀ।

ਨਿੱਕੇ ਹਜ਼ਰਤ ਸਾਹਿਬ ਸਕੂਲ ਦੇ ਹੈੱਡ ਮਾਸਟਰ ਸਨ ਤੇ ਪੰਜ ਭੈਣਾਂ ਦੇ ਭਰਾ। ਵੱਡੇ ਹਜ਼ਰਤ ਸਾਹਿਬ ਦੇ ਇਕੱਲੇ ਪੁੱਤਰ। ਸਾਡੇ ਵਿੰਹਦਿਆਂ ਵਿੰਹਦਿਆਂ ਵੱਡੀ ਭੈਣ ਤੋਂ ਅੱਡ ਸਾਰੀਆਂ ਭੈਣਾਂ ਦੇ ਵਿਆਹ ਹੋਏ। ਨਿੱਕੇ ਹਜ਼ਰਤ ਪਹਿਲਾਂ ਈ ਦੋ ਵਿਆਹੇ ਸਨ ਤੇ ਉਨ੍ਹਾਂ ਦੀ ਵਹੁਟੀ ਵੀ ਜਦ ਵਿਹਲੀ ਹੁੰਦੀ, ਦੋ-ਚਾਰ ਪੀਰੀਅਡ ਲੈ ਲੈਂਦੀ। ਪਰ ਜਦੋਂ ਮੈਂ ਪੜ੍ਹਦਾ ਸਾਂ ਕਿਸੇ ਭੈਣ ਦਾ ਵਿਆਹ ਨਹੀਂ ਸੀ ਹੋਇਆ। ਉਹ ਸਾਰੀਆਂ ਈ ਸਾਨੂੰ ਪੜ੍ਹਾਉਂਦੀਆਂ ਸਨ। ਭੈਣਾਂ ਵਿੱਚੋਂ ਮਿਸ ਸੁਰਈਆ ਸਭ ਤੋਂ ਨਿੱਕੇ ਤੇ ਸਾਡੀ ਉਸਤਾਨੀ ਸਨ। ਮੇਰੇ ਮਾਂ ਜੀ ਵੱਡੇ ਹਜ਼ਰਤ ਸਾਹਿਬ ਕੋਲੋਂ ਤਵੀਜ਼ ਧਾਗਾ ਤੇ ਪਾਣੀ ਦਮ ਕਰਾਉਣ ਜਾਂਦੇ ਸਨ ਤੇ ਹਰ ਵਰ੍ਹੇ ਉਰਸ ਉੱਤੇ ਵੀ। ਇੰਜ ਸਾਡੇ ਘਰ ਦਾ ਸਕੂਲ ਨਾਲ਼ ਦੋਹਰਾ ਸਾਂਗਾ ਸੀ। ਮੈਨੂੰ ਅੱਜ ਵੀ ਚੇਤੇ ਏ ਕਿ ਕੱਚ ਦੇ ਪਿਆਲੇ ਵਿੱਚ ਕੱਚੀ ਕਲਮ ਨਾਲ਼ ਕੋਈ ਆਇਤ ਜਾਂ ਅਰਬੀ ਵਿੱਚ ਕੁੱਝ ਲਿਖਿਆ ਹੁੰਦਾ ਸੀ ਤੇ ਅਸੀਂ ਪਿਆਲੇ ਵਿੱਚ ਪਾਣੀ ਸਣੇ ਸਿਆਹੀ ਖੋਰ ਕੇ ਪੀ ਜਾਂਦੇ ਸਾਂ।

ਸਕੂਲੇ ਉਰਸ ਹਰ ਵਰ੍ਹੇ ਹੁੰਦਾ ਸੀ। ਇਹ ਉਰਸ ਡੀਗਰ ਦੀ ਨਮਾਜ਼ ਪਿੱਛੋਂ ਸ਼ੁਰੂ ਹੋਣਾ ਤੇ ਅਗਲੇ ਦਿਨ ਫਜ਼ਰ ਤੀਕ ਰਹਿਣਾ। ਸਗੋਂ ਕਈ ਮੁਰੀਦਾਂ ਰਾਤ ਦੇ ਜਗਰਾਤੇ ਪਾਰੋਂ ਉਥੇ ਈ ਸੌਂ ਜਾਣਾ ਤੇ ਦੁਪਹਿਰਾਂ ਦੀ ਰੋਟੀ ਖਾ ਕੇ ਜਾਣਾ। ਵੱਡੇ ਹਜ਼ਰਤ ਸਾਹਿਬ ਦੇ ਸੌ ਡੇਢ ਸੌ ਮੁਰੀਦ ਹੋਸਨ। ਸਾਰਿਆਂ ਇਕੱਠੇ ਹੋਣਾ। ਦੇਗਾਂ ਚੜ੍ਹਦੀਆਂ ਉਤਰਦੀਆਂ ਰਹਿਣਾ ਤੇ ਟਿਊਬਾਂ ਬਲਦੀਆਂ ਰਹਿਣਾ। ਵਿਹੜੇ ਵਿੱਚ ਦਰੀਆਂ ਵਿਛਾ ਕੇ ਟੈਂਟ ਲਾਏ ਜਾਣੇ ਤੇ ਕਮਰਿਆਂ ਵਿੱਚ ਕਿੰਨੀਆਂ ਈ ਜ਼ਨਾਨੀਆਂ ਬੂਹੇ ਦੀਆਂ ਜਾਲ਼ੀਆਂ ਪਿੱਛੋਂ ਕਵਾਲੀਆਂ ਸੁਣਨੀਆਂ। ਉਰਸ ਉੱਤੇ ਸਾਰੀ ਰਾਤ ਕੱਵਾਲੀ ਹੋਣੀ। ਮੁਲਕ ਦੇ ਮਸ਼ਹੂਰ ਕਵਾਲ ਉੱਥੇ ਆਉਂਦੇ ਸਨ। ਉਰਸ ਉੱਤੇ ਜਿਵੇਂ ਇਹ ਵੀ ਸਕੂਲ ਦੀ ਪੜ੍ਹਾਈ ਦਾ ਹਿੱਸਾ ਸੀ ਪਈ ਮੁਰੀਦਾਂ ਨੂੰ ਖਾਵਣ ਵਰਤਾਵਣ ਦਾ ਕੰਮ ਸਕੂਲ ਦੇ ਮੁੰਡਿਆਂ ਕਰਨਾ ਹੁੰਦਾ ਸੀ। ਮੈਂ ਵੀ ਕਈ ਵਰ੍ਹੇ ਉਸ ਉਰਸ ਉੱਤੇ ਸਾਰੀ ਰਾਤ ਜਮਾਤ ਦੇ ਮੁੰਡਿਆਂ ਨਾਲ਼ ਕੱਵਾਲੀਆਂ ਸੁਣਨੀਆਂ

ਤੇ ਰੋਟੀ ਵਰਤਾਈ। ਉਸ ਉਰਸ ਉੱਤੇ ਸਾਨੂੰ ਕਈ ਲਾਭ ਹੋਣੇ। ਇੱਕ ਤਾਂ ਸਮਝੋ ਪੂਰੇ ਹਫ਼ਤੇ ਸਕੂਲ ਤੋਂ ਛੁੱਟੀਆਂ ਹੋ ਜਾਣੀਆਂ। ਸਗੋਂ ਉਰਸ ਤੋਂ ਇੱਕ ਦੋ ਹਫ਼ਤੇ ਪਹਿਲਾਂ ਈ ਪੜ੍ਹਾਈ ਮੱਠੀ ਪੈ ਜਾਣੀ ਤੇ ਐਵੇਂ ਢਿੱਲ ਜਿਹੀ ਆ ਜਾਣੀ। ਕਈ ਪੀਰੀਅਡ ਖ਼ਾਲੀ ਲੰਘ ਜਾਣੇ ਤੇ ਸਾਨੂੰ ਅੰਦਰੋਂ ਅੰਦਰੀਂ ਆਉਣ ਵਾਲੇ ਉਰਸ ਦੀ ਖ਼ੁੱਲ੍ਹ ਪਾਰੋਂ ਚਾਅ ਚੜ੍ਹਨ ਲੱਗ ਪੈਣੇ। ਸਾਰੇ ਵਰ੍ਹੇ ਅਸਾਂ ਈਦ ਦੀਆਂ ਛੁੱਟੀਆਂ ਵਾਂਗ ਉਰਸ ਦੀ ਵੀ ਉਡੀਕ ਕਰਦੇ ਸਾਂ।

ਸਾਰੀ ਸਾਰੀ ਰਾਤ ਮੁਰੀਦਾਂ ਕਵਾਲੀਆਂ ਸੁਣਨੀਆਂ ਤੇ ਵੇਲਾਂ ਸੁੱਟਣੀਆਂ। ਬਹੁਤੀਆਂ ਵੇਲਾਂ ਨਿੱਕੇ ਹਜ਼ਰਤ ਸਾਹਿਬ ਉੱਤੇ ਈ ਵਾਰੀਆਂ ਜਾਂਦੀਆਂ। ਨੋਟਾਂ ਦੇ ਢੇਰ ਲੱਗ ਜਾਣੇ। ਫ਼ਜਰ ਤੋਂ ਕੁੱਝ ਚਿਰ ਪਹਿਲਾਂ ਈ ਨਿੱਕੇ ਹਜ਼ਰਤ ਸਾਹਿਬ ਨੂੰ ਹਾਲ ਚੜ੍ਹਦਾ ਸੀ ਤੇ ਉਨ੍ਹਾਂ ਹੱਦੋਂ ਬਾਹਰ ਹੋ ਜਾਣਾ। ਚਾਰ-ਪੰਜ ਬੰਦਿਆਂ ਮਸਾਂ ਉਨ੍ਹਾਂ ਨੂੰ ਸਾਂਭਣਾ। ਉਨ੍ਹਾਂ ਜ਼ੋਰ ਨਾਲ਼ ਜ਼ਮੀਨ ਉੱਤੇ ਹੱਥ ਮਾਰਨੇ ਤੇ ਸਿਰ ਨੂੰ ਇੰਨੇ ਜੋਸ਼ ਨਾਲ਼ ਘੁਮਾਂਦੇ ਸਨ ਪਈ ਲੱਗਣਾ ਜਿਵੇਂ ਬਾਲਾਂ ਦਾ ਖਿੱਦੋ ਹੋਵੇ। ਇਹ ਸਿਖ਼ਰ ਹੁੰਦਾ ਉਰਸ ਦਾ। ਉਨ੍ਹਾਂ ਦੀ ਚਿੱਟੇ ਲੱਠੇ ਦੀ ਸਲਵਾਰ ਤੇ ਬੋਸਕੀ ਦੀ ਕਮੀਜ਼ ਮਿੱਟੀਓ ਮਿੱਟੀ ਹੋ ਜਾਣੀ ਤੇ ਮੂੰਹ ਵਾਲਾਂ ਵਿੱਚ ਲੁਕ ਜਾਣਾ। ਮੁੜ੍ਹਕੇ ਨਾਲ਼ ਕੱਪੜੇ ਭਿੱਜ ਜਾਣੇ ਤੇ ਅੱਖਾਂ ਲਾਲ ਹੋ ਜਾਣੀਆਂ। ਹੌਲ਼ੀ-ਹੌਲ਼ੀ ਉਨ੍ਹਾਂ ਨੂੰ ਹਾਲ ਚੜ੍ਹਦਾ ਤੇ ਅਖੀਰ ਉਨ੍ਹਾਂ 'ਹੱਕ ਅੱਲ੍ਹਾ' ਦਾ ਹੋਕਾ ਦੇਣਾ ਤੇ ਸਿਰ ਨੂੰ ਜ਼ੋਰ ਨਾਲ਼ ਘੁਮਾਂਦੇ ਮੁਰੀਦਾਂ ਉੱਤੇ ਢਹਿੰਦਿਆਂ ਰਹਿਣਾ। ਉਸ ਵੇਲੇ ਕਵਾਲ ਉਨ੍ਹਾਂ ਬੋਲਾਂ ਉੱਤੇ ਖਲੋ ਜਾਣਾ:

*'ਖ਼ੁਦਾ ਖ਼ੁਦ ਮੀਰੀਏ ਮਜਲਸ ਬੂਦ ਅੰਦਰ ਲਾ ਮਕਾਂ ਖ਼ੁਸਰੋ*

*ਮੁਹੰਮਦ ਸ਼ਮ੍ਹਾ ਮਹਿਫ਼ਲ ਬੂਦ ਸ਼ਬ ਜਾਏ ਕਿ ਮਨ ਬੂਦਮ"**

ਅਖ਼ੀਰ ਮੁਰੀਦ ਉਨ੍ਹਾਂ ਨੂੰ ਫੜ ਕੇ ਵੱਡੇ ਹਜ਼ਰਤ ਸਾਹਿਬ ਦੇ ਕੋਲ ਲੈ ਜਾਂਦੇ ਤੇ ਨਿੱਕੇ ਹਜ਼ਰਤ ਸਾਹਿਬ ਆਪਣਾ ਸਿਰ ਉਨ੍ਹਾਂ ਦੇ ਪੈਰਾਂ ਕੋਲ ਰੱਖ ਕੇ ਸਜਦੇ ਵਿੱਚ ਚਲੇ ਜਾਂਦੇ। ਨਿੱਕੇ ਹਜ਼ਰਤ ਸਾਹਿਬ ਕਿੰਨੀ ਦੇਰ ਇਸ ਹਾਲਤ ਵਿੱਚ ਪਏ ਰਹਿੰਦੇ ਤੇ ਉਨ੍ਹਾਂ ਦੇ ਹਉਕਿਆਂ ਦੀ ਆਵਾਜ਼ ਆਉਂਦੀ। ਵੱਡੇ ਹਜ਼ਰਤ ਸਾਹਿਬ ਪੋਲਾ ਪੋਲਾ ਹੱਥ ਉਨ੍ਹਾਂ ਦੇ ਲੱਕ ਉੱਤੇ ਫੇਰਦੇ ਰਹਿੰਦੇ। ਉਸ ਵੇਲੇ ਜ਼ਨਾਨੀਆਂ ਵਾਲੇ ਪਾਸਿਓਂ ਵੀ ਉੱਚੀ ਉੱਚੀ 'ਹੱਕ ਅੱਲ੍ਹਾ ਹੂ' ਦੀਆਂ ਵਾਜਾਂ ਆਉਣੀਆਂ। ਜਿਸ ਵੇਲੇ ਨਿੱਕੇ ਹਜ਼ਰਤ ਸਾਹਿਬ ਨੂੰ ਹਾਲ ਚੜ੍ਹਨਾ ਤਾਂ ਮੁਰੀਦਾਂ ਵੱਲੋਂ ਨੋਟਾਂ ਦਾ ਮੀਂਹ ਵਰ੍ਹਣ ਲੱਗ ਪੈਣਾ।

ਇਹ ਨਹੀਂ ਪਈ ਨਿੱਕੇ ਹਜ਼ਰਤ ਸਾਹਿਬ ਨੂੰ ਹਾਲ ਚੜ੍ਹਦਾ ਸੀ ਸਗੋਂ ਹੋਰ ਲੋਕਾਂ ਨੂੰ ਵੀ ਚੜ੍ਹਨਾ। ਜ਼ਨਾਨੀਆਂ ਵਿੱਚੋਂ ਵੀ ਕਈਆਂ ਨੂੰ ਚੜ੍ਹਦਾ ਤੇ ਜਿਨ੍ਹਾਂ ਵਿੱਚ ਮੇਰੀ ਮਾਂ ਵੀ ਹੁੰਦੀ ਸੀ। ਉਸ ਵੇਲੇ ਮਿਸ ਸੁਰਈਆ ਕਿਸੇ ਬਾਲ ਰਾਹੀਂ ਮੈਨੂੰ ਅੰਦਰ ਜ਼ਨਾਨੀਆਂ ਵਾਲੇ ਪਾਸੇ ਸੱਦ ਲੈਂਦੇ ਤੇ ਕਿਸੇ ਜ਼ਨਾਨੀ ਆਖਣਾ, "ਵੇ ਮੁੰਡਿਆ ਆਪਣੀ ਮਾਂ ਨੂੰ ਸਾਂਭ।" ਪਰ ਮਾਂ ਵਿੱਚ ਉਸ ਵੇਲੇ ਇੰਨਾ ਜ਼ੋਰ ਆਇਆ ਹੁੰਦਾ ਪਈ ਮਾਂ ਮੈਨੂੰ ਜ਼ੋਰ ਨਾਲ਼ ਧੱਕਾ ਦੇ ਕੇ ਪਿੱਛੇ ਕਰ ਦੇਣਾ ਤੇ ਮੈਂ ਹੈਰਾਨ ਰਹਿ ਜਾਣਾ ਪਈ ਮਾਂ ਵਿੱਚ ਇੰਨਾ ਜ਼ੋਰ ਕਿਥੋਂ ਆ ਗਿਆ ਏ ?

ਮਿਸ ਸੁਰਈਆ ਸਾਡੀ ਉਸਤਾਨੀ ਸੀ ਤੇ ਉਨ੍ਹਾਂ ਦੀ ਵਾਜ ਬਹੁਤ ਰਸੀਲੀ ਤੇ ਸੁਰੀਲੀ ਸੀ। ਉਹ ਨਾਅਤਾਂ ਪੜ੍ਹਦੇ ਸਨ ਤੇ ਅਸੀਂ ਉਨ੍ਹਾਂ ਦੀਆਂ ਨਾਅਤਾਂ ਬੜੇ ਸ਼ੌਕ ਨਾਲ਼ ਸੁਣਦੇ ਸਾਂ।

** ਖ਼ੁਦਾ ਉਸ ਮਹਿਫ਼ਲ ਦਾ, ਜਿਸਦਾ ਕੋਈ ਅੰਤ ਨਹੀਂ, ਖ਼ੁਦ ਸਰਦਾਰ ਹੈ।*
*ਜਿਸ ਮਹਿਫ਼ਲ ਦੀ ਸ਼ਮ੍ਹਾ ਮੁਹਮੰਦ ਹੋਣ, ਉਸ ਰਾਤ ਮੈਂ ਉਥੇ ਹੋਵਾਂ।*

"ਤੇਰੀ ਖ਼ੈਰ ਹੋਵੇ ਪਹਿਰੇਦਾਰਾ ਰੋਜ਼ੇ ਦੀ ਜਾਲੀ ਚੁੰਮ ਲੈਣ ਦੇ।"

ਇਹ ਨਾਅਤਾਂ ਇੰਜ ਚੇਤੇ ਵਿੱਚ ਬੈਠੀਆਂ ਨੇ ਪਈ ਅੱਜ ਵੀ ਸੁਰੀਲੀ ਵਾਜ ਵਿੱਚ ਨਾਇਤ ਮੈਨੂੰ ਖਲਾਰ ਲੈਂਦੀ ਏ ਤੇ ਕਵਾਲੀ ਸੁਣਨ ਦਾ ਸ਼ੌਕ ਤਾਂ ਅੱਜ ਵੀ ਏ। ਪੰਜਵੀਂ ਛੇਵੀਂ ਵਿੱਚ ਮਿਸ ਸੁਰਈਆ ਸਾਡੇ ਇੰਚਾਰਜ ਹੋ ਗਏ। ਆਪਣੀ ਵਾਜ ਵਾਂਗੂੰ ਉਹ ਭੈਣਾਂ ਵਿੱਚੋਂ ਵੀ ਸਭ ਤੋਂ ਸੋਹਣੇ ਸਨ। ਹੌਲਾ ਜਿਹਾ ਸਰੀਰ ਤੇ ਆਪਣੇ ਮਲੂਕ ਹੱਥਾਂ ਦੀਆਂ ਲੰਮੀਆਂ ਲੰਮੀਆਂ ਉਂਗਲਾਂ ਘੁਮਾਉਂਦੇ ਜਦ ਉਹ ਸਾਨੂੰ ਪੜ੍ਹਾਉਂਦੇ, ਅਸੀਂ ਉਨ੍ਹਾਂ ਦੀਆਂ ਉਂਗਲਾਂ ਵੱਲ ਹੀ ਵੇਖਦੇ ਰਹਿੰਦੇ ਤੇ ਉਨ੍ਹਾਂ ਦੀ ਵਾਜ ਦੇ ਜਾਦੂ ਵਿੱਚ ਗੜੁੱਚ ਰਹਿੰਦੇ। ਮੈਂ ਪੜ੍ਹਾਈ ਵਿੱਚ ਚੰਗਾ ਸਾਂ ਤੇ ਮਿਸ ਸੁਰਈਆ ਵੀ ਮੈਨੂੰ ਹਮੇਸ਼ ਪਿਆਰ ਨਾਲ਼ ਸੱਦਦੇ। ਮੈਂ ਭੱਜ ਭੱਜ ਉਨ੍ਹਾਂ ਦੇ ਜ਼ਾਤੀ ਕੰਮ ਵੀ ਕਰਦਾ ਸਾਂ। ਕਿਉਂ ਜੋ ਸਕੂਲ ਘਰੋਂ ਨੇੜੇ ਸੀ ਤੇ ਸ਼ਾਮੀਂ ਮੈਂ ਉਨ੍ਹਾਂ ਦੇ ਘਰ ਟਿਊਸ਼ਨ ਪੜ੍ਹਨ ਜਾਂਦਾ ਤਾਂ ਘਰ ਦਾ ਸੌਦਾ ਸੂਤਰ ਵੀ ਲਿਆ ਦੇਂਦਾ ਸਾਂ। ਉਂਜ ਵੀ ਉਹ ਸ਼ਾਮ ਦੀ ਇਸ ਪੜ੍ਹਾਈ ਦਾ ਕੋਈ ਮੁੱਲ ਨਹੀਂ ਲੈਂਦੇ ਸਨ। ਕਈ ਵਾਰ ਮਿਸ ਸੁਰਈਆ ਕਾਲਾ ਬੁਰਕਾ ਪਾ ਲੈਂਦੇ ਤੇ ਮੈਂ ਉਨ੍ਹਾਂ ਦੇ ਨਾਲ਼ ਬਾਜ਼ਾਰ ਸੌਦਾ ਲੈਣ ਵੀ ਜਾਂਦਾ ਸਾਂ।

ਉਨ੍ਹਾਂ ਦਿਨਾਂ ਵਿੱਚ ਹੀ ਇੱਕ ਅਜਿਹੀ ਗੱਲ ਹੋਈ ਜਿਸ ਮੈਨੂੰ ਮਿਸ ਸੁਰਈਆ ਦੇ ਬਹੁਤ ਨੇੜੇ ਕਰ ਦਿੱਤਾ। ਲਾਲੀ ਪਠਾਣਾਂ ਦਾ ਮੁੰਡਾ ਸੀ ਤੇ ਮਿਸ ਸੁਰਈਆ ਉੱਤੇ ਰੀਝ ਗਿਆ। ਸਕੂਲ ਤੋਂ ਨੇੜੇ ਈ ਪਠਾਣਾਂ ਦਾ ਮੁਹੱਲਾ ਸੀ ਤੇ ਇਹ ਪਠਾਣ ਚਿਰਾਂ ਤੋਂ ਏਥੇ ਰਹਿੰਦੇ ਸਨ ਤੇ ਬਹੁਤੇ ਘਰ ਚੰਗੇ ਸੌਖੇ ਸਨ। ਕਈ ਜੀਅ ਵੱਡੇ ਅਫ਼ਸਰ ਸਨ ਤੇ ਇਲਾਕੇ ਦਾ ਕੌਂਸਲਰ ਵੀ ਇਨ੍ਹਾਂ ਵਿੱਚੋਂ ਹੁੰਦਾ ਸੀ। ਉਂਜ ਉਹ ਸਾਡੀ ਬੋਲੀ ਹੀ ਬੋਲਦੇ ਸਨ ਤੇ ਸਾਡੇ ਵਰਗੇ ਹੀ ਸਨ ਪਰ ਸਿਹਾਣ ਉਨ੍ਹਾਂ ਦੀ ਪਠਾਣ ਕਰਕੇ ਹੀ ਹੁੰਦੀ। ਲਾਲੀ ਗੱਭਰੂ ਜਵਾਨ ਸੀ। ਚਿੱਟੇ ਮੁਖੜੇ ਉੱਤੇ ਲਾਲੀ ਦੀ ਭਾਅ ਮਾਰਦਾ ਰੰਗ, ਲੰਮਾ ਕੱਦ, ਸਵੇਰੇ ਮੋਢੇ ਉੱਤੇ ਤੌਲੀਆ ਪਾ ਕੇ ਤੇ ਮੂੰਹ ਵਿੱਚ ਮਸਵਾਸ ਲੈ ਕੇ ਫਿਰਦਾ ਰਹਿੰਦਾ ਤੇ ਸ਼ਾਮੀਂ ਕੈਨਵਸ ਦੇ ਚਿੱਟੇ ਬੂਟ ਤੇ ਟਰੈਕ ਸੂਟ ਪਾ ਕੇ ਬੈਟ ਬੱਲਾ ਫੜ ਕੇ ਮੁਹੱਲੇ ਦੀ ਇਕੱਲੀ ਗਰਾਊਂਡ ਵਿੱਚ ਖੇਡਦਾ ਤੇ ਪਤਾ ਨਹੀਂ ਕਿਉਂ ਉਹਦੀ ਗੇਂਦ ਹਰ ਵਾਰ ਹਜ਼ਰਤ ਸਾਹਿਬ ਦੇ ਘਰ ਆ ਕੇ ਡਿੱਗਣ ਲੱਗ ਪਈ, ਜਿਹੜਾ ਗਰਾਊਂਡ ਦੇ ਨਾਲ਼ ਹੀ ਸੀ। ਉਹ ਚੰਗਾ ਪਤੰਗਬਾਜ਼ ਵੀ ਸੀ। ਬਸੰਤ ਉੱਤੇ ਮੁਹੱਲੇ ਵਿੱਚ ਇੱਕ ਘਰ ਪਠਾਣਾਂ ਦਾ ਵੀ ਹੁੰਦਾ ਸੀ ਜਿਥੋਂ ਸਾਰਾ ਦਿਨ ਪਤੰਗਾਂ ਉੱਡਦੀਆਂ ਤੇ ਲੋਕਾਂ ਦੇ ਮੇਲਾ ਜਿਹਾ ਲੱਗਿਆ ਰਹਿੰਦਾ। ਪਠਾਣਾਂ ਦੇ ਘਰ ਤੋਂ ਸਿੱਧੀ ਝਾਤੀ ਹਜ਼ਰਤ ਸਾਹਿਬ ਦੇ ਘਰ ਪੈਂਦੀ।

ਹਜ਼ਰਤ ਸਾਹਿਬ ਦੇ ਘਰ ਵਾਲੇ ਇੰਨੇ ਪਛੜੇ ਹੋਏ ਤੇ ਸੌੜੇ ਨਹੀਂ ਸਨ। ਪਰ ਉਹ ਇੱਕ ਖ਼ਾਸ ਮਰਤਬੇ ਵਾਲੇ ਲੋਕ ਸਨ ਤੇ ਵੱਡੇ ਹਜ਼ਰਤ ਸਾਹਿਬ ਦੀ ਪੀਰੀ ਮੁਰੀਦੀ ਤੇ ਸਕੂਲ ਪਾਰੋਂ ਪੂਰੇ ਮੁਹੱਲੇ ਉਨ੍ਹਾਂ ਦਾ ਆਦਰ ਭਾ ਸੀ। ਉਹ ਪਠਾਣਾਂ ਤੋਂ ਘੱਟ ਵੀ ਨਹੀਂ ਸਨ। ਉਨ੍ਹਾਂ ਦੇ ਮੁਰੀਦ ਵੱਡੇ ਸਰਕਾਰੀ ਅਫ਼ਸਰ ਸਨ ਤੇ ਉਸ ਵੇਲੇ ਜਦ ਲਾਹੌਰ ਸ਼ਹਿਰ

ਵਿੱਚ ਮੋਟਰ ਕਾਰਾਂ ਵਿਰਲੀਆਂ ਵਿਰਲੀਆਂ ਹੁੰਦੀਆਂ ਸਨ, ਕਈ ਮੋਟਰ ਕਾਰਾਂ ਉੱਤੇ ਆਉਂਦੇ ਸਨ, ਸਗੋਂ ਇੱਕ ਦੋ ਪੁਲਿਸ ਤੇ ਇੰਤਜ਼ਾਮੀ ਮਹਿਕਮੇ ਵਿੱਚ ਵੀ ਸਨ। ਇਸ ਨਾਲ਼ ਕਿਸੇ ਵਿੱਚ ਐਨੀ ਜੁਰਅਤ ਤਾਂ ਨਹੀਂ ਸੀ ਪਈ ਕੋਈ ਐਵੇਂ ਉਨ੍ਹਾਂ ਦੀ ਬੇਆਦਰੀ ਦਾ ਸੋਚੇ।

ਇੱਕ ਦਿਨ ਅੱਧੀ ਛੁੱਟੀ ਵੇਲੇ ਮੈਂ ਤੇ ਮੇਰਾ ਬੇਲੀ ਇਫ਼ੀ (ਪਤਾ ਨਹੀਂ ਹੁਣ ਕਿੱਥੇ ਏ) ਸਕੂਲ ਤੋਂ ਬਾਹਰ ਨਿਕਲ ਕੇ ਹੱਥਾਂ ਵਿੱਚ ਆਪਣੀਆਂ ਚਵਾਨੀਆਂ ਫੜ ਕੇ ਸੋਚੀਂ ਪਏ ਸਾਂ ਪਈ ਲਈਏ ? ਮਿੱਠੀ ਇਮਲੀ, ਖੱਟਾ ਚੂਰਨ, ਮਰੂੰਡਾ, ਗਚਕ, ਨਾਨਾਂ ਉੱਤੇ ਐਵੇਂ ਛੁਹਾਏ ਛੋਲੇ, ਉਬਲੀਆਂ ਛੱਲੀਆਂ ਜਾਂ ਹੋਰ। ਅਜੇ ਅਸੀਂ ਸੋਚੀਂ ਈ ਪਏ ਸਾਂ ਤੇ ਭੁੱਖੀਆਂ ਨਜ਼ਰਾਂ ਨਾਲ਼ ਇਹ ਚੀਜ਼ਾਂ ਵੇਖਦੇ ਪਏ ਸਾਂ ਪਈ ਲਾਲੀ ਸਾਡੇ ਕੋਲ ਆ ਕੇ ਪਿਆਰ ਨਾਲ਼ ਇੱਕ-ਦੋ ਗੱਲਾਂ ਕੀਤੀਆਂ ਤੇ ਐਵੇਂ ਗੱਲਾਂ ਗੱਲਾਂ ਵਿੱਚ ਸਾਨੂੰ ਕਈ ਚੀਜ਼ਾਂ ਲੈ ਦਿੱਤੀਆਂ। ਫ਼ਿਰ ਉਹ ਮੇਰੀ ਬਾਂਹ ਫੜ ਕੇ ਮੈਨੂੰ ਇੱਕ ਪਾਸੇ ਲੈ ਗਿਆ ਤੇ ਚੁੱਪ ਕਰਕੇ ਆਪਣੇ ਹੱਥ ਨਾਲ਼ ਮੇਰੀ ਖ਼ਾਕੀ ਪੈਂਟ ਦੇ ਖੀਸੇ ਵਿੱਚ ਇੱਕ ਕਾਗ਼ਜ਼ ਪਾ ਦਿੱਤਾ ਤੇ ਹੌਲ਼ੀ ਨਾਲ਼ ਮੈਨੂੰ ਆਖਿਆ ਪਈ ਇਹ ਕਾਗਜ਼ ਮਿਸ ਸੁਰਈਆ ਨੂੰ ਦੇ ਦਈਂ ਤੇ ਕਿਸੇ ਹੋਰ ਨਾਲ਼ ਗੱਲ ਨਾ ਕਰੀਂ ਤੇ ਤੈਨੂੰ ਰੋਜ਼ ਮਨਪਸੰਦ ਦੀਆਂ ਚੀਜ਼ਾਂ ਖਾਵਣ ਨੂੰ ਮਿਲਣਗੀਆਂ। ਫ਼ਿਰ ਇਹ ਕੰਮ ਤੁਰ ਹੀ ਪਿਆ। ਪਰ ਮੈਂ ਇਹ ਭੇਤ ਕਦੇ ਨਾ ਖੋਲ੍ਹਿਆ। ਅੱਜ ਤੀਕ ਵੀ ਨਹੀਂ। ਉਦੋਂ ਇਸ ਲਈ ਪਈ ਮੈਂ ਮਿਸ ਸੁਰਈਆ ਦੇ ਨੇੜੇ ਰਹਿਣਾ ਚਾਹੁੰਦਾ ਸਾਂ ਤੇ ਇਸ ਕੰਮ ਰਾਹੀਂ ਇਹ ਨੇੜਤਾ ਹੋਰ ਵਧ ਗਈ ਸੀ। ਕਈ ਵਾਰ ਮਿਸ ਸੁਰਈਆ ਇਕੱਲੇ ਹੁੰਦੇ ਤੇ ਮੈਨੂੰ ਕੋਲ ਬਿਠਾ ਲੈਂਦੇ ਤੇ ਮੇਰਾ ਹੱਥ ਫੜ ਕੇ ਆਨੇ ਬਹਾਨੇ ਲਾਲੀ ਬਾਰੇ ਪੁੱਛਦੇ ਰਹਿੰਦੇ। ਉਨ੍ਹਾਂ ਦੇ ਵਾਲ ਲੱਕ ਤਕ ਆਉਂਦੇ ਸਨ ਪਰ ਬਹੁਤੇ ਵੇਲੇ ਉਹ ਹੱਥ ਨਾਲ਼ ਈ ਢਿੱਲਾ ਜਿਹਾ ਜੂੜਾ ਬਣਾਈ ਰੱਖਦੇ, ਜਿਸ ਨਾਲ਼ ਕੁੱਝ ਵਾਲ ਹਮੇਸ਼ਾ ਉਨ੍ਹਾਂ ਦੇ ਮੂੰਹ ਉੱਤੇ ਉੱਡਦੇ ਰਹਿੰਦੇ। ਮੇਰਾ ਹਮੇਸ਼ ਦਿਲ ਕਰਦਾ ਮੈਂ ਇਹ ਵਾਲ ਇੱਕ ਪਾਸੇ ਕਰ ਦਿਆਂ।

ਇਸ ਭੇਤ ਪਾਰੋਂ ਸਕੂਲੇ ਮੇਰਾ ਟਹਿਕਾ ਬਣਿਆ ਰਿਹਾ ਤੇ ਮੁਹੱਲੇ ਦੇ ਕਿਸੇ ਮੁੰਡੇ ਨੂੰ ਵੀ ਮੇਰੇ ਨਾਲ਼ ਲੜਨ ਦੀ ਜੁਰਅਤ ਨਾ ਹੋਈ। ਜਦ ਇੱਕ ਵਾਰ ਯੂਸਫ਼ ਕਿਆਂ ਨੇ ਮੇਰਾ ਕਬੂਤਰ ਫੜ ਲਿਆ, ਲਾਲੀ ਦਾ ਨਾਂ ਲੈਣ ਉੱਤੇ ਈ ਪਰਤਾ ਦਿੱਤਾ। ਐਤਵਾਰ ਨੂੰ ਮੁਹੱਲੇ ਦੇ ਜਵਾਨ ਮੁੰਡੇ ਰਾਵੀ ਦਰਿਆ ਉੱਤੇ ਘੁੱਗੀਆਂ ਦੇ ਸ਼ਿਕਾਰ ਨੂੰ ਜਾਂਦੇ ਸਨ। ਲਾਲੀ ਕਈ ਵਾਰ ਮੈਨੂੰ ਵੀ ਸ਼ਿਕਾਰ ਉੱਤੇ ਲੈ ਜਾਂਦਾ। ਉਸ ਕੋਲ ਦੋਨਾਲ਼ੀ ਰਾਈਫਲ ਸੀ ਤੇ ਉਸਦਾ ਨਿਸ਼ਾਨਾ ਵੀ ਚੰਗਾ ਸੀ। ਦੂਜੇ ਮੁੰਡਿਆਂ ਵਾਂਗਰ ਉਸ ਵਿੱਚ ਭੈੜ ਕੋਈ ਨਹੀਂ ਸੀ। ਨਾ ਨਸ਼ਾ ਪਾਣੀ ਦਾ, ਨਾ ਜੂਏ ਦਾ ਤੇ ਨਾ ਹੀ ਟਿੱਬੀ ਮੁਹੱਲੇ ਜਾਵਣ ਦਾ। ਉਹਨੂੰ ਬਸ ਕ੍ਰਿਕਟ, ਪਤੰਗਬਾਜ਼ੀ ਦਾ ਤੇ ਸ਼ਿਕਾਰ ਦਾ ਸ਼ੌਕ ਸੀ। ਕ੍ਰਿਕਟ ਦਾ ਉਹ ਇੰਨਾ ਚੰਗਾ ਖਿਡਾਰੀ ਸੀ ਪਈ ਉਹ ਇੱਕ ਵਾਰ ਕੌਮੀ ਟੀਮ ਵਿੱਚ ਆਉਂਦੇ ਆਉਂਦੇ ਰਹਿ ਗਿਆ। ਅੱਜ ਮੈਂ ਸੋਚਨਾ ਲਾਲੀ ਚੰਗਾ ਈ ਸੀ।

ਫ਼ਿਰ ਇੱਕ ਅਜਿਹਾ ਵਾਕਿਆ ਹੋਇਆ ਪਈ ਮਿਸ ਸੁਰਈਆ ਦਾ ਵਿਆਹ ਹੋ ਗਿਆ। ਮੈਂ ਛੇਵੀਂ ਵਿੱਚ ਸਾਂ। ਹਰ ਵਰ੍ਹੇ ਸਾਡਾ ਸਕੂਲ ਇੱਕ ਵਾਰੀ ਸੈਰ ਲਈ ਸ਼ਹਿਰੋਂ ਬਾਹਰ

ਜਾਂਦਾ ਸੀ। ਇਸ ਵਿੱਚ ਛੇਵੀਂ ਤੋਂ ਦਸਵੀਂ ਤੀਕ ਦੀਆਂ ਕੁੜੀਆਂ ਹੁੰਦੀਆਂ ਸਨ। ਮੈਨੂੰ ਚੇਤੇ ਆਉਂਦਾ ਏ ਪਈ ਸਵੇਰੇ ਸਵੇਰੇ ਦੋ ਪ੍ਰਾਈਵੇਟ ਬੱਸਾਂ ਸਕੂਲ ਦੇ ਗੇਟ ਉੱਤੇ ਖੜ੍ਹੀਆਂ ਹੋ ਜਾਣੀਆਂ। ਕੁੜੀਆਂ ਰੰਗ-ਬਰੰਗੀਆਂ ਐਨਕਾਂ ਲਾ ਕੇ ਸੋਹਣੇ ਸੋਹਣੇ ਕੱਪੜੇ ਪਾ ਕੇ ਆਉਣਾ ਤੇ ਨਾਲ਼ ਕਿੰਨੀਆਂ ਈ ਖਾਵਣ-ਪੀਵਣ ਦੀਆਂ ਚੀਜ਼ਾਂ, ਕੈਮਰੇ, ਥਰਮੋਸ ਤੇ ਪਤਾ ਨਹੀਂ ਕੀ ਕੀ ਲਿਆਉਣਾ। ਸਕੂਲ ਦੀਆਂ ਸਭ ਉਸਤਾਨੀਆਂ 'ਤੇ ਰਾਖੀ ਲਈ ਇੱਕ ਦੋ ਨੌਕਰ ਵੀ ਨਾਲ਼ ਜਾਂਦੇ ਸਨ। ਉਸ ਵਰ੍ਹੇ ਅਸੀਂ ਛਾਂਗਾ ਮਾਂਗਾ ਗਏ। ਛਾਂਗਾ ਮਾਂਗਾ ਤੋਂ ਪਰਤਣ ਵੇਲੇ ਈ ਕੋਈ ਗੱਲ ਹੋਈ ਕਿ ਮਿਸ ਸੁਰਈਆ ਸਾਨੂੰ ਪੜ੍ਹਾਉਣਾ ਬੰਦ ਕਰ ਦਿੱਤਾ ਤੇ ਉਨ੍ਹਾਂ ਦੇ ਵਿਆਹ ਦੀਆਂ ਗੱਲਾਂ ਸੁਣਨ ਵਿੱਚ ਆਈਆਂ। ਉਨ੍ਹਾਂ ਦਿਨਾਂ ਵਿੱਚ ਹੀ ਲਾਲੀ ਵੀ ਗਾਇਬ ਹੋ ਗਿਆ ਤੇ ਪਤਾ ਚੱਲਿਆ ਉਹਦੇ ਮਾਪਿਆਂ ਉਹਨੂੰ ਪੜ੍ਹਨ ਲਈ ਅਮਰੀਕਾ ਘੱਲ ਦਿੱਤਾ ਹੈ। ਸਾਨੂੰ ਕੁੱਝ ਸਮਝ ਨਾ ਆਈ। ਕਈ ਵਰ੍ਹਿਆਂ ਪਿੱਛੋਂ ਮੈਨੂੰ ਪਤਾ ਚੱਲਿਆ ਕਿ ਜਦੋਂ ਸਾਡਾ ਸਕੂਲ ਛਾਂਗਾ ਮਾਂਗਾ ਅਪੜਿਆ, ਲਾਲੀ ਉਥੇ ਨਜ਼ਰ ਆਇਆ ਸੀ ਤੇ ਮਿਸ ਸੁਰਈਆ ਵੀ ਦੋ ਤਿੰਨ ਘੰਟੇ ਗ਼ਾਇਬ ਰਹੇ ਸਨ। ਸ਼ਹਿਰ ਦੀ ਪੁਲਿਸ ਦੇ ਸਭ ਤੋਂ ਵੱਡੇ ਅਫ਼ਸਰ ਨੇ ਲਾਲੀ ਦੇ ਮਾਪਿਆਂ ਨੂੰ ਆਖਿਆ ਪਈ ਮੁੰਡਾ ਸਾਂਭ ਲਵੋ ਨਹੀਂ ਤੇ ਮਰਵਾ ਦਿਆਂਗੇ। ਪੁਲਿਸ ਦਾ ਇਹ ਅਫ਼ਸਰ ਵੱਡੇ ਹਜ਼ਰਤ ਸਾਹਿਬ ਹੋਰਾਂ ਦੇ ਮੁਰੀਦਾਂ ਵਿੱਚੋਂ ਕਿਸੇ ਦਾ ਰਿਸ਼ਤੇਦਾਰ ਸੀ। ਪਠਾਣਾਂ ਵਿੱਚੋਂ ਜਿਹੜੇ ਅਫ਼ਸਰ ਸਨ ਉਨ੍ਹਾਂ ਵਿੱਚ ਪੈ ਕੇ ਗੱਲ ਮੁਕਾਈ। ਇਨ੍ਹਾਂ ਸਾਰੀਆਂ ਗੱਲਾਂ ਦਾ ਸਾਨੂੰ ਕਈ ਵਰ੍ਹਿਆਂ ਪਿੱਛੋਂ ਪਤਾ ਚੱਲਿਆ। ਉਦੋਂ ਕਿਸੇ ਨੂੰ ਇਸ ਗੱਲ ਦੀ ਕੰਨੋਂ ਕੰਨ ਖ਼ਬਰ ਨਹੀਂ ਸੀ ਹੋਈ।

ਸਕੂਲ ਛੱਡਣ ਮਗਰੋਂ ਵੀ ਮੈਂ ਇੱਕ ਦੋ ਵਰ੍ਹੇ ਉਰਸ ਉੱਤੇ ਸਕੂਲ ਜਾਂਦਾ ਰਿਹਾ ਪਰ ਫ਼ਿਰ ਉਹ ਘਰ ਜਿਥੇ ਐਵੇਂ ਈ ਮੂੰਹ ਚੁੱਕ ਕੇ ਤੁਰ ਜਾਂਦੇ ਸਾਂ, ਉਨ੍ਹਾਂ ਦੇ ਬੂਹੇ ਬੰਦ ਹੋ ਗਏ ਤੇ ਬਾਰੀਆਂ ਦੀਆਂ ਝੀਤਾਂ ਤੋਂ ਕਦੀ ਵੀ ਪਤਾ ਨਾ ਚੱਲਿਆ ਪਈ ਕੌਣ ਕਿਸੇ ਨੂੰ ਤੱਕਦਾ ਸੀ ਤੇ ਕਿਸ ਦੀ ਉਡੀਕ ਵਿੱਚ ਖੁੱਲ੍ਹਦੀਆਂ ਤੇ ਕਿਸ ਨੂੰ ਵੇਖ ਬੰਦ ਹੁੰਦੀਆਂ ਸਨ।

ਭੁੱਟੋ ਸਰਕਾਰ ਦੇ ਸਕੂਲ ਕੌਮਿਆਉਣ ਮਗਰੋਂ ਸਕੂਲ ਬੰਦ ਹੋਇਆ ਤੇ ਵੱਡੀ ਭੈਣ ਤੋਂ ਅੱਡ ਸਾਰੀਆਂ ਭੈਣਾਂ ਦੇ ਵਿਆਹ ਹੋ ਗਏ।

ਉਸ ਸਕੂਲ ਦੀ ਗਲੀ ਜਿਹੜੀ ਉਦੋਂ ਬਹੁਤ ਮੋਕਲੀ ਜਾਪਦੀ ਸੀ ਅੱਜ ਉਥੋਂ ਲੰਘਦਿਆਂ ਸੌੜੀ ਲੱਗਦੀ ਏ। ਹਜ਼ਰਤ ਸਾਹਿਬ ਦੇ ਪੁਰਾਣੇ ਘਰ ਦੀ ਥਾਂ ਅੱਜ ਉਥੇ ਤਿੰਨ ਮੰਜ਼ਲੀ ਸ਼ਾਨਦਾਰ ਬਿਲਡਿੰਗ ਏ। ਉਰਸ ਉੱਤੇ ਸੁਣਿਆ ਏ ਪਈ ਹੁਣ ਗਲੀ ਵਿੱਚ ਈ ਦੇਗਾਂ ਚੜ੍ਹਦੀਆਂ ਤੇ ਟੈਂਟ ਲੱਗਦੇ ਨੇ। ਹਜ਼ਰਤ ਸਾਹਿਬ ਦੀ ਵੱਡੀ ਭੈਣ ਨੇ ਵਿਆਹ ਨਹੀਂ ਸੀ ਕੀਤਾ। ਪਹਿਲੇ ਤਾਂ ਕਈ ਸਾਕ ਆਏ ਪਰ ਹੁੰਦੇ ਹੁੰਦੇ ਉਹ ਵਡੇਰੀ ਹੋ ਗਈ ਤੇ ਅਖੀਰ ਅੱਲ੍ਹਾ ਨਾਲ਼ ਲਿਵ ਲਾ ਲਈ। ਬੀਬੀ ਸਾਹਿਬਾ ਲੋਕਾਂ ਘਰੀਂ ਜਾ ਕੇ ਖ਼ਤਮ ਸ਼ਰੀਫ ਪੜ੍ਹਦੇ ਤੇ ਆਪਣੇ ਇੱਕ ਵੱਖਰੇ ਕਮਰੇ ਵਿੱਚ ਰਹਿੰਦੇ। ਉਹ ਤਵੀਜ਼ ਧਾਗਾ ਕਰਦੇ ਤੇ ਪਾਣੀ ਦਮ ਕਰਕੇ ਦੇਂਦੇ। ਵੱਡੇ ਹਜ਼ਰਤ ਸਾਹਿਬ ਕਦੋਂ ਦੇ ਫ਼ੌਤ ਹੋ ਗਏ ਹੋਏ ਨੇ ਤੇ ਨਿੱਕੇ ਹਜ਼ਰਤ ਸਾਹਿਬ ਦੀ ਗੱਦੀ ਚੱਲਦੀ ਪਈ ਏ। ਬੰਦੇ ਸਾਰੇ ਨਿੱਕੇ ਹਜ਼ਰਤ ਸਾਹਿਬ ਕੋਲ ਤੇ ਜ਼ਨਾਨੀਆਂ

ਬੀਬੀ ਸਾਹਿਬਾ ਕੋਲ ਆਉਂਦੀਆਂ ਨੇ। ਇਸ ਗੱਲ ਉੱਤੇ ਰੱਫੜ ਵੀ ਬਣਿਆ।

ਹਜ਼ਰਤ ਸਾਹਿਬ ਨੇ ਬੀਬੀ ਸਾਹਿਬਾ ਨੂੰ ਡੱਕਿਆ ਵੀ ਈ ਉਹ ਇੰਜ ਨਾ ਕਰਨ ਤੇ ਇੱਕੋ ਗੱਦੀ ਚੱਲਣ ਦੇਣ। ਪਰ ਬੀਬੀ ਸਾਹਿਬਾ ਨੂੰ ਹਜ਼ਰਤ ਸਾਹਿਬ ਨਾਲ਼ ਐਨੀ ਕੌੜ ਸੀ ਕਿ ਅਖ਼ੀਰ ਉਨ੍ਹਾਂ ਹਜ਼ਰਤ ਸਾਹਿਬ ਨਾਲ਼ ਕਲਾਮ ਕਰਨਾ ਵੀ ਛੱਡ ਦਿੱਤਾ। ਭੈਣਾਂ ਸਾਰੀਆਂ ਵੱਡੀ ਭੈਣ ਨਾਲ਼ ਸਨ। ਉਹ ਵਟ ਖਾ ਕੇ ਕਹਿੰਦੀਆਂ ਹਜ਼ਰਤ ਸਾਹਿਬ ਆਪਣੀ ਵਹੁਟੀ ਥੱਲੇ ਲੱਗੇ ਹੋਏ ਨੇ। ਉਨ੍ਹਾਂ ਈ ਵੱਡੀ ਭੈਣ ਦਾ ਕਿਤੇ ਸਾਕ ਨਹੀਂ ਹੋਵਣ ਦਿੱਤਾ ਤੇ ਹਰ ਸ਼ੈ ਉੱਤੇ ਮੱਲ ਮਾਰ ਲਈ ਹੋਈ ਹੈ। ਪਰ ਇਹ ਗੱਲਾਂ ਵੀ ਪੁਰਾਣੀਆਂ ਨੇ। ਪਿੱਛੇ ਜਿਹੇ ਬੀਬੀ ਸਾਹਿਬਾ ਵੀ ਗੁਜ਼ਰ ਗਏ ਨੇ।

ਛਾਉਣੀ ਮਿਸ ਸੁਰਈਆ ਦਾ ਘਰ ਲੱਭਦਾ ਸਕੂਲ ਦੀ ਉਸ ਯਾਦ ਗਲੀ 'ਚੋਂ ਮੈਂ ਕਈ ਵਾਰ ਲੰਘਿਆ ਜਿਹੜੀ ਪਹਿਲਾਂ ਮੋਕਲੀ ਸੀ ਤੇ ਹੁਣ ਸੌੜੀ ਹੋ ਗਈ ਹੋਈ ਹੈ। ਅਖ਼ੀਰ ਉਨ੍ਹਾਂ ਦੀ ਕੋਠੀ ਦਾ ਨੰਬਰ ਦਿਸਿਆ ਤੇ ਮੈਂ ਟੱਲੀ ਵਜਾਈ। ਬਹੁਤ ਵੱਡੀ ਕੋਠੀ ਤੇ ਗੈਰਜ ਵਿੱਚ ਤਿੰਨ ਚਾਰ ਗੱਡੀਆਂ ਖਲੋਤੀਆਂ ਸਨ। ਇੱਕ ਨੌਕਰ ਬਾਹਰ ਆ ਕੇ ਮੇਰਾ ਨਾਂ ਪੁੱਛਣ ਮਗਰੋਂ ਮੈਨੂੰ ਇੱਕ ਹਾਲ ਵਰਗੇ ਕਮਰੇ ਵਿੱਚ ਜਾ ਬਿਠਾਇਆ, ਜਿਹੜੀ ਬੈਠਕ ਹੀ ਹੋਣੀ ਏ। ਕੁੱਝ ਚਿਰ ਪਿੱਛੋਂ ਮਿਸ ਸੁਰਈਆ ਹੌਲ਼ੀ-ਹੌਲ਼ੀ ਟੁਰਦੇ ਆਏ ਤੇ ਸੋਫੇ ਉੱਤੇ ਮੇਰੇ ਬਹੁਤ ਨੇੜੇ ਹੋ ਕੇ ਬਹਿ ਗਏ। ਇੰਨੇ ਵੱਡੇ ਹਾਲ ਵਰਗੇ ਕਮਰੇ ਵਿੱਚ ਸਾਡੇ ਦੋਹਾਂ ਦੇ ਹੁੰਦਿਆਂ ਵੀ ਮੈਨੂੰ ਉਹ ਕਮਰਾ ਖ਼ਾਲੀ ਜਿਹਾ ਲੱਗਾ ਤੇ ਜਿੰਨਾ ਚਿਰ ਮੈਂ ਉਥੇ ਰਿਹਾ ਮੈਨੂੰ ਕੋਈ ਘਾਟ ਜਿਹੀ ਲੱਗੀ ਰਹੀ। ਉਹ ਉਂਜ ਦੇ ਹੀ ਸਨ। ਉਂਜ ਦਾ ਹੀ ਪਤਲਾ ਸਰੀਰ, ਸਗੋਂ ਕੁੱਝ ਬਹੁਤੇ ਹੀ ਹੌਲ਼ੇ ਲੱਗੇ। ਵਾਲਾਂ ਦਾ ਉਂਜ ਦਾ ਹੀ ਢਿੱਲਾ ਜਿਹਾ ਜੂੜਾ ਕੀਤਾ ਹੋਇਆ ਸੀ। ਮੂੰਹ ਉੱਤੇ ਉੱਡੇ ਵਾਲ ਹੁਣ ਕਾਲੇ ਨਹੀਂ ਸਨ। ਉਹ ਆਪਣੇ ਘਰ ਦੀਆਂ ਗੱਲਾਂ ਕਰਨ ਲੱਗ ਪਏ ਤੇ ਵਿੱਚ-ਵਿੱਚ ਮੇਰੀ ਨੌਕਰੀ ਤੇ ਟੱਬਰ ਦਾ ਵੀ ਪੁੱਛਦੇ ਰਹੇ। ਐਵੇਂ ਕਿਸੇ ਦਾਹੜੀ ਆਲੇ ਬੰਦੇ ਝਾਤੀ ਮਾਰੀ।

"ਕੁੱਤੀ ਦਾ ਪੁੱਤਰ। ਅਜੇ ਵੀ ਮੇਰੇ ਉੱਤੇ ਸ਼ੱਕ ਕਰਦਾ ਏ। ਸਮਝਦਾ ਏ ਮੈਂ ਕਿਸੇ ਯਾਰ ਨਾਲ਼ ਬੈਠੀ ਆਂ। ਹਾਲਾਂ ਮੈਂ ਦੱਸਿਆ ਸੀ ਸਵੇਰੇ ਤੇਰੇ ਆਉਣ ਦਾ ਪਈ ਆਪਣੇ ਸਟੂਡੈਂਟ ਨੂੰ ਬੁਲਾਇਆ ਮੈਂ। ਕਾਸ਼ਫ਼ ਦੇ ਕੰਮ ਲਈ।"

ਫ਼ਿਰ ਉਹ ਕਾਸ਼ਫ਼ ਦੀਆਂ ਗੱਲਾਂ ਕਰਨ ਲੱਗ ਪਏ : 'ਵਰੌਂਤੂ ਏ, ਪੜ੍ਹਾਈ ਨਹੀਂ ਕਰਦਾ। ਰਾਤੀਂ ਚਿਰਕੇ ਆਉਂਦਾ ਏ। ਦਿਨੇ ਟੈਲੀਫ਼ੋਨ ਨਾਲ਼ ਚੰਬੜਿਆ ਰਹਿੰਦਾ ਏ। ਕਦ ਤਕ ਇੰਜ ਚੱਲੇਗਾ? ਹੁਣ ਪਿਉ ਆਖਿਆ ਏ ਬੀ. ਏ. ਕਰ ਲਵੇ ਤੇ ਆਪਣੇ ਨਾਲ਼ ਬੈਂਕ ਵਿੱਚ ਅੜਾ ਲਵਾਂ।'

ਇਹ ਮੈਨੂੰ ਹੁਣ ਪਤਾ ਚੱਲਿਆ ਪਈ ਉਨ੍ਹਾਂ ਦੇ ਮੀਆਂ ਕਿਸੇ ਬੈਂਕ ਵਿੱਚ ਵੱਡੇ ਅਫ਼ਸਰ ਨੇ। ਕਿੰਨਾ ਚਿਰ ਉਹ ਸਕੂਲ ਦੀਆਂ ਗੱਲਾਂ ਕਰਦੇ ਰਹੇ। ਮੈਂ ਭੇਤਭਰੀ ਯਾਦ ਨਾਲ਼ ਉਨ੍ਹਾਂ ਵੱਲ ਤੱਕਦਾ ਰਿਹਾ ਪਰ ਉਨ੍ਹਾਂ ਵਰ੍ਹਿਆਂ ਉੱਤੋਂ ਉਹਲੇ ਦੀ ਪੁਰਾਣੀ ਪਾਟੀ ਚਾਦਰ ਨਾ ਚੁੱਕੀ ਭਾਵੇਂ ਉਸ ਵਿੱਚੋਂ ਹਰ ਸ਼ੈ ਮੈਨੂੰ ਨਜ਼ਰੀਂ ਆਉਣ ਲੱਗ ਪਈ ਸੀ।

ਅਖ਼ੀਰ ਉਹ ਉੱਠ ਖਲੋਤੇ ਤੇ ਆਖਿਆ, "ਤੂੰ ਮੇਰਾ ਇਹ ਕੰਮ ਜ਼ਰੂਰ ਕਰਨਾ ਏ।

ਕਾਸ਼ਫ ਦੇ ਕੈਰੀਅਰ ਦਾ ਸਵਾਲ ਏ। ਪਹਿਲੇ ਵੀ ਤੂੰ ਮੇਰੇ ਕੰਮ ਕਰਦਾ ਰਿਹਾ ਏਂ ਤੇ ਇਹ ਵੀ ਕਰਨਾ ਹੈ। ਮੈਂ ਕਾਸ਼ਫ ਨੂੰ ਭੇਜਣੀ ਆਂ। ਆਪੇ ਤੈਨੂੰ ਸਾਰੀ ਗੱਲ ਦੱਸ ਦੇਵੇਗਾ।"

ਮੈਨੂੰ ਰੋਟੀ ਪਾਣੀ ਦਾ ਪੁੱਛਿਆ ਤੇ ਮੈਂ ਚਾਹ ਦੀ ਹਾਮੀ ਭਰ ਲਈ।

ਉਨ੍ਹਾਂ ਦੇ ਬੈਠਕ ਤੋਂ ਜਾਵਣ ਦੇ ਕੁੱਝ ਚਿਰ ਮਗਰੋਂ ਸ਼ੀਂਹ ਜਵਾਨ ਮੁੰਡਾ ਅੰਦਰ ਆਇਆ। ਉਹ ਮੈਥੋਂ ਚੋਖੀ ਵਿੱਥ 'ਤੇ ਹੀ ਖਲੋ ਗਿਆ। ਹੱਥ ਵਿੱਚ ਗੱਡੀ ਦੀ ਚਾਬੀ, ਗਲ ਵਿੱਚ ਸੋਨੇ ਦੀ ਜ਼ੰਜੀਰੀ, ਸਿਲਕ ਦੀ ਕਮੀਜ਼ ਤੇ ਜੀਨ ਦੀ ਪੈਂਟ, ਜਿਵੇਂ ਕਾਹਲ ਵਿੱਚ ਹੋਵੇ। ਕਲੀਨ ਸ਼ੇਵ, ਚਿੱਟਾ ਗੋਰਾ ਰੰਗ ਪਰ ਕੁੱਝ ਧੁਆਂਖਿਆ ਧੁਆਂਖਿਆ ਵੀ।

"13 ਮਈ ਕੋ ਮੇਰਾ ਪਰਚਾ ਹੈ। ਆਪ ਸੈਂਟਰ ਕੇ ਬਾਹਰ ਆ ਜਾਏਂ। ਬਾਹਰ ਗਾੜੀ ਮੇਂ ਬੈਠ ਕਰ ਪਰਚਾ ਹਲ ਕਰਨਾ ਹੋਗਾ। ਜਿਤਨੇ ਪੈਸੇ ਆਪ ਕਹੇਂਗੇ......।" ਉਸ ਇੱਕ ਦੋ ਹੋਰ ਗੱਲਾਂ ਕੀਤੀਆਂ ਤੇ ਮੇਰਾ ਜਵਾਬ ਸੁਣੇ ਬਿਨਾਂ ਹੀ ਛੇਤੀ ਨਾਲ਼ ਬਾਹਰ ਨਿਕਲ ਗਿਆ। ਗੈਰਜ ਵਿੱਚੋਂ ਉਹਦੀ ਗੱਡੀ ਸਟਾਰਟ ਕਰਨ ਦੀ ਵਾਜ ਆਈ।

ਛਾਉਣੀ ਤੋਂ ਬਾਹਰ ਨਿਕਲਣ ਵੇਲੇ ਮੈਂ ਡਰਦਾ ਹੀ ਰਿਹਾ ਪਈ ਬਾਹਰ ਨਿਕਲਣ ਦਾ ਰਾਹ ਕਿਤੇ ਭੁੱਲ ਈ ਨਾ ਜਾਵਾਂ। ਡੀਫੈਂਸ ਦੀਆਂ ਸਾਰੀਆਂ ਸੜਕਾਂ ਇੱਕੋ ਜਿਹੀਆਂ ਹੀ ਨੇ।

# ਵਲੀ ਅੱਲ੍ਹਾ ਗਵਾਚ ਗਿਆ ਏ

ਉਹ ਫਿੱਕੀ ਸਵੇਰ ਸੀ ਬਿਨਾਂ ਸੂਰਜੋਂ। ਠੰਡ ਨਾਲ਼ ਠਰੂੰ ਠਰੂੰ ਕਰਦੇ, ਬਸਤਿਆਂ ਨੂੰ ਲੱਕ ਦੁਆਲੇ ਸਾਂਭਦੇ, ਤ੍ਰਿਖੇ ਪੈਰੀਂ ਅਸੀਂ ਸਕੂਲ ਜਾਂਦੇ ਪਏ ਸਾਂ। ਬਾਬਾ ਪੱਤਿਆਂ ਵਾਲਾ, ਮਾਈ ਦਵਾਤਾਂ ਵਾਲੀ ਤੇ ਸ਼ਰੀਫ਼ ਸੌਂਫ਼ ਆਲੇ ਦੀਆਂ ਹੱਟੀਆਂ ਅੱਗੋਂ ਛੇੜਾਂ ਕਰਦੇ ਮਸਾਂ ਵੇਲੇ ਸਿਰ ਸਕੂਲ ਦੇ ਵੱਡੇ ਗੇਟ ਉੱਤੇ ਅੱਪੜੇ। ਫੀਕਾ, ਕਾਲਾ, ਮੈਂ ਤੇ ਵਲੀ ਅੱਲ੍ਹਾ ਆਪਣੀ ਢਾਣੀ ਸਾਡੀ। ਸਕੂਲ ਦੀ ਪਹਿਲੀ ਸਾਂਝੀ ਦੁਆ ਮਗਰੋਂ ਵੱਡੇ ਵਿਹੜੇ ਵਿੱਚ ਮੁੰਡੇ ਪਲੋ ਪਲ ਆਪਣਿਆਂ ਕਮਰਿਆਂ ਵੱਲ ਜਾਂਦੇ ਪਏ ਸਨ। ਦੌੜਾਂ ਲਾਉਂਦੇ ਅਸੀਂ ਆਪਣੀ ਜਮਾਤ ਨਾਲ਼ ਰਲਣ ਦੀ ਕੀਤੀ। ਕਿਸੇ ਮਾਸਟਰ ਸਾਨੂੰ ਤੱਕਿਆ ਨਾ। ਕਿਉਂਕਿ ਜਿਸ ਵੇਲੇ ਦੁਆ ਮਗਰੋਂ ਮੁੰਡੇ ਜਮਾਤਾਂ ਵੱਲ ਜਾਂਦੇ ਹੋਵਣ ਤਾਂ ਰੌਲ਼ਾ ਜਿਹਾ ਪਿਆ ਹੁੰਦਾ ਏ ਤੇ ਮਾਸਟਰ ਵੀ ਇੱਕ ਦੂਜੇ ਨਾਲ਼ ਰਲ ਗਪੌੜੀਆਂ ਮਾਰਦੇ ਹੁੰਦੇ ਹਨ। ਹਾਂ ਪਾਲ ਵਿੱਚ ਜਾਂਦਿਆਂ ਮੁੰਡਿਆਂ ਵਿੱਚੋਂ ਜੇ ਪਿੱਛੋਂ ਕੋਈ ਕਿਸੇ ਨੂੰ ਧੱਕਾ ਦੇ ਦੇਵੇ ਜਾਂ ਵਿੱਚੋਂ ਐਵੇਂ ਹੀ ਕੋਈ ਹੌਲਾ ਤੇ ਮਾੜਾ ਮੁੰਡਾ ਪਾਲੋਂ ਬਾਹਰ ਡਿੱਗ ਪਵੇ ਤੇ ਉਸ ਉੱਤੇ ਸੋਟੀਆਂ ਵਰ੍ਹ ਪੈਂਦੀਆਂ ਤੇ ਇੰਜ ਆਮ ਤਾਮ ਹੁੰਦਾ ਰਹਿੰਦਾ।

ਜਮਾਤ ਵਿੱਚ ਵੜ ਕੇ ਅਸੀਂ ਰੋਜ਼ ਵਾਂਗ ਆਪਣੇ ਦੂਜੇ ਨੰਬਰ ਵਾਲੇ ਬੈਂਚ ਵੱਲ ਨੱਸੇ। ਸਾਰਿਆਂ ਆਪੋ ਆਪਣੇ ਬੈਂਚ ਤੇ ਡੈਸਕ ਮੱਲੇ ਹੋਏ ਸਨ। ਪ੍ਰਾਇਮਰੀ ਵਿੱਚ ਤਾਂ ਟਾਟ ਸਨ ਪਰ ਵੱਡੀਆਂ ਜਮਾਤਾਂ ਵਿੱਚ ਬੈਂਚ ਤੇ ਡੈਸਕ। ਠੰਡੇ ਠਾਰ ਬੈਂਚ ਬਸਤਿਆਂ ਨਾਲ਼ ਸਾਫ਼ ਕਰਦੇ। ਪਹਿਲੀ ਗੱਲ ਜਿਹੜੀ ਹਵਾ ਦੇ ਠੰਡੇ ਬੁੱਲ੍ਹੇ ਵਾਂਗ ਦਿਮਾਗ਼ੋਂ ਲੰਘੀ ਉਹ ਇਹ ਸੀ ਕਿ ਪਹਿਲੇ ਪੀਰੀਅਡ ਮਾਰ ਪੈ ਗਈ ਤਾਂ ? ਕੁੱਝ ਤਾਂ ਪਹਿਲੇ ਹੀ ਹੱਥਾਂ ਨੂੰ ਮਲਦੇ ਤੇ ਫੂਕਾਂ ਮਾਰਦੇ ਹੋਵਣ। ਠੰਡ ਐਨੀ ਪਈ ਹੱਥ ਵਿੱਚ ਕਲਮ ਫੜਨ ਨਾ ਹੋਵੇ।

ਮਾਸਟਰ ਅਲਤਾਫ਼ ਦਾ ਉਰਦੂ ਦਾ ਪੀਰੀਅਡ ਸੀ। ਉਸਦੀ ਮਾਂ ਬੋਲੀ ਵੀ ਉਰਦੂ ਸੀ। ਹਮੇਸ਼ਾ ਲੱਠੇ ਦਾ ਚਿੱਟਾ ਕੁੜਤਾ ਤੇ ਪਜਾਮਾ ਪਾਉਂਦੇ ਤੇ ਪੈਰਾਂ ਵਿੱਚ ਮਕੈਸ਼। ਮੂੰਹ ਵਿੱਚ ਪਾਨ, ਮਧਰਾ ਜਿਹਾ ਕੱਦ ਤੇ ਅਝੱਕ ਅਝੱਕ ਗਲ ਨੂੰ ਬਣਾ ਸੰਵਾਰ ਕੇ ਬੋਲਣਾ। ਉਹ ਉਨ੍ਹਾਂ ਮਾਸਟਰਾਂ ਵਿੱਚੋਂ ਸਨ ਜਿਨ੍ਹਾਂ ਦੇ ਹੱਥ ਵਿੱਚ ਸੋਟੀ ਨਹੀਂ ਸੀ ਹੁੰਦੀ। ਇਸ ਪਾਰੋਂ ਮੁੰਡੇ ਉਨ੍ਹਾਂ ਤੋਂ ਬਹੁਤਾ ਨਹੀਂ ਸਨ ਤਰਾਹੁੰਦੇ। ਉਨ੍ਹਾਂ ਦਾ ਸਜ਼ਾ ਦੇਣ ਦਾ ਢੰਗ ਵੀ ਨਿਵੇਕਲਾ ਸੀ। ਸਜ਼ਾ ਦੇਣ ਵੇਲੇ ਮੁੰਡੇ ਨੂੰ ਕੋਲ ਸੱਦ ਬਹੁਤ ਨੇੜੇ ਕਰਕੇ ਕੰਨ ਨੂੰ ਐਨੀ ਮਰੋੜੀ ਦੇਂਦੇ ਕਿ ਮੁੰਡਾ ਉਨ੍ਹਾਂ ਦਵਾਲੇ ਉੱਤੇ ਥੱਲੇ ਹੁੰਦਾ ਪਰ ਉਹ ਨਾ ਆਪਣੀ ਥਾਂ ਤੋਂ ਹਿੱਲਦੇ ਤੇ ਨਾ ਮੁੰਡੇ ਨੂੰ ਕੰਨ ਏਧਰ ਓਧਰ ਕਰਨ ਦੇਂਦੇ। ਆਪੂੰ ਉਹ ਜਮਾਤ ਵੱਲ ਮੂੰਹ ਕਰ ਹਸਾਉਣੇ

ਫਿਕਰੇ ਕਸਦੇ ਰਹਿੰਦੇ : "ਮਜ਼ਾ ਆ ਰਹਾ ਹੈ ਨਾ ? ਨਾਚਤਾ ਯੇਹ ਅੱਛਾ ਹੈ।" ਮੁੰਡਾ ਉਨ੍ਹਾਂ ਦੇ ਇੰਨੇ ਨੇੜੇ ਹੁੰਦਾ ਪਈ ਉਨ੍ਹਾਂ ਦੇ ਮੂੰਹ ਵਿੱਚੋਂ ਆਉਂਦਾ ਪਾਨ ਰਸਿਆ ਸਾਹ ਮੂੰਹ ਉੱਤੇ ਵਜਦਾ ਲੱਗਦਾ। ਕਈ ਵਾਰੀ ਉਹ ਢਿੱਡ ਵਿੱਚ ਚੂੰਢੀ ਵੱਢ ਆਪ ਨਿਸ਼ਚਿੰਤ ਹੋ, ਅਡਰੇ ਖਲੋਤੇ ਰਹਿੰਦੇ, ਮੁੰਡਾ ਪੁੱਠਾ ਸਿੱਧਾ ਹੁੰਦਾ ਤੇ ਜਮਾਤ ਹੱਸ ਹੱਸ ਦੋਹਰੀ ਤੀਹਰੀ ਹੋ ਹੋ ਜਾਂਦੀ। ਜੇ ਕੋਈ ਮੁੰਡਾ ਬਹੁਤੀ ਉੱਚੀ ਹੱਸਦਾ ਉਸਨੂੰ ਵੀ ਬੁਲਾ ਲੈਂਦੇ। ਕਿਉਂਕਿ ਚੂੰਢੀ ਵੱਢਣ ਵੇਲੇ ਉਹ ਹੌਲ਼ੀ-ਹੌਲ਼ੀ ਮੂੰਹ ਵਿੱਚ ਛੱਲੀਆਂ ਚਿਥਦੇ ਜਮਾਤ ਵਲੇ ਤੱਕਦੇ ਰਹਿੰਦੇ। ਜਿਵੇਂ ਆਪਣੇ ਇਸ ਗੁਣੀ ਕੰਮ ਦੀ ਦਾਦ ਮੰਗਦੇ ਹੋਵਣ। ਵੇਖੋ ਮੈਂ ਕਿੰਨੇ ਸੁਹਣੇ ਢੰਗ ਨਾਲ਼ ਕਰਦਾ ਆਂ ਇਹ ਕੰਮ। ਉਨ੍ਹਾਂ ਮੂਜਬ ਇੱਕ ਅਟਕਲ, ਇੱਕ ਚੱਜ ਤੇ ਗੁਣ ਸੀ ਉਨ੍ਹਾਂ ਦੇ ਸਜ਼ਾ ਦੇਵਣ ਵਿੱਚ ਤੇ ਇਹ ਗੁਣ ਉਨ੍ਹਾਂ ਕਈ ਵਰ੍ਹੇ ਸਕੂਲ ਦੀ ਨੌਕਰੀ ਕਰਨ ਪਿੱਛੋਂ ਕਮਾਇਆ ਸੀ।

ਕਦੀ ਕਦੀ ਉਨ੍ਹਾਂ ਨੂੰ ਬਹੁੰ ਕੌੜ ਵੀ ਚੜ੍ਹ ਜਾਂਦੀ। ਰੋਹ ਨਾਲ਼ ਉਹ ਕੰਬਣ ਲੱਗ ਪਵੰਦੇ ਤੇ ਇੱਕ ਮੁੰਡੇ ਤੋਂ ਨਾਲ਼ ਆਲੀ ਜਮਾਤ ਵਿੱਚੋਂ ਦੂਜੇ ਮਾਸਟਰ ਤੋਂ ਸੋਟੀ ਮੰਗ ਕੇ ਲਿਆਣ ਦਾ ਆਖਦੇ। ਪਰ ਇੰਜ ਵਰ੍ਹੇ ਛਿਮਾਹੀ ਹੀ ਹੁੰਦਾ। ਇਹ ਅਸਲੋਂ ਉਨ੍ਹਾਂ ਦੀ ਹਾਰ ਹੁੰਦੀ ਕਿਉਂਕਿ ਸੋਟੀ ਨਾਲ਼ ਸਜ਼ਾ ਦੇਣਾ ਉਨ੍ਹਾਂ ਦਾ ਸੁਭਾਅ ਨਹੀਂ ਸੀ। ਫ਼ਿਰ ਉਹ ਅੰਨ੍ਹੇਵਾਹ ਗਾਲ੍ਹਾਂ ਕੱਢ ਕੱਢ ਮਾਰਦੇ ਤੇ ਅੰਤ ਕਰ ਦੇਂਦੇ। "ਭੋਸੜੀ ਕੇ! ਆਪਣੀ ਮਾਂ ਕੇ ਯਾਰ!" ਜਮਾਤ ਵਿੱਚ ਮੌਤ ਵਰਗੀ ਚੁੱਪ ਵਾਪਰ ਜਾਂਦੀ। ਜਿਸ ਵੇਲੇ ਮੁੰਡਾ ਦੂਜੇ ਕਮਰੇ ਵਿੱਚੋਂ ਸੋਟੀ ਲੈਣ ਜਾਂਦਾ ਉਹ ਬੈਂਚ ਵਿਚਕਾਰ ਫਿਰਨ ਲੱਗ ਪੈਂਦੇ ਤੇ ਜਿਥੇ ਉਹ ਖਲੋ ਜਾਂਦੇ, ਉਥੇ ਹੀ ਮੌਤ ਹੁੰਦੀ।

ਇਹ ਉਚੇਚ ਉਦੋਂ ਹੁੰਦਾ ਜਦੋਂ ਕੋਈ ਅਜਿਹਾ ਮਖ਼ੌਲ ਕਰਦਾ ਜਿਹੜਾ ਉਨ੍ਹਾਂ ਦੀਆਂ ਸਬਰ ਦੀਆਂ ਸਾਰੀਆਂ ਹੱਦਾਂ ਉਲੰਘ ਜਾਂਦਾ। ਉਹ ਸਿਰੋਂ ਗੰਜੇ ਸਨ ਤੇ ਬਾਜ਼ਾਰ ਵਾਲ ਉਗਾਵਣ ਦਾ ਕੋਈ ਨਵਾਂ ਨਵਾਂ ਤੇਲ ਆਇਆ ਹੋਣਾ ਏ। ਬਹੁਤ ਮਸ਼ਹੂਰੀ ਹੁੰਦੀ ਪਈ ਸੀ ਜਿਸ ਦੀ। ਜੀਡਾਲ ਜਾਂ ਕੋਈ ਹੋਰ ਨਾਂ। ਠੰਡ ਪਾਰੋਂ ਕਿਸੇ ਦਾ ਜੀ ਨਹੀਂ ਸੀ ਕਰਦਾ ਬਸਤਾ ਜਾਂ ਕਿਤਾਬ ਖੋਲ੍ਹਣ ਨੂੰ। ਉਨ੍ਹਾਂ ਹਾਜ਼ਰੀ ਮਗਰੋਂ ਅਜੇ ਕਿਤਾਬ ਖੋਲ੍ਹਣ ਦਾ ਨਾਂ ਲਿਆ ਕਿ ਕਿਸੇ ਇਸ ਤੇਲ ਦਾ ਨਾਂ ਲੈ ਲਿਆ। ਭਾਵੇਂ ਕਿਸੇ ਹੌਲ਼ੀ ਜਿਹੀ ਲਿਆ ਪਰ ਉਨ੍ਹਾਂ ਸੁਣ ਲਿਆ ਤੇ ਚੜ੍ਹ ਤਪ ਗਿਆ। ਸਾਡੇ ਤੋਂ ਅਗਲੇ ਬੈਂਚ ਉੱਤੇ ਬੈਠੇ ਮੁੰਡੇ ਨੂੰ, ਜਿਹੜਾ ਮਨੀਟਰ ਵੀ ਸੀ, ਉਨ੍ਹਾਂ ਨਾਲ਼ ਦੇ ਕਮਰਿਓਂ ਸੋਟੀ ਲਿਆਉਣ ਦਾ ਹੁਕਮ ਦਿੱਤਾ। ਇੰਜ ਲੱਗਾ ਜਿਵੇਂ ਕਿਸੇ ਸਾਡੇ ਸਾਰਿਆਂ ਦੇ ਹੱਥ ਜ਼ੋਰ ਧਙਾਣੇ ਬਰਫ਼ ਉੱਤੇ ਰੱਖ ਦਿੱਤੇ ਹੋਵਣ। ਸਿਆਲ ਵਿੱਚ ਸਾਡੀ ਇੱਕੋ ਸੱਧਰ ਹੁੰਦੀ ਕਿ ਪਹਿਲੇ ਦੋ ਪੀਰੀਅਡ ਮਾਰ ਨਾ ਪਵੇ। ਸਾਡੀ ਜਮਾਤ ਵਿੱਚ ਤਾਂ ਚੁੱਪ ਵਰਤੀ ਹੀ ਸੀ ਪਰ ਜਾਪੇ ਸਾਰੇ ਸਕੂਲ ਹੀ ਵਰਤ ਗਈ ਹੋਵੇ। ਜਦ ਮੁੰਡਾ ਸੋਟੀ ਲੈ ਕੇ ਆਇਆ ਅਸੀਂ ਮੌਤ ਵਾਂਗ ਠੰਡੇ ਠਾਰ ਹੋਏ ਬੈਠੇ ਸਾਂ। ਜਿਵੇਂ ਸਾਡਾ ਵਜੂਦ ਹੀ ਸਾਡੇ ਤੋਂ ਦੁਰਾਡੇ ਹੋਵੇ। ਸਾਨੂੰ ਪਤਾ ਸੀ ਇਹ ਮਖ਼ੌਲ ਪਿੱਛੋਂ ਕਸਾਈ ਦੇ ਮੁੰਡੇ ਕੀਤਾ ਸੀ ਜਿਹੜਾ ਮੁੜ ਅੱਠਵੀਂ ਵਿੱਚੋਂ ਹੀ ਸਕੂਲ ਛੱਡ ਬਾਜ਼ਾਰ ਵਿੱਚ ਪਿਉ ਦੀ ਹੱਟੀ ਜਾ ਬੈਠਾ ਸੀ।

ਮਾਸਟਰ ਅਲਤਾਫ਼ ਬੈਂਚਾਂ ਵਿੱਚਕਾਰ ਇੱਕ ਦੋ ਚੱਕਰ ਲਾ ਕੇ ਸਾਡੇ ਕੋਲ ਆ

ਖਲੋਤੇ। ਸਾਡੇ ਹੱਥ ਬਿਨਾਂ ਮਾਰ ਤੋਂ ਹੀ ਸੁੰਨ ਹੋ ਗਏ ਸਨ। ਅੱਜ ਮੈਂ ਚੇਤਾ ਕਰਦਾ ਹਾਂ ਤੇ ਮੈਨੂੰ ਲੱਗਦਾ ਏ ਕਿ ਖ਼ੌਰੇ ਵਲੀ ਅੱਲ੍ਹਾ ਐਵੇਂ ਹਿੱਲਿਆ ਸੀ ਜਾਂ ਫ਼ਿਰ ਉਹਦੇ ਮੂੰਹ ਉੱਤੇ ਇੰਜ ਦਾ ਡਰ ਨਹੀਂ ਸੀ ਹੁੰਦਾ ਜਿਵੇਂ ਸਾਡੇ ਸਾਰਿਆਂ ਉੱਤੇ ਹੁੰਦਾ ਸੀ। ਕਿਉਂਕਿ ਉਹਨੂੰ ਘੱਟ ਵੱਧ ਹੀ ਮਾਰ ਪੈਂਦੀ ਸੀ। ਪਰ ਉਸ ਦਿਨ ਮਾਸਟਰ ਅਲਤਾਫ਼ ਹੋਰਾਂ ਵਲੀ ਅੱਲ੍ਹਾ ਨੂੰ ਬੈਂਚ ਉੱਤੋਂ ਉਠਾ ਕੇ ਸੋਟੀ ਨਾਲ਼ ਬਾਹਰ ਆਉਣ ਦੀ ਸੈਨਤ ਕੀਤੀ। ਕੌੜ ਨਾਲ਼ ਉਨ੍ਹਾਂ ਦਾ ਮੂੰਹ ਲਾਲ ਸੁਰਖ਼ ਹੋ ਗਿਆ ਤੇ ਪਾਨ ਬੁੱਲ੍ਹਾਂ ਤੋਂ ਕੁੱਝ ਬਹੁਤਾ ਹੀ ਬਾਹਰ ਆ ਗਿਆ। ਵਲੀ ਅੱਲ੍ਹਾ ਉਂਜ ਹੀ ਉਨ੍ਹਾਂ ਵੱਲ ਤੱਕਦਾ ਰਿਹਾ। ਉਹਦੇ ਮੂੰਹ ਉੱਤੋਂ ਕੋਈ ਗੱਲ ਨਹੀਂ ਸੀ ਪੜ੍ਹੀ ਜਾਂਦੀ। ਜਦ ਮਾਸਟਰ ਅਲਤਾਫ਼ ਹੋਰੀਂ ਮਾਰਦੇ ਤੇ ਫ਼ਿਰ ਨਿਆਂ ਨਾ ਕਰਦੇ। ਕਿਸੇ ਜੁਰਮ ਕੀਤਾ ਜਾਂ ਨਾ ਉਹ ਸਜ਼ਾ ਦੇ ਦੇਂਦੇ। ਅਸਲੋਂ ਉਨ੍ਹਾਂ ਨੂੰ ਕਦੀ ਪਤਾ ਹੀ ਨਾ ਚਲਦਾ ਕਿ ਕਿਹਨੇ ਵਾਜ ਕੱਸੀ ਏ ਜਾਂ ਕੋਈ ਹੋਰ ਪੰਗਾ ਲਿਆ ਏ। ਉਹ ਬਸ ਕਿਸੇ ਇੱਕ ਮੁੰਡੇ ਨੂੰ ਬਾਹਰ ਸੱਦ ਕੇ ਅੰਨ੍ਹੇਵਾਹ ਮਾਰਨ ਲੱਗ ਪੈਂਦੇ ਤੇ ਉਨ੍ਹਾਂ ਦੇ ਬਾਹਰ ਸੱਦਣ ਦਾ ਮਤਲਬ ਹੁੰਦਾ ਬਸ ਹੱਥ ਅਗਾਂਹ ਕਰ ਦਿਉ। ਜੇ ਮੁੰਡਾ ਅੱਗੋਂ ਕੁੱਝ ਬੋਲਣ ਜਾਂ ਸਫ਼ਾਈ ਦੇਣ ਦੀ ਕਰਦਾ ਤਾਂ ਵੀ ਓਨੀ ਹੀ ਮਾਰ ਪੈਂਦੀ, ਸਗੋਂ ਬਹੁਤੀ। ਮਾਸਟਰ ਅਲਤਾਫ਼ ਸੋਟੀ ਉਤਾਂਹ ਚਾਈ ਤੇ ਵਲੀ ਅੱਲ੍ਹਾ ਹੱਥ ਅਗਾਂਹ ਕਰ ਦਿੱਤੇ। ਸੋਟੀਆਂ ਵਜਦੀਆਂ ਰਹੀਆਂ ਤੇ ਅਸੀਂ ਸੁੰਨ ਹੋਏ ਬੈਠੇ ਰਹੇ।

ਕੁੱਝ ਦੂਜੀਆਂ ਜਮਾਤਾਂ ਦੇ ਮੁੰਡੇ ਜਿਨ੍ਹਾਂ ਦੇ ਮਾਸਟਰ ਜਮਾਤ ਵਿੱਚ ਨਹੀਂ ਸਨ, ਬੂਹਿਓਂ ਚੋਰੀ ਚੋਰੀ ਵਲੀ ਅੱਲ੍ਹਾ ਨੂੰ ਮਾਰ ਪੈਂਦੇ ਤੱਕਦੇ ਪਏ ਸਨ। ਖ਼ੌਰੇ ਕੀ ਹੋ ਗਿਆ ਸੀ ਮਾਸਟਰ ਅਲਤਾਫ਼ ਹੋਰਾਂ ਨੂੰ? ਉਹ ਰੋਹ ਨਾਲ਼ ਭਰੇ ਸੋਟੀਆਂ ਮਾਰਦੇ ਰਹੇ ਤੇ ਅਖ਼ੀਰ ਵਲੀ ਅੱਲ੍ਹਾ ਦੇ ਹੱਥ ਹੇਠਾਂ ਲਮਕ ਪਏ। ਉਹਦੀਆਂ ਅੱਖਾਂ ਅੱਥਰੂਆਂ ਨਾਲ਼ ਭਰੀਜ ਗਈਆਂ। ਜੀ ਉਹ ਵਲੀ ਅੱਲ੍ਹਿਆ! ਨਾ ਉਹ ਰੋਇਆ ਨਾ ਉਸ ਸੀਅ ਕੀਤੀ। ਪੂਰੀਆਂ ਇੱਕ ਸੌ ਦੋ ਸੋਟੀਆਂ ਉੱਤੇ ਸੋਟੀ ਟੁੱਟ ਗਈ। ਰਹਿੰਦੀਆਂ ਸੋਟੀਆਂ ਉਨ੍ਹਾਂ ਉਹਦੇ ਲਮਕਦੇ ਹੱਥਾਂ ਉਪਰ ਮਾਰੀਆਂ ਸਨ। ਪੂਰੇ ਸਕੂਲ ਅੰਤਾਂ ਦੀ ਚੁੱਪ ਵਰਤ ਗਈ। ਮੁੜ ਕੀ ਹੋਇਆ, ਕੀ ਨਾ ਹੋਇਆ ਪਰ ਅੱਧੀ ਛੁੱਟੀ ਵੇਲੇ ਕੁਲ ਸਕੂਲ ਧੁੰਮ ਗਈ ਕਿ ਵਲੀ ਅੱਲ੍ਹਾ ਨੂੰ ਮਾਰ ਪਈ ਏ। ਵਲੀ ਅੱਲ੍ਹਾ ਨੂੰ ਮਾਰ ਪਈ ਏ! ਸਾਰੇ ਉਹਦੇ ਨਾਂ ਉੱਤੇ ਜ਼ੋਰ ਪਾ ਕੇ ਖਿੱਚ ਖਿੱਚ ਕੇ ਲਮਕਾ ਕੇ ਪੁੱਛਦੇ ਰਹੇ। ਉਹ ਚੁੱਪ ਕਰਕੇ ਅੱਧੀ ਛੁੱਟੀ ਮਗਰੋਂ ਹੀ ਸਕੂਲੋਂ ਚਲਾ ਗਿਆ। ਉਹਦੇ ਹੱਥ ਸੁੱਜ ਕੇ ਲਾਲ ਹੋ ਗਏ ਸਨ ਤੇ ਕਿਸੇ ਉਨ੍ਹਾਂ ਉੱਤੇ ਰੁਮਾਲ ਬੰਨ੍ਹ ਦਿੱਤਾ ਸੀ। ਜਿੰਨਾ ਚਿਰ ਉਹ ਸਾਡੇ ਨਾਲ਼ ਰਿਹਾ ਅਸੀਂ ਹੱਥ ਉੱਤੇ ਰੁਮਾਲ ਰੱਖ ਕੇ ਮੂੰਹ ਨਾਲ਼ ਫੂਕਾਂ ਮਾਰਦੇ ਰਹੇ। ਹੱਥ ਉਹਦੇ ਕੋਲੋਂ ਹਿੱਲਦੇ ਨਹੀਂ ਸਨ ਪਏ।

ਵਲੀ ਅੱਲ੍ਹਾ, ਸਾਡਾ ਯਾਰ, ਸਾਡਾ ਬੇਲੀ, ਸਾਡੀ ਢਾਣੀ ਦਾ ਅਤਿ ਜੁੜਵਾਂ ਅੰਗ ਸੀ। ਮਧਰਾ ਕੱਦ ਬੁਤ ਤੇ ਮਾੜਕੂ ਜਿਹਾ। ਸਗੋਂ ਆਪਣੀ ਜਮਾਤ ਦੇ ਦੂਜਿਆਂ ਮੁੰਡਿਆਂ ਕੋਲੋਂ ਹੌਲ਼ਾ ਈ ਹੋਣਾ ਏ। ਤੋਤੇ ਵਰਗੀ ਲੰਮੀ ਜਿਹੀ ਨੱਕ ਤੇ ਸਿਰ ਉੱਤੇ ਉਸ ਕੱਪੜੇ ਦੀ ਨਿਮਾਜ਼ੀਆਂ ਵਾਲੀ ਹਮੇਸ਼ਾ ਮੈਲੀ ਟੋਪੀ ਪਾਈ ਹੋਣੀ। ਉਸ ਸਿਰ ਹਮੇਸ਼ ਹੇਠਾਂ ਸੁੱਟ ਕੇ ਤੁਰਨਾ ਤੇ ਲੱਗਣਾ ਜਿਵੇਂ ਹੇਠਾਂ ਡਿੱਗੀ ਕੋਈ ਸ਼ੈ ਭਾਲਦਾ ਹੋਵੇ ਤੇ ਉਹਦੀ ਨੱਕ ਕੁੱਝ ਹੋਰ

ਹੀ ਲੰਮੀ ਲੱਗਣੀ, ਅਸਲੋਂ ਤੋਤੇ ਵਰਗੀ ਹੀ। ਉਹ ਸਾਡੇ ਸਾਰਿਆਂ ਵਿੱਚ ਸਭ ਤੋਂ ਭਲਾਮਾਣਸ ਤੇ ਸਾਦ ਮੁਰਾਦਾ ਸੀ। ਇੰਨਾ ਮਾੜਾ ਸੀ ਉਹ ਕਿ ਕਈ ਖੇਡਾਂ ਖੇਡਣ ਯੋਗ ਵੀ ਨਹੀਂ ਸੀ। ਅਸਾਂ ਜਿਹੜੀ ਵੀ ਖੇਡ ਖੇਡਣੀ ਉਸ ਜਾਂ ਜੱਜ ਹੋਣਾ ਜਾਂ ਇੱਕ ਪਾਸੇ ਬਹਿ ਸਾਡੀਆਂ ਜੁਤੀਆਂ ਜਾਂ ਹੋਰ ਸ਼ੈਵਾਂ ਸਾਂਭਣੀਆਂ। ਕਿਸੇ ਵੀ ਖੇਡ ਵਿੱਚ ਜਦ ਰੱਫੜ ਬਣ ਜਾਣਾ ਅਖ਼ੀਰ ਨਿਆਂ ਉਹਨੇ ਹੀ ਕਰਨਾ। ਸਾਡੇ ਤੋਂ ਵੱਡੀਆਂ ਜਮਾਤਾਂ ਦੇ ਮੁੰਡੇ ਵੀ ਉਸ ਦਾ ਆਦਰ ਕਰਦੇ ਪਰ ਉਹਦਾ ਆਦਰ ਨਿਰਾ ਇਹਨਾਂ ਗੱਲਾਂ ਤੋਂ ਨਹੀਂ ਸੀ। ਉਹਦਾ ਅਸਲੋਂ ਆਦਰ ਭਾਅ ਇਸ ਗੱਲੋਂ ਵੀ ਸੀ ਕਿ ਉਸ ਸਾਨੂੰ ਸਾਰਿਆਂ ਨੂੰ ਦਮ ਦਰੂਦ ਵੀ ਕਰਨਾ। ਇਨ੍ਹਾਂ ਗੱਲਾਂ ਕਰਕੇ ਸਾਰੇ ਉਹਨੂੰ ਵਲੀ ਅੱਲ੍ਹਾ ਸੱਦਦੇ ਸਨ। ਅਸਲੋਂ ਤਾਂ ਨਾਂ ਉਹਦਾ ਕੁੱਝ ਹੋਰ ਸੀ। ਐਵੇਂ ਕਿਸੇ ਮੁੰਡੇ ਆਪਣਾ ਮੱਥਾ ਅਗਾਂਹ ਕਰ ਦੇਣਾ ਤੇ ਆਖਣਾ, "ਵਲੀ ਅੱਲ੍ਹਾ ਦਮ ਕਰ ਦੇ।" ਵਲੀ ਅੱਲ੍ਹਾ ਬਹੁਤ ਗੰਭੀਰਤਾ ਨਾਲ਼ ਉਹਦੇ ਮੱਥੇ ਉੱਤੇ ਸਹਿਜ ਨਾਲ਼ ਚੂੰਢੀ ਭਰ ਖਲੋ ਜਾਣਾ ਤੇ ਇੱਕ ਦੋ ਪਲ ਮੂੰਹ ਵਿੱਚ ਕੁੱਝ ਪੜ੍ਹ ਕੇ ਫੂਕ ਮਾਰ ਦੇਣੀ। ਕੋਸੇ ਸਾਹ ਦੀ ਫੂਕ ਮੂੰਹ ਉੱਤੇ ਹੌਲ਼ੀ ਜਿਹੇ ਛੁਹਾ ਕੇ ਅੰਦਰ ਨੂੰ ਵੀ ਹੌਲਾ ਜਿਹਾ ਕਰ ਦੇਣਾ। ਮੁੰਡਿਆਂ ਨੂੰ ਇਸ ਗੱਲ ਦਾ ਇੰਨਾ ਸਵਾਦ ਸੀ ਕਿ ਕਈ ਵਾਰ ਭੀੜ ਲੱਗ ਜਾਣੀ ਤੇ ਵਾਰੋ ਵਾਰੀ ਇੱਕ-ਇੱਕ ਕਰਕੇ ਮੁੰਡਿਆਂ ਅਗਾਂਹ ਹੋਣਾ ਤੇ ਦਮ ਕਰਾ ਕੇ ਪਿੱਛੇ ਹਟੀ ਜਾਣਾ। ਬਹੁਤਿਆਂ ਇਸ ਆਸ ਨਾਲ਼ ਕਰਾਉਣਾ ਕਿ ਖ਼ੌਰੇ ਇਸ ਦਮ ਨਾਲ਼ ਸਕੂਲ ਦੀ ਮਾਰ ਤੋਂ ਬਚ ਜਾਈਏ। ਕੁੱਝ ਦੀਆਂ ਹੋਰ ਆਸਾਂ ਵੀ ਹੋਸਨ। ਪਰ ਇੱਕ ਵਿਸਾਹ ਨਿੱਘ ਤੇ ਕੋਸਾ ਜਿਹਾ ਸਾਹ ਸੀ ਵਲੀ ਅੱਲ੍ਹਾ ਦੇ ਦਮ ਵਿੱਚ।

ਹੁਣ ਜਦ ਉਹਨੂੰ ਮਾਰ ਪਈ ਤੇ ਸਾਨੂੰ ਸਾਰਿਆਂ ਨੂੰ ਪੱਕ ਸੀ ਕਿ ਮਾਸਟਰ ਅਲਤਾਫ਼ ਨਹੀਂ ਬਚਣਾ, "ਵਲੀ ਅੱਲ੍ਹਾ ਨੂੰ ਮਾਰਿਆ ਉਸ।" ਉਹੋ ਹੋਇਆ। ਅਗਲੇ ਦਿਨ ਸਕੂਲ ਅਪੜੇ ਤਾਂ ਬੰਦ ਸੀ। ਪਤਾ ਲੱਗਾ ਮਾਸਟਰ ਅਲਤਾਫ਼ ਦੀ ਜ਼ਨਾਨੀ ਮਰ ਗਈ ਏ। ਸਕੂਲੋਂ ਛੁੱਟੀ ਏ। ਹੁਣ ਤਾਂ ਵਲੀ ਅੱਲ੍ਹਾ-ਵਲੀ ਅੱਲ੍ਹਾ ਹੋ ਗਈ। ਅੱਧਾ ਸਕੂਲ ਮਾਸਟਰ ਅਲਤਾਫ਼ ਦੇ ਘਰ ਜਾਵਣ ਦੀ ਥਾ ਵਲੀ ਅੱਲ੍ਹਾ ਦੀ ਖ਼ੈਰ ਖੈਰੀਅਤ ਪੁੱਛਣ ਉਹਦੇ ਘਰ ਤੁਰ ਗਿਆ। ਦਮ ਕਰਾਣ ਵਾਲਿਆਂ ਦੀ ਤਾਂ ਭੀੜ ਹੀ ਨਹੀਂ ਸੀ ਮੁੱਕਦੀ, ਸਗੋਂ ਮੁਹੱਲੇ ਦੀਆਂ ਕੁੱਝ ਜ਼ਨਾਨੀਆਂ ਵੀ ਉਸ ਕੋਲੋਂ ਦਮ ਕਰਾਉਣ ਆਵਣ ਲੱਗ ਪਈਆਂ। ਨਾਲ਼ੇ ਉਸ ਤੋਂ ਮਗਰੋਂ ਵਲੀ ਅੱਲ੍ਹਾ ਨੂੰ ਕਦੀ ਮਾਰ ਵੀ ਨਹੀਂ ਸੀ ਪਈ। ਇਹ ਤਾਂ ਸਾਨੂੰ ਕਈ ਵਰ੍ਹਿਆਂ ਪਿੱਛੋਂ ਖ਼ਬਰ ਹੋਈ ਕਿ ਮਾਸਟਰ ਅਲਤਾਫ਼ ਦੀ ਜ਼ਨਾਨੀ ਨੂੰ ਟੀ. ਬੀ. ਸੀ ਤੇ ਉਹ ਤਾਂ ਪਹਿਲੋਂ ਹੀ ਚੋਖੀ ਬਿਮਾਰ ਸੀ।

ਵਲੀ ਅੱਲ੍ਹਾ ਮੇਰਾ ਜਮਾਤੀ ਹੀ ਨਹੀਂ ਮੁਹੱਲੇਦਾਰ ਵੀ ਸੀ। ਉਹ ਕਦ ਤੋਂ ਮੇਰਾ ਯਾਰ ਬੇਲੀ ਸੀ ਚੇਤੇ ਨਹੀਂ। ਜਾਪਦਾ ਏ ਚਿਰਾਂ ਤੋਂ ਹੀ। ਪਰ ਅਸਲੋਂ ਉਹਦੇ ਨਾਲ਼ ਵਾਕਫ਼ੀ ਦਾ ਮੁੱਢ ਇਹ ਸੀ ਕਿ ਉਹਦਾ ਤੇ ਮੇਰਾ ਪਿਉ ਵੰਡ ਤੋਂ ਮਗਰੋਂ ਹੀ ਬਾਜ਼ਾਰ ਵਿੱਚ ਸ਼ਾਮੀਂ ਤਫ਼ੈਲ ਦਰਜ਼ੀ ਦੀ ਹੱਟੀ ਉੱਤੇ ਬਹਿੰਦੇ ਸਨ। ਮੈਨੂੰ ਚੇਤਾ ਆਉਂਦਾ ਏ ਕਿ ਇੱਕ ਵੱਡਾ ਸਾਰਾ ਲੱਕੜ ਦਾ ਤਖ਼ਤ ਹੋਣਾ ਤੇ ਇੱਕ ਪਾਸੇ ਸਿਲਾਈ ਦੀ ਮਸ਼ੀਨ ਤੇ ਕੋਲਿਆਂ ਵਾਲੀ ਇਸਤਰੀ, ਇਸਤਰੀ ਦੇ ਕੋਲਿਆਂ ਤੋਂ ਹੀ ਹੁੱਕਾ ਤਿਆਰ ਹੁੰਦਾ ਜਾਂ ਫ਼ਿਰ ਹੁੱਕੇ ਦੇ ਕੋਲਿਆਂ ਤੋਂ

ਇਸਤਰੀ। ਇਹ ਕੰਮ ਇੰਜ ਇੱਕ ਦੂਜੇ ਨੂੰ ਧੁਖਾਈ ਰੱਖਦੇ। ਤਫ਼ੈਲ ਦਰਜ਼ੀ ਕਦੇ ਕਿਸੇ ਦਾ ਮਾਪ ਨਹੀਂ ਸੀ ਲੈਂਦਾ। ਉਸ ਬੰਦੇ ਜਾਂ ਬਾਲ ਉੱਤੇ ਇੱਕ ਭਰਵੀਂ ਨਜ਼ਰ ਪਾਉਣੀ ਜਾਂ ਕਦੀ ਕਦਾਰ ਕਿਸੇ ਦੇ ਮੋਢੇ ਉੱਤੇ ਹੱਥ ਰੱਖ ਉਹਨੂੰ ਸਿਰ ਤੋਂ ਪੈਰਾਂ ਤੀਕ ਗਹੁ ਨਾਲ਼ ਤੱਕਣਾ ਤੇ ਆਖਣਾ, "ਪਰਸੋਂ ਆ ਕੇ ਕੱਪੜੇ ਲੈ ਜਾਵੀਂ।" ਸ਼ਾਮੀਂ ਉਥੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਕੇ ਆਏ ਬੰਦੇ ਜੁੜਨ ਲੱਗ ਪੈਣੇ ਤੇ ਅੰਮ੍ਰਿਤਸਰ ਤੇ ਗੁਰਦਾਸਪੁਰ ਦੀਆਂ ਗੱਲਾਂ ਤੋਂ ਦੌਲਤਾਨਾ ਤੋਂ ਲੈ ਅਯੂਬ ਖਾਨ ਤੇ ਭਾਸ਼ਾਨੀ ਤੋਂ ਭੁੱਟੋ ਸਰਕਾਰ ਤੀਕ ਦੀਆਂ ਸਿਆਸਤਾਂ ਆਈਆਂ ਤੇ ਗਈਆਂ। ਕਾਲਿਆਂ ਤੋਂ ਧੌਲ਼ੇ ਆ ਗਏ। ਮੁੜ ਤਫ਼ੈਲ ਦਰਜ਼ੀ ਦੀ ਹੱਟੀ ਬੰਦ ਹੋਈ ਤੇ ਉਥੇ ਮੈਡੀਕਲ ਸਟੋਰ ਖੁੱਲ੍ਹਿਆ। ਅੱਜ ਕੱਲ੍ਹ ਉਥੇ ਸ਼ੀਸ਼ਿਆਂ ਵਾਲੀ ਇੱਕ ਵੱਡੀ ਬੇਕਰੀ ਏ।

ਸਾਡੇ ਸਕੂਲ ਦੀ ਪੜ੍ਹਾਈ ਮੁੱਕੀ ਤੇ ਸਾਨੂੰ ਆਪਣਿਆਂ ਨਤੀਜਿਆਂ ਦੀ ਉਡੀਕ ਸੀ। ਉਦੋਂ ਲਾਹੌਰ ਸ਼ਹਿਰ ਵਿੱਚ ਦਸਵੀਂ ਦਾ ਨਤੀਜਾ ਆਉਣ ਉੱਤੇ ਅਖ਼ਬਾਰਾਂ ਖ਼ਾਸ ਸ਼ੁਮਾਰੇ ਕੱਢਦੀਆਂ ਤੇ ਅਖ਼ਬਾਰ ਵੇਚਣ ਵਾਲੇ ਵਾਜਾਂ ਲਾ ਲਾ ਕੇ ਮੈਟ੍ਰਿਕ ਦਾ ਗਜ਼ਟ ਵੇਚਦੇ। ਜਦ ਮੈਟ੍ਰਿਕ ਦਾ ਗਜ਼ਟ ਆਇਆ ਤੇ ਵਲੀ ਅੱਲ੍ਹਾ ਫੇਲ੍ਹ ਹੋ ਗਿਆ। ਸਾਡੇ ਕਿੰਨੇ ਨੰਬਰ ਆਏ ਜਾਂ ਨਾ ਆਏ ਸਾਨੂੰ ਇਹਦੀ ਖੁਸ਼ੀ ਨਾ ਹੋਈ। ਸਾਥੋਂ ਵਲੀ ਅੱਲ੍ਹਾ ਦੇ ਫੇਲ੍ਹ ਹੋਵਣ ਦਾ ਹਿਰਖ ਹੀ ਨਹੀਂ ਸੀ ਜਰ ਹੁੰਦਾ। ਮੁਹੱਲੇ ਦੇ ਇੱਕ ਥੜ੍ਹੇ ਉੱਤੇ ਅਸੀਂ ਕਿੰਨੀ ਦੇਰ ਹੀ ਚੁੱਪ ਕਰਕੇ ਬੈਠੇ ਰਹੇ। ਉਦੋਂ ਚਾਰ ਅੱਠ ਆਨੇ ਘੰਟੇ ਉੱਤੇ ਕਿਰਾਏ ਦੀ ਸਾਇਕਲ ਲੱਭਦੀ ਸੀ। ਸਾਨੂੰ ਅੰਦਰੋਂ ਅੰਦਰੀਂ ਐਨੀ ਪੀੜ ਸੀ ਕਿ ਅਸੀਂ ਸਾਇਕਲਾਂ ਕਿਰਾਏ ਉੱਤੇ ਲੈ ਸਾਰੇ ਸ਼ਹਿਰ ਦਾ ਗੇੜਾ ਲਾ ਤੇ ਸਾਇਕਲਾਂ ਚਲਾ ਚਲਾ ਫਾਹੇ ਹੋ ਗਏ ਪਰ ਕਰਾਰ ਨਹੀਂ ਸੀ ਪੈਂਦਾ। ਬੰਦ ਰੋਡ ਦੇ ਲਾਗੇ ਤੇ ਇਸ ਤੋਂ ਅੱਗੇ ਆਬਾਦੀ ਨਹੀਂ ਸੀ ਜੁੜੀ। ਘਣੇ ਰੁੱਖ ਤੇ ਪੈਲੀਆਂ ਹੁੰਦੀਆਂ ਸਨ। ਵਿੱਚ-ਵਿੱਚ ਕਿਤੇ ਖੂਹ, ਕੁੱਤਿਆਂ ਦੇ ਭੌਂਕਣ ਤੇ ਟੱਲੀਆਂ ਦੀਆਂ ਵਾਜਾਂ ਆਉਣੀਆਂ। ਅਸੀਂ ਇੱਕ ਖੂਹ ਉੱਤੇ ਜਾ ਕੇ ਬਹਿ ਗਏ। ਫੀਕਾ ਆਪਣੇ ਪਿਉ ਦੀ ਵਡਬਾਇਣ ਦੀ ਸਿਗਰਟਾਂ ਦੀ ਡੱਬੀ ਚੋਰੀ ਕਰਕੇ ਲਿਆਇਆ ਹੋਇਆ ਸੀ। ਅਸਾਂ ਸਾਰਿਆਂ ਸਿਗਰਟਾਂ ਲਾਈਆਂ ਤੇ ਖੰਘ ਖੰਘ ਸਾਹ ਉੱਤੇ ਥੱਲੇ ਹੋ ਗਏ ਪਰ ਕਰਾਰ ਫ਼ਿਰ ਵੀ ਨਾ ਪਿਆ। ਸਾਨੂੰ ਕਿਸੇ ਨੂੰ ਖਿਆਲ ਨਹੀਂ ਸੀ ਕਿ ਕਰਾਰ ਹੁਣ ਕਦੀ ਵੀ ਨਹੀਂ ਆਉਣਾ ਤੇ ਨਾ ਕਦੀ ਪੀੜ ਮੁੱਕਣੀ ਏ।

ਸਾਡੇ ਵਿੱਚੋਂ ਕੁੱਝ ਕਾਲਜਾਂ ਵਿੱਚ ਟੁਰ ਗਏ। ਕੋਈ ਅਚਨਚੇਤ ਕਰਾਚੀ ਤੁਰ ਗਿਆ। ਕਿਸੇ ਨੂੰ ਕਿਸੇ ਦੇ ਪਿਉ ਪਰਦੇਸ ਸੱਦ ਲਿਆ। ਕਿਸੇ ਪਿਉ ਦੀ ਹੱਟੀ ਸਾਂਭ ਲਈ। ਕੋਈ ਬੱਸ ਵਿੱਚ ਕੰਡਕਟਰ, ਕੋਈ ਦਫ਼ਤਰ ਲੱਗ ਗਿਆ। ਇੱਕ ਦੋ ਮੁੰਡੇ ਪਿਛਾਂਹ ਪਿੰਡਾਂ ਨੂੰ ਪਰਤ ਗਏ। ਅਸੀਂ ਦੋ ਚਾਰ ਹੀ ਮਿਲਣ ਵਾਲੇ ਰਹਿ ਗਏ। ਲੱਗਿਆ ਕੁਲ ਜਹਾਨ ਹੀ ਬਦਲ ਗਿਆ ਹੈ। ਵਲੀ ਅੱਲ੍ਹਾ ਦੇ ਪਿਉ ਦੀ ਜਿਲਦਾਂ ਬਣਾਉਣ ਦੀ ਹੱਟੀ ਸੀ। ਹੱਟੀ ਕੀ ਸੀ ਵੱਡੇ ਬਾਜ਼ਾਰ ਇੱਕ ਗਲੀ ਦੀ ਨੁੱਕਰ ਦੇ ਥੜ੍ਹੇ ਉੱਤੇ ਟੀਨ ਤੇ ਲੱਕੜ ਦਾ ਛੱਜਾ ਜਿਹਾ ਸੀ। ਜਿਸ ਉੱਤੇ ਬਾਲਾਂ ਦੇ ਰਸਾਲੇ, ਜਾਸੂਸੀ ਨਾਵਲ, ਸਿਆਸੀ ਤੇ ਹੋਰ ਤਰ੍ਹਾਂ ਤਰ੍ਹਾਂ ਦੇ ਨਵੇਂ ਪੁਰਾਣੇ ਰਸਾਲੇ ਹਰ ਵੇਲੇ ਟੰਗੇ ਰਹਿੰਦੇ ਤੇ ਨਾਲ਼ੋ ਨਾਲ਼ ਜਿਲਦਾਂ ਦਾ ਕੰਮ ਵੀ ਚਲਦਾ ਰਹਿੰਦਾ। ਸ਼ਾਮ ਨੂੰ ਹੱਟੀ ਸਿਆਸਤਾਂ ਮਾਰਨ ਵਾਲਿਆਂ ਦੀ ਬੈਠਕ ਵਿੱਚ ਵਟੀਜ ਜਾਵਣ।

ਵਲੀ ਅੱਲ੍ਹਾ ਦਾ ਪਿਉ ਬੁੱਢਾ ਹੋ ਗਿਆ ਤੇ ਉਹ ਹੱਟੀ ਉੱਤੇ ਆ ਬੈਠਾ। ਜਿਵੇਂ ਇੰਜ ਹੀ ਹੁੰਦਾ ਸੀ ਤੇ ਇੰਜ ਹੀ ਹੋਣਾ ਹੈ। ਨਾਲ਼ ਹੀ ਦੋ ਤਿੰਨ ਭੈਣਾਂ ਜਵਾਨ ਹੋ ਗਈਆਂ ਤੇ ਸਾਨੂੰ ਲੱਗਣਾ ਇਹ ਤਾਂ ਬਹੁਤ ਨਿਮਾਣਾ ਜਿਹਾ ਹੋ ਗਿਆ ਏ ਤੇ ਇਸ ਉੱਤੇ ਤਾਂ ਚੋਖਾ ਭਾਰ ਪੈ ਗਿਆ ਏ। ਫ਼ਿਰ ਮੈਨੂੰ ਵੀ ਆਪਣਾ ਮੁਹੱਲਾ ਛੱਡਣਾ ਪੈ ਗਿਆ। ਸੋਚਿਆ ਤਾਂ ਅਸੀਂ ਵੀ ਨਹੀਂ ਸੀ ਪਰ ਵਲੀ ਅੱਲ੍ਹਾ ਵਾਂਗਰ ਇਹ ਵੀ ਜਬਰੀਂ ਹੀ ਹੋਇਆ।

ਵਰ੍ਹੇ ਛਿਮਾਹੀ ਪੁਰਾਣੇ ਮੁਹੱਲੇ ਫ਼ਿਰਾ ਲੱਗਦਾ ਤਾਂ ਮੈਂ ਵਲੀ ਅੱਲ੍ਹਾ ਦੀ ਹੱਟੀ ਜ਼ਰੂਰ ਜਾਂਦਾ। ਉਹਦੇ ਇੱਕਦਮ ਚਿੱਟੇ ਆ ਗਏ ਸਨ ਤੇ ਉਹ ਪਹਿਲਾਂ ਤੋਂ ਵੀ ਮਧਰਾ ਤੇ ਹੌਲਾ ਹੋ ਗਿਆ ਸੀ। ਸਿਰ ਉੱਤੇ ਟੋਪੀ ਵੀ ਹੋਰ ਹੀ ਮੈਲੀ ਹੋ ਗਈ ਸੀ। ਪਿਉ ਉਹਦਾ ਮੰਜੀ ਨਾਲ਼ ਲੱਗ ਗਿਆ। ਭੈਣਾਂ ਇੱਕ ਦੋ ਵਿਆਹ ਦਿੱਤੀਆਂ ਤੇ ਇੱਕ ਦੋ ਸ਼ੌਰੇ ਰਹਿ ਗਈਆਂ ਸਨ। ਉਹਦਾ ਆਪਣਾ ਵੀ ਵਿਆਹ ਹੋ ਗਿਆ ਤੇ ਬਾਲ ਸਨ। ਲਾਹੌਰ ਸ਼ਹਿਰ ਦਾ ਉਹ ਪੁਰਾਣਾ ਮੁਹੱਲਾ ਤੇ ਬਾਜ਼ਾਰ ਵੀ ਬਦਲ ਗਿਆ ਸੀ। ਜ਼ਮੀਨਾਂ ਦੇ ਭਾਅ ਚੜ੍ਹ ਗਏ ਸਨ। ਬਾਜ਼ਾਰ ਵਿੱਚ ਚੋਖੀ ਭੀੜ ਹੋ ਜਾਂਦੀ। ਜਦੋਂ ਮੈਂ ਜਾਂਦਾ ਆਲੇ ਦਵਾਲੇ ਇੱਕ ਦੋ ਨਵੀਆਂ ਹੱਟੀਆਂ ਲੱਭਦੀਆਂ। ਜੇ ਕੋਈ ਸ਼ੈ ਨਹੀਂ ਬਦਲੀ ਸੀ ਤੇ ਉਹ ਸੀ ਉਹਦੀ ਹੱਟੀ। ਉਹਦੇ ਮਕਾਨ ਦਾ ਵੀ ਰੱਫੜ ਪੈ ਗਿਆ। ਵੰਡ ਮਗਰੋਂ ਉਹਦੇ ਪਿਉ ਮਕਾਨ ਦੀ ਇੱਕ ਉਤਲੀ ਮੰਜ਼ਲ ਮੱਲੀ ਸੀ ਤੇ ਹੇਠਾਂ ਕੋਈ ਹੋਰ ਰਹਿੰਦਾ ਰਿਹਾ। ਚਿਰਾਂ ਤੋਂ ਮੁਕੱਦਮੇਬਾਜ਼ੀ ਚਲਦੀ ਪਈ ਸੀ। ਉਹ ਬਹੁਤ ਘਾਬਰਿਆ ਹੋਇਆ ਸੀ। ਹੱਟੀ ਦਾ ਵੀ ਰੌਲ਼ਾ ਸੀ। ਪੁਰਾਣੀ ਤੁਅੱਲਕਦਾਰੀ ਹੇਠ ਜਿਹੜੀਆਂ ਸ਼ੈਵਾਂ ਤੇ ਥਾਵਾਂ ਜੁੜੀਆਂ ਸਨ, ਪੈਸੇ ਦੀ ਨਵੀਂ ਮਾਰ ਹੇਠ ਫੀਤਿਓ ਫੀਤੀ ਹੁੰਦੀਆਂ ਪਈਆਂ ਸਨ। ਮੈਂ ਉਹਦੇ ਕੋਲ ਬੈਠਾ ਤੇ ਪੁਰਾਣੀਆਂ ਗੱਲਾਂ ਹੋਵਣ ਲੱਗ ਪੈਣੀਆਂ। ਨਿੱਕੀ ਜਿਹੀ ਸੀ ਹੱਟੀ ਉਹਦੀ। ਮੈਨੂੰ ਸਟੂਲ ਉੱਤੇ ਬਹਾ ਉਹਨੇ ਚਾਹ ਦਾ ਆਖ ਦੇਣਾ। ਸ਼ੀਸ਼ੇ ਦੇ ਗਲਾਸ ਵਿੱਚ ਚਾਹ ਆਉਣੀ ਤੇ ਹੇਠਾਂ ਨਿੱਕੀ ਜਿਹੀ ਪਿਆਲੀ ਹੋਣੀ। ਪਿਆਲੀ ਵਿੱਚ ਅੱਧੀ ਚਾਹ ਪਾ ਉਸ ਮੈਨੂੰ ਗਲਾਸ ਦੇ ਦੇਣਾ ਤੇ ਫ਼ਿਰ ਮੁਹੱਲੇ ਦੀ ਕਿਤਾਬ ਖੋਲ੍ਹ ਸੁਣਾਈ ਜਾਣੀ।

"ਵਰ੍ਹਾ ਹੋ ਗਿਆ ਏ ਫਰੀਦਾ ਨੂੰ ਘਰ ਆ ਕੇ ਬੈਠੀ ਹੋਈ ਨੂੰ। ਇੱਕ ਦਿਨ ਆਈ ਸੀ, ਤਿੰਨ ਬਾਲ ਹਨ। ਤੇਰਾ ਪੁੱਛੇ। ਮੈਂ ਆਖਿਆ, ਮੈਨੂੰ ਨਹੀਂ ਪਤਾ। ਲਾਲੀ ਹੋਰੀਂ ਆਪਣਾ ਮਕਾਨ ਵੇਚ ਡੀਫੈਂਸ ਚਲੇ ਗਏ ਹਨ। ਉਥੇ ਸੁਣਿਆ ਏ ਬੜੀ ਵੱਡੀ ਕੋਠੀ ਪਾਈ ਏ। ਪਿਉ ਨੇ ਲੱਗਦਾ ਏ ਲੰਮਾ ਹੱਥ ਮਾਰਿਆ ਏ। ਕਾਲਾ ਅਜੇ ਵੀ ਪ੍ਰੈਸ ਵਿੱਚ ਓਪਰੇਟਰ ਏ ਤੇ ਉਥੇ ਈ ਉਹਨੇ ਰਹਿਣਾ ਏ। ਫੀਕੇ ਸੈਨਟਰੀ ਦਾ ਕੰਮ ਕਰ ਲਿਆ ਏ ਤੇ ਉਹਦੀ ਜ਼ਨਾਨੀ ਉਸਤਾਨੀ ਏ। ਉਹਨੂੰ ਸਾਹ ਨਹੀਂ ਲੈਣੀ ਦੇਂਦੀ। ਜੀਭ ਤਾਂ ਉਹਦੇ ਮੂੰਹ ਵਿੱਚ ਪਹਿਲੇ ਵੀ ਨਹੀਂ ਸੀ। ਸੁੱਕੀ ਨੂੰ ਹੈਰੋਇਨ ਲੱਗ ਗਈ ਏ। ਪਕੌੜੇ ਸੁਨਿਆਰਿਆਂ ਦੇ ਮੁੰਡੇ ਨੂੰ ਛੁਰੀ ਮਾਰ ਦਿੱਤੀ ਸੀ ਤੇ ਉਹ ਦੋ ਮਹੀਨੇ ਜੇਲ੍ਹ ਕੱਟ ਕੇ ਆਇਆ ਏ। ਨੀਫੇ ਦੀ ਮੱਛੀ ਦੀ ਹੱਟੀ ਵਾਹਵਾ ਚੱਲ ਪਈ ਏ। ਸਭ ਤੋਂ ਪੁਰਾਣਾ ਜੋ ਸੀ। ਦੁੱਲਾ ਅਜੇ ਸੈੱਟ ਨਹੀਂ ਹੋਇਆ। ਬਦਮਾਸ਼ੀ ਤਾਂ ਉਸ ਛੱਡ ਦਿੱਤੀ ਪਰ ਕੰਮ ਕੋਈ ਨਹੀਂ ਉਹਦੇ ਕੋਲ। ਹੁਣ ਆਖ ਰਿਹਾ ਸੀ ਕੁੱਕੜੀਆਂ ਲਿਆ ਕੇ ਵੇਚ ਲਾਂਗਾ। ਇਫ਼ਤਖ਼ਾਰ ਆਲਮੀ ਬੈਂਕ ਵਿੱਚ ਵੱਡਾ ਅਫ਼ਸਰ ਹੋ ਗਿਆ ਏ।"

ਕਿੰਨੀਆਂ ਈ ਗੱਲਾਂ ਹੋਣੀਆਂ ਤੇ ਮੁੱਕ ਜਾਣੀਆਂ। ਫ਼ਿਰ ਮੈਨੂੰ ਕਿੰਨਾ ਹੀ ਚਿਰ ਹੋ ਗਿਆ ਤੇ ਮੇਰਾ ਉਸ ਵੱਲ ਫ਼ਿਰਾ ਨਾ ਲੱਗਾ। ਇੱਕ ਦਿਨ ਐਵੇਂ ਪੁਰਾਣੇ ਮੁਹੱਲਿਓਂ ਲੰਘਦੇ ਮੈਂ ਵਲੀ ਅੱਲ੍ਹਾ ਦੀ ਹੱਟੀ ਆਇਆ ਤੇ ਹੱਟੀ ਮੈਨੂੰ ਨਜ਼ਰ ਨਾ ਆਈ। ਇਸ ਸ਼ਹਿਰ ਦੀਆਂ ਥਾਵਾਂ ਇੰਜ ਬਦਲਦੀਆਂ ਹਨ ਜਿਵੇਂ ਨਵੇਂ ਅਮੀਰ ਸਾਕ। ਥੋੜ੍ਹਾ ਮੈਂ ਗੌਰ ਕੀਤਾ ਤੇ ਉਥੇ ਹੁਣ ਜੁੱਤੀਆਂ ਵਿਕਦੀਆਂ ਪਈਆਂ ਸਨ ਤੇ ਇੱਕ ਹੋਰ ਹੀ ਬੰਦਾ ਬੈਠਾ ਸੀ। ਕਈ ਜ਼ਨਾਨੀਆਂ ਤੇ ਬਾਲ ਖ਼ਰੀਦਾਰੀ ਲਈ ਖੜ੍ਹੇ ਸਨ। ਵਲੀ ਅੱਲ੍ਹਾ ਦੀ ਹੱਟੀ ਤਾਂ ਕਦੀ ਐਨੀ ਭੀੜ ਨਹੀਂ ਹੋਈ ਸੀ। ਮੈਂ ਇੱਕ ਦੋ ਵਾਰ ਉਹਨੂੰ ਵਲੀ ਅੱਲ੍ਹਾ ਦਾ ਪੁੱਛਿਆ ਪਰ ਉਹਨੇ ਕੋਈ ਜਵਾਬ ਨਾ ਦਿੱਤਾ ਸਗੋਂ ਉਹ ਖਿਝ ਗਿਆ ਕਿ ਉਹਦੇ ਕੋਲ ਅਜੇ ਵਿਹਲ ਨਹੀਂ, ਨਾਲ਼ੇ ਤੁਸੀਂ ਕਿਹਦਾ ਪੁੱਛਦੇ ਪਏ ਹੋ। ਕਈ ਹੱਟੀਆਂ ਤੋਂ ਪੁੱਛਣ ਮਗਰੋਂ ਅਖ਼ੀਰ ਮੈਨੂੰ ਬਸ਼ੀਰ ਮਾਮ (ਹਮਾਮ) ਦਾ ਚੇਤਾ ਆਇਆ। ਜਦ ਸਦਰ ਆਯੂਬ ਦੇ ਖਿਲਾਫ਼ ਪਹਿਲੀ ਲੋਕ ਲਹਿਰ ਉੱਠੀ ਤਾਂ ਪੂਰੇ ਬਾਜ਼ਾਰ ਵਿੱਚ ਉਸ ਸਭ ਤੋਂ ਪਹਿਲਾਂ ਭੁੱਟੋ ਦੀ ਵੱਡੀ ਸਾਰੀ ਫੋਟੋ ਆਪਣੀ ਹੱਟੀ ਲਾਈ ਸੀ। ਇਸਲਾਮੀ ਧੜੇ ਦੇ ਜਮਾਤੀ ਇੱਕ ਵਾਰੀ ਉਹਦੇ ਮਾਮ ਨੂੰ ਭੰਨਣ ਆ ਗਏ ਤੇ ਉਹ ਮਾਮ ਅੱਗੇ ਨੰਗਾ ਉਸਤਰਾ ਫੜ ਇਕੱਲਾ ਖਲੋ ਗਿਆ ਤੇ ਕੋਈ ਉਹਦੇ ਨੇੜੇ ਨਾ ਆਇਆ। ਇਸ ਗੱਲ ਉੱਤੇ ਉਹਦੀ ਬਾਜ਼ਾਰ ਵਾਹਵਾ ਧੁੰਮ ਪਈ ਸੀ ਸਗੋਂ ਇੱਕ ਵਾਰੀ ਪਹਿਲੀਆਂ ਆਮ ਚੋਣਾਂ ਵਿੱਚ ਉਥੋਂ ਲੰਘਦੇ ਭੁੱਟੋ ਸਾਹਿਬ ਬਸ਼ੀਰੇ ਮਾਮ ਤੇ ਬਾਜ਼ਾਰ ਦੇ ਦੂਜੇ ਬੰਦਿਆਂ ਨਾਲ਼ ਇੱਕ ਫੋਟੋ ਖਿਚਵਾਈ ਸੀ, ਜਿਹੜੀ ਅਜੇ ਤੀਕ ਬਸ਼ੀਰੇ ਮਾਮ ਲਾਈ ਹੋਈ ਏ। ਪਰ ਹੁਣ ਬਸ਼ੀਰਾ ਬਹੁਤ ਬੁੱਢਾ ਹੋ ਗਿਆ ਸੀ। ਬਹੁਤਾ ਕੰਮ ਤਾਂ ਮੁੰਡੇ ਹੀ ਕਰਦੇ ਸਨ ਤੇ ਉਹ ਆਪੋਂ ਬਸ ਗਾਹਕਾਂ ਨੂੰ ਤੌਲੀਏ ਤੇ ਸਾਬਣ ਹੀ ਫੜਾਉਂਦਾ। ਮੈਂ ਆਖਿਆ, "ਮੈਨੂੰ ਸਿਹਾਣਿਆ ਈ ?" ਉਹ ਆਖਣ ਲੱਗਾ, "ਤੂੰ ਸੌ ਵਰ੍ਹਿਆਂ ਮਗਰੋਂ ਵੀ ਆਏਂ ਤੇ ਸੰਜਾਣ ਲਵਾਂਗਾ। ਤੀਹ ਵਰ੍ਹੇ ਤੋਂ ਵਾਲ ਕਟਾਵਣ ਆਂਦਾ ਰਿਹਾ ਏ।"

ਵਲੀ ਅੱਲ੍ਹਾ ਦੇ ਪੁੱਛਣ ਉੱਤੇ ਉਹਦੀਆਂ ਅੱਖਾਂ ਵਿੱਚ ਚਮਕ ਆਈ। "ਤੂੰ ਕਿੰਨੇ ਚਿਰ ਮਗਰੋਂ ਆਇਆ ਏਂ ? ਮਕਾਨ ਦਾ ਮੁਕੱਦਮਾ ਤਾਂ ਉਹ ਹਾਰ ਗਿਆ ਸੀ, ਅਗਲਿਆਂ ਉਹਦਾ ਸਾਮਾਨ ਕੱਢ ਬਾਹਰ ਸੁੱਟ ਦਿੱਤਾ।" ਫ਼ਿਰ ਉਹ ਦੱਸਣ ਲੱਗ ਪਿਆ। "ਮੁਹੱਲੇ ਦਾ ਇੱਕ ਵਡੱਕਾ ਤੇ ਕੰਨ ਟੁੱਟ ਸੁਣਿਆ ਏ, ਦੂਜੇ ਪਾਸੇ ਸਨ ਜਾਂ ਫ਼ਿਰ ਉਨ੍ਹਾਂ ਪੈਸਾ ਖਾਧਾ ਹੋਣਾ ਏ। ਫ਼ਿਰ ਵੀ ਬੋਲਿਆ ਕੋਈ ਨਾ। ਇੱਕ ਐਵੇਂ ਜਿਹੀ ਹੱਟੀ ਸੀ ਇਸ ਦਾ ਕੁੱਝ ਲੈ ਲਵਾ ਕੇ ਸੁਣਿਆ ਏ ਟਾਊਨਸ਼ਿਪ ਲਾਗੇ ਕੋਈ ਥਾਂ ਏ। ਕੋਈ ਨਵੀਂ ਥਾਂ ਏ। ਅਜੇ ਜੁੜੀ ਨਹੀਂ।" ਪੂਰਾ ਪਤਾ ਬਸ਼ੀਰੇ ਕੋਲ ਵੀ ਨਹੀਂ ਸੀ। ਆਖਦਾ ਸੀ, "ਪੰਜਾਹ ਵਰ੍ਹੇ ਮੈਂ ਏਥੇ ਲੰਘਾਈ ਤੁਸਾਂ ਚੰਗੀ ਨਾ ਕੀਤੀ।"

ਫ਼ਿਰ ਬਸ਼ੀਰਾ ਖਿਝ ਕੇ ਬੋਲਣ ਲੱਗ ਪਿਆ। "ਮੈਂ ਤਾਂ ਆਪ ਬੁੱਢਾ ਆਂ। ਮੈਂ ਕੀ ਕਰਾਂ ? ਨਾਲ਼ੇ ਆਪੋਧਾਪੀ ਏ। ਮੈਂ ਆਪ ਬੜੀ ਮੁਸ਼ਕਿਲ ਨਾਲ਼ ਇਹ ਥਾਂ ਬਚਾਈ ਏ। ਇਹਨੂੰ ਵੀ ਪੈ ਗਏ ਸਨ। ਪਤਾ ਨਹੀਂ ਪੁੱਠੇ ਸਿੱਧੇ ਕਾਗ਼ਜ਼ ਬਣ ਜਾਂਦੇ ਨੇ। ਸੋਨੇ ਵਰਗੀ ਜ਼ਮੀਨ ਏ ਬੇਰੀ। ਸੋਨੇ ਵਰਗੀ।" ਉਹ ਮੈਨੂੰ ਨਿੱਕਿਆਂ ਹੁੰਦਿਆਂ ਦੇ ਨਾਂ ਤੋਂ ਸਦਦਾ ਗੱਲਾਂ ਸੁਣਾਂਦਾ ਰਿਹਾ।

"ਮੈਂ ਵਲੀ ਅੱਲ੍ਹਾ ਦੇ ਪਿਉ ਨੂੰ ਆਖਿਆ ਸੀ ਇੱਕ ਦੋ ਮਰਲੇ ਲੈ ਛੱਡ। ਕੌਡੀਆਂ ਭਾ ਮਿਲਦੀ ਸੀ। ਪਰ ਉਹਨੂੰ ਸਿਆਸਤਾਂ ਤੋਂ ਵਿਹਲ ਤਾਂ ਮਿਲਦੀ। ਬੜਾ ਆਸ਼ਕ ਸੀ ਅਵਾਮੀ ਸਰਕਾਰ ਤੇ ਭੁੱਟੋ ਦਾ। ਬੜਾ ਚਾਅ ਸੀ ਉਹਨੂੰ ਮੇਰੇ ਵਾਂਗਰ। ਕੀ ਕੀਤਾ ਅਵਾਮੀ ਸਰਕਾਰ ?"

ਮੇਰੇ ਕੋਲੋਂ ਬਸ਼ੀਰੇ ਦੀਆਂ ਗੱਲਾਂ ਸੁਣ ਨਾ ਹੋਈਆਂ। ਮੈਂ ਉਹਦੇ ਕੋਲੋਂ ਉਠ ਆਇਆ। ਲੱਗਦਾ ਏ ਵਲੀ ਅੱਲ੍ਹਾ ਗਵਾਚ ਗਿਆ ਏ। ਉਂਜ ਤਾਂ ਕੋਈ ਗੱਲ ਨਹੀਂ ਪਰ ਐਵੇਂ ਕਦੀ ਕਦੀ ਸਿਆਲ ਨੂੰ ਜਦੋਂ ਬਹੁਤੀ ਠੰਡ ਹੁੰਦੀ ਏ, ਮੈਂ ਸਵੇਰੇ ਕੰਮ ਨੂੰ ਜਾਂਦੇ ਮਾਰ ਦੇ ਡਰ ਤੋਂ ਆਪਣਾ ਧੌਲਿਆਂ ਆਲਾ ਸਿਰ ਵਲੀ ਅੱਲ੍ਹਾ ਅੱਗੇ ਕਰ ਦੇਨਾ ਵਾਂ ਤੇ ਆਹਨਾਂ:

"ਲੈ ਵਲੀ ਅੱਲ੍ਹਾ ਦਮ ਕਰ ਦੇ।"

# ਮੁਰਦਾ ਤਾਰੀ

ਫ਼ਿਰ ਇਹ ਹੋਇਆ ਪਈ ਉਹ ਘਰ ਚੇਤੇ ਵਿੱਚ ਈ ਰਹਿ ਗਿਆ, ਸੁਫ਼ਨਿਆਂ ਵਿੱਚ ਈ, ਉਹਨੂੰ ਮੋਇਆਂ ਦੇ ਸੁਫ਼ਨੇ ਆਉਣੇ ਤਾਂ ਉਹੋ ਘਰ ਹੋਣਾ, ਜਿਊਂਦਿਆਂ ਦੇ ਤਾਂ ਵੀ ਉਹੋ, ਸਾਰੀਆਂ ਵਾਪਰੀਆਂ ਉਸੇ ਘਰ ਸਾਹਮਣੇ, ਗੁਆਂਢ ਦੀਆਂ ਗਲੀਆਂ ਵਿੱਚ, ਜਾਂ ਆਲ ਦੁਵਾਲ ਈ ਹੋਣੀਆਂ, ਕਈ ਥਾਵਾਂ ਬਦਲੀਆਂ ਉਸ, ਕਈ ਘਰਾਂ ਵਿੱਚ ਰਿਹਾ, ਪ੍ਰਦੇਸ ਵੀ ਫ਼ਿਰ ਆਇਆ ਪਰ ਪ੍ਰਦੇਸ ਦੇ ਸੁਫ਼ਨਿਆਂ ਵਿੱਚ ਵੀ ਉਹੋ ਘਰ ਤੇ ਗਲੀਆਂ ਸਨ। ਉਸ ਘਰ ਵਿੱਚ ਬਿਤਾਏ 21 ਸਾਲ ਹਯਾਤੀ ਦੇ, ਉਹਦੇ ਸਾਰੇ ਵਰ੍ਹਿਆਂ ਨੂੰ ਖਾ ਗਏ। ਪਰ ਅਸਲ ਦੁਖਾਂਤ ਇਹ ਵੇ ਪਈ ਉਹ ਉਹਦਾ ਘਰ ਨਹੀਂ ਸੀ ਤੇ ਇਸੇ ਪਾਰੋਂ ਛੱਡਣਾ ਵੀ ਪਿਆ।

ਕਈ ਵਰ੍ਹੇ ਉਸ ਘਰੋਂ ਵੀ ਨਿਕਲਣ ਮਗਰੋਂ ਉਹ ਮੁੜ ਨਾ ਪਰਤਿਆ, ਰਹਿੰਦੇ ਉਹਨੂੰ ਬੁਲਾਉਂਦੇ ਰਹੇ ਫ਼ਿਰ ਉਹ ਆਪ ਵੀ ਨਾ ਰਹੇ, ਨਵਾਂ ਆਇਆ ਵੀ ਨਾ ਰਿਹਾ। ਫ਼ਿਰ ਇੱਕ ਹੋਰ ਆਇਆ ਤੇ ਉਹ ਵੀ ਨਾ ਰਿਹਾ ਤੇ ਅਖ਼ੀਰ ਮੁੜ ਜਿਹੜਾ ਆਇਆ ਉਸ ਘਰ ਢਾਹ ਕੇ ਨਵਾਂ ਉਸਾਰਿਆ। ਸਾਢੇ ਛੇ ਮਰਲੇ ਦੇ ਘਰ ਨੂੰ ਇੰਜ ਬਣਾਇਆ ਪਈ ਉਸ 'ਚੋਂ 20 ਮਰਲੇ ਜਿੰਨੀ ਥਾਂ ਕੱਢ ਲਈ, ਕਈ ਮੰਜ਼ਿਲਾ, ਵੱਡਾ ਗੇਟ ਲਾ ਕੇ, ਸੋਹਣਾ ਨਕਸ਼ਾ ਬਣਾ ਕੇ ਉਹਨੇ ਘਰ ਤੱਕਿਆ ਤੇ ਉਹਦੇ ਧੁਰ ਅੰਦਰ ਅਚੇਤ ਸੁੱਤੀ, ਸਦਾ ਦੀ ਜਾਣੂੰ ਪੀੜ ਜਾਗ ਪਈ। ਉਹਨੇ ਠੰਢਾ ਸਾਹ ਭਰਿਆ।

ਪੁਰਾਣਾ ਉੱਕਾ ਹੋਰ ਸੀ, ਥੱਲੇ ਤਿੰਨ ਕਮਰੇ ਸਨ, ਇੱਕ ਪਾਸੇ ਰਸੋਈ, ਨਿੱਕਾ ਜਿਹਾ ਵਿਹੜਾ ਤੇ ਦੂਜੀ ਮੰਜ਼ਿਲ ਨੂੰ ਜਾਂਦੀਆਂ ਪੌੜੀਆਂ, ਹੇਠ ਗ਼ੁਸਲਖ਼ਾਨਾ। ਟੱਟੀ ਪਿਸ਼ਾਬ ਲਈ ਥਾਂ ਸੀ ਧੁਰ ਕੋਠੇ, ਦੂਜੀ ਮੰਜ਼ਲ ਸੱਜੇ ਪਾਸੇ ਸੀ। ਇੱਕ ਵੱਡਾ ਕਮਰਾ ਤੇ ਖੱਬੇ ਮੁੜ ਰਸੋਈ ਤੇ ਇੱਕ ਨਿੱਕਾ ਕਮਰਾ।

ਨਵੇਂ ਘਰ ਨੂੰ ਤੱਕਦੇ ਉਹਦੇ ਚਿੱਤ ਵਿੱਚ ਸੀ ਪੁਰਾਣਾ ਈ, ਉਹ ਨਵੇਂ ਨੂੰ ਪੁਰਾਣੇ ਰਾਹੀਂ ਈ ਸੀ ਵੇਹੰਦਾ ਪਿਆ ਤੇ ਜਦ ਉਹ ਨਵੇਂ ਦੀ ਥਾਂ ਪੁਰਾਣੇ ਨੂੰ ਈ ਚਿਤਾਰੀ ਗਿਆ ਤਾਂ ਮੁੜ ਹੋਰ ਦੁਖੀ ਹੋ ਗਿਆ। ਅੱਜ ਕਿੰਨੇ ਈ ਵਰ੍ਹਿਆਂ ਮਗਰੋਂ ਸ਼ਹਿਰ ਵਿੱਚ ਰਹਿੰਦੇ ਆਪਣੇ ਜੱਦੀ ਮੁਹੱਲੇ ਪੁਰਾਣੇ ਘਰ ਨੂੰ ਵੇਖਣ ਈ ਤਾਂ ਆਇਆ ਸੀ ਉਹ।

ਸਾਡਾ ਦੁਖਾਂਤ ਈ ਇਹ ਵੇ ਪਈ ਆਪਣੀ ਥਾਂ ਤੇ ਰਹਿਣ ਨਹੀਂ ਦਿੱਤਾ ਜਾਂਦਾ ਸਾਨੂੰ, ਜਿੱਥੇ ਰਹਿਣੇ ਆਂ, ਜਿੱਥੇ ਜੰਮਣੇ ਆਂ ਅਸੀਂ, ਜਿੱਥੋਂ ਦੇ ਸੁਫ਼ਨੇ ਅੱਖਾਂ ਦੇ ਚੇਤੇ ਵਿੱਚ ਸਦਾ ਜਗਦੇ ਘਰ ਬਣਾ ਬਹਿ ਜਾਂਦੇ ਨੇਂ। ਪੈਂਦ ਨੀਲ ਅਸਮਾਨ ਹਾਰ ਹੁੰਦਾ ਏ ਜਿਹਨੂੰ ਵੇਲਾ

ਘਸਮੈਲ਼ਾ ਕਰ ਦਿੰਦਾ ਏ ਪਰ ਯਾਦ ਉਸ ਨੂੰ ਸਲੇਟੀ ਸ਼ਾਮ ਬਣਾ ਦਿੰਦੀ ਏ। ਸੁਫ਼ਨੇ ਤੇ ਅਸਲ ਵਿਚਕਾਰ ਕੋਈ ਹੋਰ ਮੁਕਾਮ ਏ ਜਿੱਥੇ ਅਸੀਂ ਜਿਉਂਦੇ ਮਰਦੇ ਰਹਿੰਦੇ ਆਂ।

ਥੋੜ੍ਹਾ ਚਿਰ ਈ ਹੋਇਆ ਏ ਮੀਂਹ ਮੁੱਕਿਆ ਏ। ਪਰ ਤਰਿੱਖੀ ਝੁੱਲਦੀ ਹਵਾ ਵਿੱਚ ਅਜੇ ਵੀ ਪਾਣੀ ਦਾ ਹੱਥ ਏ ਜਿਹੜੀ ਉਹਦੇ ਮੂੰਹ ਨੂੰ ਵੱਜਦੀ, ਜ਼ਰਾ ਜਿਹਾ ਸਿੱਲ੍ਹਾ ਕਰਦੀ ਵਗੀ ਲੱਗੀ ਜਾਂਦੀ ਏ।

ਸਾਰਾ ਜਹਾਨ ਈ ਬਦਲ ਗਿਆ ਏ, ਬਦਲਦਾ ਲੱਗੀ ਜਾਂਦਾ ਏ। ਮੋਕਲੀਆਂ ਗਲੀਆਂ ਸੌੜੀਆਂ ਹੁੰਦੀਆਂ ਜਾਂਦੀਆਂ ਨੇਂ ਤੇ ਸੌੜੀਆਂ ਅੱਤ ਸੌੜੀਆਂ, ਸਾਰੇ ਪੁਰਾਣੇ ਘਰ ਢਹਿੰਦੇ, ਨਵੇਂ ਉੱਸਰਦੇ ਪਏ ਨੇਂ। ਗਲੀਆਂ ਉੱਚੀਆਂ ਹੋ ਗਈਆਂ ਨੇਂ ਤੇ ਪੁਰਾਣੇ ਘਰ ਨਵੇਂ ਤੇ ਨਵੇਂ ਹੋਰ ਉੱਚੇ। ਦੋ-ਦੋ ਚਾਰ ਮਰਲੇ ਵਾਲਿਆਂ ਦੇ ਤਾਂ ਘਰ ਈ ਗ਼ੈਬ ਹੋ ਗਏ ਨੇਂ, ਜਿਨ੍ਹਾਂ ਘਰਾਂ 'ਚੋਂ ਅਨ-ਝੱਕ ਆਈ-ਜਾਈ ਦਾ ਸੀ, ਕਿੰਨੇ ਓਪਰੇ, ਕਿੰਨੇ ਦੁਰਾਡੇ ਤੇ ਅੱਪੜ ਤੋਂ ਬਾਹਰੇ ਜਾਪਦੇ ਨੇਂ। ਚੁੱਪ ਗਲੀ ਵਿੱਚ ਪਾਣੀ ਨਾਲ਼ ਭਿੱਜੀ ਹਵਾ ਸ਼ਾਂ-ਸ਼ਾਂ ਕਰਦੀ ਝੁੱਲੀ ਜਾਂਦੀ ਏ, ਐਵੇਂ ਕੋਈ ਮੋਟਰਸੈਕਲ ਜਾਂ ਗੱਡੀ ਪਾਣੀ ਦੇ ਸ਼ਰਲਾਟੇ ਮਾਰਦੀ ਕੋਈ ਮੋੜ ਮੁੜਦੀ, ਮੁਹੱਲਿਆਂ ਦੇ ਪੁਰਾਣੇ ਫੇਰੀ ਬਾਜ਼ ਅੱਜ ਖ਼ੌਰੇ ਕਿੱਥੇ ਚਲੇ ਗਏ ਨੇਂ।

ਗਲੀ ਤੋਂ ਪਹਿਲੇ ਮੋੜ ਉੱਤੇ ਜ਼ਰਾ ਵੱਡੀ ਸੜਕ ਹੁਣ ਬਜ਼ਾਰ ਬਣਦੀ ਜਾਂਦੀ ਏ, ਪਹਿਲੇ ਤਾਂ ਬਰਗਰ ਲਾਉਣ ਆਲਾ ਆਇਆ, ਫ਼ਿਰ ਮੋਟਰਸੈਕਲਾਂ ਠੀਕ ਕਰਨ ਦੀ ਨਿੱਕੀ ਮਕੈਨਿਕ ਸ਼ਾਪ, ਮੁੜ ਗੱਡੀਆਂ ਦੀ ਵਰਕਸ਼ਾਪ ਤੇ ਫ਼ਿਰ ਪਰਚੂਨ ਦੀ ਹੱਟੀ, ਫ਼ਿਰ ਕਾਪੀ ਪੈਨਸਿਲਾਂ ਦੀ ਹੱਟੀ ਤੇ ਜਦ ਪਾਣ ਸਿਗਰਟ ਦਾ ਖੋਖਾ ਬਣਿਆ ਤੇ ਗਲੀ ਦਾ ਮੁੰਡੀਕ ਸਦਾ ਉੱਥੇ ਨਜ਼ਰ ਆਉਣ ਲੱਗ ਪਿਆ। ਪਰ ਇਹ ਸਾਡੇ ਘਰ ਛੱਡਣ ਤੋਂ ਕਈ ਵਰ੍ਹੇ ਪਿੱਛੋਂ ਦੀ ਗੱਲ ਏ। ਕਈ ਵਰ੍ਹੇ ਪਿੱਛੋਂ ਦੀ ਉਦੋਂ ਮੁਹੱਲੇ ਵਿੱਚ ਇੱਕ ਅੱਧ ਹੱਟੀ ਹੋਣੀ ਤੇ ਉੱਥੋਂ ਈ ਸਾਰੇ ਸੌਦੇ ਲੱਭਣੇ, ਸੂਈ ਤੋਂ ਲੈ ਕੇ ਸਿਗਰਟ ਤੀਕ।

ਇੱਕ ਬਹੁੰ ਪੁਰਾਣੀ ਸਭ ਤੋਂ ਸਸਤੀ ਗੱਡੀ ਰਮਕੇ-ਰਮਕੇ ਤੁਰਦੀ ਜਿਵੇਂ ਖਲੋਣ ਲੱਗੀ ਹੋਵੇ ਪਰ ਮੁੜ ਬਹੁੰ ਹੌਲ਼ੀ ਹੁੰਦੀ ਉਹਦੇ ਕੋਲੋਂ ਲੰਘ ਜਾਂਦੀ ਏ। ਅੱਗੇ ਇੱਕ ਗੱਭਰੂ ਮੁੰਡਾ ਤੇ ਉਹਦੀ ਵਹੁਟੀ ਬੈਠੀ ਏ ਤੇ ਪਿੱਛੇ ਦੋ ਬਾਲ ਤੇ ਮਾਈ ਜਿਹੀ ਇੱਕ ਜ਼ਨਾਨੀ ਦਾ ਉਹਨੂੰ ਝੌਲ਼ਾ ਪੈਂਦਾ ਏ। ਉਹ ਉਸ ਮਾਈ ਜਿਹੀ ਜਾਂ ਖ਼ੌਰੇ ਅਧਖੜ ਜਿਹੀ ਨੂੰ ਈ ਤੱਕੀ ਜਾਂਦਾ ਏ। ਇੱਕ ਪਲ ਦੋਵੇਂ ਪਹਿਲੇ ਇੱਕ ਦੂਜੇ ਨੂੰ ਵੇਖ ਹੈਰਾਨ ਹੁੰਦੇ, ਮੁੜ ਦੁਖੀ ਹੁੰਦੇ, ਉੱਭਾ ਸਾਹ ਭਰਦੇ ਨੇਂ ਜਿਸ ਵਿੱਚ ਹੌਕਾ ਜਿਹਾ ਵੀ ਏ ਤੇ ਅਖ਼ੀਰ ਤੱਕਦੇ ਨੂੰ ਅਨ-ਤੱਕ ਕਰ ਜਾਂਦੇ ਨੇਂ ਜਾਂ ਮਤੇ ਨਹੀਂ ਕਰਦੇ!

ਜੇ ਇੱਕ ਪਲ ਗੱਡੀ ਖਲ੍ਹਾਰ ਕੇ ਸੁਖ-ਸਾਂਦ ਕਰ ਲੈਂਦੀ ਤਾਂ ਕਿਸੇ ਉਹਨੂੰ ਗੋਲੀ ਮਾਰ ਦੇਣੀ ਸੀ। ਵੱਡੀ ਨਖ਼ਰਿਆਂ ਮਾਰੀ ਇਸ ਤੋਂ ਚੰਗੀ ਗੱਡੀ ਤਾਂ ਹੁਣ ਮੇਰੇ ਕੋਲ਼ ਆ, ਪਰ ਉਦੋਂ ਤਾਂ ਨੱਕ ਉੱਤੇ ਮੱਖੀ ਨਾ ਬਹਿਣ ਦਿੰਦੀ ਸੀ। ਕਈ ਵਰ੍ਹਿਆਂ ਤੋਂ ਦੋ ਤਿੰਨ ਜਵਾਨ ਧੀਆਂ ਲੈ ਆਪੀਂ ਤਾਂ ਬੁੱਢੀ ਹੋ ਈ ਗਈ ਏ, ਉਨ੍ਹਾਂ ਨੂੰ ਵੀ ਕਰੀ ਜਾਂਦੀ ਏ ਬਿਨ-ਵਿਆਹੀਂ। ਅਸੀਂ ਤਾਂ ਨਾ ਹੋਵਣ ਹਾਰ ਸਾਂ ਉਦੋਂ ਇੱਕ ਦੋ ਘਰਾਂ ਨੂੰ ਛੱਡ ਕੇ ਮਾਠੇ ਈ ਸਨ ਕਿ ਸਾਰੇ ਮੁੰਡੇ, ਕਿੰਨੀਆਂ ਈ ਰਾਤਾਂ ਤੇ ਕਿੰਨੀਆਂ ਈ ਸਵੇਰਾਂ ਰੱਜ ਉਹਦਾ ਮੁੱਖ ਅੰਦਰੀਂ

ਵਸਾਇਆ। ਉਹਦੇ ਪਿੰਡੇ ਦੀ ਇੱਕ-ਇੱਕ ਲਹਿਰ ਦੇ ਸੁਫ਼ਨੇ ਸਨ ਮਾਣੇ ਪਰ ਉਸ ਇੱਕ ਵਾਰੀ ਵੀ ਗੱਲ ਨਾ ਕੀਤੀ ਉਹਦੇ ਨਾਲ਼।

ਸਵੇਰਾਂ ਸ਼ਾਮਾਂ ਕੀਤੀਆਂ ਉਹਦੇ ਘਰ ਅੱਗੇ, ਕਿੱਡਾ ਮਾਣ ਸੀ ਉਸ ਨੂੰ ਆਪਣੇ ਸੋਹਣ-ਸੁਹੱਪਣ ਤੇ ਰੁਤਬੇ ਤੇ, ਕਿੰਨੀ ਅਮੀਰ ਲੱਗਦੀ ਸੀ ਉਹ ਉਸ ਵੇਲ਼ੇ।

ਉਹਦਾ ਪਿਓ, ਇੱਕ ਸਰਕਾਰੀ ਮਹਿਕਮੇ ਦਾ ਨਿੱਕਾ ਜਿਹਾ ਆਮ ਅਫ਼ਸਰ ਈ ਸੀ ਨਾ, ਮੋਟਰਸੈਕਲ ਈ ਸੀ ਨਾ ਉਨ੍ਹਾਂ ਕੋਲ, ਪੂਰੇ ਮੁਹੱਲੇ ਉਨ੍ਹਾਂ ਕੋਲ ਈ ਸੀ ਮੋਟਰਸੈਕਲ, ਦੂਜਿਆਂ ਤੋਂ ਉਹ ਸਨ ਸੌਖੇ ਈ, ਕੀ ਨੇਂ ਅੱਜ ? ਉਨ੍ਹਾਂ ਤੋਂ ਕਿਤੇ ਅੱਜ ਉਹ ਸੌਖਾ ਸੀ ਪਰ ਉਸ ਨੂੰ ਪਤਾ ਸੀ ਕਿੰਨਾ ਵੀ ਸੌਖਾ ਹੋ ਜਾਵੇ, ਉਹ ਨਹੀਂ ਮਿਲਣੀ। ਪਹਿਲੋਂ ਇਸ ਲਈ ਨਾ ਮਿਲੀ ਪਈ ਉਹ ਹੇਠਾਂ ਸੀ ਤੇ ਹੁਣ......! ਵੇਲ਼ੇ ਦੀ ਵਿੱਥ ਏ! ਵੇਲ਼ਾ ਉਸ ਬਾਜ਼ੀ ਲੱਗੇ ਕਬੂਤਰ ਹਾਰ ਏ ਜਿਹੜਾ ਮੁੜ ਪਰਤ ਕੇ ਤੁਹਾਡੇ ਕੋਠੇ ਨਹੀਂ ਲਹਿੰਦਾ।

ਲੱਭਦਾ ਕੀ ਏ ਸਾਨੂੰ ਹੇਠਾਂ ਉਤਾਂਹ ਹੋ ਕੇ, ਵਿਛੋੜਾ, ਨਿੱਤ ਦਾ ਵਿਛੋੜਾ।

ਸ਼ਾਮ ਲੱਥ ਪਈ ਏ, ਕਿੰਨੇ ਚਿਰ ਤੋਂ ਉਹ ਆਪਣੇ ਪੁਰਾਣੇ ਮੁਹੱਲੇ ਫਿਰੀ ਜਾਂਦਾ ਏ, ਫਿਰਦਾ ਏ ਪਿਆ, ਅੱਜ ਉਸ ਨੂੰ ਇੱਕ ਵੀ ਪੁਰਾਣਿਆਂ ਵਿੱਚੋਂ ਨਹੀਂ ਮਿਲਿਆ। ਮੀਂਹ ਨੇ ਪੁਰਾਣੇ ਘਰਾਂ ਦੀ ਭੁਰਦੀ ਸਫ਼ੈਦੀ ਨੂੰ ਹੋਰ ਨਿਤਾਰ ਦਿੱਤਾ ਏ ਤੇ ਹੇਠੋਂ ਮਿੱਟੀ ਰੰਗੀਆਂ ਅੱਤ ਪੁਰਾਣੀਆਂ ਨਿਕਲੀਆਂ ਇੱਟਾਂ ਇੰਜ ਤੱਕਦੀਆਂ ਪਈਆਂ ਨੇਂ ਜਿਵੇਂ ਵੇਲ਼ੇ ਨੇ ਉਨ੍ਹਾਂ ਦਾ ਭਰਮ ਲਾਹ ਦਿੱਤਾ ਹੋਵੇ।

ਚੁੱਪ ਗਲੀਆਂ ਵਿੱਚ ਹੌਲ਼ੀ-ਹੌਲ਼ੀ ਆਵਾ-ਜਾਵੀ ਜਿਹੀ ਹੁੰਦੀ ਏ, ਅਚਨਚੇਤ ਤੇਜ਼ ਹੁੰਦੀ ਏ ਪਰ ਛੇਤੀ ਮੁੱਕ ਜਾਂਦੀ ਏ। ਮੀਂਹ ਨੇ ਲੋਕਾਂ ਨੂੰ ਕੁੱਝ ਹੌਲਾ ਜਿਹਾ ਕਰ ਦਿੱਤਾ ਏ, ਸੱਖਣਾ, ਹੱਥਲ਼ ਜਿਹਾ ਤੇ ਤਿੱਖੀ ਝੁੱਲਦੀ ਹਵਾ ਨੇ ਗਲੀਆਂ ਨੂੰ ਸੁੰਞਾ ਕਰ ਦਿੱਤਾ ਏ। ਅਨ੍ਹੇਰੇ ਦੀ ਲੋਈ ਸਹਿਜੇ ਈ ਹਰ ਸ਼ੈਅ ਨੂੰ ਬੁੱਕਲ ਮਾਰਨ ਦੀ ਕਰਦੀ ਏ ਤੇ ਘਰਾਂ ਦੇ ਬੂਹੇ ਬਾਰੀਆਂ ਵਿੱਚੋਂ ਨਿੰਮ੍ਹਾ-ਨਿੰਮ੍ਹਾ ਚਾਨਣ ਰਮਕਣ ਲੱਗ ਪੈਂਦਾ ਏ। ਦੋ ਹੌਲ਼ੀ ਉਮਰ ਦੇ ਮੁੰਡੇ ਤਰਿੱਖਾ ਤੁਰਦੇ ਤੇ ਉੱਚੀ-ਉੱਚੀ ਗੱਲਾਂ ਕਰਦੇ ਇੱਕ ਪਲ ਉਹਨੂੰ ਵੇਖ ਝਕਦੇ ਨੇਂ ਪਰ ਮੁੜ ਨਾ ਸਿਹਾਣਨ ਪਾਰੋਂ ਆਪਣੀ ਮੌਜ ਵਿੱਚ ਅਗਾਂਹ ਲੰਘ ਜਾਂਦੇ ਨੇਂ। ਕਿੰਨਾ ਈ ਚਿਰ ਹੋ ਗਿਆ ਏ ਉਹਨੂੰ ਐਵੇਂ ਫਿਰਦੇ ਨੂੰ ਤੇ ਨਾਲ਼ੇ ਹੁਣ ਅਨ੍ਹੇਰਾ ਵੀ ਲੱਥ ਆਇਆ ਏ, "ਜਾ ਹੁਣ ਆਪਣੇ ਘਰ ਚਲਾ ਜਾ!" "ਆਪਣੇ ?" ਐਵੇਂ ਉਹਦੇ ਅੰਦਰੋਂ ਕੋਈ ਕਹਿੰਦਾ ਏ। ਉਹ ਪੁਰਾਣੇ ਘਰ ਨੂੰ ਤੱਕਦਾ ਏ ਜਿੱਥੇ ਹੁਣ ਨਵਾਂ ਘਰ ਖਲੋਤਾ ਏ। ਤੈਨੂੰ ਸਿਹਾਣਦਾ ਤਾਂ ਹੈ ਕੋਈ ਨਹੀਂ, ਕਿੰਨੀ ਰਾਤ ਹੋ ਗਈ ਏ। ਐਵੇਂ ਕਿਸੇ ਢੁੱਕ ਪੁੱਛ ਪ੍ਰਤੀਤ ਕਰ ਲਈ ਤਾਂ ਗੰਵਾ ਬੈਠੇਂਗਾ ਸਾਰਾ ਭਰਮ।

ਰਾਤ ਨੱਠ ਕੇ ਗਲੀਆਂ ਵਿੱਚ ਟਿੱਕੀ ਹੋ ਗਈ ਏ, ਡਰ ਦੀ ਹਵਾ ਉਹਨੂੰ ਸਿੱਲ੍ਹਾ ਕਰਦੀ ਦਿਲ ਅੰਦਰੋਂ ਲੰਘ-ਲੰਘ ਜਾਂਦੀ ਏ। ਜੇ ਐਵੇਂ ਕਿਸੇ ਪੁੱਛ ਲਿਆ ਪਈ ਕਾਹਦੇ ਲਈ ਫਿਰਦਾ ਪਿਆ ਏਂ! ਕਿਸ ਘਰ ਜਾਣਾ ਏ, ਕਿਸ ਨੂੰ ਮਿਲਣਾ ਏਂ ? ਡਰ ਦੀ ਸਿੱਲ੍ਹੀ ਹਵਾ ਧੁਰ ਅੰਦਰ ਨੂੰ ਠਾਰ ਦਿੰਦੀ ਏ, ਉਹ ਕੰਬ ਜਿਹਾ ਜਾਂਦਾ ਏ। ਡਰ...... ਡਰ ...... ਅਨ-ਸਿਹਾਣੇ ਹੋਵਣ ਦਾ ਡਰ, ਰਾਤ, ਡਰ ਤੇ ਸੀਤ ਹਵਾ, ਪ੍ਰਦੇਸ ਦੀ ਲੰਘਾਈ ਉਹ ਰਾਤ

ਅੱਖੀਂ ਹਾਜ਼ਰ ਕਰ ਦਿੰਦੀ ਏ ਜੋ ਉਸ ਪਾਰਕ ਸੌਂ ਲੰਘਾਈ। ਉਹ ਰਾਤ ਸਗਵੀਂ, ਸਬੂਤੀ, ਅਨ-ਲੰਘੀ, ਪੂਰੀ ਦੀ ਪੂਰੀ ਆਪਣੇ ਡਰ ਦੇ ਉਹੋ ਪੁਰਾਣੇ ਪਰਛਾਵਿਆਂ ਨਾਲ਼ ਸਾਹਮਣੇ ਹੋ ਖਲੋਂਦੀ ਏ।

29 ਵਰ੍ਹੇ ਪਹਿਲੋਂ ਦੀ ਉਹ ਰਾਤ ਜਦ ਉਹ ਕੁੱਝ ਬੇਲੀਆਂ ਨਾਲ਼ ਘਰ ਦੀ ਭੁੱਖ ਤੋਂ ਨੱਸ, ਯੂਰਪ ਵਿੱਚ ਕਮਾਈਆਂ ਕਰਨ ਦੇ ਲੋਭ ਵਿੱਚ ਲਹਿੰਦੇ ਦੇ ਸ਼ਹਿਰ ਰੂਮ ਵਿੱਚ ਫਸ ਕੇ ਰਹਿ ਗਿਆ ਸੀ। ਕਈ ਮਹੀਨੇ ਫ਼ੁੱਟ-ਪਾਥਾਂ ਤੇ ਰੇਲ ਗੱਡੀ ਦੇ ਅੰਡਰ ਗਰਾਊਂਡ ਮੇਟਰੋ ਵਿੱਚ ਸੌਣ ਮਗਰੋਂ ਉਸ ਰਾਤ ਉਹਨੇ ਘਰ ਦੇ ਮੰਜੇ ਉੱਤੇ ਸੌਣਾ ਸੀ। ਇਹ ਘਰ ਉਹਨੂੰ ਮਹਿਸੂਦ ਨੇ ਦਿੱਤਾ ਸੀ। ਮਹਿਸੂਦ ਵੀ ਉਸ ਹਾਰ ਲਾਹੌਰ ਦਾ ਤੇ ਮੁੜ ਉਹਦੇ ਮੁਹੱਲੇ ਕ੍ਰਿਸ਼ਨ-ਨਗਰ ਦਾ ਨਿਕਲ ਆਇਆ ਤੇ ਕਈ ਵਰ੍ਹਿਆਂ ਤੋਂ ਉੱਥੇ ਰਹਿੰਦਾ ਰੂਮ ਦਾ ਈ ਹੋ ਗਿਆ ਸੀ। ਪਰ ਜਦ ਉਹ ਦਾਰੂ ਪੀ ਟੁੰਨ ਹੋ ਜਾਂਦਾ ਤਾਂ ਵਾਰ-ਵਾਰ ਦੋ ਗੱਲਾਂ ਦੁਹਰਾਂਦਾ:

"ਮੈਂ ਇੱਥੇ ਰੂਮ ਵਿੱਚ ਰਹਿਣ ਨਹੀਂ ਆਇਆ ਸਾਂ, ਮੈਂ ਜਾਂ ਵਲਾਇਤ ਚਲੇ ਜਾਣਾ ਜਾਂ ਅਮਰੀਕਾ, ਰੂਮ ਤੇ ਮੈਂ ਐਵੇਂ ਈ ਫਸ ਗਿਆਂ ਆਂ।"

ਪਰ ਉਸ ਨੂੰ ਕਿੰਨੇ ਈ ਵਰ੍ਹੇ ਹੋ ਗਏ ਸਨ ਇੱਥੇ ਰਹਿੰਦੇ ਨੂੰ। ਸੁਣਿਆ ਸੀ ਵਲਾਇਤ ਉਹਦੀ ਮਾਸੀ ਰਹਿੰਦੀ ਸੀ ਪਰ ਖ਼ੋਰੇ ਉਹ ਉਹਨੂੰ ਕਿਉਂ ਨਹੀਂ ਸੀ ਬੁਲਾਂਦੀ। ਦੂਜੇ ਉਹਨੂੰ ਮਾਂ ਰੱਜ ਚੇਤੇ ਆਉਣੀ, ਜਿਹੜੀ ਅਜੇ ਵੀ ਇਕੱਲੀ ਲਾਹੌਰ ਕ੍ਰਿਸ਼ਨ-ਨਗਰ ਦੇ ਕਿਸੇ ਨਿੱਕੇ ਕਰਾਏ ਦੇ ਕਮਰੇ ਰਹਿੰਦੀ ਹੋਣੀ ਏ ਤੇ ਜਿਹਨੂੰ ਉਹ ਵਰ੍ਹੇ ਛਮਾਹੀਂ ਕੁੱਝ ਡਾਲਰ ਘੱਲੀ ਰੱਖਦਾ ਸੀ। ਪਿਓ ਦਾ ਮੈਂ ਵੀ ਕਦੀ ਨਹੀਂ ਸੀ ਪੁੱਛਿਆ ਤੇ ਨਾ ਉਸ ਨੂੰ ਚੇਤੇ ਸੀ। ਨਹੀਂ ਤਾਂ ਉਹਦੀ ਗੱਲ ਤਾਂ ਕਦੀ ਕਰਦਾ, ਟੁੰਨ ਹੋ ਉਸ ਆਖੀ ਜਾਣਾ:

"ਮੇਰੀ ਮਾਂ ਇਕੱਲੀ ਹੋਣੀ ਏ, ਉਹ ਇਕੱਲੀ ਹੋਣੀ ਏ, ਉਹ ਮੇਰਾ ਵਿਆਹ ਕਰਨਾ ਚਾਹੁੰਦੀ ਸੀ, ਉਹ ਮੈਨੂੰ ਉਡੀਕਦੀ ਹੋਣੀ ਏ।"

ਤੇਤੀ-ਪੈਂਤੀ ਦੇ ਨੇੜੇ-ਤੇੜੇ ਦਾ ਸੀ ਮਹਿਸੂਦ ਤੇ ਮੈਂ ਅਜੇ ਵੀਹ ਵੀ ਪੂਰੇ ਨਹੀਂ ਸਨ ਕੀਤੇ। ਮਹਿਸੂਦ ਮੈਨੂੰ ਪੀਆਜ਼ਾ ਨੋਵਨਾ ਈ ਮਿਲਿਆ ਸੀ, ਅਸੀਂ ਗਰਮੀਆਂ ਵਿੱਚ ਸਾਂ ਰੂਮ ਆਏ ਪਰ ਹੁਣ ਡਾਢੀ ਠੰਢ ਹੋਣ ਲੱਗ ਪਈ ਸੀ, ਅਸੀਂ ਸਾਂ ਤਿੰਨ ਬੇਲੀ ਤੇ ਇਉਂ ਬਿਨਾਂ ਕਿਸੇ ਨਕਸ਼ੇ ਤੇ ਖ਼ਿਆਲ ਵਿਚਾਰ ਦੇ ਕੁੱਝ ਸੌ ਡਾਲਰ ਲੈ, ਮੂੰਹ ਚੁੱਕ ਸੜਕੋ-ਸੜਕੀਂ ਅਫ਼ਗ਼ਾਨਿਸਤਾਨ, ਈਰਾਨ, ਤੁਰਕੀ ਤੋਂ ਹੁੰਦੇ ਇਸਤੰਬੋਲ ਤੋਂ ਓਰੀਐਂਟ ਐਕਸਪਰੈੱਸ ਵਿੱਚ ਬਹਿ ਯੂਗੋਸਲਾਵੀਆ ਤੋਂ ਪੰਜ ਦਿਨ ਦਾ ਵੀਜ਼ਾ ਲੈ ਰੂਮ ਆ ਗਏ ਸਾਂ। ਸ਼ੌਕੀ ਜਹਾਜ਼ 'ਤੇ ਨੌਕਰੀ ਕਰਨ ਤੁਰ ਗਿਆ ਪਰ ਮੈਨੂੰ ਨਜ਼ਰ ਦੀ ਐਨਕ ਪਾਰੋਂ ਇਨਕਾਰੀ ਹੋ ਗਈ। ਮਜ਼ਲੀ ਨੂੰ ਕਿਸੇ ਘਰ ਨੌਕਰੀ ਲੱਭ ਗਈ ਤੇ ਉਹ ਆਪਣੇ ਨਾਲ਼ ਕੰਮ ਕਰਦੀ ਇੱਕ ਫ਼ਿਲਪੈਨੀ ਨਾਲ਼ ਮਸਤ ਹੋ ਗਿਆ।

ਪੀਆਜ਼ਾ ਨੋਵਨਾ ਰੂਮ ਵਿੱਚ ਇੱਕ ਮਸ਼ਹੂਰ ਸੈਲੀਆਂ ਦੀ ਥਾਂ ਏ, ਇੱਕ ਬਹੁੰ ਵੱਡਾ ਅਹਾਤਾ ਏ ਤੇ ਜਿਸ ਵਿਚਕਾਰ ਗੋਲ ਚੱਕਰ ਵਿੱਚ ਪੱਥਰਾਂ ਦੀਆਂ ਬਹੁੰ ਸੋਹਣੀਆਂ ਮੂਰਤਾਂ ਬਣੀਆਂ ਹੋਈਆਂ ਨੇਂ। ਇਸ ਅਹਾਤੇ ਦੁਆਲੇ ਸੋਹਣੀਆਂ ਪੁਰਾਣੀਆਂ ਅਮਾਰਾਤਾਂ ਦੀ ਵਲਗਣ ਏ। ਪੁਰਾਣੀਆਂ ਸਲੇਟੀ ਰੰਗੀਆਂ ਇੱਟਾਂ ਦਾ ਬਹੁੰ ਚੌੜਾ ਵਿਹੜਾ ਏ ਜਿਸ

ਉੱਤੇ ਕਈ ਸੌ ਸਲੇਟੀ ਕਬੂਤਰ ਉੱਡਦੇ ਰਹਿੰਦੇ, ਚੋਗਾ ਚੁਗਦੇ ਰਹਿੰਦੇ ਸਨ। ਚੌਹੀਂ ਪਾਸੇ ਪਾਲੋ-ਪਾਲ ਕੈਫ਼ੇ, ਰੈਸਟੋਰੈਂਟ ਤੇ ਬਾਰਾਂ ਨੇਂ ਜਿੱਥੇ ਸਾਰਾ ਦਿਨ ਸੈਲੀ ਬੈਠੇ ਧੁੱਪਾਂ ਸੇਕਦੇ ਰਹਿੰਦੇ ਨੇਂ। ਮੈਂ ਐਵੇਂ ਇੱਕ ਦਿਨ ਭੌਂਦਾ ਫਿਰਦਾ ਇਸ ਥਾਂ ਆ ਬੈਠਾ ਤੇ ਮੁੜ ਰੋਜ਼ ਈ ਆਉਣ ਲੱਗ ਪਿਆ।

ਹਿੱਪੀ ਲਹਿਰ ਸਿਖਰ ਉੱਤੇ ਸੀ, ਇੱਥੇ ਈ ਜੰਗੀ ਵੀ ਟੱਕਰਿਆ ਜਿਹੜਾ ਕਰਾਚੀਓਂ ਸੀ ਤੇ ਇੱਥੇ ਰੇੜ੍ਹੀ ਲਾਂਦਾ ਸੀ ਸ਼ਾਮੀਂ। ਪਰ ਇਹ ਰੇੜ੍ਹੀ ਸੀ ਬਿਨਾਂ ਮਨਜ਼ੂਰੀ ਤੋਂ ਤੇ ਕਦੀ-ਕਦੀ ਸ਼ਾਮ ਨੂੰ ਕਾਰਪੋਰੇਸ਼ਨ ਦਾ ਛਾਪਾ ਵੀ ਪੈ ਜਾਣਾ ਤੇ ਮੈਨੂੰ ਲਾਹੌਰ ਸ਼ਹਿਰ ਦੇ ਕਾਰਪੋਰੇਸ਼ਨ ਆਲ਼ਿਆਂ ਦੇ ਛਾਪੇ ਚੇਤੇ ਆ ਜਾਉਣੇ। ਜੰਗੀ ਇੱਥੇ ਆਪਣੇ ਟੱਬਰ ਨਾਲ਼ ਕਈ ਵਰ੍ਹਿਆਂ ਤੋਂ ਸੀ ਰਹਿੰਦਾ ਪਿਆ। ਉਸ ਦੀ ਵਹੁਟੀ ਸਾਰਾ ਦਿਨ ਹੱਥੀਂ ਘਰ ਵਿੱਚ ਬਾਲਾਂ ਦੇ ਖਿਡੌਣੇ ਬਣਾਉਂਦੀ ਜੋ ਜੰਗੀ ਸ਼ਾਮੀਂ ਪੀਆਜ਼ਾ ਨੋਵਨਾ ਵਿੱਚ ਰੇੜ੍ਹੀ ਲਾ ਕੇ ਵੇਚਣੇ।

ਕੱਪੜੇ ਦੀਆਂ ਰੰਗ ਬੇ-ਰੰਗੀਆਂ ਕਤਰਾਂ ਦੇ ਬਣੇ ਹੋਏ ਇਹ ਪਟੋਲ੍ਹੇ ਬੜੇ ਮਨ ਖਿਚਵੇਂ ਸਨ ਜਿਨ੍ਹਾਂ ਨਾਲ਼ ਈ ਪਏ ਇੱਕ ਗੱਤੇ ਉੱਤੇ ਲਿਖਿਆ ਹੁੰਦਾ ਸੀ, "ਹੈਂਡ ਮੇਡ।"

ਜਦ ਉਹ ਰੇੜ੍ਹੀ ਲਾਂਦਾ ਤੇ ਮੈਂ ਸਾਰੇ ਦਿਨ ਦਾ ਵੇਲ੍ਹ ਮਾਰਿਆ ਉਸ ਕੋਲ ਜਾ ਖਲੋਂਦਾ। ਕੋਈ ਸੌਣ ਦੀ ਥਾਂ ਸੀ, ਨਾ ਰੋਟੀ ਰੁਜ਼ਗਾਰ। ਚਰਚ 'ਚੋਂ ਮੁਫ਼ਤ ਰੋਟੀ ਲੱਭ ਜਾਣੀ ਤੇ ਹਿੱਪੀਆਂ ਦੇ ਖ਼ਾਲੀ ਭੰਨੇ ਘਰਾਂ ਵਿੱਚ ਜਾ ਸੌਣਾ। ਬਹੁਤੇ ਹਿੱਪੀ ਅਜਿਹੇ ਘਰਾਂ ਵਿੱਚ ਰਹਿੰਦੇ ਸਨ ਜੋ ਚਿਰਾਂ ਤੋਂ ਬੰਦ ਪਏ ਹੁੰਦੇ ਸਨ। ਉਹ ਚਿਰਾਂ ਤੋਂ ਬੰਦ ਇਨ੍ਹਾਂ ਘਰਾਂ ਨੂੰ ਤੋੜ ਕੇ ਮਲ ਮਾਰ ਲੈਂਦੇ ਸਨ ਤੇ ਮੁੜ ਉੱਥੇ ਰਹਿਣ ਲੱਗ ਪੈਂਦੇ ਸਨ।

ਜੰਗੀ ਨੇ ਈ ਮੈਨੂੰ ਵੇਲ੍ਹਾ ਵੇਖ ਕੇ ਆਪਣੇ ਨਾਲ਼ ਕੰਮ ਕਰਨ ਦੀ ਸਲਾਹ ਦਿੱਤੀ ਜੋ ਮੈਂ ਝੱਟ ਮਨ ਲਈ। ਉਸ ਸਗੋਂ ਆਪਣੀ ਰੇੜ੍ਹੀ ਈ ਮੈਨੂੰ ਦੇ ਦਿੱਤੀ ਤੇ ਆਪੀਂ ਹੋਰ ਰੇੜ੍ਹੀ ਲਾਉਣ ਲੱਗ ਪਿਆ ਪਰ ਰਹਿਣ ਦਾ ਠਿਕਾਣਾ ਅਜੇ ਵੀ ਨਹੀਂ ਸੀ ਬਣਿਆ। ਕਿਸੇ ਥਾਂ ਰਹਿਣ ਲਈ ਪਾਸਪੋਰਟ ਜਾਂ ਹੋਰ ਕਾਗਤ ਲੋੜੀ ਦੇ ਸਨ ਜਿਸ ਦਾ ਪੁਲਸੀਏ 'ਡਾਕੂਮੈਂਟਰੀ' ਆਖ ਪੁੱਛਦੇ ਸਨ। ਮੇਰਾ ਪਾਸਪੋਰਟ ਪਹਿਲਾਂ ਈ ਪੁਲਸ ਕੋਲ ਸੀ ਤੇ ਉਹ ਇਸ ਤਾੜ ਵਿੱਚ ਸਨ ਪਈ ਜਿਸ ਦਿਨ ਇਸ ਕੋਲੋਂ ਹਵਾਈ ਟਿਕਟ ਜੋਗੇ ਪੈਸੇ ਲੱਭੇ ਇਸ ਨੂੰ ਡੀ ਪੋਰਟ ਕਰ ਦਿਆਂਗੇ। ਇਸ ਲਈ ਹੁਣ ਮੇਰੇ ਕੋਲ਼ ਕੰਮ ਕਰਨ ਪਾਰੋਂ ਚਾਰ ਪੈਸੇ ਤਾਂ ਹੋ ਗਏ ਪਰ ਰਹਿਣ ਨੂੰ ਕੋਈ ਥਾਂ ਨਹੀਂ ਸੀ। ਜੰਗੀ ਮੈਨੂੰ ਰੋਜ਼ ਕਹਿੰਦਾ, "ਮੈਂ ਤੈਨੂੰ ਘਰ ਤਾਂ ਲੈ ਖੜ੍ਹਾਂ ਪਰ ਮੇਰੀ ਵਹੁਟੀ ਨੂੰ ਚੰਗਾ ਨਹੀਂ ਲੱਗਣਾ।"

ਫ਼ਿਰ ਇੱਕ ਦਿਨ ਜੰਗੀ ਨੇ ਮੈਨੂੰ ਮਹਿਮੂਦ ਨਾਲ਼ ਲਾਹੌਰੀ ਹੋਣ ਦੇ ਪਾਰੋਂ ਮਿਲਾਇਆ ਤੇ ਅੱਗੋਂ ਅਸੀਂ ਆਪਣੇ ਮੁਹੱਲੇ ਕ੍ਰਿਸ਼ਨ-ਨਗਰ ਦੀ ਸਾਂਝ ਲੱਭ ਲਈ। ਮਹਿਮੂਦ ਇੱਕ ਬਹੁੰ ਸਸਤੀ ਜਿਹੀ ਥਾਂ ਉੱਤੇ ਰਹਿੰਦਾ ਸੀ ਪਰ ਫ਼ਿਰ ਵੀ ਉਸ ਦਾ ਕਿਰਾਇਆ ਉਸ ਕੋਲੋਂ ਨਹੀਂ ਸੀ ਦਿੱਤਾ ਜਾਂਦਾ। ਹੁਣ ਉਸ ਨੂੰ ਇਹ ਆਸ ਸੀ ਪਈ ਅਸੀਂ ਅੱਧੋ-ਅੱਧ ਕਿਰਾਇਆ ਕਰ ਲਵਾਂਗੇ। ਅਗਲੇ ਦਿਨ ਉਸ ਚਾਨਣ ਵਿੱਚ ਮੈਨੂੰ ਮਿਲ ਕੇ ਉਹ ਥਾਂ ਵੀ ਵਿਖਾ ਦਿੱਤੀ। ਉਹ ਸੀ ਇੱਕ ਬਹੁੰ ਪੁਰਾਣਾ ਜਿਹਾ ਸਟੋਰ ਤੇ ਥਾਂ-ਥਾਂ ਤੋਂ ਪਲੱਸਤਰ ਤੇ

ਸਫ਼ੇਦੀ ਉੱਖੜੀ ਹੋਈ ਸੀ। ਇੱਕ ਪਾਸੇ ਪੁਰਾਣਾ ਜਿਹਾ ਬੈੱਡ ਤੇ ਇੱਕ ਹੋਰ ਲੋਹੇ ਦਾ ਬੈੱਡ ਸੀ ਜਿਸ ਉੱਤੇ ਕੁੱਝ ਵੀ ਨਹੀਂ ਸੀ ਵਿਛਿਆ ਹੋਇਆ, ਇਹੋ ਸੀ ਮੇਰਾ ਬਿਸਤਰ ਜਿਸ ਉੱਤੇ ਉਸ ਕਿੱਥੋਂ ਕੱਢ-ਕਢਾ ਕੇ ਮੈਲਾ ਜਿਹਾ ਫ਼ੋਮ ਤੇ ਚਾਦਰ ਵਿਛਾ ਦਿੱਤੀ ਤੇ ਇੱਕ ਪੁਰਾਣਾ ਕੰਬਲ ਵੀ ਦੇ ਦਿੱਤਾ। ਉਹ ਮੇਰਾ ਪ੍ਰਦੇਸ ਵਿੱਚ ਤੁਸੀਂ ਪਹਿਲਾ ਘਰ ਆਖ ਸਕਦੇ ਓ। ਉੱਥੇ ਮੈਂ ਕਈ ਮਹੀਨੇ ਰਿਹਾ ਪਰ ਪਹਿਲੀ ਰਾਤ ਮੈਂ ਰਾਹ ਭੁੱਲ ਗਿਆ ਸਾਂ।

ਪੀਆਜ਼ਾ ਨੋਵਨਨਾ ਵਿੱਚ ਜੰਗੀ ਨਾਲ਼ ਲੇਖਾ ਜੋਖਾ ਕਰਦੇ ਰਾਤ ਦੇ ਬਾਰ੍ਹਾਂ ਇੱਕ ਤਾਂ ਐਵੇਂ ਵੱਜ ਜਾਂਦੇ ਸਨ ਤੇ ਨਾਲ਼ੇ ਰੇੜ੍ਹੀ ਵੀ ਉਹਦੇ ਹਵਾਲੇ ਕਰਨੀ ਹੁੰਦੀ ਸੀ ਜਿਹੜੀ ਸਟੀਲ ਦੀ ਬਣੀ ਹੋਈ ਸੀ ਤੇ ਮੁੜ ਵਿੰਗੀ ਚਿੱਬੀ ਹੋਕੇ ਕਾਰ ਦੀ ਡਿੱਗੀ ਵਿੱਚ ਆ ਜਾਂਦੀ ਸੀ। ਹਿਸਾਬ ਕਿਤਾਬ ਕਰਕੇ ਜਦ ਵੇਲ੍ਹਾ ਹੋ ਟੇਸ਼ਨ ਲਾਗੇ ਇੱਕ ਸਾਰੀ ਰਾਤ ਖੁੱਲ੍ਹੀ ਬਾਰ ਵਿੱਚ ਦੋ ਚਾਰ ਅੰਦਰ ਸੁੱਟ ਜਦ ਮੈਂ ਮਹਿਸੂਦ ਦੀ ਦੱਸੀ ਥਾਂ ਉੱਤੇ ਬੱਸ ਤੋਂ ਉੱਤਰਿਆ ਤੇ ਮੈਨੂੰ ਰਤਾ ਕੁ ਵੀ ਖ਼ਿਆਲ ਨਹੀਂ ਸੀ ਪਈ ਮੈਂ ਘਰ ਭੁੱਲ ਜਾਣਾ ਏ ਜਾਂ ਸੌਣ ਆਲ਼ੀ ਥਾਂ ਭੁੱਲ ਜਾਣੀ ਏ। ਆਪਣੇ ਹਿਸਾਬ ਸਿਰ ਮੈਂ ਜਿਹੜੀ ਥਾਂ ਅਪੜਿਆ, ਉੱਥੇ ਉਹ ਘਰ ਈ ਨਾ ਲੱਭੇ ਜਿਹੜਾ ਸਵੇਰੇ ਮਹਿਸੂਦ ਮੈਨੂੰ ਵਿਖਾਇਆ ਸੀ। ਇੱਕ ਵੱਡਾ ਜਿਹਾ ਖੁੱਲ੍ਹਾ ਗੇਟ ਹਾਰ ਬੂਹਾ ਸੀ ਤੇ ਮੁੜ ਨਿੱਕੇ ਜਿਹੇ ਸੌੜੇ ਵਰਾਂਡੇ ਵਿੱਚੋਂ ਲੰਘ ਕੇ ਖੱਬੇ ਹੱਥ ਹੇਠਾਂ ਪੌੜੀਆਂ ਉਤਰ ਕੇ ਇੱਕ ਸਟੋਰ ਜਿਹਾ ਕਮਰਾ ਸੀ ਪਰ ਮੈਨੂੰ ਉਹ ਗੇਟ ਵਰਗਾ ਬੂਹਾ ਲੱਭਦਾ ਤਾਂ ਫ਼ਿਰ ਗੱਲ ਸੀ।

ਇੱਕ ਵਾਰੀ ਤਾਂ ਮੇਰਾ ਸਾਹ ਉਤਾਂਹ ਹੇਠਾਂ ਹੋ ਗਿਆ, ਰਾਤ ਦਾ ਅੱਧ ਪਹਿਰ ਸੀ। ਪੁਲਸੀਆਂ ਦੀਆਂ ਕਾਰਾਂ ਹੌਲ਼ੀ ਜਿਹੀਆਂ ਹੋ ਮੇਰੇ ਕੋਲੋਂ ਲੰਘ ਜਾਂਦੀਆਂ। ਆਪਣੇ ਵੱਲੋਂ ਫਿਰਦਾ ਫਰਾਂਦਾ ਮੈਂ ਅਖ਼ੀਰ ਇੱਕ ਅਜਿਹੀ ਥਾਂ ਜਾ ਖਲੋਇਆ ਜਿੱਥੋਂ ਮੈਨੂੰ ਪੱਕ ਸੀ ਪਈ ਮਹਿਸੂਦ ਮਿਲ ਜਾਏਗਾ, ਮਹਿਸੂਦ ਨੇ ਮੈਨੂੰ ਕਮਰੇ ਦੀ ਕੁੰਜੀ ਦੇ ਦਿੱਤੀ ਸੀ ਪਰ ਜਦ ਮੈਂ ਚਾਹਵਾਂ, ਆ ਕੇ ਸੌਂ ਜਾਵਾਂ ਤੇ ਆਪੀਂ ਉਹ ਵੀ ਰਾਤੀਂ ਚਿਰਕੇ ਈ ਪਰਤਦਾ ਸੀ। ਕਿੰਨਾ ਈ ਚਿਰ ਲੰਘ ਗਿਆ ਪਰ ਮਹਿਸੂਦ ਨਾ ਨਜ਼ਰੀਂ ਪਿਆ ਤੇ ਮੈਨੂੰ ਪੱਕ ਹੋ ਗਿਆ ਮੈਂ ਥਾਂ ਤੇ ਗਲੀ ਵੀ ਖੁੰਝਾ ਬੈਠਾ ਆਂ। ਸ਼ੂੰ ਕਰ ਕੇ ਕਾਰਾਂ ਖਲੋਂਦੀਆਂ ਸਨ ਤੇ ਉਨ੍ਹਾਂ ਵਿੱਚੋਂ ਨਸ਼ਿਆਏ ਜੋੜੇ ਉੱਥੇ ਖਲੋਤੇ-ਖਲੋਤੇ ਇੱਕ ਦੂਜੇ ਨੂੰ ਜੱਫੀਆਂ ਪਾ-ਪਾ ਚੁੰਮੀ ਜਾਂਦੇ ਸਨ ਤੇ ਮੈਨੂੰ ਹੋਰ ਡਰ ਆਉਣ ਲੱਗ ਪੈਂਦਾ ਸੀ ਜੇ ਇਨ੍ਹਾਂ ਵਿੱਚੋਂ ਕਿਸੇ ਪੁਲਸ ਨੂੰ ਫ਼ੋਨ ਕਰ ਦਿੱਤਾ ਪਈ ਇੱਕ ਏਸ਼ੀਆਈ ਅੱਧ ਰਾਤ ਨੂੰ ਗਲੀ ਵਿੱਚ ਮਸ਼ਕੂਕ ਖਲੋਤਾ ਏ ਤੇ...... ਇਸ ਲਈ ਮੈਂ ਚੁੱਪ ਕਰ ਕੇ ਤੁਰਨ ਲੱਗ ਪੈਂਦਾ ਸਾਂ ਕਿਉਂ ਜੇ ਤੁਰਦਾ ਨਜ਼ਰੀਂਦਾ ਈ ਮੈਂ ਪੁਲਸ ਤੋਂ ਜਾਂ ਕਿਸੇ ਸ਼ੱਕ ਸ਼ੁਬ੍ਹੇ ਤੋਂ ਬਚ ਸਕਣਾਂ ਸਾਂ।

ਇੰਜ ਤੁਰਦਾ-ਤੁਰਦਾ ਮੈਂ ਪਤਾ ਨਹੀਂ ਕਿੱਥੇ ਦਾ ਕਿੱਥੇ ਨਿਕਲ ਆਇਆ ਤੇ ਅਖ਼ੀਰ ਪੈਂਡਾ ਕਰਦਾ ਇੱਕ ਵੱਡੀ ਸੜਕ ਉੱਤੇ ਅੱਪੜ ਪਿਆ। ਦੋ ਪਾਸੀ ਸੜਕ ਉੱਤੇ ਕੁੱਝ ਆਵਾ-ਜਾਵੀ ਵੀ ਸੀ। ਚੁਫ਼ੇਰੇ ਰੱਜ ਚਾਨਣ ਸੀ ਜਾਂ ਖ਼ੋਰੇ ਰਾਤ ਮੁੱਕਣ ਆਲ਼ੀ ਸੀ। ਦੂਰੋਂ ਮੈਨੂੰ ਇੱਕ ਪਾਰਕ ਨਜ਼ਰੀਂ ਪਿਆ। ਇਹ ਯੂਰਪ ਵਿੱਚ ਉਹ ਵੇਲਾ ਸੀ ਜਾਂ ਘੱਟੋ-ਘੱਟ ਰੂਮ ਵਰਗੇ ਸ਼ਹਿਰਾਂ ਵਿੱਚ, ਜਦ ਤੁਸੀਂ ਰਾਤ ਪਾਰਕ ਵਿੱਚ ਲੰਘਾ ਸਕਦੇ ਸੋ ਤੇ ਪੁਲਸ

ਤੁਹਾਨੂੰ ਕੁੱਝ ਨਹੀਂ ਆਖਦੀ ਸੀ। ਮੈਂ ਭਾਵੇਂ ਚੋਖਾ ਤੁਰ-ਤੁਰ ਕੇ ਥੱਕ ਹਾਰ ਬੈਠਾ ਸਾਂ ਪਰ ਪਾਰਕ ਦੀ ਆਸ ਨੇ ਮੇਰੇ ਪੈਰ ਤ੍ਰਿੱਖੇ ਕਰ ਦਿੱਤੇ। ਉਹ ਪਾਰਕ ਨਹੀਂ ਸੀ, ਐਵੇਂ ਥਾਂ ਖ਼ਾਲੀ ਰੱਖ ਕੇ ਚੌਂਕ ਜਿਹਾ ਬਣਿਆ ਹੋਇਆ ਸੀ। ਪਰ ਮੈਥੋਂ ਹੁਣ ਖਲੋਤਾ ਵੀ ਨਹੀਂ ਸੀ ਜਾਂਦਾ ਪਿਆ ਤੇ ਮੈਂ ਉੱਥੇ ਘਾਹ ਉੱਤੇ ਈ ਬਹਿ ਗਿਆ। ਜਦ ਬੰਦਾ ਭੁੱਖਾ ਹੋਵੇ ਤੇ ਪਾਣੀ ਪੀਣ ਦਾ ਵੀ ਸੁਆਦ ਆਂਦਾ ਏ। ਅਖ਼ੀਰ ਮੈਂ ਇੱਕ ਖੰਭੇ ਨਾਲ਼ ਟੇਕ ਲਾਈ ਤਾਂ ਉੱਥੇ ਈ ਸੌਂ ਗਿਆ, ਉਸ ਰਾਤ ਮੇਰਾ ਘਰ ਉਹੋ ਥਾਂ ਸੀ।

ਪੁਰਾਣੇ ਮੁਹੱਲੇ ਤੁਰਦੇ-ਤੁਰਦੇ ਮੈਨੂੰ ਇੱਕ ਪਲ ਲਗਦਾ ਏ ਮੈਂ ਤਾਂ ਉਹਦੇ ਘਰ ਅੱਗੇ ਈ ਖਲੋਤਾ ਆਂ। ਉਦੋਂ ਕਿੱਡਾ ਵੱਡਾ ਲੱਗਦਾ ਹੁੰਦਾ ਸੀ ਤੇ ਹੁਣ ਨਿਰਾ ਅੱਠ-ਦੱਸ ਮਰਲੇ ਦਾ ਘਰ ਏ ਪੁਰਾਣਾ ਜਿਹਾ ਜਿਸ ਉੱਤੇ ਕਿੰਨੇ ਵਰ੍ਹੇ ਹੋ ਗਏ ਨੇਂ ਕਿਸੇ ਟਕਾ ਨਹੀਂ ਲਾਇਆ। ਵੰਡ ਤੋਂ ਅਗਦੋਂ ਦਾ ਬਣਿਆ ਘਰ ਏ ਤੇ ਦਰਜ਼ਾਂ ਵਿੱਚੋਂ ਮਿੱਟੀ ਭੁਰਦੀ ਰਹਿੰਦੀ ਏ।

ਰਾਤ ਕਿੰਨੀ ਗੂੜ੍ਹੀ ਹੋ ਗਈ ਏ।

ਗਿੱਲੀ ਹਵਾ ਨੇ ਰਾਤ ਦੇ ਅੱਤ ਅਨ੍ਹੇਰ ਵਿੱਚ ਪਾਣੀ ਦੀ ਇੱਕ ਅਨ-ਡਿੱਠੀ ਅਨ-ਛੂਹੀ ਤਾਰ ਜਿਹੀ ਬਣਾਈ ਹੋਈ ਏ। ਯਾਦ ਦੀ ਨੀਲੀ ਲਾਟ ਨੇ ਅੰਦਰ ਪਈ ਹਰ ਸ਼ੈਅ ਨੂੰ ਭਖਾ ਦਿੱਤਾ ਏ। ਪੁਰਾਣੇ ਵੇਲਿਆਂ ਵਿੱਚ ਜਦ ਉਹ ਚਿਰਕੇ ਘਰ ਆਂਦਾ ਸੀ ਤੇ ਐਵੇਂ ਇੱਕ ਪਲ ਉਹਦੀ ਬਾਰੀ ਅੱਗੇ ਅਝੱਕ ਜਾਂਦਾ ਸੀ ਤੇ ਯਾਰ ਬੇਲੀ ਅੱਗੇ ਲੰਘ ਜਾਂਦੇ ਸਨ। ਉਹਨੂੰ ਲੱਗਣਾ ਜਿਵੇਂ ਬਾਰੀ ਪਿੱਛੇ ਕੋਈ ਜੀ ਜਾਗਦਾ ਪਿਆ ਏ।

ਪੌਂਦ ਨੀਲ ਅਸਮਾਨ ਹੁੰਦਾ ਏ ਪਰ ਵੇਲਾ ਉਹਨੂੰ ਘਸਮੈਲ਼ਾ ਕਰ ਦਿੰਦਾ ਏ, ਯਾਦ ਉਸ ਨੂੰ ਸਲੇਟੀ ਸ਼ਾਮ ਕਰ ਦਿੰਦੀ ਏ, ਗੂੜ੍ਹੀ ਰਾਤ ਬਣਾ ਦਿੰਦੀ ਏ।

ਕੋਈ ਮੁਕਾਮ ਏ ਅਸਲ ਤੇ ਸੁਫ਼ਨੇ ਵਿਚਕਾਰ ਜਿੱਥੇ ਅਸੀਂ ਜਿਉਂਦੇ ਮਰਦੇ ਰਹਿਣੇ ਆਂ......

ਇੱਕ ਪਲ ਜਾਪਦਾ ਏ ਜਿਵੇਂ ਉਹਦੇ ਘਰ ਦੀ ਬਾਰੀ ਖੁੱਲ੍ਹੀ ਏ, ਪਹਿਲੀ ਤੇ ਛੇਕੜਲੀ ਵਾਰ ਤੇ ਚਾਨਣ ਦੀ ਇੱਕ ਲੰਮੀ ਜਿਹੀ ਲਕੀਰ ਸਿੱਧੀ ਗਲੀ ਦੀ ਪੱਕੀ ਸੜਕ ਉੱਤੇ ਖਲੋ ਗਈ ਏ। ਮੀਂਹ ਨਾਲ਼ ਭਿੱਜੀ ਸੜਕ ਨੂੰ ਚਾਨਣ ਦੀ ਇਹ ਲਕੀਰ ਸ਼ੀਸ਼ਾ ਕਰ ਦਿੰਦੀ ਏ, ਬਾਰੀਓਂ ਉਹੋਲੇ ਜਿੱਥੋਂ ਚਾਨਣ ਦੀ ਲਕੀਰ ਛੂੰਹਦੀ ਏ ਇੱਕ ਵਾਜ ਜਿਹੀ ਉਹਦੇ ਕੰਨੀਂ ਪੈਂਦੀ ਏ :

"ਬੇਰੀ! ਜਾ ਘਰ ਜਾ ਕੇ ਸੌਂ ਜਾ"

# ਸਾਵਾ ਤੋਤਾ ਚੁੰਜ ਦਰਆਵੇ ਬੋੜ ਗਿਆ

ਉਸ ਦੁਰਾਡੇ ਪਿੰਡ ਦੇ ਸਕੂਲ ਅਸੀਂ ਸਰਕਾਰੀ ਡਿਊਟੀ [illegible] ਆਪਣੇ ਸਟਾਫ਼ ਸਣੇ ਸ਼ਾਮ ਤੋਂ ਅਗਦੋਂ ਈ ਉਸ ਪ੍ਰਾਇਮਰੀ ਸਕੂਲ [illegible] ਚੌਕੀਦਾਰ ਕੋਲੋਂ ਕਮਰੇ ਖੁਲ੍ਹਵਾ, ਲੋੜ ਮੋਜਬ ਲੜੀਂਦੇ ਕਮਰੇ ਭਾਲਣ ਤੇ [illegible] ਪਏ। ਇੱਕ ਕਮਰਾ ਸਾਡੇ ਅਪੜਨ ਤੋਂ ਪਹਿਲਾਂ ਈ ਫ਼ੌਜੀਆਂ ਮੱਲ ਲਿਆ [illegible] ਨਾਲ਼ ਈ ਸੀ ਡਿਊਟੀ ਭੁਗਤਾਣੀ। ਅਗਲੇ ਦਿਹਾੜੇ ਇਹ ਬਣਨਾ ਸੀ [illegible] ਵੋਟਾਂ ਸਨ ਪੈਣੀਆਂ। ਪਿੰਡ ਤੋਂ ਕੁੱਝ ਹੱਟਵਾਂ ਸੀ ਸਕੂਲ। ਸੰਘਣੇ ਰੁਖਾਂ [illegible] ਨਵੀਂ ਉਸਰੀ ਇਮਾਰਤ ਸਾਵੀ ਗੂੜ੍ਹੀ ਛਾਂ ਲੁਕੀ ਬੈਠੀ ਸੀ। ਸੋਹਣੀਆਂ [illegible] ਕਿਆਰੀਆਂ ਤੇ ਕੁਤਰਿਆ ਸਾਵਾਂ ਕੀਤਾ ਘਾਹ। ਨਵੀਂ ਕਰਮਚੀ [illegible] ਕੰਧਾਂ, ਬੂਹੇ ਤੇ ਬਾਰੀਆਂ, ਗੂੜ੍ਹੀ ਸਾਵੀ ਛਾਂ ਪਾਰੋਂ ਅਜਬ ਗਹਿਰ ਸਾਵੇ [illegible] ਇੰਜ ਜਾਪੇ ਜਿਵੇਂ ਗੂੜ੍ਹੇ ਸਾਵੇ ਉੱਤੇ ਕਸੇ ਕਰਮਚੀ ਟਿੱਕੀ ਰੱਖ ਦਿੱਤੀ ਹੋਵੇ

ਰਾਤੀਂ ਸਕੂਲ ਦੇ ਚੌਕੀਦਾਰ ਦੱਸਿਆ ਪਈ ਇੱਕ ਦਾਰੀ ਇੱਥੇ [illegible] ਗੋਰੇ ਆਏ ਸਨ। ਉਨ੍ਹਾਂ ਨੂੰ ਇਹ ਥਾਂ ਏਨੀ ਸੋਹਣੀ ਲੱਗੀ ਪਈ [illegible] ਦੀ ਮਿਲ ਵਰਤਣ ਪਾਰੋਂ ਇਸ ਸਕੂਲ ਦੀ ਉਸਰੀ ਹੋਈ ਏ। [illegible] ਇਮਾਰਤ ਵੀ ਨਾਲ਼ ਸੀ। ਉਹ ਪੁਰਾਣੀ ਏਨੀ ਸੀ ਪਈ [illegible] ਸਮਝੋ। ਬੂਹੇ ਬਾਰੀਆਂ ਗ਼ੈਬ ਤੇ ਛੱਤਾਂ ਵਿੱਚ [illegible] ਤਰੇ ਕਮਰੇ ਵੱਡੇ ਕਮਰੇ ਤੇ ਇੱਕ ਨਿੱਕਾ [illegible] ਕੁੰਜੀ ਨਹੀਂ ਸੀ, ਚੌਕੀਦਾਰ ਕੋਲ ਰਹਿੰਦਿਆਂ [illegible] ਲਿਆ ਤੇ ਹੁਣ ਸਾਨੂੰ ਦੋ ਕਮਰਿਆਂ [illegible] ਟਿੱਕਣ ਪਿੱਛੋਂ ਸਵੇਰੇ ਸੱਤ ਵਜੇ [illegible]

ਫ਼ੌਜੀਆਂ ਦੇ ਕਮਰੇ [illegible] ਉਧਰ ਹੋਏ ਹੋਏ ਸਨ। ਪੂਰੀ ਫ਼ੌਜੀ [illegible] ਨਾਲ਼ ਹੱਥ ਮਿਲਾਇਆ ਤੇ [illegible] ਮੇਰਾ ਸਭ ਕੁੱਝ ਇੰਜ ਦਾ ਸੀ [illegible] ਭਲਕੇ ਵੀ ਇੱਥੇ ਰਹਿਣਾ [illegible] ਉਸਾਰਦੀ ਏ। ਸ਼ੇਰ ਮਾੜੀ [illegible] ਨਿੱਘ ਨਾਲ਼ ਮਿਲਿਆ। [illegible] ਕੇ ਬਿਸਤਰੇ ਵਿਛਾਏ [illegible]

ਰੱਖੀਆਂ ਹੋਈਆਂ ਸਨ। ਜਿਵੇਂ ਫ਼ੌਜੀਆਂ ਨੂੰ ਇਹ ਸਾਰੇ ਕੰਮ ਇੱਕ ਕਰੜੇ ਪ੍ਰਬੰਧ ਹੇਠ ਹਮੇਸ਼ਾ ਕਰਨ ਦੀ ਵਾਦੀ ਹੁੰਦੀ ਏ।

ਪੋਹ ਮਾਘ ਦੀ ਚੜ੍ਹਤੜ੍ਹ, ਘਣੇ ਰੁੱਖ ਤੇ ਆਲ ਦੁਆਲੇ ਕੋਈ ਅਬਾਦੀ ਨਾ ਹੋਵਣ ਪਾਰੋਂ ਕੁੱਝ ਡਾਢੀ ਠੰਡ ਸੀ ਉਥੇ। ਸਿੱਧੀ ਪੈਰੀਂ ਚੜ੍ਹੇ ਪਈ। ਅਸੀਂ ਦੋਵੇਂ ਮੰਜੀਆਂ ਉੱਤੇ ਆਹਮੋ ਸਾਹਮਣੇ ਬਹਿ ਗਏ। ਮੈਂ ਸਿਗਰਟ ਦੀ ਡੱਬੀ ਕੱਢੀ ਤੇ ਅਗਾਂਹ ਕਰ ਦਿੱਤੀ। ਉਸ ਇੱਕ ਸਿਗਰਟ ਲਿਆ ਤੇ ਮੂੰਹ ਹੇਠਾਂ ਕਰ ਕੇ ਬਾਲਾਂ ਹਾਰ ਹੱਸਿਆ। ਵੱਤ ਚਾਣਚਕ ਚੌਕਸੀ ਨਾਲ਼ ਬੂਹੇ ਵੱਲ ਤੱਕਿਆ ਤੇ ਡਰਦਾ ਉਹਦੇ ਮੂੰਹ ਉੱਤੇ ਪਰਛਾਵਾਂ ਜਿਹਾ ਫਿਰ ਗਿਆ। ਫ਼ਿਰ ਉਸ ਮੇਰੇ ਵੱਲ ਤੱਕਿਆ ਤੇ ਲੱਜ ਦੀ ਉਹਦੇ ਮੂੰਹ ਉੱਤੇ ਲਹਿਰ ਜਿਹੀ ਲੰਘੀ। ਪਹਿਲਾਂ ਤਾਂ ਉਹ ਸਿਗਰਟ ਲਾਣ ਲੱਗਾ ਤੇ ਮੁੜ ਝਬਦੇ ਉਠ ਆਖਣ ਲੱਗਾ: "ਡਿਊਟੀ ਏ ਨਾ, ਡਿਊਟੀ ਤੋਂ ਵੱਤ ਪੀਸਾਂ ਹੁਣ ਡਿਊਟੀ ਹੈ ਮੇਰੀ, ਅਸੀਂ ਅਸਲ੍ਹਾ ਲੁੱਗਾ ਨਹੀਂ ਛੱਡਦੇ।" ਮੈਂ ਵੀ ਨਾਲੇ ਉਠ ਖਲੋਤਾ। ਉਨ੍ਹਾਂ ਚਾਰ ਫ਼ੌਜੀਆਂ 'ਚੋਂ ਜਿਨ੍ਹਾਂ ਸਾਡੇ ਨਾਲ਼ ਡਿਊਟੀ ਕਰਨੀ ਸੀ, ਉਹ ਪਹਿਲਾ ਮਿਲਣ ਆਲਾ ਸੀ।

ਮੇਰੇ ਸਿਗਰਟ ਦੇਣ ਤੇ ਉਹਦੇ ਨਾ ਪੀਣ ਤੇ ਰੱਖ ਲੈਣ ਉੱਤੇ ਸਾਡਾ ਜਿਹੜਾ ਭੇਤੀ ਸੰਬੰਧ ਬਣਿਆ, ਉਹ ਅਖ਼ੀਰਲੇ ਵੇਲੇ ਤਾਈਂ ਰਹਿਆ। ਮਗਰੋਂ ਉਸ ਮੈਨੂੰ ਦੱਸ ਵੀ ਛੱਡਿਆ ਪਈ ਉਨ੍ਹਾਂ ਨੂੰ ਡਿਊਟੀ ਵੇਲੇ ਗ਼ੈਰ ਫ਼ੌਜੀ ਜਾਂ ਓਬੜ ਬੰਦੇ ਤੋਂ ਸਿਗਰਟ ਪੀਣ ਦੀ ਮਨਾਹੀ ਏ।

ਛੇਤੀ ਰਹਿੰਦੇ ਤਰੈ ਫ਼ੌਜੀ ਵੀ ਅੱਪੜ ਗਏ। ਉਨ੍ਹਾਂ ਵਿੱਚੋਂ ਇੱਕ ਹਵਾਲਦਾਰ ਸੀ ਤੇ ਉਹੋ ਉਸ ਵੇਲੇ ਅਫ਼ਸਰ ਵੀ ਉਨ੍ਹਾਂ ਦਾ। ਵਾਲਦਾਰ ਵੀ ਚੰਗਾ ਸੀ ਬੰਦਾ। ਇੱਕ ਹੱਥ ਨਾਲ਼ ਅਫ਼ਸਰੀ ਘੂਕਾਂਦਾ ਸੀ ਤੇ ਦੂਏ ਬੰਨੇ ਗਪੌੜੀਆਂ ਮਾਰਨ ਦਾਵੀ ਡਾਢਾ ਰਸਕਾ ਸਾ ਸੂ। ਫ਼ੌਜੀਆਂ ਤੋਂ ਅੱਡ ਅਸੀਂ ਵੀ ਚਾਰ ਬੰਦੇ ਸਾਂ ਤੇ ਰਹਿੰਦਿਆਂ ਸਵੇਲੇ ਸੀ ਅੱਪੜਨਾ। ਅਸਾਂ ਲੋੜ ਮੂਜਬ ਕਮਰਿਆਂ ਵਿੱਚ ਕੁਰਸੀਆਂ ਮੇਜ਼ ਸਿੱਧੇ ਕੀਤੇ ਤੇ ਚੌਕੀਦਾਰ ਰਾਹੀਂ ਪਿੰਡ ਦੇ ਨੰਬਰਦਾਰ ਨੂੰ ਸੁਨੇਹਾ ਘੱਲ ਦਿੱਤਾ ਪਈ ਸਾਡੇ ਲਈ ਰੋਟੀ ਟੁੱਕਰ ਤੇ ਰਾਤੀਂ ਰਹਿਣ ਦਾ ਪ੍ਰਬੰਧ ਕਰੇ। ਰਾਤੀਂ ਅਸੀਂ ਕਾਗ਼ਜ਼ ਕੱਢ ਕੇ ਅਪਣਾ ਕੰਮ ਕਰਦੇ ਰਹੇ। ਸਵਖ਼ਤੇ ਸਵਖ਼ਤੇ ਈ ਸਾਡਾ ਕੰਮ ਛੋਹਣਾ ਸੀ ਤੇ ਅਸੀਂ ਸਾਰੇ ਇੱਕ ਖਿਝ ਵਿੱਚ ਸਾਂ। ਚੋਣਾਂ ਕਰਵਾਣ ਤੇ ਵੋਟਾਂ ਪਾਉਣ ਵਿੱਚ ਐਵੇਂ ਪਤਾ ਨਹੀਂ ਕਿੰਨੇ ਲਫ਼ਾੜਿਆਂ ਦਾ ਮੂੰਹ ਭਰਨਾ ਪੈਂਦਾ ਏ ਤੇ ਵੋਟਾਂ ਦਾ ਵੇਲਾ ਮੁੱਕਣ ਮਗਰੋਂ ਤਾਂ ਏਨੀ ਵੇਲ੍ਹ ਈ ਨਹੀਂ ਪਈ ਕੋਈ ਹੋਰ ਕੰਮ ਨਿਬੇੜਿਆ ਜਾਵੇ, ਇਸ ਲਈ ਕੁੱਝ ਕਾਗ਼ਜ਼ ਅਗਦੋਂ ਈ ਤਿਆਰ ਕਰਨੇ ਪੈਂਦੇ ਨੇਂ।

ਅੱਧ ਰਾਤ ਮਗਰੋਂ ਜਦ ਮੈਂ ਅਪਣਾ ਕੰਮ ਮੁਕਾ ਕੇ ਸੌਣ ਲੱਗਾ ਤੇ ਫ਼ੌਜੀਆਂ ਦੇ ਕਮਰਿਓਂ ਮੱਠੀ ਗਾਵਣ ਦੀ ਵਾਜ ਆਂਦੀ ਪਈ ਸੀ:

*ਘਲਾ ਪੂਰ ਬੰਗਲਾ ਪਾਣੀ ਖੜ ਕੇ ਝਾਲਾਂ ਤੋਂ*
*ਕਸਮ ਚਵਾ ਲੈ, ਕਦੀ ਨਹੀਂ ਲੱਥਾ ਖ਼ਿਆਲਾਂ ਤੋਂ*
*ਸਾਵਾ ਤੋਤਾ ਚੁੰਜ ਦਰਿਆਵੇ ਬੋੜ ਗਿਆ*
*ਸੁਖਾਂ ਦਾ ਜ਼ਾਮਨ ਦੁੱਖਾਂ ਦੇ ਵੇਲੇ ਛੋੜ ਗਿਆ*

ਸ਼ੋਰੇ ਇਹ ਗਾਉਣ ਦੀ ਵਾਜ ਕੱਢਦੀ ਆਉਂਦੀ ਪਈ ਸੀ ਪਰ ਆਪਣੇ ਕੰਮ ਦੇ ਧਿਆਨ ਪਾਰੋਂ ਮੈਂ ਗੌਹ ਨਾ ਕੀਤਾ ਜਾਂ ਖ਼ਵਰੇ ਅੱਧ ਰਾਤ ਦੀ ਡੂੰਘੀ ਚੁੱਪ ਪਾਰੋਂ ਗਾਉਣ ਦੀ ਵਾਜ ਬਹੁਤੀ ਉੱਘੜ ਪਈ ਸੀ। ਕਦੀ ਇਹ ਉੱਚੀਆਂ ਹੇਕਾਂ ਵਿੱਚ ਆਉਂਦੀ ਜਾਪਦੀ ਤੇ ਕਦੀ ਹੌਲ਼ੀ ਹੁੰਦੀ ਵੈਣ ਵਿੱਚ ਵਟੀਜਦੀ ਲੱਗਦੀ ਜਿਵੇਂ ਕੋਈ ਵਿਰਲਾਪ ਪਿਆ ਕਰਦਾ ਹੋਵੇ। ਉੱਠ ਕੇ ਬਹਿ ਗਿਆ। ਮੈਂ ਚਾਦਰ ਦੀ ਬੁੱਕਲ ਮਾਰ, ਕਮਰੇ ਤੋਂ ਬਾਹਰ ਆ ਵਰਾਂਡੇ ਖਲੋ ਗਿਆ। ਆਉਂਦੇ ਦੀਂਹ ਦੇ ਰੁਝਵੇਂ ਦੀ ਖਿਝ ਪਾਰੋਂ ਨੀਂਦ ਪੱਲਾ ਨਹੀਂ ਸੀ ਫੜਾਂਦੀ ਪਈ। ਬਾਹਰ ਅੰਤਾਂ ਦਾ ਕੋਹਰਾ ਲੱਥਦਾ ਪਿਆ ਹੋਵੇ ਤੇ ਰੁੱਖਾਂ ਵਿੱਚੋਂ ਪਾਣੀ ਚੋਂਦਾ ਹੋਵੇ। ਵਰਾਂਡੇ ਵਿੱਚ ਜਗਦਾ ਇਕੱਲਾ ਬਲਬ ਵੀ ਜਾਪੇ ਜਿਵੇਂ ਠੰਡ ਨਾਲ਼ ਕੰਬਦਾ ਪਿਆ ਸੀ। ਮੈਨੂੰ ਐਵੇਂ ਕਿਤੇ ਸੁਣੀ ਗੱਲ ਚੇਤੇ ਆਈ ਪਈ ਫ਼ੌਜੀ ਰਾਤਾਂ ਨੂੰ ਉੱਠ ਉੱਠ ਰੋਂਦੇ ਨੇ। ਖ਼ਵਰੇ ਨਿੱਕਿਆਂ ਹੁੰਦਿਆਂ ਮਾਂ ਕੋਲੋਂ ਸੁਣਿਆ ਸੀ। ਗਾਵਣ ਦੀ ਵਾਜ ਮੁੜ ਆਈ।

ਸਾਹਮਣੇ ਫ਼ੌਜੀਆਂ ਦਾ ਕਮਰਾ ਸੀ ਤੇ ਵਾਜ ਉੱਕਾ ਸਾਫ਼ ਸੁਣਾਈ ਦਿੱਤੀ ਪਈ ਸੀ:

*ਗੱਡੀਆ ਦਾ ਧੂੰ ਮਾਹੀਆ*
*ਸੜ ਗਈ ਕਿਸਮਤ,*
*ਹੱਡੀਆਂ ਚੁਗ ਲੈ ਤੂੰ ਮਾਹੀਆ*

ਪਰ ਫ਼ਿਰ ਕੁੱਝ ਚਿਰਾਂ ਪਿੱਛੋਂ ਇਹ ਵਾਜ ਹੌਲ਼ੀ ਹੁੰਦੀ ਕੁਰਲਾਟ ਵਿੱਚ ਵਟੀਜਦੀ ਗਈ।

ਅਗਲੇ ਦਿਹਾੜੇ ਅਸੀਂ ਸਿਰ ਸੁੱਟ ਕੇ ਕੰਮੀਂ ਰੁੱਝੇ ਰਹੇ। ਕਿਸੇ ਨਾਲ਼ ਗੱਲ ਕਰਨ ਦੀ ਵੇਲ਼ ਈ ਨਹੀਂ ਸੀ। ਸਵੇਰੇ ਉਂਜ ਵੀ ਏਨੀ ਕੋਹਰ ਸੀ ਪਈ ਬਾਹਰੋਂ ਆਉਣ ਵਾਲਾ ਅਮਲਾ ਵੀ ਚਿਰਕੇ ਅਪੜਿਆ ਤੇ ਸਾਨੂੰ ਕੰਮ ਨੂੰ ਥਾਂ ਠਿਕਾਣੇ ਕਰਦੇ ਤੇ ਸਵਾਹਰਦੇ ਕੁੱਝ ਬਹੁਤਾ ਈ ਵੇਲਾ ਲੱਗ ਗਿਆ। ਉੱਤੋਂ ਸੱਤ ਵਜੇ ਅਫ਼ਸਰਾਂ ਦੀ ਆਵਾਜਾਈ ਵੀ ਛੋਹ ਪਈ, ਵੋਟਾਂ ਵੇਲੇ ਸਿਰ ਨਾ ਛੋਹਣ ਪਾਰੋਂ ਸਾਨੂੰ ਸਾਰਿਆਂ ਨੂੰ ਸਣੇ ਫ਼ੌਜੀਆਂ ਦੇ ਝਾੜਾਂ ਪੈ ਗਈਆਂ। ਫ਼ੌਜੀਆਂ ਨੂੰ ਫ਼ੌਜੀ ਅਫ਼ਸਰਾਂ ਤੋਂ ਤੇ ਸਾਨੂੰ ਸਾਡੇ ਅਫ਼ਸਰਾਂ ਤੋਂ। ਇਹ ਵੱਖਰੀ ਗੱਲ ਏ ਪਈ ਸਵੇਰੇ ਸਵੇਰੇ ਏਨੀ ਠੰਡ ਵਿੱਚ ਅਜੇ ਇੱਕ ਵੋਟ ਭੁਗਤਾਣ ਵਾਲਾ ਵੀ ਨਹੀਂ ਸੀ ਆਇਆ। ਸਿਵਲ ਅਮਲੇ ਦਾ ਪ੍ਰਬੰਧ ਮੇਰੇ ਕੋਲ ਸੀ ਇਸ ਲਈ ਮੈਂ ਤਾਂ ਜਿਵੇਂ ਸਾਰਾ ਮੀਂਹ ਵਿੱਚ ਇੱਕ ਲੱਤ ਉੱਤੇ ਈ ਖਲੋਤਾ ਰਹਿਆ। ਇੱਕ ਦੋ ਵਾਰ ਮੇਰਾ ਉਹਦਾ ਟਾਕਰਾ ਹੋਇਆ ਤੇ ਮੈਂ ਆਪਣੇ ਰੁਝੇਵੇਂ ਪਾਸੋਂ ਉਹਦੇ ਵੱਲ ਧਿਆਨ ਨਾ ਕੀਤਾ ਤੇ ਉਸ ਗਿਲਾ ਕੀਤਾ: "ਅੱਜ ਤਾਂ ਵੇਹੰਦੇ ਈ ਨਹੀਂ ਪਏ ਓ। ਬਹੂੰ ਰੁੱਝੇ ਓ।"

ਰਾਤੀਂ ਸੱਤ-ਅੱਠ ਵਜੇ ਜਾ ਵੇਲ਼ ਹੋਈ। ਅੱਗੋਂ ਸਰਕਾਰੀ ਗੱਡੀ ਸਾਨੂੰ ਲੈਣ ਆਉਣਾ ਸੀ ਪਰ ਉਹ ਵੇਲੇ ਸਿਰ ਨਾ ਅਪੜੀ। ਉਡੀਕ-ਉਡੀਕ ਫਾਵੇ ਹੋ ਗਏ। ਸਿਆਲ ਉਸ ਵਰ੍ਹੇ ਦਾ ਸਿਖਰਾਂ ਤੇ ਸੀ। ਪੈਰਾਂ ਨੂੰ ਸੀਤ ਚੜ੍ਹੇ। ਕੋਹਰੇ ਨਾਲ਼ ਰੁੱਖਾਂ 'ਚੋਂ ਪਾਣੀ ਇੰਜ ਚੋਵੇ ਜਿਉਂ ਕਣੀ-ਕਣੀ ਮੀਂਹ ਪੈਂਦਾ ਹੋਵੇ।

ਅਖ਼ੀਰ ਅਸੀਂ ਚੌਕੀਦਾਰ ਦਾ ਮਿੰਨਤ ਤਰਲਾ ਕੀਤਾ ਤੇ ਉਸ ਨੂੰ ਪਿੰਡੋਂ ਕੁੱਝ

ਬਾਲਣ ਲਿਆਣ ਦਾ ਆਖਿਆ। ਵੋਟਾਂ ਦੇ ਨਤੀਜੇ ਲੈਣ ਮਗਰੋਂ ਸਾਰਾ ਪਿੰਡ ਇੰਜ ਗ਼ੈਬ ਹੋਇਆ ਜਿਵੇਂ ਉਨ੍ਹਾਂ ਦੀ ਗ਼ਰਜ਼ ਈ ਮੁੱਕ ਗਈ ਹੋਵੇ ਸਾਡੇ ਤੋਂ। ਹਵਾਲਦਾਰ ਵੀ ਚੌਕੀਦਾਰ ਨਾਲ਼ ਪਿੰਡ ਗਿਆ ਤੇ ਝੱਟ ਈ ਸੁੱਕੀਆਂ ਪਾਥੀਆਂ ਦੀ ਭਰੀ ਬੋਰੀ ਤੇ ਚਾਹ ਪੀਣ ਦਾ ਸਾਮਾਨ ਲੈ ਆਇਆ। ਚੌਕੀਦਾਰ ਵੀ ਇਧਰੋਂ ਉਧਰੋਂ ਨੱਸ-ਭੱਜ ਕਰ ਕੇ ਕੁੱਝ ਲੱਕੜਾਂ ਦਾ ਬਾਲਣ ਜੋੜਿਆ ਤੇ ਅਸੀਂ ਵਰਾਂਡੇ ਭਾਂਬੜ ਲਾ ਕੇ ਬਹਿ ਗਏ। ਸਭ ਨੂੰ ਅੰਤਾਂ ਦਾ ਥਕੇਵਾਂ ਸੀ। ਰੱਬ ਭਲਾ ਕਰੇ ਚੌਕੀਦਾਰ ਦਾ ਜਿਸ ਘੜੀ ਦੋ ਘੜੀ ਪਿੱਛੋਂ ਸਾਨੂੰ ਚਾਹ ਦੀ ਫੇਰੀ ਤੋਰੀ ਰੱਖੀ ਜਿਸ ਨਾਲ਼ ਠੰਡ ਦਾ ਕੁੱਝ ਆਸਰਾ ਹੋ ਗਿਆ। ਹਵਾਲਦਾਰ ਆਪਣੀ ਫ਼ੌਜੀ ਹਯਾਤੀ ਦੀਆਂ ਗੱਲਾਂ ਛੇੜ ਬੈਠਾ। ਰਹਿੰਦੇ ਤਰੈਵੇ ਫ਼ੌਜੀ ਸਾਡੇ ਨਾਲ਼ ਗੱਲ ਕਰਨੋਂ ਪਹਿਲਾਂ ਹਵਾਲਦਾਰ ਦੇ ਮੂੰਹ ਵੱਲ ਤੱਕਦੇ ਸਨ ਜਿਵੇਂ ਉਹਦੇ ਅੱਗੇ ਗੱਲ ਕਰਨੋਂ ਝਕਦੇ ਹੋਵਣ। ਖ਼ੌਰੇ ਉਨ੍ਹਾਂ ਨੂੰ ਸਿਵਲ ਨਾਲ਼ ਖੁੱਲ੍ਹ ਖੇਡਣ ਦੀ ਮਨਾਹੀ ਸੀ। ਉਂਜ ਉਹ ਆਪਸ ਵਿੱਚ ਬਹੂੰ ਰਚੇ-ਮੱਚੇ ਹੋਏ ਸਨ ਤੇ ਇੱਕ ਦੂਜੇ ਨੂੰ ਟਿਚਕਰ ਮਾਰਨ ਲੱਗਿਆਂ 'ਸੰਤਰੀ' ਆਖ ਕੇ ਸਦਾਉਂਦੇ ਸਨ। ਇਹ ਉਨ੍ਹਾਂ ਦੇ ਮਖ਼ੌਲ ਦਾ ਕੋਈ ਰੰਗ ਹੋਣਾ ਏ। ਸਾਡੇ ਵਿੱਚੋਂ ਕੁੱਝ ਤਾਂ ਥਕੇਵੇਂ ਪਾਰੋਂ ਉਂਘਲਾ ਵੀ ਜਾਂਦੇ ਤੇ ਜਦ ਚਾਹ ਦੀ ਫੇਰੀ ਚੱਲਦੀ ਤੇ ਪੂਰੀ ਜ਼ੋਰ ਲਾ ਕੇ ਅੱਖਾਂ ਖੋਲ੍ਹਦੇ ਤੇ ਗੱਲ ਸੁਣਨ ਦਾ ਆਹਰ ਕਰਦੇ ਲੱਗਦੇ ਤੇ ਇਸ ਪਾਰੋਂ ਉਨ੍ਹਾਂ ਦੀਆਂ ਵਿਗੜੀਆਂ ਸ਼ਕਲਾਂ ਵੇਖ ਕੇ ਦੂਜਿਆਂ ਨੂੰ ਹਾਸਾ ਆ ਜਾਂਦਾ।

ਮੈਂ ਐਵੇਂ ਪੁੱਛਿਆ ਰਾਤੀਂ ਗਾਵਣ ਕੌਣ ਗਾਉਂਦਾ ਪਿਆ ਸੀ। ਮੈਂ ਉਹ ਗਾਵਣ ਸੁਣਨਾ ਚਾਹੁੰਦਾ ਆਂ। ਤਿੰਨੇ ਫ਼ੌਜੀਆਂ ਉਸ ਵੱਲ ਤੱਕਿਆ ਤੇ ਛੇਤੀ ਮੁਸਕੇ। ਹਵਾਲਦਾਰ ਖ਼ਵਰੇ ਗੱਲਾਂ ਸੁਣਨ ਸੁਣਾਨ ਦਾ ਸ਼ੌਕੀ ਸੀ, ਆਖਣ ਲੱਗਾ, "ਸੁਣਾ ਸਾਹਿਬ ਨੂੰ ਅਪਣੀ ਕਹਾਣੀ ਫ਼ਿਰ ਗਾਵਣ ਵੀ ਸੁਣ ਲੈਸਾਂ।"

ਅਚਨਚੇਤ ਉਹ ਅਗਾਂਹ ਹੋ ਕੇ ਆਖਣ ਲੱਗਾ, "ਲਉ ਜੀ ਮੈਂ ਤੁਹਾਨੂੰ ਇੱਕ ਗੱਲ ਸੁਣਾਨਾਂ।" ਗੱਲ ਛੋਹਣ ਤੋਂ ਪਹਿਲਾਂ ਉਸ ਵਾਰੀ ਹਵਾਲਦਾਰ ਵੱਲ ਤਕਿਆ ਪਰ ਹਵਾਲਦਾਰ ਹੁਣ ਆਪੋਂ ਵੀ ਗੱਲ ਸੁਣਨ ਦਾ ਚਾਅ ਬਣਾਈ ਬੈਠਾ ਸੀ ਤੇ ਵਰਦੀ ਨੂੰ ਢਿੱਲਾ ਕਰਨਾ ਚਾਹੁੰਦਾ ਸੀ ਤਾਂ ਜੋ ਕਿਵੇਂ ਵੇਲਾ ਤਾਂ ਲੰਘੇ। ਡਿਊਟੀ ਅਸੀਂ ਭੁਗਤਾ ਬੈਠੇ ਸਾਂ ਤੇ ਭਾਵੇਂ ਡਾਢੇ ਥੱਕੇ ਹੋਏ ਸਾਂ ਪਰ ਖਿਝ ਕੋਈ ਨਹੀਂ ਸੀ।

ਅੱਗ ਦੇ ਭਾਂਬੜ ਵਿੱਚ ਉਸ ਦੀਆਂ ਅੱਖਾਂ ਲਿਸ਼ਕਦੀਆਂ ਪਈਆਂ ਸਨ ਤੇ ਉਸ ਆਪਣੇ ਸੁੱਕੇ ਬੁੱਲ੍ਹ ਹਲਾਣੇ ਛੋਹੇ।

"ਮੇਰੇ ਯੂਨਟ ਹਿੱਕ ਨਵਾਂ 'ਸੰਤਰੀ' ਆਇਆ। ਉਹ ਰਾਤਾਂ ਨੂੰ ਉਠ ਕੇ ਰੋਂਦਾ ਹਾਈ। ਹੋ ਸਕਦਾ ਪਹਿਲਾਂ ਵੀ ਉਹ ਇੰਜ ਕਰੇਂਦਾ ਹੋਵੇ। ਕਿਸੇ ਨੂੰ ਸੂਹ ਨਾ ਲੱਗੇ ਬਈ ਕਿਹੜੀ ਗੱਲੇ ਰੋਂਦਾ ਹਾਈ। ਉਹਦੇ ਅਫ਼ਸਰ ਵੀ ਡਾਢੇ ਹਰਿਆਣ। ਬਹੂੰ ਗਵੇੜ ਲਾਏ ਬਈ ਗੱਲ ਖੁੱਲ੍ਹੇ। ਪਰ ਕਿਥਾਂ। ਨਾ ਕਾਈ ਦੱਸੇ ਨਾ ਕਾਈ ਸੂਹ ਲੱਗੇ। ਵੱਤ ਅਫ਼ਸਰਾਂ ਮੇਰੀ ਡਿਊਟੀ ਲਾਈ ਪਈ ਗੱਲ ਢੂੰਡ। ਉਹ ਰਹਿੰਦਾ ਮਈਆਂ ਨਾਲ਼ ਈ ਹੋਈ। ਜੇ ਅਫ਼ਸਰ ਪੁਛੱਣ ਛੁੱਟੀ ਲੈਣੀ ਏ ? ਉਹ ਨਾਂਹ ਕਰ ਦੇਵੇ। ਜਦੋਂ ਉਹਦੇ ਕੋਲੋਂ ਪੈਸਿਆਂ ਬਾਰੇ ਪੁੱਛਿਆ ਜਾਵੇ ਫ਼ਿਰ ਵੀ ਨਾਂਹ ਕਰ ਦੇਵੇ। ਜੇ ਪੁੱਛੀਏ ਤੇਰੇ ਪਿਓ ਕਿਦਾਈਂ ਧਿੰਗਾਨੀਂ ਤੈਨੂੰ ਭਰਤੀ

ਕਰਾ ਦਿੱਤਾ ਤਾਂ ਉਹ ਕਾਈ ਵਲਦਾ ਨਾ ਦੇਵੇ। ਵੱਤ ਅਫ਼ਸਰਾਂ ਇਹ ਗੱਲ ਮੇਰੇ ਤੇ ਸੁੱਟੀ ਬਈ ਤੂੰ ਇਹ ਗੱਲ ਲੱਭ। ਉਹਨਾਂ ਮੈਨੂੰ ਪੱਕਾ ਇਸੇ ਕੰਮੇ ਚਾਹ ਲਾਇਆ।

ਹੁਣ ਮੇਰਾ ਕੰਮ ਇਹੋ ਹਾਈ ਬਈ ਹਰ ਵੇਲੇ ਉਹਦੇ ਨਾਲ਼ ਰਹਵਾਂ ਤੇ ਵਿੱਚਲੀ ਗੱਲ ਦੀ ਢੂੰਡ ਕਰਾਂ। ਅਫ਼ਸਰਾਂ ਆਖਿਆ ਜੇ ਤੂੰ ਇਹ ਗੱਲ ਲੱਭ ਲਵੇਂ ਬਈ ਇਸ ਨੂੰ ਕੀ ਰੋਗ ਹੈ ਤੇ ਵੱਤ ਹਿੱਕ ਮਹੀਨੇ ਦੀ ਤਨਖ਼ਾਹ ਤੇ ਪੂਰੇ ਮਹੀਨੇ ਦੀ ਛੁੱਟੀ ਤੇਰਾ ਇਨਾਮ। ਸਾਨੂੰ ਫ਼ੌਜੀਆਂ ਨੂੰ ਛੁੱਟੀ ਦੀ ਡਾਢੀ ਲੋੜ ਰਹਿੰਦੀ ਹਈ। ਔਖੀ ਨੌਕਰੀ ਹਈ, ਵਤਨਾਂ ਦੁਰਾਡੀ, ਹਰ ਵੇਲੇ ਕੂੰ ਘਰਾਂ ਦੀ ਤਾਂਘ ਹੁੰਦੀ ਏ। ਦਾਹ ਦੀਂਹਾਂ ਅੰਦਰ ਮੈਂ ਇਹ ਗੱਲ ਲੱਭ ਕੇ ਅਫ਼ਸਰਾਂ ਨੂੰ ਰਿਪੋਰਟ ਕਰਨੀ ਹਈ। 9 ਦਿਹਾੜੇ ਲੰਘੀ ਗਏ, ਮੈਨੂੰ ਨਾ ਕੋਈ ਸੁੱਧ-ਬੁਧ ਲੱਗੀ ਨਾ ਗੱਲ ਦਾ ਸਿਰਾ ਹੱਥੀਂ ਆਇਆ। ਰਾਤਾਂ ਜਾਗ-ਜਾਗ ਮੈਂ ਉਹਦੀ ਜਸੂਸੀ ਕਰੇਂਦਾ ਰਹਿਆ। ਜਿਥੇ ਉਹ ਜਾਵੇ ਉਹਦੇ ਨਾਲ਼ ਨੱਥੀ ਰਹਵਾਂ। ਗੱਲਾਂ ਨਾਲ਼ ਵੀ ਬੜਾ ਵਲਾਇਆ ਪਰ ਉਸ ਮੈਨੂੰ ਰਾਹ ਨਾ ਦਿੱਤਾ।

ਛੇਕੜਲਾ ਦੀਂਹ ਹਈ ਮੇਰੇ ਨਾਂ ਇੱਕ ਚਿੱਠੀ ਆਈ। ਮੈਂ ਖੋਲ ਕੇ ਪੜ੍ਹੀ ਪਰ ਪੱਲੇ ਨਾ ਪਈ। ਅਜਬ ਪੁੱਠੀ ਸਿੱਧੀ ਚਿੱਠੀ ਹਾਈ ਤੇ ਅਖ਼ੀਰ ਉੱਤੇ ਕਿਸੇ ਦਾ ਨਾਂ ਵੀ ਨਾ ਲਿਖਿਆ ਹਈ। ਉਂਜ ਲਾਲ ਸਿਆਹੀ ਨਾਲ਼ ਲਿਖੀ ਹਈ। (ਪਿਛੋਂ ਮੈਨੂੰ ਉਸ ਦੱਸਿਆ ਪਈ ਉਹ ਤਾਂ ਲਹੂ ਨਾਲ਼ ਲਿਖੀ ਹਾਈ) ਮੈਂ ਵਾਰ-ਵਾਰ ਉਹ ਚਿੱਠੀ ਪੜ੍ਹੀ ਪਰ ਸਿਰ-ਪੈਰ ਨਾ ਲੱਭਿਆ। ਅਖ਼ੀਰ ਨਿਮਾਸ਼ੀਂ ਜਦ ਉਹ ਮੂੰਹ-ਸਿਰ ਸੁੱਟ ਕੇ ਲੰਮਾ ਪਿਆ ਹਈ ਮੈਂ ਉਸ ਨੂੰ ਚਿੱਠੀ ਵਿਖਾਈ। ਚਿੱਠੀ ਵੇਖਦੇ ਈ ਉਹ ਉਸ ਨੂੰ ਚੁੰਮਣ ਲੱਗ ਪਿਆ ਤੇ ਨਾਲੋ ਨਾਲ਼ ਰੋਣ ਡਹਿ ਪਿਆ। ਆਖਣ ਲੱਗਾ ਇਹ ਮੇਰੀ ਚਿੱਠੀ ਹੈ। ਮੈਂ ਈ ਤੇਰਾ ਨਾਂ ਦਿੱਤਾ ਹਾਈ ਕਿਉਂਜੇ ਮੇਰੇ ਨਾਂ ਉੱਤੇ ਚਿੱਠੀ ਨਹੀਂ ਆ ਸਕਦੀ ਮੈਂ ਮੁੜ ਅੱਸਲ ਗੱਲ ਗੌਲਣ ਦਾ ਤਰਲਾ ਮਾਰਿਆ ਤਾਂ ਉਸ ਸਾਰੀ ਗੱਲ ਈ ਖੋਲ੍ਹ ਦਿੱਤੀ। ਆਖਣ ਲੱਗਾ, ਮੈਨੂੰ ਇੱਕ ਕੁੜੀ ਨਾਲ਼ ਪਿਆਰ ਹੈ। ਉਹ ਵੀ ਮੇਰੇ ਨਾਲ਼ ਪਿਆਰ ਕਰੇਂਦੀ ਹੈ। ਇਹ ਉਸ ਦੀ ਈ ਚਿੱਠੀ ਹੈ। ਪਹਿਲੇ ਇਹ ਚਿੱਠੀਆਂ ਦੂਜੀ ਯੂਨਟ ਵਿੱਚ ਕਿਸੇ ਹੋਰ ਦੇ ਨਾਂ ਆਉਂਦੀਆਂ ਸਨ। ਦੋਵੇਂ ਵਿਆਹ ਕਰਨਾ ਚਾਹੁੰਦੇ ਆਂ ਪਰ ਸਾਡੇ ਮਾਪੇ ਰਾਜ਼ੀ ਨਹੀਂ। ਅੱਕ ਮੇਰੇ ਪਿਓ ਮੈਨੂੰ ਫ਼ੌਜ ਭਰਤੀ ਕਰਾ ਦਿੱਤਾ ਹੈ। ਹੁਣ ਉਹ ਮੈਨੂੰ ਲਹੂ ਨਾਲ਼ ਚਿੱਠੀਆਂ ਲਿਖਦੀ ਹੈ ਤੇ ਮੈਂ ਵੀ।

ਮੇਰਾ ਕੰਮ ਹੋ ਗਿਆ ਹਈ ਮੈਂ ਖੁਰਾ ਲੱਭ ਲਿਆ ਹਈ। ਅਗਲੇ ਦਿਹਾੜੇ ਮੈਂ ਅਫ਼ਸਰਾਂ ਨੂੰ ਸਾਰੀ ਗੱਲ ਸੁਣਾ ਦਿੱਤੀ। ਅਫ਼ਸਰਾਂ ਮੈਥੋਂ ਪੁੱਛਿਆ ਮੈਂ ਕੀ ਕਰ ਸਕਨਾਂ ਆਂ ? ਉਨ੍ਹਾਂ ਮੈਨੂੰ ਆਖਿਆ ਤੂੰ ਘਰ ਜਾਵਣ ਦੀ ਥਾਂ ਇਸ ਬੇਲੀ ਦਾ ਕੁੱਝ ਕਰ, ਛੁੱਟੀ ਤੈਨੂੰ ਅਸੀਂ ਦੇ ਦੇਸਾਈਂ। ਮੈਨੂੰ ਉਨ੍ਹਾਂ ਪੈਸੇ ਵੀ ਦਿੱਤੇ। ਮੈਂ ਸੋਚਿਆ ਮੈਂ ਆਪਣੇ ਘਰ ਮਗਰੋਂ ਜਾਸਾਂ ਪਹਿਲਾਂ ਇਸ ਦਾ ਕੁੱਝ ਕਰਸਾਂ। ਮੈਂ ਇਸ ਬੇਲੀ ਦੇ ਘਰ ਗਿਆ ਤੇ ਉਹਦੇ ਮਾਪਿਆਂ ਨੂੰ ਆਖਿਆ ਤੁਹਾਡੇ ਮੁੰਡੇ ਨੂੰ ਇੱਕ ਕੁੜੀ ਨਾਲ਼ ਪਿਆਰ ਹੈ। ਮਾਪਿਆ ਜਵਾਬ ਦਿੱਤਾ ਸਾਨੂੰ ਪਤਾ ਹੈ। ਮੈਂ ਆਖਿਆ ਤੁਸੀਂ ਉਹਦਾ ਵਿਆਹ ਕਿਉਂ ਨਹੀਂ ਕਰੇਂਦੇ। ਉਨ੍ਹਾਂ ਆਖਿਆ ਸਾਨੂੰ ਕੋਈ ਇਨਕਾਰੀ ਨਹੀਂ ਪਰ ਕੁੜੀ ਵਾਲੇ ਵੀ ਤਾਂ ਰਾਜ਼ੀ ਹੋਵਣ ਤਾਂ ਨਾ! ਅਗਲੇ ਦਿਨ ਮੈਂ ਕੁੜੀ ਆਲਿਆਂ ਦੇ ਘਰ ਗਿਆ ਤੇ ਅਪਣਾ ਦੱਸਿਆ ਤੇ ਨਾਲੇ ਆਪਣੇ ਬੇਲੀ ਵੱਲੋਂ

ਸਾਕ ਮੰਗਿਆ। ਅਖ਼ੀਰ ਮੈਂ ਕੁੜੀ ਦੇ ਮਾਪਿਆਂ ਨੂੰ ਰਾਜ਼ੀ ਕਰ ਲਿਆ ਤੇ ਇੰਜ ਉਹਦਾ ਵਿਆਹ ਹੋ ਗਿਆ।

ਵਿਆਹ ਹੋਵਣ ਪਿੱਛੋਂ ਉਸ ਮੈਥੋਂ ਪੁੱਛਆ ਪਈ ਜੇ ਉਹ ਮੇਰੇ ਕਿਸੇ ਕੰਮ ਆ ਸਕੇ ਤੇ ਉਸ ਨੂੰ ਖ਼ੁਸ਼ੀ ਹੋਸੀ। 'ਤੇਰਾ ਕੋਈ ਮਸਲਾ ਹੈ ?' ਮੈਂ ਆਖਿਆ ਕਿ ਮੇਰਾ ਵੀ ਇਹੋ ਮਸਲਾ ਏ। ਮੈਨੂੰ ਵੀ ਇੱਕ ਕੁੜੀ ਨਾਲ਼ ਪਿਆਰ ਹੈ ਪਰ ਕੁੜੀ ਵਾਲੇ ਰਾਜ਼ੀ ਨਹੀਂ ਹੁੰਦੇ। ਫ਼ਿਰ ਮੇਰੇ ਵਾਂਗਰ ਉਹ ਕੁੜੀ ਵਾਲਿਆਂ ਦੇ ਘਰ ਗਿਆ ਪਰ ਕੁੜੀ ਦੀ ਮਾਂ ਨਾ ਮੰਨੀ। ਤੇ ਹੁਣ ਤੀਕ ਰਾਜ਼ੀ ਨਹੀਂ ਹੋਈ ਹਈ। ਹੁਣ ਅਸਾਂ ਦੋਵਾਂ ਸੋਚਿਆ ਏ ਬਈ ਅਸਾਂ ਵਿਆਹ ਨਹੀਂ ਕਰਨਾ। ਅਜੇ ਤੀਕ ਉਸ ਕੀਤਾ ਹੈ ਨਾ ਮੈਂ।"

ਕਹਾਣੀ ਉਹਦੀ ਮੁੱਕ ਗਈ ਸੀ। ਕਹਾਣੀ ਸੁਣਾਂਦੇ ਉਸ ਇੱਕ ਵਾਰ ਵੀ ਹਵਾਲਦਾਰ ਵੱਲ ਨਾ ਤਕਿਆ ਤੇ ਹਵਾਲਦਾਰ ਵੀ ਮੂੰਹ ਸੁੱਟ ਕੇ ਬੈਠਾ ਰਿਹਾ ਸੀ। ਅਸਲੋਂ ਉਹਦੇ ਨਾਲ਼ ਦਿਆਂ ਨੂੰ ਇਸ ਕਹਾਣੀ ਦਾ ਪਤਾ ਸੀ ਤੇ ਇਹ ਕਹਾਣੀ ਉਸ ਸਾਨੂੰ ਹੁਣ ਸੁਣਾਈ ਸੀ। ਕਹਾਣੀ ਤਾਂ ਸਾਰਿਆਂ ਚੁੱਪ ਕਰ ਕੇ ਸੁਣੀ ਪਰ ਉਸ ਦੀ ਗੱਲ ਮੁੱਕਣ ਨਾਲ਼ ਸਾਰਿਆਂ ਦੇ ਮੂੰਹ ਉੱਤੇ ਹਾਸਾ ਜਿਹਾ ਖਿੱਲਰ ਗਿਆ। ਸਾਡੇ ਵਿੱਚੋਂ ਜਿਹੜੇ ਅਵਾਜ਼ਾਰ ਬੈਠੇ ਸਨ, ਉਨ੍ਹਾਂ ਨੂੰ ਗੱਲ ਵਿੱਚੋਂ ਮਖ਼ੌਲ ਬਣਾਉਣ ਦੀ ਰਾਹ ਨਜ਼ਰੀਂ ਆਈ। ਇਸ ਤੋਂ ਉਹ ਹੋਰ ਖਿਝ ਗਿਆ।

"ਜਿਸ ਬੰਦੇ ਨੂੰ ਇਸ਼ਕ ਨਹੀਂ ਹੋਇਆ ਉਸ ਨੂੰ ਕੀ ਪਤਾ ਹੋਵੇ। ਆਸ਼ਿਕ ਬੰਦੇ ਦੀਆਂ ਗੱਲ੍ਹਾਂ ਲਾਲ ਨਹੀਂ ਹੁੰਦੀਆਂ। ਉਹਨੂੰ ਭੁੱਖ ਤ੍ਰੇਹ ਨਹੀਂ ਲਗਦੀ। ਉਹ ਰੱਜ ਖਾ ਨਹੀਂ ਸਕਦਾ, ਸੌਂ ਨਹੀਂ ਸਕਦਾ।" ਉਸ ਮੇਰੇ ਨਾਲ਼ ਅੱਖਾਂ ਮਿਲਾਂਦਿਆਂ ਗੱਲ ਕੀਤੀ। ਮੈਂ ਚੁੱਪ ਕਰ ਉਹਦੀਆਂ ਗੱਲਾਂ ਸੁਣਦਾ ਰਿਹਾ। ਵਿੱਚੋਂ ਇੱਕ ਫ਼ੌਜੀ ਹੱਸ ਕੇ ਆਖਣ ਲੱਗ, "ਤੁਸੀਂ ਇਹਦਾ ਪਿੰਡਾ ਵੇਖੋ, ਸਾਰੇ ਪਿੰਡੇ ਉੱਤੇ ਕੁੜੀ ਦਾ ਨਾਂ ਲਿਖਿਆ ਹੋਇਆ ਏ।" ਇੱਕ ਫ਼ੌਜੀ ਨੇ ਛੇਤੀ ਨਾਲ਼ ਬਦੋ ਬਦੀ ਉਹਦੀ ਕੰਡ ਨੰਗੀ ਕਰ ਦਿੱਤੀ। ਥਾਂ-ਥਾਂ ਕੁੜੀ ਦਾ ਨਾਂ ਲਿਖਿਆ ਹੋਇਆ ਸੀ। ਹੁਣ ਸਾਰੀਆਂ ਗੱਲਾਂ ਉਹਦੇ ਨਾਲ਼ ਜਾਂ ਉਹਨੂੰ ਮੁਖ ਰੱਖ ਕੇ ਈ ਹੁੰਦੀਆਂ ਪਈਆਂ ਸਨ। ਜਿਹੜੀ ਗੱਲ ਵੀ ਹੁੰਦੀ ਜਾਂ ਉਹਦੇ ਬਾਰੇ ਹੁੰਦੀ ਜਾਂ ਉਹਦੀ ਇਸ਼ਕ ਕਹਾਣੀ ਬਾਰੇ। ਕਿਸੇ ਆਖਿਆ, "ਤੂੰ ਮਿਲਾਪ ਨਹੀਂ ਚਾਹੁੰਦਾ ?" ਉਹ ਆਖਣ ਲੱਗਾ, "ਵਿਛੋੜਾ ਵੀ ਮਿਲਾਪ ਏ, ਕਿਸੇ ਦੀ ਯਾਦ ਵਿੱਚ ਹੋਣਾ ਵੀ ਮਿਲਾਪ ਏ। ਮੈਂ ਉਹਨੂੰ ਛੱਡਾਂ ਤਾਂ ਵਿਛੋੜਾ ਹੋਵੇ। ਪਿੱਛੇ ਅਸੀਂ ਇੱਕ ਵਾਰੀ ਕਿਸੇ ਰਿਸ਼ਤੇਦਾਰ ਦੇ ਘਰੀਂ ਸਬੱਬੋਂ ਇਕੱਠੇ ਸਾਂ। ਮੈਂ ਉਹਨੂੰ ਸੈਨਤ ਨਾਲ਼ ਇੱਕ ਪਾਸੇ ਬੁਲਾਇਆ ਤੇ ਉਹਦੇ ਗਲ਼ ਵਿੱਚ ਬਾਂਹਾਂ ਪਾ ਕੇ ਖਲੋਤਾ ਸਾਂ ਪਈ ਦੂਰੋਂ ਉਹਦੀ ਮਾਂ ਨੇ ਵੇਖ ਲਿਆ। ਸਾਡੇ ਦੋਵਾਂ ਦੇ ਮਾਪੇ ਇਕੱਠੇ ਹੋ ਗਏ ਤੇ ਆਖਣ ਵੇਖੋ ਇਨ੍ਹਾਂ ਨੂੰ। ਕਦ ਤੋਂ ਇਹ ਖੇਡ ਚੱਲਦੀ ਪਈ ਏ। ਹੁਣ ਸਾਡਾ ਦੋਵਾਂ ਦਾ ਮਿਲਣਾ ਉੱਕਾ ਬੰਦ ਹੋ ਗਿਆ ਏ।" ਕਿਸੇ ਪੁੱਛਿਆ, "ਜੇ ਕੁੜੀ ਵਿਆਹ ਕਰ ਲਿਆ ?" ਉਸ ਆਖਿਆ, "ਇਹ ਨਹੀਂ ਹੋ ਸਕਦਾ। ਸਾਡਾ ਮੇਲ ਜ਼ਰੂਰ ਹੋਵੇਗਾ, ਅੱਜ ਨਹੀਂ ਤੇ ਭਲਕੇ, ਭਾਵੇਂ ਛੇਤੀ ਭਾਵੇਂ ਦੱਸ ਵਰ੍ਹਿਆਂ ਪਿੱਛੋਂ। ਅਸਾਂ ਇਕੱਠੇ ਜੀਨ-ਮਰਨ ਦੀ ਸੌਂਹ ਖਾਧੀ ਏ। ਜੇ ਇਸ ਜਹਾਨ ਨਾ ਮਿਲੇ ਤਾਂ ਅਗਲੇ ਵਿੱਚ ਮਿਲਸਾਂ।"

ਅਖ਼ੀਰ ਸਾਨੂੰ ਲੈਣ ਆਲ਼ੀ ਸਰਕਾਰੀ ਲਾਰੀ ਅੱਪੜ ਪਈ ਤੇ ਸਾਰੇ ਕਹਾਣੀ ਨੂੰ ਭੁੱਲ-ਭੁੱਲਾ ਕੇ ਉਹਦੇ ਵੱਲ ਨੱਸੇ। ਇੱਕਦਮ ਭਾਜੜ ਪੈ ਗਈ। ਅੱਧ ਰਾਤ ਤੋਂ ਬਹੁਤਾ ਵੇਲਾ ਤਾਂ ਹੋ ਗਿਆ ਹੋਣਾ ਏ। ਲਾਰੀ ਫ਼ੌਜੀਆਂ ਤੇ ਸਿਵਲ ਦੇ ਬੰਦਿਆਂ ਨਾਲ਼ ਨੱਕੋ-ਨੱਕ ਹੋਈ ਪਈ ਸੀ।

ਘੁੱਪ ਅਨ੍ਹੇਰਾ। ਬੰਦੇ ਬੰਦਿਆਂ ਨੂੰ ਵੱਜਣ। ਲਾਰੀ ਦਾ ਪਿਛਲਾ ਪਾਸਾ ਚੋਣਾਂ ਦੇ ਸਾਮਾਨ ਨਾਲ਼ ਤੂਸਿਆ ਪਿਆ ਸੀ। ਅਗਲੇ ਪਾਸੇ ਬੰਦੇ ਇੱਕ ਦੂਜੇ ਵਿੱਚ ਫਸੇ ਬੈਠੇ ਸਨ। ਅੱਧੇ ਤੋਂ ਬਹੁਤੇ ਬੰਦੇ ਉਂਘਲ਼ਾਂਦੇ ਪਏ ਸਨ ਤੇ ਐਵੇਂ ਕਿਸੇ ਦਾ ਸਿਰ ਨੀਂਦਰ ਵਿੱਚ ਕਿਸੇ ਦੇ ਮੂੰਹ ਨਾਲ਼ ਵੱਜਦਾ ਜਾਂ ਸੀਟ ਨਾਲ਼ ਤੇ ਦੂਜਾ ਜਿਹੜਾ ਆਪੋਂ ਵੀ ਉਂਘਲ਼ਾ ਰਿਹਾ ਹੁੰਦਾ ਸੀ ਬੁੜ-ਬੁੜ ਕਰਦਾ ਉੱਠ ਬਹਿੰਦਾ।

ਮੈਨੂੰ ਦੂਜੀ ਵੱਡੀ ਲਾਮ ਦੀਆਂ ਬਲੈਕ ਐਂਡ ਵਾਈਟ ਫ਼ਿਲਮਾਂ ਚੇਤੇ ਆ ਗਈਆਂ ਜਿਨ੍ਹਾਂ ਵਿੱਚ ਇੰਜ ਈ ਥੱਕੇ ਟੁੱਟੇ ਹਾਰੇ ਫ਼ੌਜੀ ਲਾਮ ਮਗਰੋਂ ਪਰਤਦੇ ਨੇਂ। ਅਨ੍ਹੇਰੇ ਵਿੱਚ ਕਿੰਨਾ ਚਿਰ ਬੱਸ ਤੁਰਦੀ ਰਹੀ। ਅਖ਼ੀਰ ਇੱਕ ਥਾਂ ਬੱਸ ਖਲੋਤੀ ਤੇ ਅਚਨਚੇਤ ਰੌਲ਼ਾ ਪੈ ਗਿਆ। ਇੱਥੇ ਸਾਰੇ ਫ਼ੌਜੀਆਂ ਲਹਿਣਾ ਸੀ। ਸਾਡਾ ਸਫ਼ਰ ਅਜੇ ਨਹੀਂ ਸੀ ਮੁੱਕਿਆ।

ਬਾਹਰ ਪਾਲ ਵਿੱਚ ਫ਼ੌਜੀ ਗੱਡੀਆਂ ਤੇ ਜੀਪਾਂ ਖੜ੍ਹੀਆਂ ਸਨ ਤੇ ਫ਼ੌਜੀ ਅਫ਼ਸਰ ਜਵਾਨਾਂ ਨੂੰ ਹਦਾਇਤਾਂ ਦਿੰਦੇ ਪਏ ਸਨ। ਪਰ ਬਾਹਰ ਵੀ ਤੇ ਅੰਦਰ ਵੀ ਅੰਤਾਂ ਦਾ ਘੁੱਪ ਅਨ੍ਹੇਰਾ ਸੀ। ਚੋਖੀ ਪੁਰਾਣੀ ਲਾਰੀ ਸੀ ਤੇ ਲਾਰੀ ਦਾ ਡਰਾਈਵਰ ਤੇ ਕਲੀਨਰ ਉਂਜ ਵੀ ਇਸ ਸਰਕਾਰੀ ਵਗਾਰ ਪਾਰੋਂ ਅਵਾਜ਼ਾਰ ਹੋਏ ਬੈਠੇ ਸਨ। ਸਾਰੇ ਸੁੱਤੇ ਫ਼ੌਜੀ ਇੱਕਦਮ ਜਾਗ ਪਏ ਸਨ ਤੇ ਨੱਸ-ਨੱਸ ਕੇ ਲਾਰੀ ਤੋਂ ਆਪਣੇ ਬਿਸਤਰੇ ਤੇ ਦੂਜਾ ਸਾਮਾਨ ਕਾਹਲੀ-ਕਾਹਲੀ ਬਾਹਰ ਫੜਾਂਦੇ ਪਏ ਸਨ। ਇਸ ਭਾਜੜ ਵਿੱਚ ਈ ਹਵਾਲਦਾਰ ਖ਼ੋਰੇ ਕਿੱਥੋਂ ਨਿਕਲ ਕੇ ਮੈਨੂੰ ਹੱਥ ਮਿਲਾਣ ਆ ਗਿਆ ਤੇ ਰੱਬ ਰਾਖਾ ਆਖਿਆ। ਮੈਂ ਬਾਰੀ ਨਾਲ਼ ਈ ਬੈਠਾ ਸਾਂ ਤੇ ਅੱਖਾਂ ਪਾੜ-ਪਾੜ ਕੇ ਬਾਹਰ ਵੇਖਣ ਦਾ ਆਹਰ ਕਰਦਾ ਪਿਆ ਸਾਂ। ਮੈਂ ਉਸ ਨੂੰ ਈ ਲੱਭਦਾ ਪਿਆ ਸਾਂ ਖ਼ੋਰੇ ਕਿਉਂ। ਅਖ਼ੀਰ ਫ਼ੌਜੀਆਂ ਅਪਣਾ ਸਾਰਾ ਸਾਮਾਨ ਲਾਹ ਲਿਆ ਤੇ ਡਰਾਈਵਰ ਹੌਲ਼ੀ-ਹੌਲ਼ੀ ਲਾਰੀ ਤੋਰਨ ਲੱਗ ਪਿਆ। ਇੱਕ ਫ਼ੌਜੀ ਦਾ ਹੈਲਮਟ ਗੁਆਚ ਗਿਆ ਸੀ ਜਿਸ ਪਾਰੋਂ ਉਹ ਵਾਰ-ਵਾਰ ਲਾਰੀ ਤੋਂ ਉੱਤਰੇ ਤੇ ਚੜ੍ਹੇ ਪਿਆ। ਜੇ ਫ਼ੌਜੀ ਦਾ ਹੈਲਮਟ ਨਾ ਲੱਭਾ ਤਾਂ ਉਸ ਨੂੰ ਡੰਨ ਭਰਨਾ ਪੈਣਾ ਸੀ। ਫ਼ੌਜੀਆਂ ਦੀ ਕੋਈ ਸ਼ੈਅ ਗੁਆਚ ਨਹੀਂ ਸਕਦੀ। ਉਹ ਵਿਚਾਰਾ ਬੌਂਤਰਿਆ ਸਾਰੀ ਲਾਰੀ ਗਾਹੁੰਦਾ ਪਿਆ ਸੀ ਤੇ ਉਹਦੇ ਨਾਲ਼ ਦੇ ਬੇਲੀ ਉਸ ਨਾਲ਼ ਹਾਸਾ ਠੱਠਾ ਕਰੀ ਜਾਂਦੇ ਸਨ। ਅਖ਼ੀਰ ਉਸ ਪਤਾ ਨਹੀਂ ਕਿੱਥੋਂ ਅਪਣਾ ਹੈਲਮਟ ਲੱਭਿਆ ਤੇ ਲਾਰੀ ਤੁਰ ਪਈ।

ਮੈਨੂੰ ਉਹ ਅਜੇ ਤੀਕ ਨਜ਼ਰੀਂ ਨਹੀਂ ਸੀ ਪੈਂਦਾ ਪਿਆ। ਅਖ਼ੀਰ ਮੈਂ ਉਸ ਨੂੰ ਵੇਖ ਈ ਲਿਆ। ਉਹ ਮੇਰੀ ਬਾਰੀ ਤੋਂ ਕੁੱਝ ਪਰ੍ਹਾਂ ਈ ਖਲੋਤਾ ਹੋਇਆ ਸੀ ਤੇ ਮੇਰੇ ਵੱਲ ਖ਼ੋਰੇ ਕੱਦ ਤੋਂ ਤੱਕਦਾ ਪਿਆ ਸੀ। ਅਨ੍ਹੇਰੇ ਵਿੱਚ ਉਸ ਦੀਆਂ ਅੱਖਾਂ ਲਿਸ਼ਕਦੀਆਂ ਪਈਆਂ ਸਨ ਤੇ ਬਾਲਾਂ ਜਿਹੀ ਮੁਸਕਾਨ ਉਸ ਦੇ ਮੁੱਖ ਉੱਤੇ ਸੀ। ਅਖ਼ੀਰ ਸਾਡੀਆਂ ਅੱਖਾਂ ਮਿਲੀਆਂ ਤੇ ਝੱਟ ਲਈ ਇੱਕ-ਮਿੱਕ ਹੋ ਗਈਆਂ।

# ਬਾਜਵਾ ਹੁਣ ਗੱਲ ਨਹੀਂ ਕਰਦਾ

ਬਾਜਵਾ ਆਂਦਾ ਏ, ਮੈਂ ਅਗਦੋਂ ਈ ਉਡੀਕਦਾ ਹੋਣਾ, ਕੁੱਝ ਚਿਰ ਉਹ ਬਹਿੰਦਾ ਏ ਤੇ ਮੁੜ ਝਬਦੇ ਉਹਦੇ ਪੈਰਾਂ ਨੂੰ ਮੱਛਰ ਵੱਢਣ ਲੱਗ ਪੈਂਦੇ ਨੇ ਤੇ ਆਂਹਦਾ ਏ: ਚੱਲੀਏ ਨਾ। ਕਈ ਦਿਨਾਂ ਤੋਂ ਫ਼ੋਨ ਦੀ ਟੱਲੀ ਖੜਕਾਣ ਪਿੱਛੋਂ ਅਸਾਂ ਮਾਲ ਰੋਡ ਦੇ ਉਸ ਪੁਰਾਣੇ ਕੈਫ਼ੇ ਮਸਾਂ ਮਿਲਣ ਦਾ ਆਹਰ ਕੀਤਾ ਸੀ, ਜੋ ਹੁਣ ਉੱਕਾ ਨਵਾਂ ਨਕੋਰ ਹੋਰ ਦਾ ਹੋਰ ਹੋ ਗਿਆ ਸੀ। ਇਹ ਉਹ ਅਖ਼ੀਰੀ ਮਿਲਣੀਆਂ ਸਨ, ਜਦ ਮਿਲਣ ਦਾ ਸਵਾਦ ਮੁੱਕਦਾ ਗਿਆ।

ਲਾਲ ਸ਼ਾਹ ਕਹਿੰਦਾ ਏ ਖ਼ਲਕਤ ਵਧ ਗਈ ਏ ਪਰ ਮਿਲਣੀ ਘੱਟ ਗਈ ਏ।

ਇੱਕ ਵੇਲਾ ਸੀ, ਜਦ ਅੱਧੀਂ ਰਾਤੀਂ ਘਰੇ ਜਾਣ ਨੂੰ ਜੀਅ ਨਾ ਕਰਨਾ।

ਪਿੱਛੇ ਜਿਹੇ ਮਾਲ ਰੋਡੋਂ ਲੰਘਦੇ ਐਵੇਂ ਇਥੇ ਅਝਕ ਗਿਆ। ਇਹ ਵੀ ਅਖ਼ੀਰੀ ਮਿਲਣੀਆਂ ਦੀ ਈ ਗੱਲ ਏ। ਕਈ ਵਾਰੀ ਬੰਦਿਆਂ ਦੇ ਸਾਂਗੇ ਭੇਤ ਬਣ ਜਾਂਦੇ ਨੇ ਜਾਂ ਇਹ ਸਾਥ ਹਨ ਈ ਹਯਾਤੀ ਦਾ ਭੇਤ। ਸਾਂਗੇ ਖ਼ੋਰੇ ਬੱਦਲਾਂ ਦੀ ਛਾਂ ਨੇ। ਬਹੁਤਾ ਪੈਂਡਾ ਤਾਂ ਨੰਗੀ ਧੁੱਪ ਏ। ਉਹ ਸਾਥ ਨੰਗੀ ਧੁੱਪ ਵਿੱਚ ਬੱਦਲਾਂ ਦੀ ਯਾਦ ਨੇ। ਨੰਗੀ ਧੁੱਪ ਕਿੰਨੀ ਸੱਖਣੀ ਹੁੰਦੀ ਏ, ਕਿੰਨੀ ਕੋਰੀ।

ਬੱਦਲਾਂ ਦੀ ਛਾਂ ਪਾਣੀ ਉੱਤੇ ਤੁਰਦੇ ਪਖੇਰੂ ਉੱਤੇ ਇੱਕ ਛਿਣ ਪਰਛਾਵਾਂ ਕਰ ਲੰਘ ਜਾਂਦੀ ਏ। ਹਰ ਸ਼ੈਅ ਯਾਦ ਨਹੀਂ ਰਹਿੰਦੀ; ਪਰ ਚੇਤੇ ਦੀ ਧੁਖਣੀ ਧੁਖਦੀ ਰਹਿੰਦੀ ਏ ਤੇ ਕਈ ਵਾਰ ਖਲ੍ਹਾਰ ਵੀ ਲੈਂਦੀ ਏ।

ਕੈਫ਼ੇ ਮੈਂ ਬਹਿ ਜਾਣਾ। ਚਾਹ ਦਾ ਆਖਣਾ ਨਹੀਂ ਪੈਂਦਾ। ਮਾਲ ਰੋਡ ਦੀ ਸ਼ਾਮ ਕਦੇ ਹੁੰਦੀ ਸੀ। ਹੁਣ ਚੇਤੇ ਦੀ ਧੁਖਣੀ ਤੋਂ ਬਹੁਤੀ ਕਾਲੀ ਏ ਤੇ ਗੱਡੀਆਂ ਦੇ ਧੂੰਏਂ ਵਿੱਚ ਸਾਹ ਘੁੱਟਦਾ ਏ; ਪਰ ਚੇਤੇ ਦੀ ਧੁਖਣੀ ਸਾਹ ਦਿੰਦੀ ਏ, ਯਾਦ ਹਵਾ ਦਿੰਦੀ ਏ।

ਚਾਚਾ ਸਿਆਸੀ ਮੈਨੂੰ ਸਿਆਣ ਲੈਂਦਾ ਏ ਤੇ ਆਪੇ ਈ ਦੋ ਚਾਹਵਾਂ ਲੈ ਆਉਂਦਾ ਏ।

ਉਹਦਾ ਖ਼ਿਆਲ ਏ, ਥੋੜ੍ਹੇ ਚਿਰ ਨੂੰ ਬਾਜਵੇ ਵੀ ਤਾਂ ਆ ਜਾਣਾ ਹੋਇਆ।

ਝਬਦੇ ਜਾਵਣ ਲਈ!

"ਨਾ ਪਾਲਿਆ ਕਰ ਮਾਅਸ਼ੂਕ, ਨਾ ਕਰਿਆ ਕਰ ਇਸ਼ਕ ਮਸ਼ੂਕੀਆਂ।" ਮੱਟੂ ਪੀਆਕ ਤੀਜਾ ਪੈੱਗ ਸੁੱਟਦਿਆਂ ਨਿੱਤ ਕਹਿੰਦਾ ਏ। ਇਹ ਸ਼ਹਿਰ ਮੇਰੀ ਕੰਡ ਉੱਤੇ ਕੱਕੀ ਕੀੜੀ ਵਾਂਗ ਤਿਲਕਦਾ ਰਹਿੰਦਾ ਏ।

ਉਦੋਂ ਨਹੀਂ ਸੀ ਸ਼ਹਿਰ ਬਹੁਤਾ ਭਰਿਆ ਹੋਇਆ। ਸੜਕਾਂ ਉੱਤੇ ਐਵੇਂ ਈ ਜਾਨਣ ਆਲੇ ਮਿਲ ਪੈਂਦੇ ਸਨ। ਜਿਹੜੇ ਜਾਣੂ ਨਹੀਂ ਸਨ ਵੇਖੇ-ਜਿਹੇ ਲੱਗਣੇ, ਤੱਕਣੀ ਵਿੱਚ ਓਪਰੀਅਤ ਨਹੀਂ ਸੀ; ਸਾਂਗਿਆਂ ਦਾ ਕੋਈ ਭਾਰ ਨਹੀਂ ਸੀ। ਕਿਥੋਂ ਸਨ ਉਹ ਆਂਦੇ ਸਾਂਗੇ ਤੇ ਕਿਵੇਂ ਸਨ ਬਣ ਜਾਂਦੇ।

"ਛੱਡ ਦੇ, ਡੋਰ ਦਿਲੇ ਦੀ ਹੱਥੋਂ ਛੱਡ ਦੇ।" ਮੱਟੂ ਤੇ ਚੌਧਰੀ ਅੱਜ ਸ਼ੋਰੇ ਕਿੰਨੀ ਪੀਵਣੀ ਏ।

ਮੈਨੂੰ ਇਫ਼ੀ ਚਿੱਟਾ ਚੇਤੇ ਆਉਂਦਾ ਏ..... ਅਜੇਹੀਆਂ ਥਾਵਾਂ ਉਹਦੇ ਚੇਤੇ ਦੀ ਸੁਗੰਧ ਨਾਲ਼ ਭਰੀਆਂ ਹੋਈਆਂ ਨੇ। ਇਫ਼ੀ ਛੇਵੀਂ ਵਿੱਚ ਸੀ ਮੇਰਾ ਬੇਲੀ। ਸਕੂਲੇ ਅਸੀਂ ਇਕੱਠੇ ਹੁੰਦੇ ਤੇ ਮਗਰੋਂ ਮੈਂ ਉਹਨੂੰ ਸੈਕਲੇ ਬਹਾ ਭਜਾਈ ਫਿਰਨਾ। ਚਿੱਟਾ ਖੀਰ ਵਰਗਾ ਰੰਗ, ਪਿਓ ਕਿਸੇ ਦੂਜੇ ਸ਼ਹਿਰ ਪੁਲਿਸ ਦਾ ਅਫ਼ਸਰ ਸੀ। ਕਦੀ-ਕਦਾਰ ਘਰੀਂ ਆਉਂਦਾ ਇਹ ਵੀ ਧੁੰਮੀ ਹੋਵੇ ਪਈ ਕਿਸੇ ਹੋਰ ਸ਼ਹਿਰ ਦੂਈ ਜ਼ਨਾਨੀ ਵੀ ਪਾਈ ਬੈਠਾ ਏ। ਉਸ ਬਹੁਤਾ ਚਿਰ ਮੇਰੇ ਨਾਲ਼ ਈ ਰਹਿਣਾ ਤੇ ਰਾਤੀਂ ਮੈਂ ਉਹਨੂੰ ਉਹਦੇ ਘਰ ਛੱਡ ਆਣਾ। ਦੂਜੇ ਤੀਜੇ ਮੁਹੱਲੇ ਸੀ ਉਹਦਾ ਘਰ। ਮਾਂ ਉਹਦੀ ਨੇ ਆਖਦੇ ਰਹਿਣਾ: 'ਆਹੋ ਆਹੋ, ਲੈ ਜਾ ਇਹਨੂੰ ਹੋਰ ਕੀਦੇ ਨਾਲ਼ ਖੇਡੇ ਸ਼ੋਹਦਾ।' ਸੈਕਲ ਦਾ ਕਿਰਾਇਆ ਦੇਣਾ ਉਹਨੇ ਚਲਾਣਾ ਮੈਂ। ਚਾਰ ਆਨੇ ਘੰਟਾ। ਐਵੇਂ ਈ ਮੈਂ ਉਹਦਾ ਮੋਹਰੀ ਸਾਂ ਬਣ ਬੈਠਾ। ਉਂਜ ਵੀ ਮੇਰੀ ਫ਼ੀਸ ਤਾਂ ਮੁਆਫ਼ ਸੀ ਤੇ ਨਾਲੇ ਅਸਾਂ ਕਿਹੜਾ ਡਾਕਟਰ ਇੰਜੀਨਿਅਰ ਬਣਨਾ ਹੋਇਆ। ਇੱਕ ਜਮਾਤੇ ਪਾਸ ਹੋਏ, ਤਾਂ ਅਗਲੀ ਚੜ੍ਹ ਗਏ। ਨਾ ਕਦੀ ਕਿਸੇ ਸਾਡੇ ਪਿੱਛੇ ਸਕੂਲੇ ਆਣਾ ਸੀ ਤੇ ਨਾ ਅਸਾਂ ਸਕੂਲੋਂ ਆ ਘਰ ਬਸਤਾ ਖੋਲ੍ਹਣਾ। ਇਮਤਿਹਾਨਾਂ ਨੇੜੇ ਵੱਡਿਆਂ ਦੀ ਮਾਰ ਖਾ ਇੱਕ ਦੋ ਅੱਖਰ ਪੜ੍ਹ ਲੈਣੇ ਤੇ ਪਾਸ ਹੋ ਜਾਣਾ।

ਪਰ ਉਹ ਮੇਰੇ ਨਾਲ਼ ਲੇਸ ਈ ਹੋ ਗਿਆ; ਸਗੋਂ ਆਖੋ ਨੱਥੀ। ਮੇਰੀ ਤਾਂ ਅਪਣੀ ਕੋਈ ਓਟ ਨਹੀਂ ਸੀ, ਪਰ ਉਹ ਮੇਰੀ ਓਟ ਪਿਆ ਭਾਲਣ ਲੱਗ ਪਿਆ। ਮੁੰਡੇ ਗੱਲ੍ਹਾਂ ਉੱਤੇ ਚੂੰਢੀਆਂ ਵੱਢ ਤੁਰ ਜਾਂਦੇ ਤੇ ਉਹ ਮੇਰੇ ਨੇੜੇ ਢੁੱਕ-ਢੁੱਕ ਬਹਿੰਦਾ। ਮੈਨੂੰ ਹੋਰ ਗੂੜ੍ਹਾ ਹੋ ਮਿਲਦਾ। ਸੈਕਲ ਚਲਾ-ਚਲਾ ਹਫ਼ ਜਾਂਦਾ ਮੈਂ। ਪਰ ਮੈਥੋਂ ਉਹਦਾ ਸਾਂਗਾ ਸੁਚੇਤ ਨਾ ਹੋਇਆ। ਮੁੰਡੀਰ ਵਿੱਚ ਉਹਦਾ ਹਾਸਾ ਬਣਨਾ ਤੇ ਰਲ ਜਾਣਾ ਮੈਂ ਵੀ। ਉਹਨੂੰ ਮਿਲਣਾ ਪਰ ਕੰਡ ਨਾ ਦੇਣੀ। ਇੱਕ ਵਾਰ ਤਾਂ ਅਖ਼ੀਰ ਹੋ ਗਈ। ਫੀਕੇ ਉਹਦੀ ਪਿੱਠ ਉੱਤੇ ਹੱਥ ਮਾਰਿਆ ਤੇ ਮੈਨੂੰ ਧੱਕਾ ਮਾਰ ਆਖਣ ਲੱਗਾ: "ਬੜੀਆਂ ਗੂੜ੍ਹੀਆਂ ਯਾਰੀਆਂ ਨੇ।"

ਮੈਂ ਖਚਰਾ ਹਾਸਾ ਹੱਸ ਗੱਲ ਵਲਾ ਦਿੱਤੀ।

"ਤੂੰ ਉਹਦੇ ਮੂੰਹ ਉੱਤੇ ਚੰਡ ਮਾਰਦੋਂ।" ਇਫ਼ੀ ਨੂੰ ਪਤਾ ਤਾਂ ਸੀ, ਮੈਂ ਨਹੀਂ ਸਾਂ ਮਾਰ ਸਕਦਾ। ਬਸ ਇਸ ਤੋਂ ਮਗਰੋਂ ਉਸ ਮੇਰੇ ਨਾਲ਼ ਗੱਲ ਨਾ ਕੀਤੀ। ਊੱਕਾ ਨਾਂਹ ਕਰ ਦਿੱਤੀ। ਤੇ ਅੱਠਵੀਂ ਵਿੱਚ ਸਕੂਲ ਈ ਛੱਡ ਗਿਆ।

ਬੰਦੇ ਦਾ ਦੁਖਾਂਤ ਇਹ ਵੇ ਪਈ ਵੇਲੇ ਦੀ ਧੂੜ ਵਿੱਚ ਜਦ ਗੱਲਾਂ ਦੀ ਸਮਝ ਆਂਦੀ ਏ, ਤਾਂ ਵੇਲਾ ਲੰਘ ਗਿਆ ਹੁੰਦਾ ਏ। ਮੈਂ ਇਫ਼ੀ ਨੂੰ ਵਿਸਾਰ ਨਹੀਂ ਸਕਿਆ। ਅੱਜ ਵੀ ਬੁੱਢੇ ਵਾਰੇ ਮੈਨੂੰ ਸੰਤ-ਨਗਰ ਦੀ ਉਹ ਗਲੀ ਚੇਤੇ ਹੈ, ਜਿੱਥੇ ਉਹਦਾ ਘਰ ਸੀ। ਮੈਂ ਜਦ

ਵੀ ਉਸ ਮੁਹੱਲੇ ਜਾਵਾਂ, ਉਹਦੀ ਗਲੀ ਅੱਗੋਂ ਜ਼ਰੂਰ ਲੰਘਣਾ। ਕਈ ਵਾਰ ਮੈਂ ਉਨ੍ਹਾਂ ਗਲੀਆਂ ਵਿੱਚ ਮੁੜ ਮੁੜ ਫਿਰਿਆ ਆਂ, ਪਰ ਉਹ ਡਿੱਠਾ ਨਹੀਂ। ਉਹਦੀ ਗਲੀ ਅੱਗੇ ਜਾ ਕੇ ਬੰਦ ਹੋ ਜਾਂਦੀ ਸੀ। ਅੱਜ ਵੀ ਰਾਹ ਬੰਦ ਏ। ਅੱਜ ਵੀ ਉਹ ਗਲੀ ਉਂਜੇ ਈ ਏ, ਇਫ਼ੀ ਦਾ ਮਕਾਨ ਵੀ ਉਂਜੇ ਏ। ਪਰ ਆਪ ਕਿੱਥੇ ਏ ?

ਪਿੱਛੇ ਜਹੇ ਮੇਰੀ ਧੀ ਗਰਮੀਆਂ ਦੀਆਂ ਛੁੱਟੀਆਂ ਮਗਰੋਂ ਸਕੂਲੇ ਗਈ ਤੇ ਰੋਜ਼ ਘਰ ਆ ਰੋਇਆ ਕਰੇ ਉੱਚੀ-ਉੱਚੀ। ਪਰ ਉਹ ਗੱਲ ਨਾ ਦੱਸੇ। ਸੱਤਵੀਂ ਵਿੱਚ ਉਹ ਸੀ। ਚੰਗੀ ਪੜ੍ਹਾਕੂ ਲਾਇਕ-ਫ਼ਾਇਕ। ਰੋਜ਼ ਘਰ ਆ ਰੋਏ, ਪਰ ਗੱਲ ਨਾ ਦੱਸੇ। ਸਾਥੋਂ ਉਹਦਾ ਰੋਣ ਤੱਕਿਆ ਨਾ ਜਾਵੇ, ਪਰ ਮੁੜ ਉਹ ਆਪੇ ਈ ਰੋਣਾ ਛੱਡ ਗਈ ਤੇ ਨਾਲ਼ ਈ ਕੁੱਝ ਬਦਲ ਵੀ ਗਈ। ਕੁੱਝ ਵੱਡੀ ਜਿਹੀ ਹੋ ਗਈ ਵੀ ਜਾਪਦੇ, ਕੁੱਝ ਉਸ ਵਿੱਚ ਅਪਣੇ ਆਪ ਉੱਤੇ ਵਿਸਾਹ ਵੀ ਕੁੱਝ ਬਹੁਤਾ ਲੱਗਿਆ। ਬਹੁਤ ਚਿਰ ਮਗਰੋਂ ਮੇਰੀ ਵਹੁਟੀ ਦੱਸਿਆ, ਉਹਦੀ ਅਪਣੀ ਸਹੇਲੀ ਨਾਲ਼ ਲੜਾਈ ਹੋ ਗਈ ਸੀ। ਉਹਦੀ ਸਹੇਲੀ ਨੇ ਕਿਸੇ ਹੋਰ ਨਾਲ਼ ਗੂੜ੍ਹ ਪਾ ਲਿਆ ਸੀ ਤੇ ਇਹਨੂੰ ਛੱਡ ਦਿੱਤਾ ਸੀ। ਇਹ ਕੁੱਝ ਚਿਰ ਉਹਨੂੰ ਮਨਾਂਦੀ ਰਹੀ; ਜਦ ਉਹ ਨਾ ਮੰਨੀ, ਤਾਂ ਇਸ ਨੇ ਵੀ ਉਹਨੂੰ ਸਦਾ ਲਈ ਛੱਡ ਦਿੱਤਾ ਤੇ ਅਪਣੀ ਹੋਰ ਢਾਣੀ ਬਣਾ ਲਈ। ਹੋਰ ਢਾਣੀ ਬਣ ਗਈ ਤੇ ਇਹ ਸਭ ਕੁੱਝ ਭੁੱਲ ਗਈ। ਪਰ ਇਸ ਗੱਲ ਨੇ ਇਹਨੂੰ ਵੱਡਾ ਵੀ ਕਰ ਦਿੱਤਾ, ਪਰ ਇੰਜ ਈ ਕਿਉਂ ਹੁੰਦਾ ਏ। ਰਹਿੰਦਾ ਬੰਦਾ ਢਾਣੀ ਵਿੱਚ ਈ ਏ। ਪਰ ਇਹ ਸੱਤਵੀਂ ਵਿੱਚ ਈ ਕਿਉਂ ਹੁੰਦਾ ਏ ?

ਸ਼ਾਮੀਂ ਮਾਲ ਰੋਡ ਹਾਈ ਕੋਰਟ ਉੱਤੇ ਕਿੰਨੇ ਈ ਪਖੇਰੂ ਉਡਦੇ ਪਏ ਨੇ। ਲਾਲ ਇੱਟਾਂ ਦਾ ਰੰਗ ਜੰਗਲੀ ਕਬੂਤਰਾਂ ਵਰਗਾ ਸਲੇਟੀ ਸ਼ਾਮ ਵਰਗਾ ਏ।

ਚੇਤੇ ਦੀ ਧੁਖਣੀ ਧੁਖਦੀ, ਯਾਦ ਦੀ ਅੱਧ ਖੁੱਲ੍ਹੀ ਸਾਵੀ ਤਾਕੀ, ਅੱਧ ਪੁੱਗਣ, ਪਿਛਲੀ ਰਾਤ ਦੇ ਮੀਂਹ ਪਾਰੋਂ ਹਵਾ ਵਿੱਚ ਜਾਂਦੇ ਸਿਆਲ ਦੀ ਕਿੰਨੀ ਏ। ਇਹ ਹਵਾ ਮੈਂ ਪਹਿਲੇ ਵੀ ਭੋਗੀ ਏ ਕਈ ਵਾਰੀ ਜੁੱਸਿਉਂ ਲੰਘੀ ਐ ਮੇਰੇ, ਇਹ ਹਵਾ ਮੈਂ ਹਰ ਵਾਰ ਹੰਢਾਈ ਏ।

ਉਹਨੇ ਤਰੀਜ਼ਾਂ ਆਲਾ ਕੁਰਤਾ ਪਾਇਆ ਹੋਇਆ ਏ ਤੇ ਪੈਰੀਂ ਚਮੜੇ ਦੀ ਖੁੱਲ੍ਹੀ ਜੁੱਤੀ ਏ। ਉਹ ਸ਼ਾਇਰ ਜਿਹਾ ਲੱਗਦਾ ਏ ਪਰ ਹੈ ਨਹੀਂ, ਹੈਗਾ ਈ ਨਹੀਂ ਸੀ ਕਦੇ ਵੀ। ਕਾਮਰੇਡ ਟੀ ਟੀ ਨਾਲ਼ ਗੁਟੇ ਲੱਗੀ ਬੈਠਾ ਏ। (ਕਾਮਰੇਡ ਦੇ ਕਈ ਨਾਂ ਪਏ- ਕਦੀ ਕਾਮਰੇਡ ਰੇਡਵਾ, ਕਦੀ ਵਾਇਰਲੈਸ ਤੇ ਮੁੜ ਕਾਮਰੇਡ ਟੇਬਲ ਟਾਕ ਹੋ ਗਿਆ। ਜਦ ਉਸ ਇੱਕ ਵਾਰੀ ਇਹ ਥੀਸਿਜ਼ ਦਿੱਤਾ ਪਈ ਅਸਲ ਗੱਲ ਟੇਬਲ ਟਾਕ ਦਾ ਗੁਣੀ ਹੋਵਣ ਏ ਤੇ ਉਸ ਦਾ ਨਾਂ ਟੇਬਲ-ਟਾਕ ਪੈ ਗਿਆ ਤੇ ਮੁੜ ਟੀ ਟੀ ਹੋ ਗਿਆ।) ਉਹਦਾ ਆਖਣਾ ਸੀ ਲੈਨਿਨ ਤੇ ਮਾਓ ਜ਼ੇਤੁੰਗ ਅਸਲ ਵਿੱਚ ਟੇਬਲ ਟਾਕਰ ਸਨ ਤੇ ਜਿੰਨੇ ਵੀ ਇਨਕਲਾਬ ਸਫਲ ਹੋਏ, ਉਨ੍ਹਾਂ ਪਿੱਛੇ ਸਾਰੀ ਗੱਲ ਆਗੂਆਂ ਦਾ ਟੇਬਲ ਟਾਕਰ ਹੋਣਾ ਸੀ। ਉਹ ਆਖਦਾ ਸੀ: ਟੇਬਲ ਟਾਕਰ ਹੋਵਣ ਲਈ ਜ਼ਰੂਰੀ ਏ ਪਈ ਅਗਲੇ ਦੀ ਗੱਲ ਧਿਆਨ ਨਾਲ਼ ਸੁਣੀ ਜਾਵੇ ਤੇ ਉਹਦੀ ਗੱਲ ਵਿੱਚ ਜਿਹੜਾ ਦੁਫਾੜ ਹੁੰਦਾ ਏ, ਉਸ ਨੂੰ ਫੜ ਕੇ ਉਸ ਉੱਤੇ ਖੇਡ ਕੀਤੀ ਜਾਵੇ।

ਪਹਿਲੀ ਵਾਰ ਆਇਆ ਏ ਉਹ ਕੈੜ੍ਹੇ ਦੀ ਮੰਡਲੀ, ਜਿਹੜੀ ਅਜੇ ਹੌਲ਼ੀ-ਹੌਲ਼ੀ ਜੁੜਨੀ ਏ। ਕਾਮਰੇਡ ਟੀ ਟੀ ਦੇ ਸਿਗਰਟ ਮੁੱਕਣੇ ਨੇ ਤੇ ਉਸ ਲਿਆਣੇ ਨੇ। ਇਹ ਸਿਗੱਟ ਲਿਆਉਣ ਤੇ ਉਠ ਕੇ ਚਾਹ ਦਾ ਆਖਣ ਤੇ ਈ ਤਾਂ ਸਾਰੀ ਕਹਾਣੀ ਕਈ ਵਾਰੀ ਫਸ ਜਾਂਦੀ ਏ। ਕੁੱਝ ਚਿਰ ਮਗਰੋਂ ਉਠ ਕੇ ਸਿਗੱਟ ਲਿਆਉਣ ਆਲੇ ਨੂੰ ਲੱਗਦਾ ਏ ਪਈ ਇਸ ਨਾਲ਼ ਉਹਦਾ ਰੁਤਬਾ ਘਟਦਾ ਏ ਤੇ ਉਹ ਖਿਝਣ ਲੱਗ ਪਾਉਂਦਾ ਏ। ਅਖ਼ੀਰ ਇਸ ਗੱਲ ਉੱਤੇ ਦੋਏ ਲੜਨ ਲੱਗ ਪੈਂਦੇ ਨੇ। ਪਰ ਕਾਮਰੇਡ ਟੀ ਟੀ ਨੂੰ ਸਿਗੱਟ ਲਿਆਣ ਆਲਿਆਂ ਦਾ ਕਦੀ ਘਾਟਾ ਨਹੀਂ ਹੋਇਆ, ਜਦ ਤੀਕ ਉਸ ਨੂੰ ਕਾਮਰੇਡ ਦੇ ਥੀਸਿਜ਼ ਫਿੱਕੇ ਲੱਗਣੇ ਨੇ ਕਾਮਰੇਡ ਇੱਕ ਹੋਰ ਲਬੇੜ ਲਿਆ ਹੋਣਾ ਏ। ਉਹ ਹਮੇਸ਼ ਅਪਣਿਆਂ ਤੋਂ ਨਿੱਕਿਆਂ ਨਾਲ਼ ਯਾਰੀ ਲਾਂਦਾ ਏ। ਹਮੇਸ਼ ਉਨ੍ਹਾਂ ਨੂੰ ਦੱਸਦਾ, ਪੜ੍ਹਾਂਦਾ ਏ ਤੇ ਜਦ ਉਹ ਜ਼ਰੀ ਵੀ ਸਿਆਣੇ ਹੁੰਦੇ ਨੇ ਤੇ ਸਭ ਤੋਂ ਪਹਿਲਾਂ ਕਾਮਰੇਡ ਨਾਲ਼ ਕਿਉਂ ਲੜ ਪੈਂਦੇ ਨੇ। ਕਾਮਰੇਡ ਦੇ ਵੈਰੀ ਕਹਿੰਦੇ ਨੇ: 'ਉਹ ਮੱਲ ਮਾਰਦਾ ਏ, ਖੁੱਲ੍ਹ ਨਹੀਂ ਦਿੰਦਾ, ਸਾਵਾਂ ਨਹੀਂ ਮਿਲਦਾ, ਕਬੂਤਰਾਂ ਹਾਰ ਰੱਖਦਾ ਏ ਬਿੱਲੀਆਂ ਨੂੰ। ਉਨ੍ਹਾਂ ਨੂੰ ਸਾਂਭਦਾ ਏ, ਪਾਲਦਾ ਏ, ਦਾਣਾ ਪਾਂਦਾ ਏ; ਪਰ ਜਦ ਉਡਾਂਦਾ ਏ ਤੇ ਉਹ ਉਹਦੀ ਛੱਤ ਤੇ ਨਹੀਂ ਲੱਥਦੇ।'

ਮੈਨੂੰ ਨਵੇਂ ਆਏ ਨੂੰ ਵੇਖ ਅਫ਼ਸੋਸ ਹੋਇਆ। ਵੇਲੇ ਦੇ ਧੂੜ ਦੀ ਵਹਿਣ ਵਿੱਚ ਮੈਨੂੰ ਉਹਦੇ ਵਰ੍ਹੇ ਖੁੰਝਦੇ ਜਾਪੇ। ਨਿੱਕੀ ਜਿਹੀ ਉਮਰੇ ਸਸਤੇ ਸਿਗੱਟਾਂ ਨਾਲ਼ ਉਹਦੇ ਬੁੱਲ੍ਹ ਧਵਾਂਖੇ ਲੱਗੇ। ਮੈਂ ਤਾਂ ਪਹਿਲਾਂ ਈ ਉਹ ਮੰਡਲੀ ਛੱਡੂ ਸਾਂ। ਕਾਮਰੇਡ ਟੀ-ਟੀ ਵੀ ਚਾਹੁੰਦਾ ਸੀ, ਹੁਣ ਮੈਂ ਉਥੇ ਨਾ ਆਵਾਂ। ਇਕੋ ਜੇਹੀਆਂ ਗੱਲਾਂ ਤੇ ਰੋਜ਼ ਉਹੋ ਗੱਲਾਂ ਬਸ ਕਾਮਰੇਡ ਲਈ ਈ ਨਵੀਆਂ ਸਨ। ਉਹਦਾ ਲਾਭ ਸੀ ਇਹਦੇ ਈ ਵਿੱਚ ਉਹ ਲੀਡਰੀ ਘੁਕਾਂਦਾ ਸੀ ਇਸੇ ਆਹਰ ਵਿੱਚ। ਘਰੋਂ ਉੱਖੜਿਆ ਤੇ ਪਾਰਟੀਆਂ ਦੇ ਸੌੜੇ ਵਰਤਾਰੇ ਤੋਂ ਨੱਸਿਆ ਹੋਇਆ। ਬਾਜਵਾ ਸਿਗਰਟ ਲੈਣ ਉੱਠਿਆ ਤੇ ਮੈਂ ਉਹਨੂੰ ਅਪਣੇ ਖਸੀਏ ਵਿੱਚੋਂ ਡੱਬੀ ਕੱਢ ਸਲਾਹ ਮਾਰੀ। ਉਸ ਝਕਦੇ ਝਕਦੇ ਸਿਗੱਟ ਲੈ ਲਈ ਤੇ ਕੁੱਝ ਚਿਰ ਮੇਰੀ ਟੇਬਲ ਬਹਿ ਗਿਆ। ਕਾਮਰੇਡ ਟੀ ਟੀ ਲਾਲ ਅੱਖਾਂ ਨਾਲ਼ ਡੇਲੇ ਪਾੜ-ਪਾੜ ਮੈਨੂੰ ਤੱਕਦਾ ਰਿਹਾ। ਬਾਜਵੇ ਦਾ ਉਸ ਮੰਡਲੀ ਵਿੱਚ ਉਹ ਪਹਿਲਾ ਦਿਨ ਸੀ ਤੇ ਮੇਰਾ ਅਖ਼ੀਰਲਾ।

ਮੈਨੂੰ ਬਹੁਤਾ ਨਹੀਂ ਉਡੀਕਣਾ ਪਿਆ। ਬਾਜਵਾ ਕੁੱਝ ਦਿਨਾਂ ਮਗਰੋਂ ਮੈਨੂੰ ਪੁਰਾਣੀ ਅਨਾਰਕਲੀ ਆਪੇ ਮਿਲ ਗਿਆ। ਉਹ ਚਮੜਾ ਮੰਡੀ ਲਾਗੇ ਕਿਸੀ ਵਸਤੀ ਦਾ ਰਹਿਣ ਆਲਾ ਸੀ। ਪਿਓ ਉਹਦਾ ਕਿਸੀ ਸਰਕਾਰੀ ਮਹਿਕਮੇ ਵਿੱਚ ਮੁਲਾਜ਼ਿਮ ਸੀ ਤੇ ਸੀ ਉਹ ਸਾਡੇ ਵਰਗਾ ਈ। ਮੈਂ ਉਸ ਨੂੰ ਪੜ੍ਹਾਈ ਚਾਲੂ ਰੱਖਣ ਦੀ ਸਲਾਹ ਵੀ ਦਿੱਤੀ। ਗੱਲਾਂ ਉਹਦੀਆਂ ਮੁਕਦੀਆਂ ਨਹੀਂ ਪਈਆਂ ਸਨ। ਅਸੀਂ ਮੁੜ ਫ਼ਿਲਮ ਵੇਖਣ ਤੁਰ ਗੇ ਤੇ ਯਾਰ ਬਣ ਗੇ ਤੇ ਅੱਜ ਤੀਕ ਆਂ। ਉਹ ਐਵੇਂ ਮੇਰਾ ਭਰਮ ਬਣਾਈ ਰੱਖਦਾ ਸੀ। ਕਿੱਥੇ ਮੈਂ ਉਸ ਤੋਂ ਅੱਗੇ ਸਾਂ ਇੱਕ ਦੋ ਜਮਾਤਾਂ ਖ਼ੌਰੇ। ਜਾਂ ਫ਼ਿਰ ਮੈਂ ਸਿਆਸੀ ਮੰਡਲੀ ਦਾ ਪੁਰਾਣਾ ਘਾਗ ਬਣੀ ਬੈਠਾ ਸਾਂ ਤੇ ਕੁੱਝ ਲੋਕਾਂ ਨੂੰ ਬਹੁਤਾ ਤੇ ਪੁਰਾਣਾ ਜਾਣਦਾ ਸਾਂ। ਅਸੀਂ ਦੋਵੇਂ ਇਕੱਲੇ ਤੇ ਸਾਂਝ ਤਾਂ ਉਸਰਨੀ ਸੀ।

ਜਵਾਨੀ ਅਸਾਂ ਇਕੱਠੀ ਲੰਘਾਈ ਤੇ ਸਾਰੇ ਕੰਮਾਂ ਵਿੱਚ ਰੁਲੇ ਰਹੇ। ਯਾਰੀਆਂ,

ਵੈਰ, ਸਿਆਸਤਾਂ ਸਾਡੀ ਜੋੜੀ ਸ਼ਹਿਰੀਂ ਲੋਕ ਜਾਣਦਾ ਸੀ। ਹਰ ਥਾਂ ਇਕੱਠੇ, ਹਰ ਸਾਹੀਂ ਇੱਕ-ਮਿਕ। ਰੋਜ਼ ਈ ਮਿਲਣਾ ਤੇ ਰਾਤਾਂ ਸਵੇਰਾਂ ਕਰਨੀਆਂ। ਜਦ ਜ਼ਿਆ ਨੇ ਮਾਰਸ਼ਲ ਲਾਈ ਛੋਹੀ, ਉੱਚੀ ਤੇ ਸੁੱਚੀ ਪਾਰਟੀ ਦਾ ਕੋਈ ਮੈਂਬਰ ਸਾਨੂੰ ਇੱਕ ਹਜ਼ਾਰ ਪੰਫ਼ਲਟ ਦੇ ਗਿਆ ਪਈ ਇੱਕੋ ਰਾਤ ਮਾਲ ਰੋਡ ਦੀ ਹਰ ਹੱਟੀ ਅੰਦਰ ਸੁੱਟਣੇ ਨੇ। ਸਰਘੀ ਵੇਲੇ ਕੰਮ ਮੁਕਾ ਘਰੀਂ ਜਾਂਦਿਆਂ ਸਾਨੂੰ ਦੋਵਾਂ ਨੂੰ ਜ਼ਰਾ ਵੀ ਡਰ ਭੌ ਨਾ ਆਇਆ। ਜਮਹੂਰੀਅਤ ਪਰਤਾਅ ਲਹਿਰ ਦੇ ਇੱਕ ਵਿਖਾਲੇ ਵਿੱਚ ਅਨਾਰਕਲੀ ਕੋਲ ਮਾਲ ਰੋਡ ਉੱਤੇ ਜਦ ਪੁਲਸ ਦੇ ਲਾਠੀ ਧਾਈ, ਵਿੱਚ ਇੱਕ ਪੁਲਸੀਆ ਮੈਨੂੰ ਕਮੀਜ਼ ਦੇ ਕਾਲਰ ਤੋਂ ਨੱਪ ਕੇ ਧਰੂਣ ਲੱਗਾ, ਤਾਂ ਬਾਜਵੇ ਨੇ ਹੰਭਲਾ ਮਾਰ ਕੇ ਉਸ ਦੇ ਹੱਥੋਂ ਮੈਨੂੰ ਛੁਡਾ ਕੇ ਨਸਾ ਦਿੱਤਾ ਤੇ ਆਪੇ ਵੀ ਨੱਸ ਗਿਆ। ਉਹ ਪੁਲਸੀਆ ਭੰਗੀਆਂ ਦੀ ਤੋਪ ਤੀਕ ਸਾਡੇ ਪਿੱਛੇ ਨੱਸਦਾ ਆਇਆ, ਪਰ ਇਥੇ ਲੋਕਾਂ ਦੀ ਭੀੜ ਵੇਖ ਕੇ ਦੂਰੋਂ ਈ ਪਿੱਛੇ ਮੁੜ ਗਿਆ।

ਪਰ ਹੁਣ ਉਹ ਮੈਥੋਂ ਰੁੱਸ ਗਿਆ ਏ। ਕਈ ਵਰ੍ਹੇ ਪਹਿਲਾਂ ਉਸ ਮੇਰੇ ਨਾਲ਼ ਕਲਾਮ ਕਰਨਾ ਛੱਡ ਦਿੱਤਾ ਦੱਸੇ ਬਿਨਾਂ। ਉਹ ਇੱਕਦਮ ਗ਼ਾਇਬ ਹੋ ਗਿਆ। ਥੋੜ੍ਹੀ ਜਿਹੜੀ ਕੌੜ ਮੈਨੂੰ ਵੀ ਸੀ ਮੈਂ ਇਹ ਖ਼ਿਆਲ ਨਾ ਕੀਤਾ ਪਈ ਉਹ ਉੱਕਾ ਮੈਨੂੰ ਛੱਡ ਜਾਵੇਗਾ। ਕੁੱਝ ਚਿਰ ਮੈਂ ਉਡੀਕ ਕੀਤੀ, ਉਹ ਪਰਤ ਆਏਗਾ, ਮੇਰੇ ਬਿਨਾਂ ਉਹ ਰਹਿ ਸਕਦਾ ਏ, ਉਹਦਾ ਦੂਜਾ ਪਾਸਾ ਆਂ ਮੈਂ; ਅਧੂਰਾ ਏ ਮੇਰੇ ਬਿਨਾਂ, ਪਰਛਾਵਾਂ ਏ।

"ਯਾਰੀ ਗ਼ੈਰ ਸਾਇੰਸੀ ਤਾਅਲੁੱਕ ਏ, ਗ਼ੈਰ ਜੱਦਲੀਆਤੀ।" ਮਾਸਟਰ ਕਹਿੰਦਾ ਏ।

"ਯਾਰੀ ਹਮੇਸ਼ ਹਾਜ਼ਰ ਵਿੱਚ ਹੁੰਦੀ ਏ, ਅਜੋਕ ਵਿੱਚ।" ਰੰਗ ਸ਼ਾਹ ਕਹਿੰਦਾ ਏ।

ਤਾਕੀ ਬੰਦ ਜਿਹੀ ਹੁੰਦੀ ਲੱਗਦੀ ਏ। ਰਾਤ ਗੂੜ੍ਹੀ ਹੁੰਦੀ ਜਾਂਦੀ ਏ। ਰੀਗਲ ਲਾਗੇ ਮੈਨੂੰ ਬੈਠਣ ਦੀ ਕੋਈ ਥਾਂ ਨਹੀਂ ਲੱਭਦੀ। ਮਾਲ ਲਗਜ਼ਰੀਜ਼, ਲਾਰਡਜ਼ ਸਭ ਕੈਫ਼ੇ ਬੰਦ ਹੋ ਗੇ ਨੇ।

ਇਸ ਸ਼ਹਿਰ ਦੀਆਂ ਸੜਕਾਂ ਮੈਨੂੰ ਰੋਗੀ ਕਰ ਛੱਡਿਆ ਏ। ਕਿੱਥੇ ਨਾ ਕਿੱਥੇ ਕਿਸੀ ਨੁੱਕਰੇ ਯਾਦਾਂ ਦੇ ਪਰਛਾਵੇਂ ਨਿਮੀ-ਨਿਮੀ ਲੋ ਵਾਂਗਰ ਕੰਬਦੇ ਰਹਿੰਦੇ ਨੇ।

ਉਹ ਮੈਥੋਂ ਰੁਸ ਕਿਉਂ ਗਿਆ। ਕੋਈ ਗੱਲ ਤਾਂ ਹੋਣੀ ਏ। ਪਰ ਇਹ ਤਾਂ ਬੜੇ ਵਰ੍ਹਿਆਂ ਪਿੱਛੋਂ ਹੋਇਆ ਸੀ। ਅਸੀਂ ਦੋਵੇਂ ਇੱਕੋ ਜਿੰਨਾ ਪੜ੍ਹੇ ਹੋਏ ਸਾਂ। ਮੈਨੂੰ ਨੌਕਰੀ ਮਿਲ ਗਈ; ਉਸ ਨੂੰ ਨਾ ਮਿਲੀ। ਖ਼ੋਰੇ ਉਹ ਰੁੱਸਿਆ ਨਹੀਂ ਸੀ। ਉਸ ਨੂੰ ਲੱਗਾ ਸੀ ਸਾਡਾ ਵੇਲਾ ਮੁੱਕ ਗਿਆ ਏ ਸਾਂਝ ਦਾ ਵੇਲਾ ਕੁੱਝ ਕਰਨ ਦਾ। ਹਰ ਸ਼ੈਅ ਬਦਲ ਗਈ ਸੀ – ਵੇਲਾ, ਲੋਕ, ਥਾਵਾਂ, ਸ਼ਹਿਰ ਤੇ ਯਾਰਾਂ ਨੇ ਵੀ ਤਾਂ ਬਦਲਣਾ ਸੀ। ਚੁੱਪ ਉਹ ਸਦਾ ਤੋਂ ਸੀ; ਖ਼ਾਸ ਬਹਿਣੀ ਵਿੱਚ ਈ ਉਸ ਗੱਲ ਕਰਨੀ ਤੇ ਇੱਕ ਦੋ ਨਾਲ਼ ਸਾਂਝੀ ਕਰਨੀ ਤੇ ਕਿਸੇ ਆਖਣਾ: ਇਹਦੀ ਵੀ ਸੁਣੋ। ਪਰ ਕਿਸ ਕੋਲ ਏਨਾ ਵੇਲਾ ਹੁੰਦਾ ਏ ਦੂਜੇ ਦੀ ਗੱਲ ਸੁਣਨ ਦਾ। ਅਪਣੀ ਤਾਂ ਸੁਨਾਣੀ ਈ ਪੈਂਦੀ ਏ ਬਦੋ-ਬਦੀ ਕਿਸੇ ਨੂੰ ਡੱਕ ਕੇ, ਕਿਸੇ ਦੀ ਗੱਲ ਟੁੱਕ ਕੇ।

ਮੈਨੂੰ ਇਹ ਲੱਗਦਾ ਸੀ, ਉਹ ਪਿੱਛੇ ਰਹਿ ਗਿਆ ਏ। ਨਾ ਉਸ ਵੇਲੇ ਸਿਰ ਪੜ੍ਹਾਈ ਮੁਕਾਈ। ਜਦ ਮੈਂ ਇੱਕ ਬਾਲ ਦਾ ਪਿਓ ਬਣੀ ਬੈਠਾ ਸੀ, ਉਹ ਯੂਨੀਵਰਸਿਟੀ

ਪੜ੍ਹਦਾ ਪਿਆ ਸੀ। ਯੂਨੀਵਰਸਿਟੀ ਈ ਉਹ ਟੱਕਰੀ, ਜਿਸ ਉਸ ਦੀ ਕੁਲ ਹਯਾਤੀ ਈ ਬਦਲ ਦਿੱਤੀ। ਉਸ ਕੁੜੀ ਉਹਦੇ ਨਾਲ਼ ਵਿਆਹ ਤਾਂ ਕਰ ਲਿਆ, ਪਰ ਉਹਨੂੰ ਮਾਨਿਆ ਨਾ। ਪਰ ਮੈਨੂੰ ਇਹ ਗੱਲ ਨਹੀਂ ਕਰਨੀ ਚਾਹੀਦੀ। ਨਰ ਨਾਰੀ ਨਾਲ਼ ਈ ਖ਼ੁਸ਼ ਹੋ ਸਕਦਾ ਏ। ਬੰਦੇ ਨੂੰ ਨਾਰੀ ਦੀ ਈ ਮੰਨਣੀ ਚਾਹੀਦੀ ਏ। ਮੇਰਾ ਇਹ ਵਿਚਾਰ ਸੀ ਉਹ ਮੇਰੇ ਨਾਲ਼ ਅਪਣਾ ਇਸ਼ਕ ਜ਼ਰੂਰ ਸਾਂਝਾ ਕਰਸੀ, ਪਰ ਉਸ ਇਹ ਵੀ ਨਾ ਕੀਤਾ ਤੇ ਇਥੋਂ ਈ ਸਾਡੇ ਵਿਚਕਾਰ ਵਿੱਥ ਆਣੀ ਸ਼ੁਰੂ ਹੋਈ। ਮੁੜ ਉਹ ਮਿਲਿਆ ਵੀ ਤੇ ਉਹਦੀ ਤੀਵੀਂ ਵੀ ਕੁੱਝ ਖੁੱਲ੍ਹ ਗਈ ਤੇ ਇਥੋਂ ਗੱਲ ਸਦਾ ਲਈ ਵੇਰਾਂ ਹੋ ਗਈ। ਪਤਾ ਨਹੀਂ ਕੀ ਗੱਲ ਹੋਈ; ਉਹ ਉੱਕਾ ਮਿਲਣਾ ਛੱਡ ਗਿਆ। ਮੈਨੂੰ ਲੱਗਦਾ ਸੀ ਉਹਦੀ ਤੀਵੀਂ ਨੇ ਉਹਨੂੰ ਮੇਰੇ ਨਾਲ਼ ਮਿਲਣ ਤੋਂ ਮਨਾਹੀ ਕਰ ਦਿੱਤੀ ਸੀ। ਇੱਕ ਦੋ ਵਾਰ ਉਹਦੀ ਤੀਵੀਂ ਨਾਲ਼ ਫ਼ੋਨ 'ਤੇ ਗੱਲ ਹੋਈ ਤੇ ਉਸ ਰੂਹ ਨਾਲ਼ ਇੱਕ ਦੋ ਗੱਲਾਂ ਕਰਕੇ ਫ਼ੋਨ ਬੰਦ ਕਰ ਦਿੱਤਾ।

ਮੈਨੂੰ ਇਹ ਵੀ ਖ਼ਿਆਲ ਆਂਦਾ ਸੀ, ਇਹ ਖ਼ੋਰੇ ਮੱਟੂ ਤੇ ਮੁਰਸ਼ਦ ਪਾਰੋਂ ਨਾ ਹੋਵੇ; ਜਿਨ੍ਹਾਂ ਨਾਲ਼ ਮੇਰਾ ਦਾਰੂ ਪੀਣਾ ਕੁੱਝ ਬਹੁਤਾ ਈ ਵਧ ਗਿਆ ਸੀ। ਵਿਆਹ ਮਗਰੋਂ ਉਹ ਉਂਜ ਵੀ ਦਾਰੂ ਪੀ ਕੇ ਮੂੰਹ ਵਿੱਚ ਪਾਨ ਲਾ ਕੇ ਜਾਂਦਾ ਸੀ। ਤੇ ਮੈਨੂੰ ਬੜਾ ਰੋਹ ਚੜ੍ਹਦਾ ਸੀ ਪਈ ਚੰਗਾ ਇਸ਼ਕ ਦਾ ਵਿਆਹ ਏ; ਬੰਦਾ ਦਿਲ ਦੀ ਗੱਲ ਈ ਨਹੀਂ ਕਰ ਸਕਦਾ।

ਫ਼ਿਰ ਪਤਾ ਨਹੀਂ ਕੀ ਹੋਇਆ, ਸ਼ਹਿਰ ਓਭੜ ਹੋ ਗਿਆ। ਬੰਦੇ ਸਾਰੇ ਗਵਾਚ ਗਏ। ਸਾਥ ਈ ਛੁਟ ਗਿਆ। ਪਤਾ ਨਹੀਂ ਕਿੰਨੇ ਈ ਵਰ੍ਹੇ ਬੀਤ ਗਏ। ਜਿਵੇਂ ਰਾਤ ਨੂੰ ਗਲੀ ਵਿੱਚ ਬੈਠਿਆਂ ਪਤਾ ਨਹੀਂ ਲੱਗਦਾ ਕਿੰਨੇ ਈ ਸ਼ਹਿਰ ਲੰਘ ਜਾਂਦੇ ਨੇ। ਮਿਲਿਆਂ ਕਈ ਰੁੱਤਾਂ ਲੰਘ ਗਈਆਂ। ਪਰ ਮੈਥੋਂ ਉਹ ਵਿੱਸਰਿਆ ਨਾ, ਇੱਕ ਚੀਸ ਜਿਹੀ ਛੱਡ ਗਈ ਉਹਦੀ ਯਾਦ, ਮਨ ਮਘੋਰਾ ਕਰ ਗਈ, ਚਿੱਤ ਠੰਢਾ ਕਰ ਦਿਨ ਸੱਖਣੇ ਕਰ ਗਈ। ਮੈਥੋਂ ਉਹ ਕਿਉਂ ਰੁੱਸ ਗਿਆ। ਸ਼ਹਿਰ ਵਿੱਚ ਲੰਘਦੇ ਇਉਂ ਝਉਲਾ ਜਿਹਾ ਪੈਣਾ; ਉਹ ਖਲੋਤਾ ਏ, ਮੋਟਰਸੈਕਲ ਉੱਤੇ ਜਾਂਦਾ ਪਿਆ ਏ, ਹੈਲਮਟ ਪਾਰੋਂ ਸਿਆਣ ਨਹੀਂ ਹੁੰਦੀ ਪਈ। ਕਦੇ-ਕਦੇ ਸਿਆਸੀ ਇਕੱਠਾਂ ਵਿੱਚ ਵੀ ਦਿਸ ਪੈਂਦਾ ਤੇ ਮੈਂ ਸੋਚਣਾ ਪਈ ਮਿਲਦੇ ਆਂ ਹਾਲ ਪੁੱਛਦੇ ਆਂ, ਪਰ ਮੁੜ ਉਸ ਨਜ਼ਰ ਨਾ ਆਣਾ। ਕੁੱਝ ਵਰ੍ਹੇ ਬਾਲ ਨਾ ਹੋਇਆ, ਤਾਂ ਕਿਸੇ ਦੱਸਿਆ ਹਕੀਮਾਂ ਦੇ ਹੱਥ ਚੜ੍ਹਿਆ ਹੋਇਆ ਏ। ਇੱਕਦਮ ਉਹ ਗੰਜਾ ਹੋ ਗਿਆ ਬੁੱਢਾ।

ਪਿੱਛੇ ਵਕੀਲਾਂ ਦੀ ਲਹਿਰ ਉਠੀ ਤੇ ਪੁਰਾਣੀ ਠਰਕ ਪੂਰਨ ਲਈ ਮੈਂ ਇੱਕ ਦੋ ਬੇਲੀਆਂ ਨਾਲ਼ ਤੁਰ ਜਾਣਾ। ਹਾਈ ਕੋਰਟ ਤੋਂ ਅਸਾਂ ਰਲਣਾ ਤੇ ਚੈਰਿੰਗ-ਕਰਾਸ ਉੱਤੇ ਰੱਜ ਨਾਅਰੇ ਮਾਰ ਕੇ ਹਾਕਮਾਂ ਨੂੰ ਲਾਨ-ਤਾਨ ਕਰਕੇ ਖਿੰਡ ਫੁੰਡ ਜਾਣਾ। ਪੁਰਾਣੇ ਵਕੀਲ ਬੇਲੀਆਂ ਦੇ ਵੀ ਸੁਨੇਹੇ ਆਉਂਦੇ ਸਨ; ਯਾਰ ਰਲੋ, ਕੰਮ ਪੈ ਗਿਆ ਜੇ। ਪਾਸਾ ਪਲੱਟ ਗਿਆ ਜੇ। ਇੱਕ ਦਿਨ ਐਵੇਂ ਸਿਖਰ ਦੁਪਿਹਰੀਂ ਰੱਜ ਗਰਮੀ ਵਿੱਚ ਜਲੂਸ ਵਿੱਚ ਆ ਰਲੇ। ਵਕੀਲ ਜ਼ਨਾਨੀਆਂ ਨੇ ਕਾਲੀਆਂ ਐਨਕਾਂ ਤੇ ਛਤਰੀਆਂ ਲਈਆਂ ਹੋਵਣ, ਵਕੀਲਾਂ ਦੇ ਹੱਥ ਵਿੱਚ ਪਾਣੀ ਦੀਆਂ ਬੋਤਲਾਂ। ਪਰ ਨਾਅਰੇ ਮਾਰਨ ਦਾ ਜ਼ੋਰ ਓਨਾ ਈ ਸੀ। ਰੀਗਲ ਟੱਪ ਜਦ ਅਸੀਂ ਅਗਾਂਹ ਹੋਏ ਤੇ ਪੈਨੋਰਾਮਾ ਸ਼ੌਪਿੰਗ ਸੈਂਟਰ ਸਾਹਮਣੇ ਓਵਰ ਹੈੱਡ ਬ੍ਰਿੱਜ ਅਖ਼ਬਾਰਚੀਆਂ ਤੇ ਬੰਦਿਆਂ ਦੀ ਭੀੜ ਨਜ਼ਰੀਂ ਆਈ। ਬੰਦੇ ਹੱਥਾਂ ਵਿੱਚ ਫੁਲ ਲਏ ਖਲੋਤੇ

ਸਨ ਤੇ ਜਦ ਜਲੂਸ ਹੇਠੋਂ ਲੰਘਣ ਲੱਗਾ ਤੇ ਉਨ੍ਹਾਂ ਫੁੱਲਾਂ ਦਾ ਮੀਂਹ ਵਿਰਸਾ ਦਿੱਤਾ। ਮੈਂ ਜਲੂਸ ਦੇ ਚੋਖਾ ਪਿੱਛੇ ਸਾਂ, ਇਸ ਲਈ ਸਾਨੂੰ ਦੂਰੋਂ ਲੋਕ ਫੁੱਲ ਸੁੱਟਦੇ ਨਜ਼ਰੀਂ ਪੈਂਦੇ ਪਏ ਸਨ। ਇੱਕ ਛਿਣ ਲਈ ਮੈਨੂੰ ਫੁੱਲ ਸੁੱਟਦੇ ਬੰਦਿਆਂ ਵਿੱਚ ਬਾਜਵਾ ਵਿਖਾਲੀ ਦਿੱਤਾ। ਉਹੋ ਈ ਸੀ ਜਾਂ ਕੋਈ ਹੋਰ। ਦੂਰੋਂ ਤਾਂ ਉਹੀ ਜਾਪੇ। ਉਸ ਹੱਥ ਵਿੱਚ ਵੱਡਾ ਸਾਰਾ ਫੁੱਲਾਂ ਦਾ ਸ਼ਾਪਰ ਫੜਿਆ ਹੋਇਆ ਸੀ ਤੇ ਹੌਲ਼ੀ-ਹੌਲ਼ੀ ਹੇਠਾਂ ਫੁੱਲ ਸੁੱਟਦਾ ਪਿਆ ਸੀ। ਉਹ ਲਿੱਸਾ ਜਿਹਾ ਤੇ ਮਾੜਕੂ ਲੱਗਾ। ਮੈਂ ਉਹਨੂੰ ਦੂਰੋਂ ਸਿਆਣ ਕੇ ਹੱਥ ਹਿਲਾਇਆ ਤੇ ਜਦ ਅਸੀਂ ਹੇਠੋਂ ਲੰਘੇ, ਤਾਂ ਉਸ ਸਾਡੇ ਉੱਤੇ ਢੇਰ ਫੁੱਲ ਸੁੱਟੇ। ਫੁੱਲ ਮੇਰੇ ਵਾਲਾਂ ਨੂੰ ਚਿੰਬੜ ਗਏ ਤੇ ਕਮੀਜ਼ ਦੀ ਜੇਬ ਵਿੱਚ ਫਸ ਗਏ। ਮੈਂ ਨਾ ਵਾਲਾਂ ਤੋਂ ਫੁੱਲ ਝਾੜੇ ਨਾ ਕੱਪੜਿਆਂ ਤੋਂ।

ਕਿੰਨੇ ਦਿਨ ਮੈਨੂੰ ਬਾਜਵੇ ਦੇ ਉਤੋਂ ਸੁੱਟੇ ਫੁੱਲਾਂ ਦੇ ਸੁਪਨੇ ਆਂਦੇ ਰਹੇ। ਮੈਂ ਪੁਲ ਹੇਠੋਂ ਲੰਘਦਾ ਪਿਆ ਆਂ ਤੇ ਬਾਜਵਾ ਫੁੱਲ ਸੁੱਟਦਾ ਪਿਆ ਏ। ਹਯਾਤੀ ਲੰਘ ਗਈ ਏ ਬਾਜਵੇ ਦੇ ਫੁੱਲਾਂ ਦੀ ਵਾਸ਼ਨਾ ਨਹੀਂ ਮੁੱਕੀ।

# ਕਬੂਤਰ, ਬਨੇਰੇ ਤੇ ਗਲੀਆਂ

ਇਹ ਕਹਾਣੀ ਸ਼ੋਰੋ ਗਾਮੇ ਦੀ ਏ, ਕਬੂਤਰਾਂ ਦੀ, ਕੋਠੇ ਦੇ ਬਨੇਰਿਆਂ ਦੀ ਜਾਂ ਫ਼ਿਰ ਮੇਰੀ। ਨਹੀਂ, ਇਹ ਤਾਂ ਮਾਸੀ ਐਸ਼ਾਂ ਦੀ ਕਹਾਣੀ ਏ। ਪਿੱਛੇ ਮੈਂ ਬਟਾਲੇ (ਗੁਰਦਾਸਪੁਰ) ਆਪਣੇ ਪੁਰਖਿਆਂ ਦਾ ਜੱਦੀ ਘਰ ਵੇਖਣ ਗਿਆ ਤੇ ਅਪਣਾ ਘਰ ਲੱਭਦਾ-ਲੱਭਦਾ ਮਾਸੀ ਐਸ਼ਾਂ ਦਾ ਘਰ ਲੱਭ ਬੈਠਾ। ਪਰ ਸ਼ੋਰੋ ਨਾ ਮੈਂ ਅਪਣਾ ਘਰ ਲੱਭਿਆ ਤੇ ਨਾ ਮਾਸੀ ਦਾ। ਮਾਂ ਬਟਾਲੇ ਆਲੇ ਘਰ ਦੀ ਗੱਲ ਕਰਨੀ ਤੇ ਵਿੱਚ ਐਵੇਂ ਈ ਮਾਸੀ ਦੇ ਘਰ ਦੀ ਗੱਲ ਵੀ ਆ ਜਾਣੀ। "ਸਾਡਾ ਘਰ ਉੱਚੇ ਟਿੱਬੇ ਭਾਈ ਦੇ ਵਿਹੜੇ ਬਜ਼ਾਰੋਂ ਖੱਬੇ ਹੱਥ ਸੀ ਤੇ ਸੱਜੇ ਮਾਸੀ ਦਾ।"

ਬਟਾਲੇ ਦੇ ਡਾਕਟਰ ਸ਼ਾਇਰ ਨੇ ਜਿਹੜੇ ਦੋ ਬੰਦੇ ਘਰ ਲੱਭਣ ਲਈ ਮੇਰੇ ਨਾਲ਼ ਤੋਰੇ, ਉਹ ਖਿੱਝ ਪਏ ਸਨ:

"ਸਰ ਜੀ, ਕਦੇ ਤੁਸੀਂ ਕਹਿੰਦੇ ਓ ਸੱਜੇ ਕਦੀ ਖੱਬੇ।"

"ਲੱਭ ਪਵੇਗਾ। ਢੇਰ ਵੇਲਾ ਏ ਸਾਡੇ ਕੋਲ। ਕਾਲ੍ਹ ਕਾਹਦੀ ਏ ਤੁਹਾਨੂੰ।"

ਉਹ ਮੈਨੂੰ ਭਜਾਈ ਫਿਰਦੇ ਸਨ ਤੇ ਇੱਕ ਥਾਂ ਖਲੋਣ ਨਾ ਦਿੰਦੇ। ਪਰ ਮੈਂ ਉਨ੍ਹਾਂ ਗਲੀਆਂ, ਮੁਹੱਲਿਆਂ ਵਿੱਚ ਈ ਫਿਰਨਾ ਚਾਹੁੰਦਾ ਸਾਂ। ਘਰ ਲੱਭੇ ਨਾ ਲੱਭੇ ਤਾਂ ਕੀ ਏ। ਥਾਂ ਤਾਂ ਇਹੋ ਏ।

"ਸੱਜੇ ਸੀ ਤੁਹਾਡਾ ਘਰ ਕਿ ਖੱਬੇ ?"

"ਇੱਥੇ ਈ ਸੀ, ਇਨ੍ਹਾਂ ਗਲੀਆਂ ਵਿੱਚ ਈ ਕਿਤੇ।"

"ਮਾਸੀ ਐਸ਼ਾਂ ਦਾ ਘਰ ਸਾਡੇ ਘਰ ਦੀ ਗਲੀ ਦੇ ਸਾਹਮਣੇ ਵਾਲੀ ਗਲੀ ਵਿੱਚ ਸੀ।" ਵਰ੍ਹਿਆਂ ਤੋਂ ਪਾਰ ਤੁਰਦੀ ਮਾਂ ਦੀ ਵਾਜ ਅਚੇਤ ਵੱਗਦੀ ਰਹਿੰਦੀ।

ਕ੍ਰਿਸ਼ਨ-ਨਗਰ ਸਾਡੇ ਘਰ ਤੋਂ ਕੁੱਝ ਗਲੀਆਂ ਟੱਪ ਕੇ ਆਖ਼ਰੀ ਸਟਾਪ ਲਾਗੇ ਮਾਸੀ ਐਸ਼ਾਂ ਦਾ ਘਰ ਸੀ। ਸਿੱਧੇ ਬਜ਼ਾਰੋਂ ਕੁੱਝ ਲੰਮਾ ਪਰ ਗਲੀਓ ਗਲੀ ਜਾਓ ਤਾਂ ਚੋਖਾ ਨੇੜੇ। ਵੰਡ ਪਿੱਛੋਂ ਲੁਟ-ਪੁੱਟ ਕੇ ਆਇਆਂ ਨੂੰ ਜਿਹੜੀ ਥਾਂ ਮਿਲੀ ਉਹਨੇ ਉਹੋ ਸਾਂਭ ਲਈ। ਪਰ ਮਾਸੀ ਤੋਂ ਇੱਕ ਭੁੱਲ ਹੋ ਗਈ। ਉਸ ਜਿਹੜਾ ਘਰ ਮੱਲਿਆ ਉਹ ਸੀ ਦੂਜੀ ਮੰਜ਼ਲੇ। ਇੱਕ ਪੁਰਾਣਾ ਜਿਹਾ ਘਰ ਜਿਹੜਾ ਸਾਡੇ ਵੇਹੰਦੇ-ਵੇਹੰਦੇ ਢਹਿੰਦਾ-ਢਹਿੰਦਾ ਢਹਿ ਪਿਆ। ਪਰ ਮਾਸੀ ਲਈ ਤਾਂ ਉਹੋ ਘਰ ਸੀ ਉਸ ਛੱਡਿਆ ਨਾ। ਕੁੱਝ ਵੇਲਾ ਤਾਂ ਸਾਂਝ ਦੇ ਸੇਕ ਵਿੱਚ ਵੱਗ ਗਿਆ ਪਰ ਅਖ਼ੀਰ ਹੇਠਲਿਆਂ ਮੁਕੱਦਮਾ ਟੋਰ ਦਿੱਤਾ। ਮਾਸੀ ਤਾਂ ਝੱਲੀ ਹੋ ਗਈ।

"ਮੈਂ ਈ ਇਨ੍ਹਾਂ ਨੂੰ ਵਾੜਿਆ। ਚਲੋ ਭਈ ਤੁਸਾਂ ਹੇਠਾਂ ਆਸਰਾ ਕਰ ਲਓ, ਅਸਾਂ ਉੱਤੇ ਰਹਿ ਪੈਨੇ ਆ। ਉਸ ਵੇਲ਼ੇ ਕਿਹਨੂੰ ਸੀ ਹੋਸ਼! ਕੋਈ ਵੀ ਘਰ ਮੱਲ ਲੈਂਦੇ। ਨਾਲ਼ੇ ਸੋਚ ਤਾਂ ਇਹ ਸੀ ਸਾਰਿਆਂ ਮੁੜ ਜਾਣਾ ਏਂ, ਕਿਹੜਾ ਇੱਥੇ ਬਹਿ ਰਹਿਣਾ ਏਂ। ਚੋਖੇ ਘਰ ਖ਼ਾਲੀ ਸਨ। ਅੱਲ੍ਹਾ ਬਖ਼ਸ਼ੇ ਤੇਰੇ ਤਾਏ ਲਾਟ ਸਾਹਿਬ ਦਫ਼ਤਰ ਸਨ ਕੰਮ ਕਰਦੇ, ਕਿੰਨੇ ਈ ਘਰ ਵਿਖਾਏ। ਪੋਪੇ ਦੇ ਪਿਓ ਆਖਿਆ ਹੁਣ ਇੱਥੇ ਆ ਬੈਠੇ ਆਂ ਇਹੋ ਠੀਕ ਏ। ਕਦੇ ਸੋਚਿਆ ਸੀ ਇੰਜ ਵਾਪਰਨੀ ਏ ਸਾਡੇ ਨਾਲ਼।"

ਮਾਸੜ ਤਾਂ ਸਾਡੀ ਹੋਸ਼ ਤੋਂ ਅਗਦੋਂ ਈ ਜੱਗ ਤੋਂ ਮੂੰਹ ਕਰ ਗਿਆ ਹੋਇਆ ਸੀ। ਮਾਂ ਤੇ ਮਾਸੀ ਦੇ ਸਾਂਝ ਦੇ ਭੇਤ ਦੀ ਖ਼ੋਰੇ ਇਹੋ ਪੀੜ ਸੀ ਬਈ ਦੋਵਾਂ ਦੇ ਸਿਰ ਦੇ ਸਾਈਂ ਉਨ੍ਹਾਂ ਦੀ ਭਰ ਜਵਾਨੀ ਵਿੱਚ ਤੁਰ ਗਏ। ਮਾਸੀ ਦੇ ਤਿੰਨ ਪੁੱਤਰ ਸਨ। ਦੋ ਵਗ ਗਏ ਪ੍ਰਦੇਸ, ਇੱਕ ਰਹਿ ਗਿਆ ਮਾਸੀ ਕੋਲ। ਵੱਡੇ ਦੀ ਤਾਂ ਕੋਈ ਉੱਘ-ਸੁੱਘ ਨਹੀਂ ਸੀ। ਬਸ ਇੰਨੀ ਖ਼ਬਰ ਸੀ ਪਈ ਢੇਰ ਬਰਫ਼ਾਂ ਆਲੇ ਦੇਸ ਸੀ, ਨਾ ਕਦੇ ਉਸ ਚਿੱਠੀ ਪੱਤਰ ਕੀਤਾ, ਨਾ ਕਦੇ ਅਸਾਂ ਉਸ ਨੂੰ ਤੱਕਿਆ ਸੀ। ਪਤਾ ਨਹੀਂ ਕਿਹੜੇ ਵੇਲ਼ੇ ਉਹ ਕਿਹੜੇ ਪ੍ਰਦੇਸ ਗਿਆ। ਪਰ ਵਲਾਇਤ ਆਲਾ ਖ਼ਰਚਾ ਪਾਣੀ ਘੱਲਦਾ ਰਹਿੰਦਾ, ਜਿਸ ਨਾਲ਼ ਘਰ ਚਲਦਾ। ਪਹਿਲਾ ਪੁੱਤਰ ਮਾਸੀ ਦਾ ਬਟਾਲੇ ਹੋਇਆ ਪਰ ਦੂਜੇ ਦੋਵੇਂ ਲਾਹੌਰ ਆ ਹੋਏ। ਨਿੱਕਾ ਯੂਨੀਵਰਸਿਟੀ ਵਿੱਚ ਸੀ ਤੇ ਮੈਥੋਂ ਚਾਰ ਪੰਜ ਵਰ੍ਹੇ ਵੱਡਾ ਹੋਣਾ ਏ। ਫ਼ੌਜੀ ਆਮਰ ਦੀ ਕੁੱਤਿਆ-ਕੁੱਤਿਆ ਹੋਈ ਤਾਂ ਉਹ ਯੂਨੀਵਰਸਿਟੀ ਪੜ੍ਹਦਾ ਸੀ। ਸਾਡੇ ਮੁਹੱਲੇ ਵਿੱਚੋਂ ਪਹਿਲਾ ਜਲੂਸ ਉਸ ਈ ਕੱਢਿਆ ਪਰ ਸਾਨੂੰ ਸਕੂਲੀ ਪੜ੍ਹਿਆਰਾਂ ਨੂੰ ਲਾਟ ਸਾਹਿਬ ਦੇ ਦਫ਼ਤਰੋਂ ਅੱਗੇ ਜਾਣ ਦੀ ਮਨਾਹੀ ਸੀ ਤੇ ਉਹ ਸਾਨੂੰ ਸਾਰਿਆਂ ਨੂੰ ਦਾਬਾ ਮਾਰ ਕੇ ਪਿਛਾਂਹ ਘੱਲ ਦਿੰਦਾ।

ਅਵਾਮੀ ਪਾਰਟੀ ਦਾ ਨਵਾਂ ਰਾਜ ਆਇਆ ਤਾਂ ਉਹ ਨਵੀਂ ਸਿਆਸਤ ਵਿੱਚ ਵਲਿਆ ਗਿਆ। ਰਾਤੀਂ ਉਹ ਚਿਰਕੇ ਘਰੀਂ ਆਉਂਦਾ। ਅਸੀਂ ਤਾਂ ਨਿੱਕਿਆਂ ਹੁੰਦਿਆਂ ਤੋਂ ਈ ਮਾਸੀ ਦੇ ਘਰ ਜਾਂਦੇ ਹੁੰਦੇ ਸਾਂ। ਪਿੱਛੋਂ ਬਟਾਲੇ ਦੀ ਸਾਂਝ। ਮਾਸੜ ਗੁਜ਼ਰਨ ਪਾਰੋਂ ਤੇ ਦੋਵੇਂ ਪੁੱਤਰਾਂ ਦੇ ਪ੍ਰਦੇਸੀ ਹੋਵਣ ਨਾਲ਼ ਮਾਸੀ ਦਾ ਘਰ ਪੁਰਾਣਾ ਜਿਹਾ ਤਾਂ ਪਹਿਲੇ ਈ ਸੀ, ਹੁਣ ਉੱਕਾ ਸੱਖਣਾ ਹੋ ਗਿਆ। ਨਿੱਕਾ ਪੁੱਤਰ ਸਵੇਰੇ ਯੂਨੀਵਰਸਿਟੀ ਤੁਰ ਜਾਂਦਾ ਤੇ ਮਾਸੀ ਸਾਰਾ ਦਿਨ ਘਰੀਂ ਇਕੱਲੀ ਹੁੰਦੀ। ਅਸੀਂ ਈ ਸੌਦੇ ਲਿਆ ਕੇ ਦੇਣੇ ਤੇ ਮਾਸੀ ਦਾ ਖ਼ਿਆਲ ਰੱਖਣਾ। ਦੂਜੇ ਤੀਜੇ ਦਿਨ ਕੋਈ ਸ਼ੈਅ ਪੱਕ ਕੇ ਉਹਦੇ ਵੱਲ ਜਾਂਦੀ ਪਈ ਏ, ਜਾਂ ਉਹ ਆਪੇ ਸਾਡੇ ਘਰ ਆ ਜਾਂਦੀ ਤੇ ਮਾਂ ਨਾਲ਼ ਚਿਰਾਂ ਬੈਠੀ ਗਪੌੜੀਆਂ ਮਾਰਦੀ ਰਹਿੰਦੀ। ਮਾਸੀ ਘਰ ਜਾਂਦੇ ਤੇ ਉਹ ਉਡੀਕਦੀ ਹੁੰਦੀ। ਦੂਜੀ ਮੰਜ਼ਿਲੇ ਦੋ ਵੱਡੇ ਕਮਰੇ, ਨਿੱਕਾ ਜਿਹਾ ਵਿਹੜਾ ਤੇ ਇੱਕ ਪਾਸੇ ਕੋਠਰੀ। ਕੋਠਰੀ ਵਿੱਚ ਗਾਮੇ ਤੇ ਰੱਖੀ ਰਹਿੰਦੀਆਂ ਸਨ।

ਪਰ ਨਹੀਂ ਮੈਂ ਤਾਂ ਕਹਾਣੀ ਕਰਨ ਲੱਗਾ ਸਾਂ ਗਾਮੇ ਤੇ ਕਬੂਤਰਾਂ ਦੀ।

ਗਾਮੇ ਦੀ ਕਹਾਣੀ ਸਾਡੇ ਬਟਾਲੇ ਦੇ ਜੱਦੀ ਘਰ ਹਾਰ ਵੇਲ਼ੇ ਦੀ ਧੂੜ ਵਿੱਚ ਗੁਆਚ ਗਈ ਏ।

ਨਿੱਕਿਆਂ ਹੁੰਦਿਆਂ ਲਾਅ ਅਸਾਂ ਗਾਮੇ ਨੂੰ ਤੱਕਿਆ। ਕ੍ਰਿਸ਼ਨ-ਨਗਰ ਉਹ ਸਾਡੀ ਟਾਬਰੀ ਦੇ ਭਾਂਡੇ ਧੋਂਦੀ ਸੀ। ਪਰ ਗਾਮੇ ਦੀ ਕਹਾਣੀ ਰੱਖੀ ਤੋਂ ਬਿਨਾਂ ਪੂਰੀ ਨਹੀਂ

ਹੁੰਦੀ। ਜਿਵੇਂ ਬਟਾਲੇ ਅਪਣਾ ਘਰ ਲੱਭਦਾ-ਲੱਭਦਾ ਮੈਂ ਮਾਸੀ ਐਸ਼ਾਂ ਦਾ ਘਰ ਲੱਭਣ ਲੱਗ ਪਿਆ ਸਾਂ। ਐਵੇਂ ਗਾਮੇ ਦੀ ਕਹਾਣੀ ਨਾਲ਼ ਰੱਖੀ ਦੀ ਕਹਾਣੀ ਵੀ ਕਰਨੀ ਪੈਣੀ ਏ। ਕ੍ਰਿਸ਼ਨ-ਨਗਰ ਦੀਆਂ ਗਲੀਆਂ ਵਿੱਚੋਂ ਲੰਘਦਿਆਂ ਗਾਮੇ ਤੇ ਰੱਖੀ ਕਦੇ ਨਹੀਂ ਭੁੱਲਦੀਆਂ ਮੈਨੂੰ। ਰੱਖੀ ਨੇ ਪਿੱਛੋਂ ਗਾਮੇ ਦਾ ਲੜ ਫੜਿਆ ਹੋਣਾ ਤੇ ਗਾਮੇ ਸਿੱਧਾ ਮੂੰਹ ਚੁੱਕ ਕੇ ਵਗੀ ਜਾਣਾ ਤੇ ਉਸ ਨੰਗੇ ਪੈਰੀਂ ਤਰਿੱਖੀ-ਤਰਿੱਖੀ ਅਪਣੀ ਪੋਟਲੀ ਸਾਂਭਦੇ ਗਾਮੇ ਪਿੱਛੇ ਲੱਗੇ ਆਉਣਾ, ਜਿਵੇਂ ਉਹਦੇ ਵਜੂਦ ਦਾ ਕੋਈ ਅੰਗ ਹੋਵੇ। ਇਨ੍ਹਾਂ ਦੋਵਾਂ ਦੀ ਕੋਈ ਇਕੱਲੀ ਸੂਰਤ ਚੇਤੇ ਵਿੱਚ ਚਿਤਰਦੀ ਨਹੀਂ। ਇੱਕ ਕਲਬੂਤ ਤੇ ਦੋ ਰੂਹਾਂ। ਨਾ ਕੋਈ ਸਾਕ, ਟੱਬਰਦਾਰੀ। ਜਿਹੜਾ ਰੱਖ ਲਵੇ ਉਸੇ ਘਰ ਰਹਿ ਪੈਣਾ। ਫ਼ਿਰ ਝੇੜਾ ਕਰਕੇ ਮਾਸੀ ਐਸ਼ਾਂ ਕੋਲ ਈ ਆ ਜਾਣਾ ਤੇ ਅਖ਼ੀਰ ਉਹ ਮਾਸੀ ਦੇ ਘਰ ਦਾ ਈ ਜੀ ਬਣ ਗਈਆਂ ਤੇ ਜਦ ਤੀਕ ਮਾਸੀ ਜੀਵੀ, ਉਸੇ ਘਰ ਰਹੀਆਂ।

ਪਿੱਛੇ ਕਿੰਨੇ ਈ ਵਰ੍ਹਿਆਂ ਮਗਰੋਂ ਆਪਾ ਉਲਫ਼ਤ ਅਮਰੀਕਾ ਤੋਂ ਆਈ ਤੇ ਮੈਂ ਉਸ ਤੋਂ ਗਾਮੇ ਦਾ ਪੁੱਛਿਆ। ਬੜੀ ਹੈਰਾਨ ਹੋਈ, "ਤੈਨੂੰ ਚੇਤੇ ਏ, ਮੈਂ ਤਾਂ ਆਪੇ ਲੱਭਦੀ ਉਹਨੂੰ ਕੱਲ੍ਹ ਈ ਮਿਲ ਕੇ ਆਈ ਆਂ।" ਦੱਸਣ ਲੱਗੀ: "ਮੇਰੇ ਸਾਹਮਣੇ ਗਾਮੇ ਪਿੰਡੋਂ ਆਈ ਸੀ। ਪਿੱਛੋਂ ਚੰਗੀ ਭਲੀ ਸੀ, ਮਲਿਕ ਨੇਂ, ਰਾਵੀ ਲਾਗੇ ਇਨ੍ਹਾਂ ਦੀਆਂ ਜ਼ਮੀਨਾਂ ਸਨ। ਜਦ ਇਹਦਾ ਵਿਆਹ ਹੋਇਆ ਇਹਨੇ ਰੱਖੀ ਨੂੰ ਨਾਲ਼ ਈ ਰੱਖਿਆ। ਰੱਖੀ ਮਤੇ ਬਾਲਪਨ ਤੋਂ ਅੱਲ੍ਹਾ ਲੋਕ ਸੀ ਜਾਂ ਮੁੜ ਹੋ ਗਈ। ਪਤਾ ਨਹੀਂ। ਪਰ ਇਹਦਾ ਇਲਾਜ ਕਿਸੇ ਕਰਾਇਆ ਨਾ। ਵਿਆਹ ਹੋਇਆ ਤਾਂ ਇਹਦੇ ਖ਼ੋਵੰਦ ਇਹਨੂੰ ਰੱਖੀ ਪਾਰੋਂ ਕੱਢ ਦਿੱਤਾ। ਆਹੰਦਾ ਸੀ 'ਜਾਂ ਰੱਖੀ ਨੂੰ ਰੱਖ ਜਾਂ ਆਪੇ ਰਹਿ।' ਮੁੜ ਭਰਾਵਾਂ ਨਾਲ਼ ਝੇੜਾ ਕਰਕੇ ਉਹਨੂੰ ਨਾਲ਼ ਲੈ ਮਾਸੀ ਐਸ਼ਾਂ ਦੇ ਆ ਗਈ। ਸੁਣਿਆਂ ਏ ਭਰਾਵਾਂ ਨਾਲ਼ ਭੋਏਂ ਦਾ ਵੀ ਝੇੜਾ ਸੀ। ਪਰ ਇਸ ਕਦੇ ਦੱਸਿਆ ਨਹੀਂ। ਅਸੀਂ ਤਾਂ ਸਦਾ ਮਾਸੀ ਐਸ਼ਾਂ ਘਰ ਈ ਤੱਕਿਆ ਇਹਨੂੰ। ਪਿੱਛੋਂ ਮਿਲਣ ਨਹੀਂ ਆਇਆ ਕਦੀ ਕੋਈ।"

ਚਿੱਟੀ ਗੋਰੀ ਗਾਮੇ ਪੂਰੀ ਜੱਟੀ ਸੀ। ਭਰਿਆ ਜੁੱਸਾ ਤੇ ਨੱਕੀਂ ਲੌਂਗ। ਮਜਾਲ ਏ ਪਈ ਕੋਈ ਭੈੜੀ ਅੱਖੀਂ ਤੱਕੇ। ਆਪ ਤਾਂ ਉਸ ਸ਼ੋਹਦੀ ਕਿਸੇ ਨੂੰ ਤੱਕਣਾ ਈ ਨਾ। ਬਸ ਚੁੱਪ-ਚੁਪੀਤੇਂ ਕੰਮੀਂ ਰੁੱਝੀ ਰਹਿੰਦੀ। ਮੂੰਹ ਉੱਤੇ ਰੋਹ ਤੇ ਖਿੱਝ ਵਿਚਕਾਰ ਜਿਹੀ ਕੋਈ ਗੱਲ, ਆਵਾਜ਼ਾਰੀ ਵੀ ਨਹੀਂ ਆਖ ਸਕਦੇ। ਬਸ ਆਲ-ਦੁਆਲ ਤੋਂ ਕੁੱਝ ਨਾਮੰਜ਼ੂਰੀ ਤੇ ਜੱਗ ਤੋਂ ਬੇਪਰਵਾਹੀ ਜਿਹੀ, ਰਿਜ਼ਕ ਉਦਾਸ ਜਿਹਾ। ਸ਼ਾਦੀ ਗ਼ਮੀ ਨਾਂਹ ਦਿਲ ਤੋਂ ਮਾਣਨੀ।

ਗਾਮੇ ਇੱਕੋ ਕੰਮ ਕਰਦੀ ਸੀ, ਭਾਂਡੇ ਧੋਣ ਦਾ। ਹੋਰ ਕਿਸੇ ਸ਼ੈਅ ਨੂੰ ਉਸ ਹੱਥ ਨਾ ਲਾਉਣਾ। ਸਫ਼ਾਈ ਸੁਥਰਾਈ ਦਾ, ਝਾੜ ਪੂੰਛ ਜਾਂ ਹੋਰ ਕੰਮ ਉਹ ਕਦੇ ਨਾ ਕਰਦੀ। ਕਈ ਵਾਰ ਜ਼ਨਾਨੀਆਂ ਖਿੱਝ ਜਾਉਣਾ ਪਰ ਉਸ ਉੱਤੇ ਜੂੰ ਨਾ ਰੀਂਗਦੀ। ਅਖੇ ਭਾਂਡੇ ਧੁਆਣੇ ਹਨ ਤਾਂ ਧਵਾਓ, ਨਹੀਂ ਤਾਂ ਮਰਜ਼ੀ ਤੁਹਾਡੀ। ਉਂਜ ਕੰਮ ਉਹ ਨੀਝੀਂ ਕਰਦੀ। ਬਸ ਅਪਣੀ ਗੱਲ ਨਾਲ਼ ਮਤਲਬ।

ਰੱਖੀ ਸੀ ਅੱਲ੍ਹਾ ਲੋਕ। ਉੱਕਾ ਸੁੱਕੀ ਸੜੀ ਤੇ ਪਿੰਡੇ ਉੱਤੇ ਮਾਸ ਦੀ ਰਤਾ ਬੋਟੀ ਨਾ। ਬਸ ਝੱਲੀਆਂ ਵਾਂਗ ਮੂੰਹ ਹਿਲਾਈ ਜਾਣਾ ਜਿਵੇਂ ਕਿਸੇ ਨਾਲ਼ ਗੱਲਾਂ ਕਰਦੀ ਹੋਵੇ ਜਾਂ

ਕਿਸੇ ਨੂੰ ਬੁਲਾਂਦੀ ਜਾਂ ਹੋੜਦੀ ਹੋਵੇ। ਪਤਾ ਨਹੀਂ, ਤ੍ਰਭਕੀ-ਤ੍ਰਭਕੀ। ਜਾਂ ਫ਼ਿਰ ਐਵੇਂ ਦੰਦੀਆਂ ਕੱਢ ਕੇ ਹੱਸਦੇ ਰਹਿਣਾ। ਗਾਮੇ ਤੋਂ ਇੱਕ ਪੱਲ ਉਸ ਵੱਖ ਨਾ ਹੋਣਾ। ਜਦ ਗਾਮੇ ਭਾਂਡੇ ਧੋਣੇ, ਉਸ ਨਾਲ਼ ਵਿੱਛ ਕੇ ਬੈਠ ਰਹਿਣਾ ਤੇ ਅਪਣੀ ਪੋਟਲੀ ਖੋਲ੍ਹਦੀ ਨੇ ਦੰਦੀਆਂ ਕੱਢਦੇ ਰਹਿਣਾ। ਪੋਟਲੀ ਵਿੱਚ ਉਸ ਕੁਲ ਜਹਾਨ ਦੀਆਂ ਸ਼ੈਵਾਂ ਲੁਕਈਆਂ ਹੁੰਦੀਆਂ ਸਨ। ਵਾਲਾਂ ਦੇ ਕਲਿੱਪ, ਪਿੰਨਾਂ, ਸਾਬਣ ਦਾਨੀਆਂ, ਸਿੱਗਟ ਦੀਆਂ ਖ਼ਾਲੀ ਡੱਬੀਆਂ, ਟੁੱਥ ਬੁਰਸ਼, ਤਕੀਏ ਦੇ ਗ਼ਿਲਾਫ਼, ਬਾਲਾਂ ਦੇ ਖਿਡੌਣੇ, ਕੈਂਚੀਆਂ, ਸੈਂਟ ਦੀਆਂ ਨਿੱਕੀਆਂ ਖ਼ਾਲੀ ਬੋਤਲਾਂ, ਖ਼ਾਲੀ ਨਹੁੰ ਪਾਲਿਸ਼ ਦੀਆਂ ਸ਼ੀਸ਼ੀਆਂ, ਪੌਡਰ ਦੇ ਖ਼ਾਲੀ ਡੱਬੇ ਤੇ ਪਤਾ ਨਹੀਂ, ਰੱਬ ਜਾਣੇ ਹੋਰ ਕੀ-ਕੀ।

ਅਪਣੀ ਪੋਟਲੀ ਨੂੰ ਉਹ ਹੱਥ ਨਾ ਲਾਉਣ ਦਿੰਦੀ। ਜਿਹੜੀ ਸ਼ੈਅ ਗਵਾਚ ਜਾਣੀ, ਸਾਰਿਆਂ ਆਖਣਾ ਰੱਖੀ ਦੀ ਪੋਟਲੀ ਫੋਲੋ। ਪਰ ਉਹ ਹੱਥ ਲਾਉਣ ਦਏ ਤਾਂ ਨਾ। ਅਖ਼ੀਰ ਅਗਲੇ ਪੋਟਲੀ ਨੂੰ ਖੋਹਣ ਦੀ ਕਰਨੀ ਤੇ ਰੱਖੀ ਗਾਮੇ ਦੇ ਪਿੱਛੇ ਲੁੱਕਣ ਦੀ ਕਰਨੀ। ਗਾਮੇ ਨਾਲ਼ ਈ ਚੰਬੜੀ ਜਾਉਣਾ। ਪਰ ਗਾਮੇ ਜ਼ਰਾ ਨਾ ਖਿਝਣਾ ਤੇ ਆਪਣੇ ਧਿਆਨੇ ਲੱਗੇ ਰਹਿਣਾ। ਅਖ਼ੀਰ ਅਗਲੇ ਜ਼ੋਰਾਵਰੀ ਕਰਨ ਦੀ ਕਰਨੀ ਤੇ ਉਸ ਬੇਵੱਸ ਹੋਕੇ ਪੋਟਲੀ ਵਗਾ ਮਾਰਨੀ। ਸਾਰੀਆਂ ਸ਼ੈਵਾਂ ਖੇਰੂੰ-ਖੇਰੂੰ ਹੋ ਜਾਣੀਆਂ ਤੇ ਅਗਲੇ ਪੱਚੀ ਹੋਣਾ। ਖੋਹਣ ਆਲੇ ਆਪੇ ਸਾਰੀਆਂ ਸ਼ੈਵਾਂ ਸਾਂਭਣੀਆਂ ਤੇ ਪੋਟਲੀ ਪਰਤਾਵਣ ਦੀ ਕਰਨੀ। ਪਰ ਰੱਖੀ ਰੁੱਸ ਜਾਣਾ ਤੇ ਮੁੜ ਪੋਟਲੀ ਨੂੰ ਹੱਥ ਨਾ ਲਾਉਣਾ। ਪਰ ਅਗਲੇ ਦਿਨ ਉਸ ਮੁੜ ਪੋਟਲੀ ਬੁੱਕਲ ਮਾਰੀ ਹੋਣੀ।

ਮਾਸੀ ਘਰ ਧੁਰ ਕੋਠੇ ਇੱਕ ਨਿੱਕਾ ਜਿਹਾ ਕਮਰਾ ਜਾਂ ਸਟੋਰ ਸੀ ਪਰ ਅਸਲੋਂ ਉਹ ਥਾਂ ਕਬੂਤਰਾਂ ਮੱਲੀ ਹੋਈ ਸੀ। ਪਤਾ ਨਹੀਂ ਕਿੱਥੋਂ ਕਿਹੜੇ ਵੇਲ਼ੇ ਕਬੂਤਰਾਂ ਉੱਥੇ ਡੇਰੇ ਲਾਏ ਸਨ। ਖ਼ੋਰੇ ਵੰਡ ਤੋਂ ਪਹਿਲਾਂ ਦੇ ਈ ਉੱਥੇ ਹੋਵਣ। ਪਰ ਅਸੀਂ ਉਸ ਕਮਰੇ ਨੂੰ ਕਬੂਤਰਾਂ ਦਾ ਖੁੱਡਾ ਈ ਕਹਿੰਦੇ ਸਾਂ। ਸਾਡੇ ਲਈ ਅਸਲ ਵਿੱਚ ਤਾਂ ਖੁੱਲ੍ਹ ਦੀ ਥਾਂ ਮਾਸੀ ਦਾ ਉਹ ਧੁਰ ਕੋਠਾ ਈ ਸੀ। ਥੱਲੇ ਮਾਸੀ ਇਕੱਲੀ ਹੋਣਾ ਤੇ ਅਸੀਂ ਸਾਰਾ ਦਿਨ ਕੋਠੇ ਚੜ੍ਹੇ ਰਹਿਣਾ। ਗੁੱਡੀਆਂ ਕਬੂਤਰ ਉਡਾਣੇ, ਬਾਜ਼ੀਆਂ ਲਾਣੀਆਂ, ਖੇਡਾਂ ਕਰਨੀਆਂ। ਇੰਨੇ ਕਬੂਤਰ ਸਨ ਬਈ ਕੋਈ ਸ਼ੁਮਾਰ ਨਹੀਂ ਸੀ। ਗੁਟਕੂੰ-ਗੁਟਕੂੰ ਦੀਆਂ ਵਾਜਾਂ ਤੇ ਵਿੱਠਾਂ ਦੀ ਨਿੰਮ੍ਹੀ-ਨਿੰਮ੍ਹੀ ਮੁਸ਼ਕ ਚੁਫ਼ੇਰੇ ਖਿੱਲਰੀ ਰਹਿਣੀ। ਸਗੋਂ ਮਾਸੀ ਦੇ ਘਰ ਵੜਦਿਆਂ ਪੌੜੀਆਂ ਚੜ੍ਹਦੀਆਂ ਸਾਰ ਵਿੱਠਾਂ ਦੀ ਇਹ ਮੁਸ਼ਕ ਨਾਸਾਂ ਨੂੰ ਵੱਜਣੀ। ਸਾਡੀ ਟਾਬਰੀ ਦੇ ਕਈ ਸੌਖੇ ਜੀ ਇਸ ਪਾਰੋਂ ਮਾਸੀ ਦੇ ਘਰ ਈ ਨਾ ਆਂਦੇ ਪਈ ਕੌਣ ਉੱਥੇ ਜਾਕੇ ਵਿੱਠਾਂ ਸੁੰਘਦਾ ਫਿਰੇ। ਤੇ ਜ਼ਨਾਨੀਆਂ ਗੱਲ ਕਰਦਿਆਂ ਮੂੰਹ ਉੱਤੇ ਚੁੰਨੀ ਕਰ ਲੈਣੀ। ਅਸਲੋਂ ਇਹ ਬਹਾਨਾ ਸੀ ਮਾਸੀ ਦੇ ਘਰ ਨਾ ਜਾਵਣੇ ਦਾ। ਉਨ੍ਹਾਂ ਦੀ ਤੁੱਲਵੀਂ ਜੋ ਨਹੀਂ ਸੀ ਮਾਸੀ।

ਵਰ੍ਹੇ ਛਮਾਹੀਂ ਸਾਨੂੰ ਮਾਸੀ ਵੱਢੀ ਦੇਣੀ ਤੇ ਅਸਾਂ ਕੱਛੇ ਪਾ ਕੇ ਜਾਂ ਲੰਗੋਟੀਆਂ ਕੱਸ ਕੇ ਸਾਰੇ ਕਬੂਤਰਾਂ ਨੂੰ ਉਡਾ ਧੁਰ ਕੋਠੇ ਖੁੱਡਾ ਧੋਣਾ। ਥੱਲਿਓਂ ਬਾਲਟੀਆਂ ਭਰ-ਭਰ ਪਾਣੀ ਲਿਆਣਾ ਤੇ ਇਸ ਨਾਲ਼ ਹੇਠਾਂ ਤੀਕ ਪੌੜੀਆਂ ਪਾਣੀ ਲੱਥਣ ਪਾਰੋਂ ਵਿੱਠਾਂ ਨਾਲ਼ ਭਰ ਜਾਣੀਆਂ। ਜਿਹਨੇ ਆਣਾ ਸੁੱਥਣ ਚੁੱਕ ਕੇ ਤੋਬਾ-ਤੋਬਾ ਕਰ ਕੇ ਪਰਤ ਜਾਣਾ,

ਹੇਠਲਿਆਂ ਵੱਖ ਬੋਲਣਾ। ਕਬੂਤਰ ਬਹੁਤੇ ਉਡਣੇ ਨਾ, ਉਹ ਝਬ ਕੋਠੇ ਲਹਿ ਪੈਂਦੇ ਜਾਂ ਬਹੂੰ ਨਿਉਂ ਕੇ ਕੋਠੇ ਦੁਆਲੇ ਉੱਡਦੇ ਰਹਿੰਦੇ। ਪਰ ਜਦ ਕਬੂਤਰ ਉਡਣੇ ਹਰ ਇੱਕ ਨੂੰ ਅਚੰਭਾ ਹੋਣਾ ਪਈ ਏਨੇ ਢੇਰ ਕਬੂਤਰ ਮਾਸੀ ਪਾਲੇ ਹੋਏ ਨੇਂ। ਉੱਡਦਿਆਂ ਮੁਹੱਲੇ ਛਾਂ ਜਿਹੀ ਕਰ ਦਿੰਦੇ ਸਨ ਮਾਸੀ ਦੇ ਕਬੂਤਰ। ਸਾਡੇ ਘਰ ਜਿਹੜਾ ਰੋਟੀ ਟੁੱਕਰ ਬੇਹਾ ਬਚਣਾ, ਇਹ ਮਿਥਿਆ ਹੋਇਆ ਸੀ ਪਈ ਉਹ ਮਾਸੀ ਦੇ ਕਬੂਤਰਾਂ ਲਈ ਏ। ਕਈ ਘਰਾਂ 'ਚੋਂ ਰੋਜ਼ ਸੁੱਕੀਆਂ ਰੋਟੀਆਂ ਕਬੂਤਰਾਂ ਲਈ ਆਣੀਆਂ। ਮਾਸੀ ਦੇ ਕਬੂਤਰ ਸਾਡੇ ਚਿੱਤ ਚੇਤੇ ਵਿੱਚ ਸਦਾ ਵੱਸਦੇ ਰਹਿਣੇ, ਨਿੱਤ ਉਡਦੇ ਰਹਿਣੇ, ਗੁਟਕੂੰ-ਗੁਟਕੂੰ ਕਰਦੇ ਰਹਿਣੇ।

ਇਨ੍ਹਾਂ ਕਬੂਤਰਾਂ ਨਾਲ਼ ਇੱਕ ਕਹਾਣੀ ਹੋਰ ਵੀ ਜੁੜੀ ਹੋਈ ਏ। ਕਦੀ ਕਦਾਈਂ ਕਬੂਤਰਾਂ ਨੂੰ ਬਿੱਲੀ ਪੈ ਜਾਣੀ। ਜੇ ਕਿਤੇ ਖੁੱਡੇ ਦਾ ਬੂਹਾ ਖੁੱਲ੍ਹਾ ਰਹਿ ਜਾਣਾ ਜਾਂ ਸ਼ਾਮੀਂ ਕਿਸੇ ਕੁੰਡੀ ਫਸਾਣੀ ਭੁੱਲ ਜਾਣੀ ਤੇ ਅੱਧ ਰਾਤੀਂ ਕਬੂਤਰਾਂ ਨੂੰ ਬਿੱਲੀ ਪੈ ਜਾਣੀ। ਬਿੱਲੀ ਪੈਣ ਦੀ ਇਹ ਕਹਾਣੀ ਕਈ ਦਿਨ ਤੁਰਦੀ ਰਹਿਣੀ। ਮੁਹੱਲੇ ਦੇ ਨਿੱਕੇ ਬਾਲਾਂ ਆ-ਆ ਕੋਠੇ ਉੱਤੇ ਫੱਟੜ ਤੇ ਮੋਏ ਕਬੂਤਰਾਂ ਨੂੰ ਤੱਕਣਾ। ਸਾਡਾ ਤੇ ਮਾਸੀ ਦਾ ਰੋਣ ਨਿਕਲ ਜਾਣਾ। ਰਾਤੀਂ ਜਦ ਬਿੱਲੀ ਪੈਣੀ ਤੇ ਹਜ਼ਾਰਾਂ ਪਰਾਂ ਦੀਆਂ ਵਾਜਾਂ ਆਉਣੀਆਂ ਜਿਵੇਂ ਕੋਈ ਵੱਡਾ ਜਿਹਾ ਫੱਟੜ ਪਖੇਰੂ ਉੱਭੇ ਸਾਹ ਲੈਂਦਾ ਸਾਡੇ ਕੋਠੇ ਦੁਆਲੇ ਘੇਰੇ ਕੱਟਦਾ ਹੋਵੇ ਤੇ ਸਾਨੂੰ ਡਰ ਜਿਹਾ ਆਉਣਾ। ਪਰ ਬਿੱਲੀ ਅਪਣਾ ਕੰਮ ਵਿਖਾ ਛਾਈਂ-ਮਾਈਂ ਹੋ ਜਾਣਾ। ਤੇ ਪਿੱਛੇ ਉਸ ਛੱਡ ਜਾਣੇ ਕਬੂਤਰਾਂ ਦੇ ਟੁੱਟੇ ਪਰ, ਕੰਧਾਂ ਉੱਤੇ ਲਹੂ ਦੀਆਂ ਛਿੱਟਾਂ ਤੇ ਅੱਧ ਮੋਏ ਕਬੂਤਰਾਂ ਦੀਆਂ ਨੰਗੀਆਂ ਲੋਥਾਂ, ਤੜਫ਼ਦੇ ਬੋਟ ਤੇ ਟੁੱਟੇ ਆਂਡੇ। ਅਸੀਂ ਬਾਲਟੀਆਂ ਭਰ-ਭਰ ਕੰਧਾਂ ਧੋਣੀਆਂ। ਖੁੱਡੇ ਨੂੰ ਕੁੰਡੀ ਤਾਂ ਨਹੀਂ ਲਾਈ ਜਾ ਸਕਦੀ ਸੀ ਕਿਉਂਜੋ ਚੋਗਾ ਚੁੱਗਣ ਅੰਦਰ ਬਾਹਰ ਆਣਾ ਜਾਣਾ ਵੀ ਤਾਂ ਹੁੰਦਾ ਸੀ ਕਬੂਤਰਾਂ।

ਉਦੋਂ ਮੈਂ ਵਿਹਲਾ ਸਾਂ। ਦਸਵੀਂ ਦੇ ਇਮਤਿਹਾਨਾਂ ਪਿੱਛੋਂ ਕਦੀ ਇੱਧਰ ਕਦੀ ਉੱਧਰ। ਹਰ ਸ਼ੈਅ ਨਵੀਂ-ਨਵੀਂ ਭਰੀ-ਭਰੀ ਲੱਗਣੀ। ਹਰ ਕੰਮ ਚਾਈਂ-ਚਾਈਂ ਕਰਨ ਨੂੰ ਦਿਲ ਲੋਚਣਾ। ਚੜ੍ਹਦੇ ਜਜ਼ਬਿਆਂ ਪਾਰੋਂ ਅਸਮਾਨੀਂ ਲੱਗੇ ਕਬੂਤਰਾਂ ਹਾਰ ਅੱਖੀਂ ਨੀਲੇ, ਸਲੇਟੀ ਰੰਗ ਮਚਣੇ। ਆਪਣੇ ਹੋਵਣ ਦੀ ਗਵਾਹੀ ਦੀ ਜਿੰਨੀ ਲੋੜ ਜੀ ਨੂੰ ਇਸ ਉਮਰੇ ਹੁੰਦੀ ਏ ਕਿਸੇ ਹੋਰ ਉਮਰੇ ਨਹੀਂ ਹੁੰਦੀ। ਇਹ ਉਹੋ ਉਮਰ ਏ ਜਦ ਪਿਆਰਾ ਬੇਪਰਵਾਹੀ ਕਰੇ ਤਾਂ ਆਸ਼ਿਕ ਲੁੱਕ-ਲੁੱਕ ਰੋਂਦੇ ਨੇਂ। ਜਦ ਮੂੰਹ ਉੱਤੇ ਲਵੇ ਵਾਲ ਚੰਗੇ ਵੀ ਲੱਗਦੇ, ਹੁਣ ਤੇ ਮੁੰਨਣ ਦਾ ਚਾਅ ਵੀ ਬੜਾ ਹੁੰਦਾ ਏ। ਜਿੰਨੀ ਹਯਾਤੀ ਦਸਵੀਂ ਦਾ ਨਤੀਜਾ ਆਉਣ ਤੇ ਬਦਲਦੀ ਏ ਉਂਜ ਮੁੜ ਨਹੀਂ ਬਦਲਦੀ।

ਮਾਸੀ ਦੇ ਪੁੱਤਰ ਪੋਪੇ ਦਾ ਕਮਰਾ ਕਿਤਾਬਾਂ ਨਾਲ਼ ਭਰਿਆ ਹੋਇਆ ਸੀ। ਘਰੀਂ ਤਾਂ ਉਸ ਹੋਣਾ ਨਾ, ਖ਼ਬਰੇ ਕਿਸ ਵੇਲ਼ੇ ਪੜ੍ਹਦਾ ਸੀ। 'ਚਰਾਗ਼ ਜਲਤਾ ਰਹਾ', ਤੇ ਗੋਰਕੀ ਦੀ 'ਮਾਂ' ਮੈਂ ਉਹਦੀਆਂ ਕਿਤਾਬਾਂ ਵਿੱਚੋਂ ਈ ਪੜ੍ਹੀਆਂ। ਕੂਲ ਦੀ ਸਾਂਝ ਤੇ ਮਾੜਿਆਂ ਲਈ ਪੀੜ ਦੀ ਜਾਗ ਉਹਦੀਆਂ ਕਿਤਾਬਾਂ ਈ ਲਾਈ। ਪੋਪਾ ਬਹੁਤ ਮਾੜਾ ਜਿਹਾ ਤੇ ਚੁੱਪ-ਚੁਪੀਤਾ ਸੀ, ਭੇਤ ਭਰਿਆ। ਮੈਨੂੰ ਤਾਂ ਉਸ ਬਾਲ ਈ ਸਮਝਣਾ। ਲਹੂ ਵਿਹੂਣਾ ਮੁੱਖ ਤੇ ਧੁਆਂਖਿਆ ਜਿਹਾ। ਸਿੱਗ੍ਰਟ ਚਾਹ ਦਾ ਸ਼ੌਕੀ। ਘਰ ਦੇ ਕਿਸੇ ਮਾਮਲੇ ਨਾਲ਼ ਉਸ ਨੂੰ ਕੋਈ ਲਾਭ ਗ਼ਰਜ਼

ਨਹੀਂ ਸੀ। ਬਸ ਕਦੀ ਕਦਾਈਂ ਇਤਵਾਰੀਂ ਉਹਦੇ ਸੱਜਣ ਆਉਂਦੇ ਤੇ ਸਿਗਰਟਾਂ ਤੇ ਚਾਵਾਂ ਪੀ-ਪੀ ਗੱਲਾਂ ਮਾਰ-ਮਾਰ ਫਾਵੇ ਹੋ ਜਾਂਦੇ। ਸਿਗਰਟਾਂ ਦੇ ਫ਼ਿਲਟਰਾਂ ਨਾਲ਼ ਗੰਦ-ਟੋਕਰੀ ਭਰ ਜਾਂਦੀ, ਚਾਹ ਦੇ ਕੱਪ ਸਵਾਹ ਨਾਲ਼ ਭਰ ਜਾਂਦੇ। ਪਰ ਮਾਸੀ ਨੂੰ ਪੁੱਤਰ ਦੇ ਆਏ ਯਾਰਾਂ ਬੇਲੀਆਂ ਦਾ ਚਾਅ ਚੜ੍ਹਿਆ ਰਹਿੰਦਾ। ਚਲੋ ਇਸ ਬਹਾਨੇ ਅੱਜ ਘਰੀਂ ਤਾਂ ਏ।

ਮਾਸੀ ਨੂੰ ਇਸ ਦਾ ਬਹੁੰ ਚਾਅ ਸੀ ਪਈ ਹੋਵੇ ਨਾ ਹੋਵੇ ਕਿਸੇ ਪੱਜ ਇਸ ਪੁੱਤਰ ਦਾ ਵਿਆਹ ਹੱਥੀਂ ਕਰ ਦਿਆਂ। ਪਹਿਲੇ ਦੋਵੇਂ ਤਾਂ ਓਪਰੇ ਕਬੂਤਰਾਂ ਹਾਰ ਉਡਾਰੀ ਮਾਰ ਗਏ ਤੇ ਮੁੜ ਪਰਤੇ ਨਾ। ਮਾਸੀ ਮੁਹੱਲੇ ਦੀਆਂ ਵਡੇਰੀਆਂ ਤੋਂ ਜਵਾਨ ਹੁੰਦੀਆਂ ਕੁੜੀਆਂ ਦੀਆਂ ਟੋਹਾਂ ਲੈਣੀਆਂ ਤੇ ਮਾਂ ਮੇਰੀ ਨਾਲ਼ ਵੀ ਐਵੇਂ ਚਿਰਾਂ ਤੀਕਰ ਟੱਬਰ ਦੀਆਂ ਕੁੜੀਆਂ ਦਾ ਅੱਗੜ-ਪਿੱਛੜ ਫਰੋਲਦਿਆਂ ਰਹਿਣਾ। ਗੁਰਦਾਸਪੁਰੋਂ ਬਟਾਲਿਉਂ ਆ ਲਾਹੌਰੀਂ ਵੱਸਿਆਂ ਬਾਰੇ ਪੁੱਛਾਂ ਕੱਢਣੀਆਂ। ਇਹਨੀਂ ਦਿਨੀਂ ਅਚਰਜ ਗੱਲ ਹੋਈ। ਮਾਸੀ ਦੇ ਖ਼ੋਰੇ ਨੇੜਿਓਂ ਜਾਂ ਦੁਰਾਡਿਓਂ ਅੰਗਾਂ-ਸਾਕਾਂ 'ਚੋਂ ਇੱਕ ਕੁੜੀ ਮਾਸੀ ਕੋਲ ਰਹਿਣ ਆ ਲੱਥੀ। ਮਾਂ ਉਹਦੀ ਇਹ ਆਖ ਕੁੜੀ ਨੂੰ ਛੱਡ ਗਈ ਪਈ ਮਾਸੀ ਹੁਣ ਤੈਥੋਂ ਹਾਂਡੀ ਟੁੱਕਰ ਦਾ ਆਹਰ ਨਹੀਂ ਹੁੰਦਾ। ਖ਼ੋਰੇ ਪਹਿਲੇ ਵੀ ਕਦਾਈਂ ਆਈ ਹੋਣੀ ਏ ਤੇ ਮਾਸੀ ਕੋਲ ਰਹੀ ਹੋਣੀ ਏ ਪਰ ਧਿਆਨ ਨਹੀਂ ਸੀ ਕੀਤਾ।

ਪਰ ਹੁਣ ਉਮਰ ਈ ਅਜਿਹੀ ਸੀ ਪਈ ਸਾਰਾ ਦਿਨ ਕੋਠੇ ਉੱਤੇ ਚੜ੍ਹ ਐਵੇਂ ਆਨੇ-ਬਹਾਨੇ ਲੋਕਾਂ ਦੇ ਘਰੀਂ ਝਾਤੀਆਂ ਮਾਰਨੀਆਂ। ਉਹ ਕੁੜੀ ਬਸ ਐਵੇਂ ਜਿਹੀ ਈ ਸੀ, ਮਧਰਾ ਕੱਦ, ਨਾ ਰੰਗ ਪੱਕਾ ਚਿੱਟਾ, ਵਿੱਚ ਈ ਕਿਤੇ ਸਲੇਟੀ ਜਿਹਾ। ਜੰਗਲੀ ਕਬੂਤਰਾਂ ਹਾਰ। ਆਈ ਤਾਂ ਉਹ ਮਾਸੀ ਦੀ ਸੇਵਾ ਕਰਨ ਲਈ ਈ ਪਰ ਵਿੱਚੋਂ ਗੱਲ ਇਹ ਸੀ ਪਈ ਮਾਸੀ ਉਹਨੂੰ ਨਿੱਕੇ ਨਾਲ਼ ਪਰਣਾਵਨ ਲਈ ਰੀਝੀ ਪਈ ਸੀ। ਪਰ ਪੋਪੇ ਨੂੰ ਵਿਹਲ ਕਿੱਥੇ, ਉਹਨੇ ਤਾਂ ਉਹਦੇ ਵੱਲ ਤੱਕਿਆ ਈ ਨਾ। ਪੋਪੇ ਨਾਲ਼ ਮੇਰੀ ਸਾਂਝ ਢੇਰ ਸੀ। ਭਰਾਵਾਂ ਹਾਰ ਸਾਂ ਅਸੀਂ। ਮੈਨੂੰ ਅੱਜ ਲੱਗਦਾ ਏ ਪਈ ਉਹ ਖ਼ੋਰੇ ਜ਼ਨਾਨੀ ਵੈਰੀ ਪੱਖ ਦਾ ਬੰਦਾ ਸੀ। ਅਖੇ ਜ਼ਨਾਨੀਆਂ ਕੋਲ ਜਾਵਣ ਨਾਲ਼ ਬੰਦੇ ਦੀ ਸਿਰੜ ਨੂੰ ਢਾਅ ਲੱਗ ਜਾਂਦੀ ਏ। ਜਾਂ ਫ਼ਿਰ ਯੂਨੀਵਰਸਿਟੀ ਵਿੱਚ ਕਿਸੇ ਨਾਲ਼ ਮਨ ਪਰਚਾਈ ਬੈਠਾ ਸੀ। ਨੈਨਾਂ ਸਾਡੇ ਗੱਲ ਕਰਦਿਆਂ ਕਮਰੇ ਵਿੱਚ ਆਉਣਾ ਤੇ ਉਹਨੇ ਮੈਨੂੰ ਅੱਖ ਮਾਰਨੀ। ਪਰ ਗੱਲ ਹਾਸੇ ਰੌਲੇ ਪੈ ਜਾਣੀ। ਉਂਜ ਉਹ ਰੱਜ ਸੁੱਘੜ ਸੀ ਤੇ ਮੈਂ ਜਦ ਵੀ ਮਾਸੀ ਕੋਲ ਆਉਣਾ, ਉਸ ਮੇਰੇ ਕਰਨ ਜੋਗ ਕੋਈ ਨਾ ਕੋਈ ਕੰਮ ਕੱਢਿਆ ਹੋਣਾ। ਇਹ ਕੰਮ ਕਰ ਦੇ, ਉਹ ਕੰਮ ਕਰ ਦੇ। ਬਜ਼ਾਰੋਂ ਇਹ ਲੈ ਆ, ਉਹ ਲੈ ਆ। ਮੈਥੋਂ ਦੋ ਚਾਰ ਵਰ੍ਹੇ ਵੱਡੀ ਈ ਹੋਣੀ ਏ, ਹਾਣੀ ਸੀ ਉਹ ਪੋਪੇ ਦੀ।

ਉਹਦੇ ਵਾਲਾਂ 'ਚੋਂ ਅਜਬ ਜਿਹੀ ਵਾਸ਼ਨਾ ਆਉਣੀ ਤੇ ਅੱਖਾਂ ਵਿੱਚ ਦੀਵੇ ਜਗਦੇ ਲੱਗਣੇ। ਕਦੇ ਮੈਨੂੰ ਜਾਪਨਾ ਖ਼ੋਰੇ ਰੋਂਦੀ ਰਹਿੰਦੀ ਏ ਤਾਹੀਓਂ ਅੱਖਾਂ ਸਦਾ ਵੱਤਰ ਜਹੀਆਂ ਨੇਂ। ਉਂਜ ਸੀ ਉਹ ਮਾੜਕੂ ਜਿਹੀ, ਭੁੱਖਾਂ ਦੀ ਮਾਰੀ। ਮੈਨੂੰ ਸਮਝ ਨਾ ਪੈਣੀ ਉਸ ਵਿੱਚ ਸੋਹਣ ਕੀ ਸੀ। ਉਂਜ ਚੰਗੀ-ਚੰਗੀ ਲੱਗਣੀ, ਮਨ ਲੋਚਣਾ ਕੋਲ ਈ ਰਹਵੇ। ਸਦਾ ਮਾਸੀ ਦੇ ਘਰ ਰਹਿ ਪਵੇ, ਕਿਧਰੇ ਜਾਵੇ ਨਾ। ਖ਼ੋਰੇ ਉਹਦਾ ਹੋਵਣਾ ਈ ਉਹਦਾ ਸੋਹਪੱਣ ਸੀ। ਗੱਲ੍ਹਾਂ ਅੰਦਰ ਵੜੀਆਂ ਹੋਈਆਂ, ਪਿੰਡੇ ਉੱਤੇ ਮਾਸ ਹੈ ਵੀ ਸੀ ਜਾਂ ਨਾ। ਪਰ ਪੋਪਾ ਵੀ ਤਾਂ ਇੰਜ ਦਾ ਸੀ।

ਉਹਨੀਂ ਦਿਨੀਂ ਮੁੜ ਗਾਮੇ ਦੇ ਵਿਆਹ ਦੀ ਗੱਲ ਹੁੱਲੀ। ਕੁੱਝ ਬੰਦੇ ਜ਼ਨਾਨੀਆਂ ਗਾਮੇ ਨੂੰ ਵੇਖਣ ਆਏ ਤੇ ਪਸੰਦ ਕਰ ਗਏ। ਮੈਨੂੰ ਭੈੜੀ ਸ਼ੈਅ ਇਹ ਲੱਗੀ ਪਈ ਮੈਂ ਖਾਵਣ ਲਈ ਜਿੰਨੀਆਂ ਵੀ ਸ਼ੈਵਾਂ ਲਿਆਇਆ ਸਾਂ ਸਾਰੀਆਂ ਮੁਕਾ ਗਏ। ਮੈਨੂੰ ਤਾਂ ਉੱਕਾ ਦਿਲ ਨੂੰ ਨਾ ਵਜੇ, ਹੋਛੇ ਜਿਹੇ। ਅਚਨਚੇਤ ਵਿਆਹ ਦੀ ਤਰੀਕ ਵੀ ਮਿੱਥੀ ਗਈ। ਬੜੀ ਹੈਰਾਨੀ ਹੋਈ ਮੈਨੂੰ ਪਈ ਗਾਮੇ ਘਰੋਂ ਹੁਣ ਸਦਾ ਲਈ ਤੁਰ ਜਾਸੀ। ਕਿਸੇ ਰੱਖੀ ਦਾ ਨਾ ਖ਼ਿਆਲ ਕੀਤਾ। ਉਹ ਸਾਰਿਆਂ ਨੂੰ ਭੁੱਲ ਗਈ, ਸਦਾ ਸਾਹਮਣੇ ਹੁੰਦਿਆਂ ਵੀ ਵਿਸਰ ਗਈ, ਅਣਡਿੱਠਾ ਹੋ ਗਈ। ਗਾਮੇ ਆਖਿਆ: "ਮੇਰੇ ਨਾਲ਼ ਈ ਰਹਿਸੀ, ਨਾਲ਼ ਈ ਰੱਖਸਾਂ ਇਹਨੂੰ ਮੈਂ। ਵੱਖ ਕਿਉਂ ਕਰਾਂ ਇਸ ਨੂੰ, ਕਿਸੇ ਤੇ ਰੱਤਾ ਵੀ ਵਸਾਹ ਨਹੀਂ ਮੈਨੂੰ।"

ਗਾਮੇ ਸ਼ੋਰੇ ਕਿੱਥੋਂ ਇੱਕ ਪੁਰਾਣਾ ਟ੍ਰੰਕ ਕੱਢਿਆ ਤੇ ਵਿੱਚੋਂ ਗਹਿਣੇ ਤੇ ਦੂਜੇ ਲੀੜੇ ਲੱਥੇ ਵੀ ਕੱਢੇ। ਸਾਡੀ ਟਾਬਰੀ ਵੀ ਹੱਥ ਪਵਾਇਆ ਤੇ ਟ੍ਰੰਕ ਨੂੰ ਪਾਲਿਸ਼ ਕਰ ਕੇ ਸਾਰੀਆਂ ਸ਼ੈਵਾਂ ਸੰਵਾਰ ਕੇ ਸਾਂਭ ਕੇ ਟ੍ਰੰਕ ਵਿੱਚ ਜੋੜ ਦਿੱਤੀਆਂ ਗਈਆਂ। ਕੁੱਝ ਸੂਟਾਂ ਨੂੰ ਟਾਂਕੇ ਲਾ ਕੇ ਦਾਜ ਦਾ ਸ਼ਗਣ ਵੀ ਪੂਰਾ ਹੋ ਗਿਆ। ਗਾਮੇ ਦਾ ਹੋਵਣ ਆਲਾ ਰੰਡਵਾ ਸੀ ਤੇ ਪਿਛਲੀ ਜ਼ਨਾਨੀ 'ਚੋਂ ਜੰਮੇ ਦੋ ਤਿੰਨ ਬਾਲਾਂ ਨੂੰ ਪਾਲਣ ਸਾਂਭਣ ਦਾ ਰੌਲਾ ਵੀ ਸੀ ਮਤੇ। ਉਹ ਟਾਂਗੇ ਬਹਿ ਕੇ ਆਏ, ਮੌਲਵੀ ਸਾਹਿਬ ਦੋ ਕਲਮੇ ਪੜ੍ਹਾਏ ਤੇ ਸਾਰਿਆਂ ਰੱਲ਼ ਕੇ ਗਾਮੇ ਨੂੰ ਵਿਦਾਅ ਕਰ ਦਿੱਤਾ। ਨਾ ਵਾਜੇ, ਸ਼ਹਿਨਾਈਆਂ, ਚੁੱਪ ਚੁਪੀਤੇ ਈ ਸਭੋ ਕੁੱਝ ਹੋਇਆ। ਮਾਸੀ ਦਾ ਘਰ ਮੁੜ ਸੁੰਞਾ ਜਿਹਾ ਹੋ ਗਿਆ, ਮਾਸੀ ਚੁੱਪ ਜਿਹੀ ਹੋ ਗਈ, ਨੈਨਾਂ ਘਰ ਸਾਂਭ ਲਿਆ।

ਇੱਕ ਦਿਨ ਮੈਂ ਮਾਸੀ ਵੱਲ ਆਇਆ ਤੇ ਉੱਚੀ-ਉੱਚੀ ਗੱਲਾਂ ਕਰਨ ਦੀਆਂ ਵਾਜਾਂ ਆਉਣ ਪਈਆਂ। ਜਾਪਦਾ ਏ ਪ੍ਰਾਹੁਣੇ ਢੁੱਕੇ ਪਏ ਨੇਂ। ਅਗਾਂਹ ਕਮਰੇ ਵਿੱਚ ਇੱਕ ਸੋਹਣਾ ਗੱਭਰੂ ਬੰਦ ਗਲੇ ਦਾ ਸਵੈਟਰ ਪਾ ਕੇ ਗੱਪਾਂ ਮਾਰਦਾ ਹੋਵੇ ਤੇ ਨੈਨਾਂ, ਮਾਸੀ ਤੇ ਧੌਪਾ ਉੱਚੀ-ਉੱਚੀ ਹੱਸਦੇ ਪਏ ਹੋਵਣ। ਸੂਹ ਲੱਗੀ ਕਰਾਚੀਉਂ ਆਇਆ ਏ ਲਾਹੌਰ ਸੈਲਾਂ ਕਰਨ। ਨੈਨਾਂ ਹਾਰ ਇਹ ਵੀ ਮਾਸੀ ਦੇ ਸਾਕਾਂ 'ਚੋਂ ਸੀ। ਹਵਾਈ ਫ਼ੌਜ ਵਿੱਚ ਸਿਖਲਾਈ ਲੈਂਦਾ ਪਿਆ ਸੀ। ਬਹੁਤਾ ਅਚੰਭਾ ਮੈਨੂੰ ਨੈਨਾਂ ਉੱਤੇ ਹੋਇਆ ਜਿਹੜੀ ਉਹਦੇ ਉੱਤੇ ਡੁੱਲੀ ਜਾਂਦੀ ਸੀ। ਖ਼ਿਦਮਤਾਂ ਕਰੀ ਜਾਂਦੀ ਸੀ। ਮੇਰਾ ਤਾਂ ਉਸ ਨਾਲ਼ ਸਾਂਗਾ ਨਹੀਂ ਸੀ ਪਰ ਚੰਗਾ ਨਾ ਲੱਗਾ ਮੈਨੂੰ। ਕਈ ਦਿਨ ਮਾਸੀ ਵੱਲ ਗਿਆ ਈ ਨਾ। ਐਵੇਂ ਦੁਖੀ ਜਿਹਾ ਹੋਇਆ ਫਿਰਾਂ। ਕਬੂਤਰਾਂ ਦੇ ਪੱਜ ਵੀ ਨਾ ਆਇਆ। ਭਾਵੇਂ ਮਾਸੀ ਦੇ ਸੱਦੇ ਮਾਂ ਹੱਥ ਆਉਂਦੇ ਰਹੇ।

ਅਖ਼ੀਰ ਇੱਕ ਦਿਨ ਤੁਰ ਈ ਗਿਆ। ਪਤਾ ਲੱਗਾ ਪਈ ਨੈਨਾਂ ਤਾਂ ਕਰਾਚੀਉਂ ਆਏ ਪਰਾਹੁਣੇ ਨਾਲ਼ ਫ਼ਿਲਮ ਦੇਖਣ ਗਈ ਹੋਈ ਏ। ਇਹਨੇ ਭੈਣ-ਪਾੜ ਨੇ ਕੱਦ ਜਾਣਾ ਏ ? ਨੱਥੀ ਈ ਹੋ ਗਿਆ ਏ ਮਾਂ ਦਾ ਯਾਰ। ਉੱਥੇ ਈ ਸਾਂ ਮੈਂ ਜਦ ਉਹ ਹੱਸਦੇ ਚੌਲਾਂ ਕਰਦੇ ਫ਼ਿਲਮ ਵੇਖ ਪਰਤੇ ਨੇਂ। ਨੈਨਾਂ ਤਾਂ ਮੈਨੂੰ ਵੇਖ ਕੇ ਗ਼ੈਬ ਈ ਹੋ ਗਈ ਸਾਹਮਣੇ ਈ ਨਾ ਆਈ। ਮਾਸੀ ਦੱਸਿਆ ਪਰਾਹੁਣ ਭਲਕੇ ਪਰਤ ਜਾਵਣਾ ਏ।

ਅਗਲੇ ਦਿਹਾੜੇ ਸਾਝਰੇ ਮਾਸੀ ਦਾ ਸੁਨੇਹਾ ਅਪੜਿਆ ਪਈ ਰਾਤੀਂ ਕਬੂਤਰਾਂ ਨੂੰ ਬਿੱਲੀ ਪੈ ਗਈ ਏ। ਮੈਂ ਆਉਂਦੇ-ਆਉਂਦੇ ਕਿੰਨਾ ਈ ਚਿਰ ਲਾ ਦਿੱਤਾ। ਪਰ ਇੰਜ ਪਹਿਲਾਂ

ਕਦੀ ਨਹੀਂ ਸੀ ਕੀਤਾ। ਪਰਾਹੁਣਾ ਜਾਵਣ ਲਈ ਤਿਆਰ ਹੋਇਆ ਬੈਠਾ ਸੀ। ਉਹੋ ਪੂਰੇ ਗਲੇ ਦਾ ਸਵੈਟਰ ਪਾਈ, ਖ਼ੁਸ਼ਬੂਆਂ ਲਾਈ, ਟੈੱਨ-ਸ਼ੱਨ ਬਣਿਆ ਅਟੈਚੀ-ਕੇਸ ਸਾਂਭੀ ਟੈਕਸੀ ਨੂੰ ਉਡੀਕੇ ਪਿਆ। ਮਾਸੀ ਕੋਲੋਂ ਉਸ ਪਿਆਰ ਲਿਆ, ਮੇਰੇ ਨਾਲ਼ ਓਪਰਾ ਜਿਹਾ ਹੱਥ ਮਿਲਾਇਆ ਤੇ ਪੌੜੀਆਂ ਲਹਿ ਕੇ ਬੂਹੇ ਖਲੋਤੀ ਟੈਕਸੀ ਬਹਿ ਕੇ ਨਿਕਲ ਗਿਆ। ਉਦੋਂ ਸਾਲਮ ਟੈਕਸੀ ਖ਼ਾਸ ਬੰਦੇ ਈ ਮੰਗਵਾਂਦੇ ਸਨ। ਬੜੇ ਟਹਿਕੇ ਨਾਲ਼ ਗਿਆ ਸੀ ਉਹ। ਖ਼ਸਮਾਂ ਨੂੰ ਖਾਣਾ, ਪਰ ਸਾਨੂੰ ਕੀ।

ਤਰਿੱਖਾ ਨੱਸਦਾ ਮੈਂ ਧੁਰ ਕੋਠੇ ਚੜ੍ਹਿਆ ਤੇ ਖੁੱਡੇ ਦੀਆਂ ਕੰਧਾਂ ਲਹੂ ਨਾਲ਼ ਭਰੀਆਂ ਪਈਆਂ ਸਨ। ਕਬੂਤਰਾਂ ਦੀਆਂ ਅੱਧ ਮੋਈਆਂ ਫੱਟੜ ਲੋਥਾਂ ਤੇ ਟੁੱਟੇ ਪਰ ਚੁਫ਼ੇਰੇ ਖਿਲਰੇ ਪਏ ਸਨ। ਨੈਨਾਂ ਮੈਨੂੰ ਨਜ਼ਰੀਂ ਨਾ ਪਈ। ਮੈਂ ਸਫ਼ਾਈ ਸੁਥਰਾਈ ਵਿੱਚ ਰੁੱਝ ਗਿਆ ਤੇ ਥੱਲਿਓਂ ਪਾਣੀ ਦੀਆਂ ਬਾਲਟੀਆਂ ਲਿਆ-ਲਿਆ ਕੇ ਖੁੱਡਾ ਤੇ ਕੰਧਾਂ ਧੋਣ ਡਹਿ ਪਿਆ। ਖੁੱਡੇ ਦੇ ਪਿਛਲੇ ਪਾਸਿਓਂ ਮੈਨੂੰ ਕਿਸੇ ਦੀਆਂ ਡੁਸਕੀਆਂ ਲੈਣ ਦੀ ਵਾਜ ਆਈ। ਨੈਨਾਂ ਭੁੰਜੇ ਅੱਡੀਆਂ ਭਾਰ ਬੈਠੀ, ਲੱਤਾਂ ਵਿੱਚ ਮੂੰਹ ਦੇ ਅੜਕ-ਅੜਕ ਕੇ ਹੌਕੇ ਭਰ-ਭਰ ਡੁਸਕਦੀ ਪਈ ਸੀ। ਉਹਦਾ ਪਤਲਾ ਜਿਹਾ ਸਰੀਰ ਕੰਬਦਾ ਪਿਆ ਸੀ। ਮੈਂ ਤਾਂ ਡੌਰ-ਭੌਰ ਹੋ ਗਿਆ। ਕੁੱਝ ਪੱਲੇ ਨਾ ਪਿਆ। ਮੈਂ ਤਾਂ ਇੱਕੋ ਕੰਮ ਕਰ ਸਕਦਾ ਸਾਂ ਪਈ ਪਾਣੀ ਦੀਆਂ ਬਾਲਟੀਆਂ ਲਿਆ ਕੇ ਲਹੂ ਧੋਵਾਂ। ਪਾਣੀ ਲਿਆ ਮੈਂ ਲਹੂ ਦੀਆਂ ਛਿੱਟਾਂ ਧੋਤੀਆਂ, ਟੁੱਟੇ ਪਰ ਸਾਂਭ ਕੇ ਇੱਕ ਥਾਂ ਹੂੰਝ ਦਿੱਤੇ ਤੇ ਸਾਰੇ ਕਬੂਤਰਾਂ ਨੂੰ ਉਡਾ ਦਿੱਤਾ। ਸੋਟੀ ਫੜ ਕੇ ਝੱਲਿਆਂ ਵਾਂਗ ਉਨ੍ਹਾਂ ਨੂੰ ਕੋਠੇ ਦੇ ਬਨੇਰਿਆਂ ਤੋਂ ਉਡਾਈ ਜਾਵਾ। ਝੱਟ ਸਾਰੇ ਅਸਮਾਨੀਂ ਜਾ ਲੱਗੇ। ਜੇ ਕੋਈ ਬਨੇਰੇ ਲੱਥਣ ਦੀ ਕਰਦਾ, ਮੈਂ ਸ਼ੁਦਾਈਆਂ ਹਾਰ ਉਨ੍ਹਾਂ ਨੂੰ ਨੱਸ-ਨੱਸ ਉਡਾ ਦਿੰਦਾ। ਉੱਡ ਜਾਓ, ਉੱਡ ਜਾਓ...... ਉੱਡ...... ਜਾਓ।

ਮੈਂ ਹਫ਼ਿਆ ਬਨੇਰੇ ਕੋਲ ਜਾ ਖਲੋਤਾ। ਨੈਨਾਂ ਕਿੰਨੇ ਈ ਚਿਰ ਮਗਰੋਂ ਮੇਰੇ ਲਾਗੇ ਈ ਬਨੇਰੇ ਕੋਲ ਆ ਖਲੋਤੀ ਤੇ ਆਪਣੇ ਹੱਥ ਬਨੇਰੇ ਉੱਤੇ ਰੱਖ ਕੇ ਉਡਦੇ ਕਬੂਤਰਾਂ ਨੂੰ ਵੇਖਣ ਡਹਿ ਪਈ, ਜਿਹੜੇ ਹੁਣ ਅਸਮਾਨੀਂ ਚੜ੍ਹੇ ਸਨ। ਉਹਦਾ ਮੂੰਹ ਲੱਥਾ ਹੋਇਆ ਸੀ, ਨੁਚੜਿਆ ਹੋਇਆ, ਮੋਏ ਕਬੂਤਰ ਦੀ ਲੋਥ ਵਾਂਗ। ਸ਼ਾਮ ਰਮਕੇ-ਰਮਕੇ ਕ੍ਰਿਸ਼ਨ-ਨਗਰ ਦੇ ਪੁਰਾਣੇ ਘਸਮੈਲੇ ਬਨੇਰਿਆਂ ਤੋਂ ਲਹਿੰਦੀ ਗਲੀਆਂ ਦੇ ਨਿੰਮ੍ਹੇ-ਨਿੰਮ੍ਹੇ ਚਾਨਣ ਨੂੰ ਮਿਟਾਂਦੀ ਗੁਆਚਣ ਲੱਗੀ। ਸਲੇਟੀ ਬਨੇਰਿਆਂ ਵਰਗੀ ਸਲੇਟੀ ਸ਼ਾਮ। ਇੱਕ ਪੱਲ ਲਈ ਨੈਨਾਂ ਬਨੇਰੇ ਤੇ ਸ਼ਾਮ ਇੱਕੋ ਰੰਗ ਵਿੱਚ ਰੰਗੇ ਗਏ।

ਥੱਲੇ ਗਲੀ 'ਚੋਂ ਬਾਬਾ ਟੈਮ, ਗਲੀ ਦਾ ਝੱਲਾ ਅਪਣੀ ਇੱਕ ਬਾਂਹ ਇੱਕੋ ਪਾਸੇ ਈ ਉੱਚੀ ਜਿਹੀ ਚੁੱਕ ਕੇ ਘਰਾਂ ਦੇ ਬੂਹਿਆਂ ਨੂੰ ਵਜਦਾ, ਦੂਜੀ ਬਾਂਹ ਜ਼ੋਰ-ਜ਼ੋਰ ਦੀ ਮਾਰਦਾ ਡਿੱਗਦਾ ਢਹਿੰਦਾ ਰਿੜ੍ਹਦਾ ਜਾਂਦਾ ਤੇ ਉੱਚੀ-ਉੱਚੀ ਆਖੀ ਜਾਂਦਾ ਸੀ: "ਅਪਣੀ ਮਾਂ ਕੋਲੋਂ ਜਾ ਕੇ ਪੁੱਛ ਉਹਦਾ ਟੈਮ ਕੀ ਹੋਇਆ ਏ, ਅਪਣੀ ਭੈਣ ਕੋਲੋਂ ਜਾ ਕੇ ਪੁੱਛ ਟੈਮ ਕੀ ਹੋਇਆ ਏ।" ਬਾਬੇ ਟੈਮ ਦੀ ਛੇੜ ਸੀ: "ਬਾਬਾ ਟੈਮ ਕੀ ਹੋਇਆ ਏ ?" ਅੱਗੋਂ ਉਹ ਪੁੱਛਣ ਆਲੇ ਦੀ ਮਾਂ ਭੈਣ ਪੁਣਨ ਲੱਗ ਪੈਂਦਾ ਸੀ।

ਖ਼ੌਰੇ ਕੀ ਸੁੱਝੀ ਮੈਂ ਹੌਲ਼ੀ ਜਿਹੀ ਅਪਣਾ ਹੱਥ ਉਹਦੇ ਹੱਥ ਉੱਤੇ ਰੱਖ ਦਿੱਤਾ।

ਉਹ ਤ੍ਰਭਕ ਕੇ ਪਿਛਾਂਹ ਹੱਟੀ। ਪਰਤਦੇ ਸੂਰਜ ਦੀ ਬਲਦੀ ਅੱਗ ਵਾਂਗਰ ਅੱਖਾਂ ਭਾਂਬੜ ਬਣ ਗਈਆਂ। "ਤੂੰ...... ਤੂੰ...... ਤੂੰ ਬਸ ਕਬੂਤਰਾਂ ਦੀਆਂ ਵਿੱਠਾਂ ਧੋਇਆ ਕਰ...... ਜੇ ਬਿੱਲੀ ਪੈ ਜਾਵੇ ਤੇ ਲਹੂ ਦੀਆਂ ਛਿੱਟਾਂ ਪੂੰਝਿਆ ਕਰ...... ਉਨ੍ਹਾਂ ਦੀਆਂ ਲੋਥਾਂ......।"

ਉਸ ਰੋਹ ਨਾਲ਼ ਕੰਬਦੀ ਨੇ ਹੱਥ ਚੁੱਕ ਕੇ ਸੈਨਤਾਂ ਕਰ-ਕਰ ਕੁਰਲਾਉਂਦੇ ਆਖਿਆ ਤੇ ਦਫ-ਦਫ ਕਰਦੀ ਤਰਿੱਖ ਨਾਲ਼ ਕੋਠੇ ਦੀਆਂ ਪੌੜੀਆਂ ਲਹਿ ਗਈ।

ਅਚਨਚੇਤ ਗਲੀ ਵਿੱਚ ਰੌਲ਼ਾ ਪਿਆ: "ਆ ਗਈ ਆ ਗਈ ਸਾਡੀ ਗਾਮੇ ਆ ਗਈ...... ਆ ਗਈ...... ਆ ਗਈ।" ਟਾਂਗਾ ਮਾਸੀ ਦੇ ਬੂਹੇ ਆ ਅੜਕਿਆ। ਕੋਚਵਾਨ ਪਾਲਿਸ਼ ਹੋਇਆ ਟ੍ਰੰਕ ਚੁੱਕ ਸਾਡੇ ਬੂਹੇ ਧਰਿਆ। ਟਾਂਗੇ ਦੇ ਪਿਛਲੇ ਪਾਸਿਓਂ ਉਂਜ ਦੀਆਂ ਉਂਜ ਈ, ਸਦਾ ਇੱਕੋ ਜਹੀਆਂ, ਇੱਕ ਦੂਜੇ ਨਾਲ਼ ਜੁੜੀਆਂ ਕੰਧ ਉੱਤੇ ਲੱਗੀ ਪੁਰਾਣੀ ਮੂਰਤ ਵਾਂਗ ਵੇਲ਼ੇ ਵਿੱਚ ਕੈਦ ਗਾਮੇ ਤੇ ਰੱਖੀ ਟਾਂਗਿਉਂ ਲਹਿ ਕੇ ਬੂਹੇ ਆ ਢੁਕੀਆਂ। ਗਾਮੇ ਰੱਖੀ ਲਈ ਸਦਾ ਆਪਣੇ ਨਵੇਂ ਵਿਆਹੇ ਘਰੋਂ ਪਰਤ ਆਈ ਸੀ। ਮੁੜ ਨਾ ਜਾਉਣ ਲਈ। ਉਹੋ ਪੁਰਾਣੀ ਗੱਲ "ਜੇ ਵਸਣਾ ਈ ਤਾਂ ਰੱਖੀ ਨੂੰ ਛੱਡ।" ਪਰ ਗਾਮੇ ਕਿਵੇਂ ਰੱਖੀ ਨੂੰ ਛੱਡੇ।

ਜਦ ਅਗਲੇ ਦਿਹਾੜੇ ਲੌਢੇ ਵੇਲ਼ੇ ਮਾਸੀ ਘਰ ਆਇਆ ਤਾਂ ਨੈਨਾਂ ਆਪਣੇ ਘਰ ਪਰਤ ਗਈ ਹੋਈ ਸੀ ਸਦਾ ਮੁੜ ਨਾ ਮੁੜਨ ਲਈ......।

ਘਰ ਦੇ ਕੰਮ ਮੁੜ ਗਾਮੇ ਸਾਂਭ ਲਏ। ਜਦ ਤੀਕ ਮਾਸੀ ਜੀਵੀ, ਗਾਮੇ ਉੱਥੇ ਈ ਰਹੀ।

ਰੱਖੀ ਦੀ ਛੇੜ ਵਿਆਹ ਸੀ। ਕਦੀ ਕਦਾਈਂ ਅਸਾਂ ਉਹਨੂੰ ਛੇੜਨਾ ਪਈ ਚਲੋ ਰੱਖੀ ਦਾ ਵਿਆਹ ਕਰੋ। ਚਲੋ ਭਈ ਰੱਖੀ ਦੇ ਵਿਆਹ ਦੀ ਤਿਆਰੀ ਕਰੋ। ਆਹਾ ਜੀ ਰੱਖੀ ਦੀ ਜੰਜ ਆਵੇਗੀ। ਆਹਾ ਜੀ ਰੱਖੀ ਦਾ ਲਾੜਾ ਆਵੇਗਾ। ਤੇ ਰੱਖੀ ਅਪਣੀ ਪੋਟਲੀ ਨੂੰ ਛਾਤੀਆਂ ਨਾਲ਼ ਲਾਏ ਲੱਜ ਨਾਲ਼ ਮਰੀ ਜਾਣਾ ਜਿਵੇਂ ਉਹਦਾ ਵੱਸ ਹੋਵੇ ਤੇ ਉਹ ਪੋਟਲੀ ਵਿੱਚ ਲੁੱਕ ਜਾਵੇ ਤੇ ਮੁੜ ਕਦੀ ਕਿਸੇ ਨੂੰ ਨਜ਼ਰ ਨਾ ਆਵੇ। ਪਰ ਗਾਮੇ ਮੁੜ ਕਦੀ ਵਿਆਹ ਦੀ ਗੱਲ ਨਾ ਛੋਹੀ ਤੇ ਮੁੜ ਨਾ ਕਿਸੇ ਨੂੰ ਕਦੇ ਕੋਈ ਖ਼ਿਆਲ ਵੀ ਆਇਆ। ਅਪਣੀ ਪੂਰੀ ਭਰ ਜਵਾਨੀ ਉਹਨੇ ਮਾਸੀ ਦੇ ਘਰ ਲੰਘਾ ਛੋੜੀ। ਲੋਕਾਂ ਦੇ ਘਰੀਂ ਭਾਂਡੇ ਧੋ-ਧੋ ਕੇ ਈ।

ਭੁੱਟੋ ਫਾਹੇ ਲੱਗਾ ਤੇ ਪੋਪਾ ਫੜਿਆ ਗਿਆ। ਅਸੀਂ ਡਰਦੇ ਥਾਣੇ ਨਾ ਜਾਈਏ। ਸੂਹ ਨਾ ਲੱਗੇ ਪਈ ਕਿੱਥੇ ਡੱਕਿਆ ਹੋਇਆ ਸੁ। ਮੈਂ ਤੇ ਮਾਸੀ ਕਚਹਿਰੀਆਂ ਥਾਣੇ ਭੁਗਤਾਂਦੇ ਫਾਵੇ ਹੋ ਗਏ। ਪਰ ਮਾਸੀ ਕਿਹੜੀ ਪਿੱਛੇ ਰਹਿਣ ਆਲੀ ਸੀ। ਉਸ ਵੀ ਭੁੱਟੋ ਦਾ ਖ਼ਤਮ ਕਰਾਇਆ ਤੇ ਸਾਰੀ ਗਲੀ ਪੁਲਸ ਨਾਲ਼ ਭਰ ਗਈ। ਪਰ ਪੂਰੇ ਮੁਹੱਲੇ ਦੀ ਕੋਈ ਜ਼ਨਾਨੀ ਅਜਿਹੀ ਨਹੀਂ ਸੀ ਜਿਹੜੀ ਵਿੱਠਾਂ ਆਲੀਆਂ ਪੌੜੀਆਂ ਚੜ੍ਹ ਕੇ ਖ਼ਤਮ ਪੜ੍ਹਨ ਨਾ ਆਈ ਹੋਵੇ। ਵਰ੍ਹੇ ਪਿੱਛੋਂ ਕੈਦ ਕੱਟ ਕੇ ਪੋਪਾ ਪਰਤਿਆ ਤੇ ਮਾਸੀ ਨਾ ਚਾਹੁੰਦਿਆਂ ਵੀ ਉਹਨੂੰ ਵਲਾਇਤ ਦੂਜੇ ਪੁੱਤਰ ਕੋਲ ਘੱਲ ਦਿੱਤਾ। ਪਈ ਜਦ ਦੇਸ ਆਜ਼ਾਦ ਹੋਏ ਉਹ ਪਰਤ ਆਏ। ਪਰ ਦੇਸ ਨੇ ਕਿੰਨੀ ਵਾਰੀ ਆਜ਼ਾਦ ਹੋਣਾ ਏ।

ਪੁੱਤਰ ਦੇ ਇੰਜ ਜਾਵਣ ਦਾ ਹਿਰਖ ਅਜੇ ਸੱਜਰਾ ਈ ਸੀ ਕਿ ਹੇਠਲੀ ਮੰਜ਼ਿਲ ਆਲਿਆਂ ਦਾ ਪਿਛਲੇ ਪੰਝੀ ਵਰ੍ਹਿਆਂ ਤੋਂ ਤੁਰਿਆ ਮੁਕੱਦਮਾ ਮਾਸੀ ਹਾਰ ਗਈ। ਪਰ ਛੱਡੇ

ਘਰ ਦਾ ਕਬਜ਼ਾ ਲੈਂਦੇ-ਲੈਂਦੇ ਵੀ ਕਈ ਵਰ੍ਹੇ ਲੰਘ ਗਏ। ਘਰ ਉੱਕਾ ਢਹਿਣ ਆਲਾ ਸੀ। ਹੇਠਾਂ ਵੀ ਇੱਕ ਦੋ ਬੰਦੇ ਰਹਿ ਗਏ ਸਨ ਜਿਹੜੇ ਘਰ ਉੱਤੇ ਕਬਜ਼ੇ ਦੀ ਉਡੀਕ ਵਿੱਚ ਬੈਠੇ ਸਨ। ਆਖਦੇ ਦੋ ਚਾਰ ਲੱਖ ਲਓ ਤੇ ਜਾਨ ਛੱਡੋ। ਪਰ ਮਾਸੀ ਨਾ ਮੰਨੀ। ਕਮਰਿਆਂ ਦੇ ਫ਼ਰਸ਼ ਟੁੱਟ ਤਿੜਕ ਗਏ। ਛੱਤਾਂ ਅੱਧੀਆਂ ਢਹਿ ਗਈਆਂ, ਬਸ ਪੌੜੀਆਂ ਸਬੂਤੀਆਂ ਸਨ। ਉਹ ਵੀ ਦੂਜੇ ਮੰਜ਼ਲੇ ਤੀਕ। ਧੁਰ ਕੋਠੇ ਜਾਵਣ ਲਈ ਪੱਟੀਆਂ ਬਾਲੇ ਨਾਲ਼ ਟੇਕਾਂ ਲਾਈਆਂ ਹੋਈਆਂ ਸਨ। ਗਾਮੇ ਦੀ ਕੋਠਰੀ ਵਿੱਚ ਬਾਲੇ ਫਸਾ ਕੇ ਮਸਾਂ ਛੱਤ ਖਲ੍ਹਾਰੀ ਹੋਈ ਸੀ ਤੇ ਫ਼ਰਸ਼ ਵਿੱਚ ਮੋਰੇ ਪਏ ਹੋਏ ਸਨ। ਸਾਡਾ ਅਪਣਾ ਸਾਂਝਾ ਘਰ ਵੀ ਚਾਚਿਆਂ ਡਿਫੈਂਸ ਵਿੱਚ ਕੋਠੀ ਪਾਵਣ ਲਈ ਵੇਚ ਦਿੱਤਾ। ਪਰ ਮਾਸੀ ਦਾ ਅਜੇ ਕ੍ਰਿਸ਼ਨ-ਨਗਰ ਆਲਾ ਹੈ ਸੀ। ਮੈਂ ਮੁਕੱਦਮੇ ਦੀਆਂ ਤਰੀਖ਼ਾਂ ਭੁਗਤਣ ਜਾਂਦਾ, ਮੁਕੱਦਮਾ ਅਜੇ ਖ਼ੋਰੇ ਹੋਰ ਰਿੜ ਜਾਂਦਾ ਪਰ ਮਾਸੀ ਆਪੇ ਈ ਸਾਹ ਪੂਰੇ ਕਰ ਗਈ।

ਗਾਮੇ ਅਖ਼ੀਰ ਤੀਕ ਮਾਸੀ ਨਾਲ਼ ਰਹੀ। ਉਸ ਟੁੱਟੇ ਘਰ ਇੱਕ ਵੇਲ਼ੇ ਨਿਰੀਆਂ ਤਿੰਨ ਸਵਾਣੀਆਂ ਈ ਰਹਿੰਦੀਆਂ ਰਹੀਆਂ।

ਪਰ ਕਹਾਣੀ ਤਾਂ ਗਾਮੇ ਦੀ ਏ ਜਿਹੜੀ ਰੱਖੀ ਨਾਲ਼ ਪੱਕੀ ਰਹੀ। ਗਾਮੇ ਅਜੇ ਵੀ ਜਿਉਂਦੀ ਏ ਤੇ ਕ੍ਰਿਸ਼ਨ-ਨਗਰ ਦੇ ਪੁਰਾਣੇ ਕਬਰਸਤਾਨ ਲਾਗੇ ਰਹਿੰਦੀ ਏ ਰੱਖੀ ਨਾਲ਼। ਗਾਮੇ ਨੂੰ ਹਮੇਸ਼ ਕੋਈ ਨਾ ਕੋਈ ਮਾਸੀ ਐਸ਼ਾਂ ਲੱਭ ਈ ਜਾਂਦੀ ਏ।

ਮਾਂ ਦੀ ਵਾਜ ਪਿੱਛਾ ਕਰਦੀ ਰਹਿੰਦੀ ਏ: "ਬਟਾਲੇ ਸਾਡੇ ਘਰ ਦੇ ਸਾਹਮਣੇ ਗਲੀ ਦੇ ਦੂਜੇ ਬੰਨੇ ਮਾਸੀ ਐਸ਼ਾਂ ਦਾ ਘਰ ਸੀ।" ਬਟਾਲੇ ਅਪਣਾ ਘਰ ਲੱਭਦਾ-ਲੱਭਦਾ ਮੈਂ ਮਾਸੀ ਐਸ਼ਾਂ ਦਾ ਘਰ ਲੱਭਣ ਲੱਗ ਪਿਆ ਸਾਂ।

ਮੇਰੇ ਬਟਾਲੇ ਪਰਤਣ ਮਗਰੋਂ ਪਿਓ ਦੇ ਛੇ ਭਰਾਵਾਂ ਵਿੱਚੋਂ ਇਕੱਲਾ ਜਿਊਂਦਾ ਚਾਚਾ ਜਦ ਬਟਾਲੇ ਦੀਆਂ ਖਿੱਚੀਆਂ ਤਸਵੀਰਾਂ ਵੇਖਣ ਆਇਆ ਤੇ ਇੱਕ ਤਸਵੀਰ ਨੂੰ ਵੇਖਦਿਆਂ ਸਾਰ ਈ ਮੂੰਹ ਉੱਤੇ ਸਿੰਞਾਣ ਦਾ ਅਨੰਦ ਮਾਣਦਾ ਹੋਇਆ ਆਖਣ ਲੱਗਾ: "ਇਹ ਗਲੀ ਸਿੱਧੀ ਮਾਸੀ ਐਸ਼ਾਂ ਦੇ ਘਰੇ ਜਾਂਦੀ ਸੀ।"

# ਅਕਹਾਣੀ

ਇਹ ਕਹਾਣੀ ਨਹੀਂ ਕੋਈ। ਇਹ ਗੱਲ ਵੀ ਕੋਈ ਨਹੀਂ।

ਇਹ ਰੌਲ਼ਾ ਏ ਨਿਰਾ ਮੇਰੇ ਚੇਤੇ ਦਾ।

ਇੱਕ ਵਾਜ ਏ, ਅਚੇਤ ਪਤਾਲਾਂ ਵਿੱਚ ਤਰਦੀ ਰਹਿੰਦੀ ਏ। ਦਿਹਾੜ ਦੇ ਅੰਨ੍ਹੇ ਰੁਝੇਵੇਂ ਵਿੱਚ ਫਾਥੇ ਰਹਿਣ ਪਿੱਛੋਂ ਉੱਘੜਦੀ ਏ ਅੱਧ ਰਾਤ ਨੂੰ...... ਚੁੱਪ ਅਨ੍ਹੇਰੇ ਵਿੱਚ ਵੱਜਦੀ...... ਕੋਈ ਬਿਜਲੀ ਦੇ ਖੰਭੇ ਨੂੰ ਰੋੜੇ ਨਾਲ਼ ਖੜਕਾਉਂਦਾ ਪਿਆ ਏ।

ਦਸਵੀਂ ਦੇ ਇਮਤਿਹਾਨਾਂ ਮਗਰੋਂ ਲੰਮੀ ਵੇਲ੍ਹ ਮਿਲੀ। ਮੁਹੱਲੇ ਦੀ ਆਨਾ ਲਾਇਬਰੇਰੀ ਤੋਂ ਮੈਂ ਜਸੂਸੀ ਨਾਵਲ ਲੈ-ਲੈ ਪੜ੍ਹਨੇ। ਗਰਮੀਆਂ ਦੀਆਂ ਰਾਤਾਂ ਵਿੱਚ ਧੁਰ ਕੋਠੇ ਉੱਤੇ ਟੇਬਲ ਲੈਂਪ ਬਾਲ, ਉੱਤੇ ਅਖ਼ਬਾਰ ਵਲ ਦੇਣਾ ਤਾਂ ਜੋ ਚਾਨਣ ਬਹੁਤਾ ਨਾ ਖਿੰਡੇ ਤੇ ਸਾਰੀ-ਸਾਰੀ ਰਾਤੀਂ ਜਸੂਸੀ ਨਾਵਲ ਪੜ੍ਹਨੇ ਮੈਂ। ਅੱਧ ਰਾਤ ਮਗਰੋਂ ਪੜ੍ਹਨ ਤੇ ਨਾ ਪੜ੍ਹਨ ਦੀ ਵਿੱਥ ਮੁੱਕ ਜਾਣੀ। ਜਸੂਸੀ ਨਾਵਲਾਂ ਵਿੱਚ ਜਸੂਸ ਬਣ ਜਾਣਾ ਮੈਂ ਤੇ ਜਸੂਸੀ ਦੇਣੀ ਛੋਹ। ਰਾਤੀਂ ਸੁਫ਼ਨਿਆਂ ਵਿੱਚ ਵੀ ਉਹੋ ਤੇ ਦਿਨੀਂ ਤਾੜਵੀਂ ਅੱਖ ਨਾਲ਼ ਲੋਕਾਂ ਨੂੰ ਤੱਕਦੇ ਰਹਿਣਾ।

ਕੁੱਝ ਦਿਨਾਂ ਪਿੱਛੋਂ ਅਚਰਜ ਗੱਲ ਹੋਈ। ਨਾਵਲ ਤੇ ਬਾਹਰ ਦੀ ਦੁਨੀਆ ਇੱਕ-ਮਿੱਕ ਥੀ ਗਈ। ਜਸੂਸ ਨਾਵਲ ਵਿੱਚੋਂ ਬਾਹਰ ਨਿਕਲ ਆਇਆ। ਅੱਧ ਰਾਤੀਂ ਪਿੱਛੋਂ ਜਾਪੇ ਕੋਈ ਗਲੀ ਦੇ ਬਿਜਲੀ ਦੇ ਖੰਭੇ ਨੂੰ ਦੋ ਤਿੰਨ ਵਾਰ ਰੋੜੇ ਨਾਲ਼ ਏ ਖੜਕਾਂਦਾ। ਪੌਂਦ ਤਾਂ ਮੈਂ ਡਰੀਜ ਗਿਆ। ਮੰਜੇ ਤੋਂ ਉੱਠਾਂ ਕਿ ਨਾ। ਟੇਬਲ ਲੈਂਪ ਬੰਦ ਕਰ ਦਿਆਂ ਤੇ ਤਾੜ ਲਵਾਂ ਜਾਂ ਮੂੰਹ ਉੱਤੇ ਚਾਦਰ ਲਪੇਟ ਕੇ ਦੜ ਵੱਟ ਜਾਵਾਂ! ਪਰ ਨਹੀਂ। ਸਾਹਮਣੇ ਖੱਡੀਆਂ ਆਲ਼ੇ ਘਰ ਵਿੱਚੋਂ ਕੋਈ ਪਰਛਾਵਾਂ ਨਿਕਲਿਆ ਤੇ ਗਲੀ ਤੋਂ ਜ਼ਰੀ ਅਗਾਂਹ ਜਾ, ਖ਼ਾਲੀ ਪਲਾਟ ਵਿੱਚ ਉੱਗੇ ਅੱਕ ਦੇ ਬੂਟਿਆਂ ਵਿੱਚ ਗੁਆਚ ਗਿਆ।

ਫ਼ਿਰ ਇਹ ਰੋਜ਼ ਦੀ ਗੱਲ ਬਣ ਗਈ। ਬਿਜਲੀ ਦੇ ਖੰਭੇ ਨੂੰ ਕੋਈ ਦੋ ਤਿੰਨ ਵਾਰ ਖੜਕਾਂਦਾ। ਅੜੱਕ ਅੜੱਕ ਕੇ। ਤੇ ਫ਼ਿਰ ਕਿੰਨੀ ਈ ਲੰਮੀ ਚੁੱਪ ਮਗਰੋਂ ਖੱਡੀਆਂ ਆਲ਼ੇ ਘਰ ਵਿੱਚੋਂ ਇੱਕ ਪਰਛਾਵਾਂ ਜਿਹਾ ਨਜ਼ਰੀਂਦਾ।

ਕੀ ਕਰਾਂ ? ਇਨ੍ਹਾਂ ਇਬਨੇ-ਸਫ਼ੀ ਦੇ ਨਾਵਲਾਂ ਦਾ ਮੈਂ ਕੀ ਕਰਾਂ। ਕੈਪਟਨ ਇਮਰਾਨ ਬਣ। ਜਸੂਸੀ ਕਰ।

ਮੁਹੱਲੇ ਵਿੱਚ ਨਾਲੋਂ-ਨਾਲ਼ ਜੁੜੇ ਅੱਠ ਦੱਸ ਘਰਾਂ ਦਾ ਨਾਂ ਲੋਕਾਂ ਖੱਡੀਆਂ ਆਲ਼ੇ ਸੀ ਪਾਇਆ ਹੋਇਆ। ਇੱਕ-ਇੱਕ ਦੋ-ਦੋ ਕਮਰਿਆਂ ਦੇ ਕਿੰਨੇ ਈ ਸਾਰੇ ਸਨ

ਘਰ। ਸਾਡੇ ਕੋਠੇ ਤੋਂ, ਸਿੱਧੀ ਝਾਤੀ ਉਨ੍ਹਾਂ ਦੇ ਵਿਹੜੇ ਪੈਣੀ। ਕਿੰਨੇ ਸਾਰੇ ਈ ਬਾਲ ਇੱਧਰ-ਉੱਧਰ ਨੱਸਦੇ ਰਹਿਣੇ। ਜ਼ਨਾਨੀਆਂ ਧੁੱਪੇ ਬਹਿ ਵਾਲਾਂ ਦੀਆਂ ਜੂੰਆਂ ਕੱਢਦੀਆਂ ਰਹਿੰਦੀਆਂ। ਘਰਾਂ ਤੋਂ ਅੱਡ ਇੱਕ ਵੱਖ ਦੋ ਕਮਰਿਆਂ ਵਿੱਚ ਖੱਡੀਆਂ ਲੱਗੀਆਂ ਹੋਈਆਂ ਸਨ।

ਸਾਰਾ ਦਿਨੇਂ ਬੰਦਿਆਂ ਖੱਡੀਆਂ ਵਿੱਚ ਕੱਪੜਾ ਉਣਦੇ ਰਹਿਣਾ। ਜਦ ਕਦੀਂ ਅਸੀਂ ਕਮਰਿਆਂ ਅੰਦਰ ਝਾਤੀ ਪਾਣੀ, ਰੰਗ ਬੇ-ਰੰਗੇ ਧਾਗਿਆਂ ਦੀਆਂ ਪੂਣੀਆਂ ਨਾਲ਼ ਕੱਪੜਾ ਉਣਿਆ ਜਾਂਦਾ ਹੋਣਾ ਤੇ ਰਹਿਮਤਾ ਤੇ ਉਹਦਾ ਪਿਓ ਹੱਥ ਵਿੱਚ ਵੱਟੀ ਫੜ ਉਸ ਨੂੰ ਇੱਧਰ-ਉੱਧਰ ਕੱਛਦੇ ਰਹਿੰਦੇ ਹੋਣਾ। ਖੱਡੀਆਂ ਚੱਲਣ ਦੀ ਵਾਜ ਮੁਹੱਲੇ ਦੇ ਘਰਾਂ ਵਿੱਚ ਘੁੰਮਦੀ ਰਹਿੰਦੀ, ਅਚੇਤ ਵਿੱਚ ਤਰਦੀ ਰਹਿੰਦੀ।

ਖੱਡੀਆਂ ਆਲ਼ਿਆਂ ਦੀ ਕੋਈ ਵੀ ਕੁੜੀ ਸੋਹਣੀ ਨਾ ਸੀ। ਨਾ ਸਕੂਲੇ ਪੜ੍ਹਨ ਜਾਂਦੀਆਂ, ਨਾ ਫ਼ੈਸ਼ਨੀ, ਨਾ ਮੂੰਹ-ਮੱਥੇ ਲੱਗਣ ਆਲ਼ੀਆਂ। ਨੱਕ ਉਨ੍ਹਾਂ ਦੇ ਵਗਦੇ ਰਹਿੰਦੇ ਮੈਲ਼ਿਆਂ-ਮੈਲ਼ਿਆਂ ਘਰਾਂ ਦੇ ਬੂਹੇ ਅੱਗੇ ਲੱਗੇ ਫੱਟੇ ਟਾਟਾਂ ਵਿੱਚੋਂ ਐਵੇਂ ਈ ਝਾਕਦੀਆਂ ਰਹਿੰਦੀਆਂ। ਕੋਠੇ ਉੱਤੋਂ ਮੈਂ ਉਨ੍ਹਾਂ ਦੇ ਘਰ ਦੇ ਵਿਹੜੇ ਉੱਤੇ ਝਾਤੀ ਪਾਣੀ ਤੇ ਕਦੀਂ ਕਿਸੇ ਮੁੱਖ ਉੱਤੇ ਅੱਖ ਨਾ ਟਿੱਕਣੀ। ਉਂਜ ਕਈ ਘਰਾਂ ਦੇ ਖ਼ਾਲੀ ਕੋਠਿਆਂ ਉੱਤੇ ਵੀ ਕਿਸੇ ਦਾ ਹੋਵਣ ਸਹੀ ਜਿਹੀ ਹੋਣਾ।

ਪਰ ਨਹੀਂ, ਮਾਨੀ ਦਾ ਵੀ ਤਾਂ ਉਹੋ ਸੀ ਘਰ। ਕੀ ਵਿਆਹਿਆ ਤੇ ਅਨ-ਵਿਆਹਿਆ ਉਹਨੂੰ ਵੇਖ ਹੌਕਾ ਨਹੀਂ ਭਰਦਾ ਹੋਣਾ। ਉਹਨੇ ਗਲੀ ਵਿੱਚੋਂ ਕੀ ਲੰਘਣਾ, ਜਾਪਣਾ ਪੈਰ ਰੱਖ ਲੰਘ ਗਈ ਏ ਸਾਡੇ ਦਿਲ ਉੱਤੋਂ। ਮੁੰਡਿਆਂ ਆਖਣਾ: "ਇੰਜ ਲੰਘਦੀ ਏ...... ਕੁੱੜਲ ਪਾ ਜਾਂਦੀ ਏ।" ਲੋਕਾਂ ਆਖਣਾ: "ਗੁਦੜੀ ਵਿੱਚ ਲਾਲ।" ਉਹਦਾ ਪਿੰਡਾ ਲਹਿਰ ਬਣਾਉਂਦਾ ਲੰਘ ਜਾਂਦਾ। ਜਦ ਉਸ ਲੰਘ ਜਾਣਾ, ਦਿਲ ਖ਼ਾਲੀ ਹੋ ਜਾਣੇ।

ਮੈਂ ਜਸੂਸ ਬਣ ਈ ਗਿਆ। ਖੁਰਾ ਮੈਂ ਲੱਭ ਈ ਲਿਆ।

ਪਰ ਦਿਲ ਮੰਨੇ ਨਾ। ਨਹੀਂ, ਇਹ ਨਹੀਂ ਹੋ ਸਕਦਾ। ਭੁਲੇਖਾ ਲੱਗਾ ਹੋਣਾ ਏ ਮੈਨੂੰ। ਨਾਲੇ ਮੈਂ ਕਿਹੜਾ ਸੱਚੀ-ਮੁੱਚੀ ਅੱਖੀਂ ਡਿੱਠਾ ਏ। ਫ਼ਿਰ ਵੀ ਇਸ਼ਕ ਤੇ ਮੁਸ਼ਕ ਲੁਕਦੇ ਤਾਂ ਨਹੀਂ। ਬਾਲੀ ਰਿਕਸ਼ਾ ਵਾਹੁੰਦਾ ਸੀ। ਛੇ ਫ਼ੁੱਟਾ, ਕਾਲਾ ਸ਼ਾਹ, ਲਾਲ ਅੱਖਾਂ। ਘਣੀਆਂ ਮੁੱਛਾਂ ਨੂੰ ਵੱਟ ਦਿੰਦਾ ਰਹਿੰਦਾ, ਸਿਰ ਤੋਂ ਤੇਲ ਵਗਦਾ ਰਹਿੰਦਾ। ਨਹੀਂ।

ਰਾਤੀਂ ਕੋਠੇ ਉੱਤੇ ਬਿਜਲੀ ਦੇ ਖੰਭੇ ਦੀ ਵਾਜ ਤੋਂ ਅਗਦੋਂ ਈ ਮੈਂ ਤਾੜ ਲੈਣੀ ਛੋਹੀ। ਬੰਦਾ ਆਂਦਾ ਕਿਤੋਂ ਹੋਰ ਪਾਸਿਉਂ ਸੀ। ਪਰ ਲੰਮਾ ਪਰਛਾਵਾਂ ਤੇ ਟੋਰ ਉਹੋ।

ਮਾਪਿਆਂ ਮਾਨੀ ਦਾ ਵਿਆਹ ਕਰ ਦਿੱਤਾ। ਚੰਗਾ ਈ ਹੋਣਾ ਏ ਉਹ ਚੰਦਰਾ ਵੀ। ਪਰ ਦਿਲ ਦੀਆਂ ਰੱਬ ਈ ਜਾਣੇ, ਵਿਆਹ ਮਗਰੋਂ ਵੀ ਉਹ ਨਾ ਪਰਤੀ, ਅਖ਼ੀਰ ਦੋ ਬਾਲ ਜੰਮ ਘਰੀਂ ਆਨ ਬੈਠੀ। ਬਾਲੀ ਨੂੰ ਇਹ ਵੀ ਕਬੂਲ ਸੀ। ਖ਼ੋਰੇ ਤਲਾਕ ਹੋਈ ਕਿ ਨਾ। ਪਰ ਬਾਲੀ ਉਹਦੇ ਬਾਲਾਂ ਦਾ ਪਿਓ ਬਣ ਗਿਆ ਤੇ ਦੋ ਤਿੰਨ ਉਨ੍ਹਾਂ ਆਪੇ ਵੀ ਜੰਮ ਲਏ।

ਅਚਰਜ ਜੋੜਾ ਸੀ। ਰਾਤੀਂ ਜਦ ਬਾਲੀ ਰਿਕਸ਼ਾ ਲੈ ਕੇ ਪਰਤਦਾ ਤੇ ਬਾਲਾਂ ਦੀ ਸਾਰੀ ਲਾਮ ਡੋਰੀ ਨੂੰ ਲੈ ਕੇ ਬਜ਼ਾਰ ਦੀ ਸੈਲ ਕਰਾਂਦਾ। ਬਜ਼ਾਰ ਵਿੱਚ ਖਲੋ ਕੇ ਉਹ ਚੀਜ਼ਾਂ

ਖਾਂਦੇ। ਨਾ ਸ਼ਰਮ ਨਾ ਲਿਹਾਜ਼। ਜ਼ਨਾਨੀਆਂ ਸ਼ਰਮ ਖਾਣੀ ਪਰ ਉਹ ਇੰਜ ਜਿਵੇਂ ਕੋਈ ਗੱਲ ਈ ਨਹੀਂ। "ਚਲੋ ਸ਼ੁੱਕਰ ਏ ਡੈਣ ਮਗਰੋਂ ਲੱਥੀ।" ਬੰਦਿਆਂ ਦੇ ਹੌਕੇ ਦਿਲ ਵਿੱਚ ਈ ਰਹਿ ਗਏ। ਬਾਲੀ ਹੀਰ ਜਿੱਤ ਤਾਂ ਲਈ ਪਰ ਉਹਦੀ ਕਹਾਣੀ ਗਲੀਆਂ ਵਿੱਚ ਰੁਲ਼ ਗਈ। ਰਿਕਸ਼ੇ ਤੋਂ ਮਸਾਂ ਗੁਜ਼ਾਰਾ ਚੱਲਣਾ। ਮਾਨੀ ਦਾ ਸੁਹੱਪਣ ਧੂੰਆਂਖਿਆ ਗਿਆ। ਉਸ ਉਫ਼ ਨਾ ਕੀਤੀ, ਪਹਿਲੇ ਖ਼ਾਵੰਦ ਦਾ ਭਰਿਆ ਭਰਾਇਆ ਘਰ ਛੱਡ ਉਸ ਨੂੰ ਲੱਭਾ ਕੀ? "ਕਾਲਾ ਸ਼ਾਹ ਭੂਤ!"

ਮੈਨੂੰ ਅੱਜ ਵੀ ਚੇਤੇ ਏ ਜਦ ਪ੍ਰੇਮ-ਨਗਰ ਤੋਂ ਅਯੂਬ ਸਰਕਾਰ ਦੇ ਖ਼ਿਲਾਫ਼ ਪਹਿਲਾ ਜਲੂਸ ਮੁਹੱਲਿਓਂ ਨਿਕਲਿਆ ਤੇ ਬਾਲੀ ਸਭ ਤੋਂ ਅਗਾਂਹ ਸੀ। ਖੋਤੀ ਹਾਈ ਸਕੂਲ ਸਾਹਮਣੇ ਲਾਟ ਸਾਹਿਬ ਦੇ ਦਫ਼ਤਰ ਦੇ ਪਿਛਵਾੜੇ ਮੁਗ਼ਲ ਆਜ਼ਮ ਫ਼ਿਲਮ ਦਾ ਵੱਡਾ ਸਾਰਾ ਲੱਕੜ ਦਾ ਬੋਰਡ ਲੱਗਾ ਸੀ। ਸਭ ਤੋਂ ਪਹਿਲਾਂ ਉਸ ਨੂੰ ਤੋੜਿਆ ਗਿਆ ਤੇ ਟੀਨ ਦੁਆਲੇ ਲੱਗੀਆਂ ਪੱਟੀਆਂ ਨੂੰ ਤੋੜ ਕੇ ਸੋਟੀਆਂ ਬਣਾਈਆਂ ਗਈਆਂ। ਤੇ ਅਗਾਂਹ ਮਾਲ ਰੋਡ ਤੇ ਫ਼ਿਰ ਚੱਲ ਸੋ ਚੱਲ। ਬੋਰਡ ਨੂੰ ਅੱਗ ਲਾ ਦਿੱਤੀ ਗਈ ਤੇ ਉਸ ਉੱਤੇ ਬਣੀਆਂ ਐਕਟਰਾਂ ਦੀਆਂ ਮੂਰਤਾਂ ਸੜ ਕੇ ਸੁਆਹ ਹੋ ਗਈਆਂ। ਫ਼ਿਰ ਉਹ ਟੀਨ ਮੁੜ ਘਰਾਂ ਦੇ ਬੂਹੇ ਤੇ ਬਾਰੀਆਂ ਵਿੱਚ ਵਟੀਜ ਗਿਆ ਤੇ ਕਿੰਨੇ ਈ ਵਰ੍ਹੇ ਬਾਲੀ ਦੇ ਘਰ ਦਾ ਬੂਹਾ ਬਣਿਆ ਰਿਹਾ।

ਅਵਾਮ ਪਾਰਟੀ ਦਾ ਉਹ ਆਗੂ ਬਣ ਗਿਆ। ਅਸੰਬਲੀਆਂ ਵਿੱਚ ਜਾਵਣ ਵਾਲਿਆਂ ਦਾ ਮੁਫ਼ਤ ਦਾ ਕਾਮਾ ਬਣ ਗਿਆ। ਭੁੱਟੋ ਨਾਲ਼ ਖਿਚਵਾਈ ਆਪਣੀ ਫ਼ੋਟੋ ਉਸ ਮੁਹੱਲੇ ਦੇ ਕਿਸ-ਕਿਸ ਬੰਦੇ ਨੂੰ ਨਹੀਂ ਵਿਖਾਈ ਹੋਣੀ। ਤੇ ਜਿਹੜੀ ਕਈ ਵਰ੍ਹੇ ਸਾਡੇ ਮੁਹੱਲੇ ਦੇ ਨਾਈ ਹਨੀਫ਼ੇ ਦੀ ਹੱਟੀ ਵਿੱਚ ਵੀ ਲੱਗੀ ਰਹੀ। ਅਵਾਮੀ ਸਰਕਾਰ ਆਈ, ਪਰ ਬਾਲੀ ਜੋਗ ਕੀ ਸੀ। ਨਾ ਪੜ੍ਹਿਆ ਨਾ ਲਿਖਿਆ। ਉਂਜ ਉਹਦੀ ਅੱਪੜ ਸਭ ਥਾਂ ਸੀ ਪਰ ਉਸ ਦੀ ਥਾਂ ਤਾਂ ਉਹੋ ਸੀ। ਲੋਕਾਂ ਦੇ ਕੰਮ ਹੋਣੇ ਨਾ ਹੋਣੇ। ਉਹ ਖਿਝਣ ਲੱਗ ਪਿਆ, ਖਿਝਦਾ ਲੱਗਾ ਗਿਆ। ਆਗੂ ਉਸ ਤੋਂ ਮੂੰਹ ਲੁਕਾਉਣ ਲੱਗ ਪਏ।

ਉਹ ਰਿਕਸ਼ਾ ਵਾਹੁੰਦਾ ਰਿਹਾ। ਮਾਨੀ ਕਿੰਨੇ ਈ ਬਾਲ ਜੰਮ ਸੁੰਜਾਣੋਂ ਵੀ ਗਈ। ਬਾਲੀ ਨਸ਼ੇ ਕਰਨ ਲੱਗ ਪਿਆ। ਇੱਕ ਦੂਜੇ ਦਾ ਸਾਥ ਨਿੱਘ ਤਾਂ ਸੀ ਪਰ ਬਾਹਰ ਤਾਂ ਸੀ ਠੰਢੀ ਵਾਅ। ਫ਼ਿਰ ਵੀ ਜਦ ਭੁੱਟੋ ਫਾਹੇ ਲੱਗਾ ਤੇ ਬਾਲੀ ਨੂੰ ਈ ਸਭ ਤੋਂ ਪਹਿਲਾਂ ਫੜਿਆ ਗਿਆ। ਐਵੇਂ ਈ। ਉਸ ਕੁੱਝ ਵੀ ਨਹੀਂ ਸੀ ਕੀਤਾ। ਖ਼ਤਮ ਸ਼ਰੀਫ਼ ਵੀ ਨਹੀਂ ਸੀ ਕਰਾਇਆ। ਇਸਲਾਮੀ ਪਾਰਟੀ ਆਲਿਆਂ ਜਸੂਸੀ ਕੀਤੀ ਹੋਣੀ ਏ। ਕੈਦ ਕੱਟ ਕੇ ਆਇਆ ਤੇ ਉਹ ਨਸ਼ਿਆਂ ਹੱਥੋਂ ਹਾਰ ਮੰਨੀ ਬੈਠਾ ਸੀ। ਸੁੱਕਦਾ-ਸੁੱਕਦਾ ਸੁੱਕ ਗਿਆ। ਮਾਨੀ ਰਹਿੰਦੀ-ਰਹਿੰਦੀ ਅਸਲੋਂ ਰਹਿ ਗਈ। ਰਿਕਸ਼ਾ ਵਾਹਣੋਂ ਵੀ ਗਿਆ।

ਮੁੰਡੇ ਹੱਟੀਆਂ ਉੱਤੇ ਗਹਿਣੇ ਪੈ ਗਏ। ਵੇਲਾ ਨਸ਼ੇ ਹਾਰ ਖੁਰ ਗਿਆ। ਮਕਾਨ ਵੱਡੇ ਹੋ ਗਏ ਗਲੀਆਂ ਸੌੜੀਆਂ। ਪਰ ਬਾਲੀ ਦਾ ਘਰ ਤਾਂ ਉਹੋ ਸੀ। ਉਹੋ ਬੂਹੇ ਅੱਗੇ ਟਾਟ ਤੇ ਟੀਨ ਦਾ ਬੂਹਾ। ਆਲ-ਦੁਵਾਲ ਕਈ ਮੰਜ਼ਿਲੇ ਮਕਾਨ ਉੱਸਰ ਪਏ। ਉਨ੍ਹਾਂ ਦਾ ਚਾਰ ਪੰਜ ਮਰਲਿਆਂ ਦਾ ਵਿੱਚ ਫਸ ਕੇ ਰਹਿ ਗਿਆ।

ਐਤਕੀਂ ਮੈਂ ਪੁਰਾਣੇ ਮੁਹੱਲੇ ਗਿਆ ਤੇ ਮਾਨੀ ਦੀ ਗੱਲ ਛਿੜ ਪਈ। ਜਿਉਂਦੀ

ਏ ? ਖ਼ੌਰੇ ? ਬਾਲੀ ਦੇ ਮਰਨ ਪਿੱਛੋਂ ਮੁੰਡਿਆਂ ਮਕਾਨ ਵੇਚ ਨਿੱਕਾ ਮੋਟਾ ਕੰਮ ਬਣਾ ਲਿਆ। ਮਾਨੀ ਅਖ਼ੀਰ ਤੀਕ ਘਰ ਨਹੀਂ ਸੀ ਛੱਡਣਾ ਚਾਹੁੰਦੀ। ਕਈ ਵਰ੍ਹੇ ਮੁਹੱਲੇ ਵਿੱਚ ਘਰ ਵੇਚਣ ਪਿੱਛੋਂ ਵੀ ਲੋਕਾਂ ਨੂੰ ਪਰਛਾਵੇਂ ਵਾਂਗਰ ਫ਼ਿਰਦੀ ਨਜ਼ਰੀਂ ਪੈਂਦੀ। ਬਾਲੀ ਆਲੇ ਘਰ ਦੀ ਥਾਂ ਹੁਣ ਉੱਥੇ ਇੱਕ ਤਿੰਨ ਮੰਜ਼ਿਲਾ ਘਰ ਖਲੋਤਾ ਏ। ਜਿਊਂਦੀ ਏ ? ਖ਼ੌਰੇ! ਖੱਡੀਆਂ ਮੁੱਕ ਗਈਆਂ। ਉੱਥੇ ਵੀ ਵੰਡੀਆਂ ਪੈ ਗਈਆਂ ਤੇ ਵੱਖੋ ਵੱਖ ਘਰ ਉੱਸਰ ਪਏ। ਮੁੰਡੇ ਪੜ੍ਹ ਲਿਖ ਜਾ ਲੱਗੇ ਦਫ਼ਤਰਾਂ ਵਿੱਚ।

ਪਿੱਛੇ ਮੈਨੂੰ ਇੱਕ ਕੰਮ ਪਾਰੋਂ ਪੁਰਾਣੇ ਮੁਹੱਲੇ ਬਦੋਬਦੀ ਜਾਣਾ ਪੈ ਗਿਆ। ਨਿੱਕੇ ਭਰਾ ਦੀ ਪਹਿਲੀ ਵਹੁਟੀ ਸੀ ਗੁਜ਼ਰ ਗਈ। ਉਹ ਰਹਿਮਤੇ ਦੀ ਵਹੁਟੀ ਦੇ ਤਰਲੇ ਪਾਣ ਲੱਗ ਪਿਆ। ਅਖ਼ੀਰ ਉਸ ਮੈਨੂੰ ਸੱਦਾ ਘੱਲਿਆ ਪਈ ਇੱਕ ਰਿਸ਼ਤਾ ਹੈ। ਜਦ ਮੈਂ ਉਸ ਨੂੰ ਮਿਲਿਆ ਤੇ ਉਸ ਨੂੰ ਤੱਕ ਹੈਰਾਨ ਰਹਿ ਗਿਆ। ਉਹ ਉੱਕਾ ਬੁਢੜੀ ਹੋਈ ਬੈਠੀ ਸੀ। ਐਵੇਂ ਗੱਲਾਂ ਵਿੱਚ ਮੈਂ ਉਸ ਤੋਂ ਮਾਨੀ ਦਾ ਪੁੱਛਿਆ ਤੇ ਉਸ ਦੇ ਮੂੰਹ ਉੱਤੋਂ ਚੇਤੇ ਦੀ ਪਰਛਾਵੀਂ ਜਿਹੀ ਲੰਘ ਗਈ। ਤੇ ਫ਼ਿਰ ਉਹ ਬੋਲੀ, ਉਹ ਤਾਂ ਕਿੰਨੇ ਈ ਵਰ੍ਹੇ ਹੋਏ ਮਕਾਨ ਵੇਚ ਕੇ ਪਤਾ ਨਹੀਂ ਕਿੱਥੇ ਚਲੇ ਗਏ ਨੇਂ।

ਮਾਨੀ ?

ਪਤਾ ਨਹੀਂ।

ਇਹ ਕੋਈ ਕਹਾਣੀ ਨਹੀਂ। ਬਸ ਐਵੇਂ ਅੱਧੀ ਰਾਤੀਂ ਪਿੱਛੋਂ ਬਿਜਲੀ ਦੇ ਖੰਭੇ ਨੂੰ ਕੋਈ ਰੋੜੇ ਨਾਲ਼ ਖੜਕਾਂਦਾ ਏ।

ਪਰ ਨਹੀਂ!

# ਅੱਧ ਮੱਘਰ ਦਾ ਚੰਦ

ਉਹ ਅੱਧ ਮੱਘਰ ਦੀ ਸ਼ਾਮ ਸੀ। ਵੱਡੇ ਪਲਾਜ਼ੇ ਪਿੱਛੋਂ ਪਤਾ ਨਹੀਂ ਕਿਵੇਂ ਮੈਨੂੰ ਕਾਲੇ ਸ਼ਾਹ ਬੱਦਲ ਦਿਸੇ ਜਿਨ੍ਹਾਂ ਵਿੱਚੋਂ ਵਿਦਾ ਹੁੰਦਾ ਸੂਰਜ ਲਾਲ ਗੋਲੇ ਵਾਂਗ ਭਖਦਾ ਪਿਆ ਸੀ, ਜਿਵੇਂ ਕਾਲੇ ਨਾਗ ਵਰਗੇ ਬੱਦਲ ਜ਼ਹਿਰੀ ਹੋਏ ਫਿਰਨ। ਸਾਫ਼ ਨਿੱਖਰੇ ਬੱਦਲਾਂ ਦਾ ਵੱਸ ਨਹੀਂ ਸੀ ਚਲਦਾ ਪਿਆ, ਸੂਰਜ ਦੀ ਪਰਤਦੀ ਲਾਲੀ ਨੇ ਵਿੱਚ-ਵਿੱਚ ਟੋਏ ਪਾ ਦਿੱਤੇ ਸਨ ਤੇ ਠੰਡੀ ਸੀਤ ਹਵਾ ਨੇ ਸਮਾਂ ਜਿਹਾ ਬੰਨ੍ਹਿਆ ਹੋਇਆ। ਪਰ ਸਾਡੇ ਸ਼ਹਿਰ ਮਾਰਿਆਂ ਕੋਲ, ਜਿਹੜੇ ਫੋਕਾ ਤੇ ਪੇਤਲਾ ਜੀਵਨ ਜਾਲਦੇ ਨੇ, ਕਦ ਇੰਨਾ ਵੇਲਾ ਹੁੰਦਾ ਏ ਪਈ ਉਹ ਅੱਖ ਭਰ ਇਹ ਸਮਾਂ ਮਾਣ ਸਕਣ।

ਖ਼ਬਰੇ ਅਜਿਹੇ ਮੱਘਰ ਦੀ ਇੱਕ ਰਾਤ ਸੀ ਜਦ ਮੇਰੇ ਇੱਕ ਸ਼ਰਾਬੀ ਸ਼ਾਇਰ ਯਾਰ ਨੇ ਉੱਤੋਂ ਉੱਤੋਂ ਠੰਡੀ ਤੇ ਵਿੱਚ-ਵਿੱਚ ਨਿੱਘੀ ਵਾਅ ਦੀ ਮਸਤੀ ਵਿੱਚ ਆਖਿਆ ਸੀ, "ਦਿਲ ਕਰਦਾ ਏ ਮੈਂ ਇਸ ਹਵਾ ਨੂੰ ਚੁੰਮ ਲਾਂ।" ਮੈਨੂੰ ਉਹਦੀ ਗੱਲ ਦੀ ਜ਼ਾਹਰਾ ਤਾਂ ਸਮਝ ਆਈ ਪਰ ਪੂਰੀ ਸਮਝ ਨਾ ਆਈ। ਇਹ ਈ ਰੁੱਤ ਏ ਜਿਸ ਨੂੰ 'ਗੁਲਾਬੀ ਜਾੜਾ' ਵੀ ਆਖਿਆ ਜਾਂਦਾ ਏ।

ਪਰ ਮੇਰੇ ਦਿਲ ਵਿੱਚੋਂ ਇੰਜ ਦੀ ਇੱਕ ਹੋਰ ਮੱਘਰ ਰਾਤ ਦੀ ਹਵਾ ਝੁੱਲਣ ਲੱਗ ਪਈ।

ਰਾਤ ਮੈਂ ਗੂੜ੍ਹ ਬੱਦਲਾਂ ਵਿੱਚ ਚੰਨ ਲੱਭਦਾ ਰਿਹਾ ਪਰ ਬੱਦਲਾਂ ਦੇ ਟੋਟੇ ਮਸਤ ਹੋਏ ਫਿਰਨ ਤੇ ਰਾਤ ਨਾਲ਼ ਇੱਕਮਿੱਕ ਸਨ। ਵਿੱਚ-ਵਿੱਚ ਪੌਂਦ ਸਿਆਲ ਦੀਆਂ ਠੰਢੀਆਂ ਹਵਾਵਾਂ ਦੀ ਕਣੀ ਜਿਹੀ ਵੀ। ਹਵਾ ਬਹੁਤੀ ਝੁੱਲੀ ਤਾਂ ਜਾਪੇ ਭਾਵੇਂ ਬੱਦਲ ਵੱਸਣ ਈ ਨਾਂਹ, ਅੱਧ ਮੱਘਰ ਦਿਨਾਂ ਦੇ ਇੰਜ ਦੇ ਈ ਹੁੰਦੇ ਨੇ ਬੱਦਲ, ਅਣ ਵੱਸੇ ਪਰ ਨਿੱਘ ਰਸੇ।

ਇੱਕ ਬਹੁੰ ਪੁਰਾਣੀ ਮੱਘਰ ਦੀ ਰਾਤ ਚੰਦ ਵਾਂਗਰ ਧੁਖਦੀ ਰਹਿੰਦੀ ਏ। ਬੱਦਲ ਉਹਨੂੰ ਲੁਕੋਂਦੇ-ਲੁਕੋਂਦੇ ਅਖ਼ੀਰ ਹਾਰ ਚਾਨਣ ਕਰ ਦੇਂਦੇ ਹਨ, ਹਾਜ਼ਰ ਕਰ ਦੇਂਦੇ ਹਨ। ਮੇਰੇ ਕ੍ਰਿਸ਼ਨ-ਨਗਰ ਦੇ ਪੁਰਾਣੇ ਘਰ ਦੀ ਵਾਪਰੀ।

ਪੈਂਤੀ ਚਾਲ੍ਹੀ ਵਰ੍ਹੇ ਪੁਰਾਣੀ ਬੀਤੀ ਮੇਰੇ ਚੇਤੇ ਅੱਧ ਮੱਘਰ ਦੀ ਚੜ੍ਹੀ ਠੰਡੀ ਰਾਤ ਵਿੱਚ ਸਿਆਲ ਦੇ ਪੌਂਦ ਮੀਂਹ ਮਗਰੋਂ ਝੁੱਲੀ ਹਵਾ ਹਾਰ ਵਗਦੀ ਰਹਿੰਦੀ ਏ। ਮੁੱਕਦੇ ਕੱਤੇਂ ਦੀਆਂ ਅਖ਼ੀਰੀ ਸ਼ਾਮਾਂ ਦਾ ਲਾਲ ਸੂਰਜ ਪਤਾ ਨਹੀਂ ਕਿਉਂ ਦਿਲ ਨੂੰ ਚੋਭ ਜਿਹੀ ਲਾ ਜਾਂਦਾ ਏ ਤੇ ਆਂਦੇ ਸਿਆਲ ਦੀਆਂ ਲੰਮੀਆਂ ਰਾਤਾਂ ਦਾ ਖ਼ਿਆਲ ਮਨ ਨੂੰ ਭਰਦਾ ਭਰਦਾ ਸੱਖਣਾ ਕਰ ਦੇਂਦਾ ਏ।

ਉਦੋਂ ਯਾਰ੍ਹਵੀਂ ਪੜ੍ਹਦਾ ਹੋਵਾਂ ਤੇ ਅਗਲੇ ਚੜ੍ਹਦੇ ਵਰ੍ਹੇ ਯਾਰ੍ਹਵੀਂ-ਬਾਰ੍ਹਵੀਂ ਦੇ ਇਕੱਠੇ ਇਮਤਿਹਾਨਾਂ ਦਾ ਰੌਲ਼ਾ ਵੱਖ ਸੀ। ਗਰਮੀਆਂ ਤੋਂ ਇੱਕ ਅਚਰਜ ਭੰਬਲ ਭੂਸੇ ਵਿੱਚ ਫਸਿਆ ਤੇ ਫਸਦਾ ਗਿਆ। ਗਰਮੀਆਂ ਦੀਆਂ ਛੁੱਟੀਆਂ ਵਿੱਚ ਕਾਲਜ ਦੀਆਂ ਚੋਣਾਂ ਹੋਈਆਂ ਤੇ ਪਤਾ ਨਹੀਂ ਕਿਵੇਂ ਮੇਰਾ ਮੇਲ ਸਾਂਝ ਢਾਣੀ ਵਾਲੀ ਪਾਰਟੀ ਨਾਲ਼ ਵੱਧ ਗਿਆ। ਇੱਕ ਦੋ ਵਾਰੀ ਇਸਲਾਮੀ ਪਾਰਟੀ ਕੋਲੋਂ ਕੁੱਟ ਖਾ ਕੇ ਤੇ ਮਾਲ ਰੋਡ ਉੱਤੇ ਜਲੂਸਾਂ ਵਿੱਚ ਰਲਤ ਕਰ ਕੇ ਅਸੀਂ ਪਤਾ ਨਹੀਂ ਆਪਣੇ ਆਪ ਨੂੰ ਕੀ ਸਮਝ ਬੈਠੇ ਸਾਂ। ਅਵਾਮੀ ਪਾਰਟੀ ਸਰਕਾਰ ਦਾ ਸਿਖਰ ਤੇ ਪੜ੍ਹਿਆਰ ਸਿਆਸਤ ਰੱਜ ਭਖੀ ਹੋਵੇ। ਹਰ ਵੇਲੇ ਕੋਈ ਨਾ ਕੋਈ ਰੁੱਝ ਹੁੰਦੀ, ਕੋਈ ਨਾ ਕੋਈ ਗੱਲ ਮੱਚੀ ਹੁੰਦੀ, ਧੁਖੀ ਰਹਿੰਦੀ।

ਮੈਂ ਮਸਾਂ ਸਤਾਰਾਂ ਅਠਾਰਾਂ ਵਰ੍ਹਿਆਂ ਦਾ ਸਾਂ। ਐਵੇਂ ਈ ਕਾਲਜ ਵਿੱਚ ਆ ਗਏ ਸਾਂ ਨਹੀਂ ਤਾਂ ਨੌਕਰੀ ਕਰਨ ਤੇ ਵੀ ਕਦੀ ਕਦੀ ਸੀ ਜ਼ੋਰ ਪੈ ਜਾਂਦਾ। ਕ੍ਰਿਸ਼ਨ-ਨਗਰ ਸੀ ਸਾਡਾ ਘਰ ਦੂਜੀ ਮੰਜ਼ਲੇ, ਦੋ ਕਮਰੇ ਇੱਕ ਨਿੱਕਾ ਇੱਕ ਵੱਡਾ। ਕੁੱਝ ਪੌੜੀਆਂ ਚੜ੍ਹ ਇੱਕ ਕਮਰਾ ਸੱਜੇ ਤੇ ਮੁੜ ਡਿਓੜ੍ਹੀ ਦੇ ਖੱਬੇ ਦੂਜਾ ਜੋ ਕੁੱਝ ਨਿੱਕਾ ਸੀ। ਇਹ ਸੀ ਮੇਰਾ ਕਮਰਾ ਤੇ ਐਥੇ ਈ ਸੌਂਦਾ ਤੇ ਰਹਿੰਦਾ ਸਾਂ। ਇਹ ਬਹੁੰ ਨਿੱਕਾ ਜਿਹਾ ਤੇ ਕੁੱਝ ਨੀਵਾਂ ਵੀ ਸੀ। ਵੱਡੇ ਕਮਰੇ ਵਿੱਚ ਮੇਰੇ ਨਿੱਕੇ ਭਰਾਵਾਂ ਤੇ ਮਾਂ ਹੋਣਾ। ਪਿਓ ਦੇ ਪਿਆਲਾ ਪਾਵਣ ਮਗਰੋਂ ਅਸੀਂ ਐਥੇ ਸ਼ਹਿਰ ਲਾਹੌਰ ਵਿੱਚ ਆ ਗਏ ਸਾਂ ਤੇ ਥੱਲੇ ਚਾਚਾ ਤੇ ਉਹਦਾ ਟੱਬਰ ਰਹਿੰਦਾ ਸੀ।

ਸਾਂਝ ਮਤ ਪਾਰਟੀ ਨਾਲ਼ ਮੇਰੇ ਮੇਲ ਪਾਰੋਂ ਮੈਂ ਰਾਤੀਂ ਚਿਰਕੇ ਆਵਣਾ ਛੋਹਿਆ। ਚਾਚੇ ਕੁੱਝ ਚਿਰ ਰੌਲ਼ਾ ਪਾਇਆ ਪਰ ਫ਼ਿਰ ਮੇਰੀਆਂ ਮੱਸਾਂ ਫੁੱਟਦੀਆਂ ਵੇਖ ਚੁੱਪ ਕਰ ਗਿਆ। ਉਹਨੇ ਕਹਿਣਾ "ਪੁੱਤਰੋ! ਤੁਸਾਂ ਆਪਣੇ ਲਈ ਪੜ੍ਹਨਾ ਏ ਮੇਰੇ ਲਈ ਨਹੀਂ, ਇਹੋ ਵੇਲਾ ਏ ਦੋ ਚਾਰ ਵਰ੍ਹੇ ਬਸ ਹੋਰ ਕੀ, ਇਹਦੀ ਕਮਾਈ ਖਾਣੀ ਏ ਤੁਸਾਂ ਸਾਰੀ ਉਮਰ, ਚਾਰ ਵਰ੍ਹਿਆਂ ਨੇ ਚਾਲ੍ਹੀਆਂ ਦਾ ਲੇਖਾ ਕਰਨਾ ਏ, ਪੜ੍ਹ ਲਓ ਪੁੱਤਰੋ, ਨਹੀਂ ਤਾਂ ਕੰਮ ਕਰੋ। ਮੈਂ ਦਸ ਈ ਪੜ੍ਹੀਆਂ ਪਰ ਵੰਡ ਪਾਰੋਂ ਚੰਗੀ ਨੌਕਰੀ ਲੱਭ ਗਈ, ਤੁਹਾਨੂੰ ਨਹੀਂ ਲੱਭਣੀ ਮੈਨੂੰ ਲੱਗਦਾ।" ਪਰ ਸਾਡੇ ਅੰਦਰ ਤਾਂ ਸੀ ਲੱਗੀ ਹੋਈ ਅੱਗ। ਕਾਲਜ ਤੋਂ ਕਲਾਸਾਂ ਮੁਕਾ ਹੋਸਟਲ ਵਿੱਚ ਇਕੱਠ ਦਾ ਸੱਦਾ ਪਹਿਲਾਂ ਈ ਆਇਆ ਹੋਣਾ। ਇਕੱਠ ਵਿੱਚ ਨਵੀਂ ਵਾਪਰੀ ਉੱਤੇ ਵਿਚਾਰ ਸਾਂਝੇ ਪਏ ਹੋਣੇ। ਨਵੇਂ ਮੈਂਬਰ ਬਣਾਉਣ ਦੀ ਗੱਲ ਹੋਣੀ, ਦੂਜੇ ਕਾਲਜਾਂ ਤੋਂ ਪਰਾਹੁਣੇ ਆਗੂ ਆਏ ਹੋਣੇ। ਲੰਮੀਆਂ ਬੈਠਕਾਂ, ਲੰਮੀ ਗੱਲ ਬਾਤ, ਤੱਤੀ ਠੰਡੀ। ਆਗੂਆਂ ਉੱਚੀ ਉੱਚੀ ਰੋਹ ਵਿੱਚ ਬੋਲਣਾ, ਇੱਕਦੱਮ ਸਾਰਿਆਂ ਨੂੰ ਝਾੜ ਪੈ ਜਾਣੀ, ਕਈਆਂ ਦੇ ਮੂੰਹ ਬਣ ਜਾਣੇ। ਹਰ ਵੇਲੇ ਇਸਲਾਮੀ ਪਾਰਟੀ ਦੇ ਧਾੜੇ ਦਾ ਭੌ ਰਹਿਣਾ, ਟੱਕਰਾਂ ਦੀਆਂ ਗੱਲਾਂ ਹੋਣੀਆਂ, ਤਿਆਰੀ ਫੜਨ ਦੀ ਚਿਤਾਉਣੀ ਮਿਲਦੀ ਰਹਿਣੀ।

ਇੱਕ ਕੈੜੇ ਤੋਂ ਦੂਜੇ ਤੇ ਮੁੜ ਦੂਜੇ ਤੋਂ ਤੀਜੇ। ਐਵੇਂ ਈ ਸ਼ਾਮ ਪੈ ਜਾਣੀ ਤੇ ਅੱਧ ਰਾਤ ਵੀ ਹੋ ਜਾਣੀ। ਮੈਂ ਅਜੇ ਉੱਕਾ ਨਵਾਂ ਸਾਂ, ਰੋਜ਼ ਕੋਈ ਨਾ ਕੋਈ ਕਿਤਾਬ ਪੜ੍ਹਨ ਲਈ ਮਿਲ ਜਾਣੀ ਤੇ ਸਾਰੀ ਰਾਤ ਕਿਤਾਬ ਪੜ੍ਹਦੇ ਰਹਿਣਾ, ਕੁੱਝ ਸਮਝ ਆਣੀ ਕੁੱਝ ਨਾ। ਮੇਰੇ

ਕੁੱਝ ਰੌਲੇ ਬਣ ਗਏ, ਅਜੇ ਅਸੀਂ ਉਚੇਚ ਪੜ੍ਹਾਈ ਢਾਣੀ ਵਿੱਚ ਨਹੀਂ ਆਏ ਸਾਂ। ਮੇਰਾ ਇੱਕ ਰੌਲ਼ਾ ਰੱਬ ਦਾ ਬਣ ਗਿਆ। ਰੱਬ ਹੈ ਜਾਂ ਨਹੀਂ। ਰੋਜ਼ ਮੈਂ ਕਾਮਰੇਡ ਲੁਕਮਾਣੀ ਦੀ ਗੱਲ ਅੱਧ ਪੱਕੀ ਅੱਧ ਕੱਚੀ ਮੰਨ ਕੇ ਉੱਠਣਾ ਪਰ ਅੱਧ ਰਾਤੀਂ ਘਰ ਜਾਂਦੇ ਨੇ ਮੈਂ ਡਰੀ ਵੀ ਜਾਣਾ। ਜੇ ਰੱਬ ਹੋਇਆ ਤਾਂ ਫ਼ਿਰ। ਉਸ ਰਾਤੀਂ ਮੈਨੂੰ ਲੁਕਮਾਣੀ ਰੋਹ ਨਾਲ਼ ਝਾੜਿਆ, "ਤੈਨੂੰ ਦੱਸਿਆ ਈ ਨਾ ਉਹ ਨਹੀਂ ਏ, ਅਸਾਂ ਆਪ ਬਣਾਇਆ ਏ ਉਸ ਨੂੰ, ਸਾਡੇ ਡਰ ਨੇ ਬਣਾਇਆ ਏ। ਸਭ ਧਰਮ ਬੰਦੇ ਨੂੰ ਲੁੱਟਣ ਲਈ ਬਣੇ ਨੇ। ਗੁਨਾਹ ਸਿਵਾਬ ਕੁੱਝ ਵੀ ਨਹੀਂ। ਅਸਲ ਬੰਦਾ ਏ ਬਸ ਹੋਰ ਕੁੱਝ ਵੀ ਨਹੀਂ। ਇਹ ਕਿਤਾਬ ਕੱਲ੍ਹ ਤੂੰ ਪੜ੍ਹ ਕੇ ਆਵਣੀ ਏ।"

ਉਸ ਰਾਤ ਮੈਂ ਕੁੱਝ ਬੇ ਦਿਲੀ ਨਾਲ਼ ਉੱਠ ਆਇਆ ਤੇ ਸੋਚਿਆ ਹੁਣ ਇਹਦੇ ਨਾਲ਼ ਅੱਗੇ ਤੋਂ ਗੱਲ ਨਹੀਂ ਕਰਨੀ। ਇਹ ਤਾਂ ਮੇਰੀ ਸੁਣਦਾ ਈ ਨਹੀਂ। ਅੱਧ ਮੱਘਰ ਦੀ ਰਾਤ ਤੇ ਕਣੀ-ਕਣੀ ਸਿਆਲ ਦਾ ਪੌਂਦ ਮੀਂਹ ਵਰ੍ਹ ਪਿਆ। ਨਾਲ਼ ਹੌਲ਼ੀ-ਹੌਲ਼ੀ ਹਵਾ ਪਈ ਝੁੱਲੇ। ਮਾਲ ਰੋਡ ਦੇ ਨਾਲ਼ ਜਾਂਦੀ ਪਬਲਿਕ ਲਾਇਬਰੇਰੀ ਦੀ ਸੜਕ ਉੱਤੇ ਉੱਚੇ-ਉੱਚੇ ਰੁੱਖਾਂ ਮੈਨੂੰ ਟੁੰਬ ਜਿਹਾ ਲਿਆ। ਇਸ ਸੜਕ ਦੇ ਉੱਚੇ ਤੇ ਪੁਰਾਣੇ ਪਿੱਪਲਾਂ ਦੇ ਰੁੱਖ ਮੇਰੇ ਚੇਤੇ ਵਿੱਚ ਸਦਾ ਝੁੱਲਦੇ ਰਹਿੰਦੇ ਨੇ। ਠੰਡ ਨਾਲ਼ ਮੈਨੂੰ ਕੰਬਣੀ ਜਿਹੀ ਆ ਗਈ। ਸਾਰਾ ਦਿਨ ਰੋਟੀ ਖ਼ਬਰੇ ਖਾਧੀ ਸੀ ਕਿ ਨਾ ਤੇ ਮੂੰਹ ਚਾਹਵਾਂ ਤੇ ਸਿਗਰਟਾਂ ਨਾਲ਼ ਸੀ ਕੁਸੈਲਾ ਹੋਇਆ ਪਿਆ। ਚਿਸ਼ਤੀਆਂ ਹਾਈ ਸਕੂਲ ਦੀ ਗਰਾਊਂਡ ਵਿੱਚ ਮਿੱਟੀ ਰਲੇ ਮੀਂਹ ਦੀ ਰਚੀ ਵਾਸ਼ਨਾ ਨਾਲ਼ ਝੁੱਲਦੀ ਵਾਅ ਚੁਫ਼ੇਰੇ ਖਿੱਲਰੀ ਹੋਈ ਸੀ।

ਲਾਟ ਸਾਹਿਬ ਤੋਂ ਲੰਘਦਾ ਨੀਲੀ ਬਾਰ ਦਾ ਸਟੌਪ ਟੱਪ ਘਰ ਅੱਪੜੀ ਖਲੋਤਾ ਸਾਂ।

ਅੱਧ ਰਾਤ ਤੋਂ ਬਹੁਤੀ ਪਈ ਹੋਣੀ ਏ। ਮੀਂਹ ਤਾਂ ਬੰਦ ਹੋ ਗਿਆ ਭੋਏਂ ਨੂੰ ਭਿਓਂ ਕੇ ਤੇ ਤਾਰਕੋਲ ਦੀਆਂ ਸੜਕਾਂ ਦੀ ਗਿੱਲ ਲਿਸ਼ਕਦੀ ਪਈ ਸੀ। ਝੁੱਲਦੀ ਹਵਾ ਵਿੱਚ ਸੜਕਾਂ ਉੱਤੇ ਜਿਵੇਂ ਸ਼ੀਸ਼ੇ ਕੰਬਣ ਲੱਗ ਪਏ ਸਨ। ਬੱਦਲ ਨੱਸੀ ਜਾਂਦੇ ਪਏ ਸਨ, ਵਿੱਚ-ਵਿੱਚ ਚੰਦ ਬਾਲਾਂ ਵਾਂਗਰ ਝਾ ਜਿਹੀ ਕਰ ਕੇ ਲੁਕ ਛੁਪ ਜਾਂਦਾ। ਠੰਡ ਦੀ ਚੱਦਰ ਅੰਦਰ ਅਣਛੋਹਿਆ ਜਿਹਾ ਨਿੱਘ ਵੀ ਸੀ ਕਿਤੇ ਖ਼ਬਰੇ। ਕ੍ਰਿਸ਼ਨ-ਨਗਰ ਦੇ ਸਦਾ ਜਾਗਦੇ ਘਰ ਅੱਜ ਚੁੱਪ ਸਨ। ਨਿੰਮ੍ਹੀ-ਨਿੰਮ੍ਹੀ ਚਾਨਣੀ ਨੇ ਖੜ੍ਹੇ ਘਰਾਂ ਦੇ ਬੁੱਤ ਹੋਰ ਉਘੇੜ ਦਿੱਤੇ ਸਨ ਜਿਹੜੇ ਉਂਜ ਕਦੀ ਨਜ਼ਰੀਂ ਨਹੀਂ ਪੈਂਦੇ।

ਹੁਣ ਔਕੜ ਬਣੀ ਘਰ ਅੰਦਰ ਜਾਣ ਦੀ। ਬੂਹਾ ਖੜਕਾਇਆ ਤਾਂ ਸਾਰੇ ਉੱਠ ਪੈਣਗੇ। ਸਾਡੇ ਘਰ ਨਾਲ਼ ਖ਼ਾਲੀ ਪਲਾਟ ਦੀ ਕੰਧ ਟੱਪ ਮੈਂ ਪੜਛੱਤੀ ਤੋਂ ਆਪਣੇ ਕਮਰੇ ਦੀ ਬਾਹਰ ਖੁੱਲ੍ਹਦੀ ਬਾਰੀ ਖੋਲ੍ਹ ਕੇ ਅੰਦਰ ਸਾਂ। ਕੁੱਝ ਚਿਰ ਸਾਹ ਹੌਲਾ ਕੀਤਾ ਤੇ ਐਵੇਂ ਡਿਓੜ੍ਹੀ ਵਿੱਚ ਖੁਰ-ਖੁਰ ਹੋਈ। ਤੇ ਲੱਗਾ ਜਿਵੇਂ ਕਿਸੇ ਹੌਕਾ ਭਰਿਆ ਹੋਇਆ ਹੋਵੇ, ਜਿਵੇਂ ਕੋਈ ਡੁਸਕਿਆ ਹੋਵੇ ਖ਼ਬਰੇ। ਆਪਣੇ ਕਮਰੇ 'ਚੋਂ ਬਾਹਰ ਤੱਕਿਆ ਤਾਂ ਕੁੱਝ ਨਜ਼ਰੀਂ ਨਾ ਆਇਆ। ਮੈਂ ਡਰ ਜਿਹਾ ਗਿਆ ਤੇ ਲੁਕਮਾਣੀ ਦੀ ਗੱਲ ਚੇਤੇ ਆਵੇ ਰੱਬ ਬਾਰੇ

ਕੀਤੀ। ਰੱਬਾ ਖ਼ੈਰ ਕਰੀਂ, ਅਚੇਤੀਂ ਮੇਰੇ ਦਿਲ ਨੇ ਚਿਤਾਰਿਆ। ਰੱਬਾ ਮੁਆਫ਼ ਕਰ ਦੇ ਹੁਣ ਮੈਂ ਲੁਕਮਾਣੀ ਦੀ ਗੱਲ ਨਹੀਂ ਮੰਨਾਂਗਾ। ਹੌਲ਼ੀ-ਹੌਲ਼ੀ ਮੈਂ ਪੈਰ ਡਿਓੜ੍ਹੀ ਵਿੱਚ ਰੱਖਿਆ। ਉੱਕਾ ਚੁੱਪ ਹਨੇਰਾ ਸਾਰੇ ਥੱਕੇ ਟੁੱਟੇ ਸੁੱਤੇ ਪਏ ਸਨ ਦੂਜੇ ਕਮਰੇ ਵਿੱਚ। ਅਚਨਚੇਤ ਮੇਰਾ ਪੈਰ ਇੱਕ ਜੁੱਸੇ ਉੱਤੇ ਵੱਜਾ। ਉਹ ਪੁੱਠੀ ਮੂੰਹ ਪਰਨੇ ਫ਼ਰਸ਼ ਉੱਤੇ ਪਈ ਹੋਈ ਸੀ। ਉਹ ਮੇਰਿਆ ਰੱਬਾ! ਇਹ ਤਾਂ ਦੁਬਈ ਆਲਿਆਂ ਦੀ ਧੀ ਏ।

ਦੁਬਈ ਆਲੀ ਦੀ ਕਹਾਣੀ ਵੀ ਅਚਰਜ ਸੀ। ਇਹ ਟੱਬਰ ਚਿਰਾਂ ਤੋਂ ਦੁਬਈ ਰਹਿੰਦਾ ਹੋਵੇ ਤੇ ਉਨ੍ਹਾਂ ਦਾ ਘਰ ਅਸਾਡੀ ਗਲੀ ਵਿੱਚ ਸੀ। ਘਰ ਉਨ੍ਹਾਂ ਕਿਰਾਏ ਉੱਤੇ ਦਿੱਤਾ ਤੇ ਫ਼ਿਰ ਕਿਰਾਏਦਾਰ ਮੱਲ ਮਾਰ ਲਿਆ, ਜਿਉਂ ਹੁੰਦਾ ਏ। ਮੁਕੱਦਮਾ ਚੱਲਿਆ ਤੇ ਉਸ ਨੂੰ ਘਰ ਸੀ ਖ਼ਾਲੀ ਕਰਨਾ ਪੈਣਾ। ਕੁੱਝ ਵਰ੍ਹੇ ਲੰਘੇ ਪਰ ਦੁਬਈ ਆਲੀ ਦੇ ਦੁਆ ਕੇ ਮੁਕੱਦਮਾ ਜਿੱਤ ਲਿਆ ਪਰ ਕਬਜ਼ਾ ਹੁੰਦੇ ਹੁੰਦੇ ਸੀ ਹੋਣਾ। ਕਿਸੇ ਆਖਿਆ ਜਦ ਤੀਕ ਤੁਸੀਂ ਆਪੂੰ ਨਹੀਂ ਆਂਦੇ ਕਬਜ਼ਾ ਨਹੀਂ ਮਿਲਣਾ। ਬੰਦੇ ਤਾਂ ਸਾਰੇ ਦੁਬਈ ਨੌਕਰੀਆਂ ਕਰਦੇ ਸਨ ਇਸ ਲਈ ਦੁਬਈ ਆਲੀ ਸਾਰੇ ਬਾਲਾਂ ਨੂੰ ਲੈ ਕੇ ਪਰਤ ਆਈ ਪਰ ਘਰ ਦਾ ਕਬਜ਼ਾ ਅਜੇ ਵੀ ਨਾ ਮਿਲਿਆ। ਦੁਬਈ ਆਲੀ ਅਸਲੋਂ ਸ਼ਹਿਰ ਦੀ ਸੀ, ਰੰਗ ਮਹਿਲ ਦੀ, ਰੋਜ਼ ਆਇਆ ਕਰੇ ਤੇ ਮੁਹੱਲੇ ਵਿੱਚ ਆਪਣੇ ਘਰ ਰਹਿੰਦਿਆਂ ਨਾਲ਼ ਲੜਿਆ ਕਰੇ ਪਰ ਅਗਲੇ ਸਟੇਅ ਲਿਆ ਹੋਇਆ ਸੀ। ਦੋ ਚਾਰ ਬਾਲ ਉਹਦੇ ਨਾਲ਼ ਹੋਣੇ। ਕੋਈ ਰੋਂਦਾ ਖੇਡਦਾ ਪਿੱਛੇ-ਪਿੱਛੇ ਆਉਂਦਾ ਰਹਿਣਾ।

ਬਾਲ ਉਹਦੇ ਢੇਰ ਸਨ ਅੱਠ ਕਿ ਖ਼ਬਰੇ ਦਸ। ਦੁਬਈ ਆਲੀ ਸਾਕਾਂ ਵੱਲ ਠਹਿਰੀ ਸੀ। ਰੋਜ਼ ਉਸ ਰਿਕਸ਼ੇ ਵਿੱਚ ਫੇਰੇ ਮਾਰਨੇ ਤੇ ਕਦੀ ਕਦੀ ਮਾਂ ਨੂੰ ਮਿਲਣ ਵੀ ਆਣਾ। ਸਾਡੀ ਪੁਰਾਣੀ ਮੁਹੱਲੇਦਾਰਨੀ ਸੀ ਤੇ ਸਾਰਾ ਮੁਹੱਲਾ ਉਸ ਨਾਲ਼ ਸੀ ਪਰ ਕਿੱਥੇ, ਘਰ ਖ਼ਾਲੀ ਹੋਵੇ ਤੇ ਉਹ ਵੱਸੇ। ਇੱਕ ਦਿਨ ਉਸ ਮਾਂ ਨਾਲ਼ ਪਤਾ ਨਹੀਂ ਕੇਹੀ ਕਹਾਣੀ ਪਾਈ ਕਿ ਉਹ ਸਾਰੇ ਬਾਲ ਲੈ ਸਾਡੇ ਘਰ ਰਹਿਣ ਲਈ ਆ ਗਈ। ਖ਼ਬਰੇ ਕਿਰਾਏਦਾਰ ਉੱਤੇ ਜ਼ੋਰ ਪਾਵਣ ਲਈ ਪਰ ਮਾਂ ਖ਼ਿਆਲ ਨਾ ਕੀਤਾ ਪਈ ਇੱਕ ਕਮਰੇ ਵਿੱਚ ਸਾਰੇ ਕਿੰਜ ਰਹਿਣਗੇ ਪਰ ਉਹ ਹੇਠਾਂ ਫ਼ਰਸ਼ ਉੱਤੇ ਦਰੀਆਂ ਵਿਛਾ ਕੇ ਸੌਂ ਜਾਂਦੇ। ਸਾਰਾ ਦਿਨ ਚੀਕ ਚਿਹਾੜਾ ਪਿਆ ਰਹਿੰਦਾ, ਰੋਟੀਆਂ ਪੱਕਦੀਆਂ ਰਹਿੰਦੀਆਂ। ਬਜ਼ਾਰੋਂ ਬਾਲ ਸਾਰਾ ਦਿਨ ਸੌਦੇ ਲਿਆਂਦੇ ਰਹਿੰਦੇ। ਸਾਡੇ ਘਰ ਤਾਂ ਭੁੱਖਾਂ ਸਨ ਪਰ ਦੁਬਈ ਆਲੀ ਬਜ਼ਾਰ ਜਾ ਬੰਦੇ ਨੂੰ ਫ਼ੋਨ ਕਰਦੀ ਤੇ ਕੁੱਝ ਦਿਨਾਂ ਮਗਰੋਂ ਡਾਕੀਆ ਮਨੀਆਡਰ ਦੇ ਜਾਂਦਾ। ਚਾਚੀ ਨੇ ਬੜੀ ਲੜਾਈ ਪਾਈ ਮਾਂ ਨਾਲ਼ ਪਰ ਮਾਂ ਨੇ ਜਦ ਘਰ ਵਾੜ ਲਿਆ ਮੁੜ ਨਾਂਹ ਕਿਵੇਂ ਕਰਦੀ। ਦੁਬਈ ਆਲੀ ਉੱਚੀ ਲੰਮੀ ਸੀ, ਭਾਰੀ ਜੁੱਸਾ, ਕਾਲਾ ਸ਼ਾਹ ਰੰਗ ਤੇ ਨੱਕ ਵਿੱਚ ਚਮਕਦਾ ਲੌਂਗ, ਨੈਣ ਨਕਸ਼ ਫਬਦੇ ਸਨ। ਪਤਲਾ ਨੱਕ ਤੇ ਵੱਡੀਆਂ ਅੱਖਾਂ। ਉਸ ਮਾਂ ਨਾਲ਼ ਖਲੋ ਕੇ ਚਾਚੀ ਨੂੰ ਘੂਰੀ ਪਾਈ ਤੇ ਨਾਸਾਂ ਫੁਲਾ ਕੇ ਹੂੰ ਕੀਤਾ ਤੇ ਚਾਚੀ ਥੱਪ ਥੱਪ ਕਰਦੀ ਘਰ ਅੰਦਰ ਵੜ ਗਈ ਤੇ ਸਾਡਾ ਘਰ ਉੱਤੇ ਰਾਜ ਹੋ ਗਿਆ, ਬਹੁੰ ਥੋੜ੍ਹੇ ਚਿਰ ਲਈ, ਖ਼ਬਰੇ ਇੱਕ ਮਹੀਨੇ ਤੋਂ ਵੀ ਘੱਟ ਦਿਨਾਂ ਲਈ।

ਮੈਨੂੰ ਚੇਤੇ ਏ ਪਈ ਉੱਤੇ ਘਰ ਵਿੱਚ ਪਾਣੀ ਦਾ ਨਲਕਾ ਨਹੀਂ ਸੀ। ਉੱਤੇ ਵੱਡੇ

ਕਮਰੇ ਵਿੱਚ ਈ ਰੋਟੀ ਦਾ ਚੁਲ੍ਹਾ ਵੀ ਸੀ। ਭਾਂਡੇ ਧੋਣ ਦੀ ਥਾਂ ਨਹੀਂ ਸੀ। ਇੱਕ ਪਾਸੇ ਕੰਧ ਨਾਲ਼ ਨਿੱਕਾ ਜਿਹਾ ਚੁਲ੍ਹਾ ਸੀ ਤੇ ਉੱਥੇ ਈ ਭਾਂਡੇ ਧੋਤੇ ਜਾਂਦੇ ਸਨ। ਪਾਣੀ ਲਈ ਪਰਨਾਲਾ ਕੋਈ ਨਹੀਂ ਸੀ ਇਸ ਲਈ ਪਾਣੀ ਸਿੱਧਾ ਪੜਛੱਤੀ ਤੋਂ ਹੇਠਾਂ ਵਗਦਾ ਸੀ ਤੇ ਕੰਧ ਨਾਲ਼ ਵਗਦਾ ਨਾਲੀ ਵਿੱਚ ਜਾ ਰਲਦਾ ਸੀ। ਸੀਵਰਜ ਅਜੇ ਆਏ ਨਹੀਂ ਸਨ। ਗਲੀਆਂ ਅੱਧ ਪੱਕੀਆਂ ਅੱਧ ਕੱਚੀਆਂ ਸਨ। ਸਾਰਾ ਦਿਨ ਅਸੀਂ ਹੇਠੋਂ ਬਾਲਟੀ ਵਿੱਚ ਪਾਣੀ ਭਰ ਲਿਆਣਾ ਜਿਸ ਨਾਲ਼ ਪੌੜੀਆਂ ਸਦਾ ਗਿੱਲੀਆਂ ਰਹਿਣੀਆਂ ਤੇ ਕਦੀ ਬਾਲ ਤਿਲਕ ਜਾਣੇ ਤੇ ਸੱਟਾਂ ਵੀ ਲੱਗਣੀਆਂ। ਦੁਬਈ ਆਲੀ ਦੀ ਸਭ ਤੋਂ ਵੱਡੀ ਧੀ ਸੀ ਪਰ ਉਸ ਨੂੰ ਬਹੁੰ ਮਾਰਦੀ ਸੀ ਪਤਾ ਨਹੀਂ ਕਿਉਂ ? ਕਾਲਾ ਸ਼ਾਹ ਉਸ ਦਾ ਰੰਗ ਤੇ ਖ਼ਬਰੇ ਮੈਥੋਂ ਇੱਕ ਦੋ ਵਰ੍ਹੇ ਨਿੱਕੀ ਹੋਵੇ। ਸਕੂਲ ਦੇ ਅਖ਼ੀਰ ਵਰ੍ਹੇ ਵਿੱਚ। ਪਰ ਇੰਜ ਮਾਂ ਤੋਂ ਡਰੀ ਕੰਮ ਕਰਦੀ ਰਹਿੰਦੀ ਪਈ ਕਦੀ ਉਸ ਦਾ ਖ਼ਿਆਲ ਨਹੀਂ ਸੀ ਆਇਆ।

ਮੈਂ ਉਂਜ ਵੀ ਕਾਲਜ ਸਾਂ, ਮੈਟਰਿਕ ਵਿੱਚੋਂ ਮੇਰੀ ਫ਼ਸਟ ਡਵੀਜ਼ਨ ਆਈ ਸੀ ਤੇ ਮੈਂ ਯੂਨੀਫ਼ਾਰਮ ਪਾ ਕੇ ਆਕੜ ਕੇ ਕਾਲਜ ਜਾਣਾ। ਇੱਕ ਚਾਚਾ ਮੇਰੇ ਸਾਰੇ ਤਾਲੀਮੀ ਖ਼ਰਚੇ ਤਾਰ ਰਿਹਾ ਸੀ ਜਿਸ ਦਾ ਖ਼ਿਆਲ ਸੀ ਮੈਂ ਇੱਕ ਦਿਨ ਅਫ਼ਸਰ ਬਣ ਜਾਵਾਂਗਾ ਜੋ ਉਹ ਆਪੂੰ ਨਹੀਂ ਸੀ ਬਣ ਸਕਿਆ। ਉੱਤੋਂ ਮੈਂ ਨਵਾਂ ਨਵਾਂ 'ਇਨਕਲਾਬੀ' ਹੋਇਆ ਸਾਂ ਇਸ ਲਈ ਮੁਹੱਲੇ ਦੇ ਪੁਰਾਣੇ ਯਾਰਾਂ ਨੂੰ ਇੰਜ ਤੱਕਣਾ ਸਾਂ ਪਈ ਤੁਹਾਨੂੰ ਕੀ ਪਤਾ ਜੱਗ ਕਿੱਥੇ ਜਾਂਦਾ ਪਿਆ ਏ ? ਤੁਸੀਂ ਗਲੀ ਦੇ ਡੱਡੂ ਓ ਤੇ ਤੁਸੀਂ ਇੰਜ ਈ ਰਹਿਣਾ ਏ। ਦੂਜੇ ਮੇਰਾ ਨਿੱਕਾ ਜਿਹਾ ਕਮਰਾ ਵੱਖਰਾ ਸੀ ਤੇ ਮੈਂ ਆਖਿਆ ਮੇਰੇ ਕਮਰੇ ਵੱਲ ਕੋਈ ਮੂੰਹ ਨਾ ਕਰੇ। ਮੇਰੇ ਆਪਣੇ ਭਰਾਵਾਂ ਦੀ ਤਾਂ ਕੋਈ ਗੱਲ ਨਹੀਂ ਸੀ ਪਰ ਮੈਂ ਦੁਬਈ ਆਲੀ ਦੇ ਬਾਲਾਂ ਨੂੰ ਚੰਗਾ ਡਰਾਇਆ ਹੋਇਆ ਸੀ। ਸਾਰਾ ਦਿਨ ਕਾਲਜ ਦੇ ਨਵੇਂ ਬਣਾਏ ਯਾਰਾਂ ਬੇਲੀਆਂ ਨਾਲ਼ ਫਿਰਦੇ ਰਹਿਣਾ ਤੇ ਚਿਰਕੇ ਘਰ ਆਵਣਾ।

ਮੇਰਾ ਪੈਰ ਹੇਠਾਂ ਲੰਮੀ ਪਈ ਦੇ ਜੁੱਸੇ ਨਾਲ਼ ਵੱਜਾ ਤਾਂ ਉਹ ਹੌਲ਼ੀ ਜਿਹੀ ਪੀੜ ਨਾਲ਼ ਡੁਸਕੀ। ਮੈਂ ਨਿਉਂ ਉਹਨੂੰ ਵੇਖਣ ਦਾ ਆਹਰ ਕੀਤਾ ਤੇ ਉਹ ਉਂਜ ਈ ਮੂੰਹ ਪਰਨੇ ਲੰਮੀ ਪਈ ਰਹੀ। ਉਹ ਮੇਰਿਆ ਰੱਬਾ ! ਇਹ ਤਾਂ ਦੁਬਈ ਆਲੀ ਦੀ ਵੱਡੀ ਧੀ ਏ। ਮੂੰਹੋਂ ਉਹ ਕੁੱਝ ਨਾ ਬੋਲੀ ਤੇ ਮੈਨੂੰ ਇਹੋ ਸਮਝ ਪਈ ਮਾਂ ਨੇ ਅੱਜ ਉਸ ਨੂੰ ਰੱਜ ਮਾਰਿਆ ਏ ਤੇ ਉਹ ਰੋਂਦੀ ਰੋਂਦੀ ਐਥੇ ਈ ਸੌਂ ਗਈ ਏ। ਅੱਗੇ ਵੀ ਕਈ ਵਾਰੀ ਇੰਜ ਈ ਹੋਇਆ ਸੀ ਪਰ ਮੈਂ ਬਹੁਤਾ ਧਿਆਨ ਨਹੀਂ ਸੀ ਕੀਤਾ। ਹਾਂ ਮਾਂ ਹਮੇਸ਼ ਉਸ ਨੂੰ ਝਿੜਕਦੀ ਸੀ ਪਈ ਧੀ ਨੂੰ ਇੰਜ ਨਾ ਮਾਰਿਆ ਕਰੇ ਤੇ ਉਹਦੀ ਮਾਂ ਆਖਣਾ, "ਪਤਾ ਨਹੀਂ ਕਿਥੋਂ ਚਿਬੜ ਗਈ ਸਾਨੂੰ। ਲੱਗਦੀ ਏ ਮੇਰੀ ਧੀ ? ਨਾ ਮੂੰਹ ਨਾ ਮੱਥਾ, ਜਿੰਨ ਪਹਾੜੋਂ ਲੱਥਾ। ਮੈਂ ਤਾਂ ਮੁੰਡਾ ਚਾਹੁੰਨੀ ਸਾਂ ਜੋ ਏਨ੍ਹਾਂ ਦੇ ਅੱਬੇ ਦਾ ਹੱਥ ਵੰਡਾਂਦਾ। ਮੈਂ ਤਾਂ ਕਹਿਨੀ ਆਂ, ਅੱਜ ਮਰ ਜਾਏ। ਮਗਰੋਂ ਲੱਥੇ, ਦਫ਼ਾ ਹੋਵੇ, ਪਰ੍ਹਾਂ।" ਭਾਵੇਂ ਇਸ ਕੁੜੀ ਮਗਰੋਂ ਉਹਨੇ ਮੁੰਡੇ ਵੀ ਜੰਮੇਂ ਪਰ ਇਸ ਨਾਲ਼ ਖ਼ਬਰੇ ਉਸ ਨੂੰ ਕਿਹੜਾ ਵੈਰ ਸੀ। ਉਂਜ ਉਹ ਸਾਰਾ ਦਿਨ ਕੰਮੇਂ ਰੁੱਝੀ ਰਹਿੰਦੀ, ਰੋਟੀ ਟੁੱਕਰ, ਨਿੱਕੇ ਬਾਲਾਂ ਨੂੰ ਸਾਂਭਣਾ, ਮੂੰਹ ਧੋਣੇ, ਨਾਹਣਾ ਧੋਣਾ, ਝਾੜ ਪੂੰਝ ਤੇ ਜੇ ਉਸ ਤੋਂ ਕੋਈ ਕੰਮ ਰਹਿ ਜਾਣਾ ਜਾਂ ਕੋਈ ਭਾਂਡਾ ਟੁੱਟ ਜਾਣਾ ਉਹਦੀ ਮਾਂ ਨੇ ਮਾਰ ਮਾਰ ਕੇ ਉਸ ਦਾ ਤ੍ਰਾਹ ਕੱਢ

ਦੇਣਾ। ਇਸ ਗੱਲ ਉੱਤੇ ਮੈਂ ਵੀ ਬੜਾ ਭੈੜਾ ਪਿਆ ਸਾਂ ਪਰ ਦੁਬਈ ਆਲੀ ਨਾਲ਼ ਗੱਲ ਕੌਣ ਕਰੇ। ਆਪਣੇ ਪੱਲਿਓਂ ਰੋਟੀਆਂ ਖੁਆ ਕੇ ਉਸ ਸਾਡੇ ਮੂੰਹ ਵੀ ਬੰਦ ਕਰ ਦਿੱਤੇ ਸਨ।

ਮੈਨੂੰ ਸਾਰੀ ਗੱਲ ਦੀ ਸਮਝ ਆ ਗਈ ਸੀ। ਮੈਂ ਭੁੰਜੇ ਉਸ ਕੋਲ ਬਹਿ ਗਿਆ ਤੇ ਹੌਲ਼ੀ ਜਿਹਾ ਆਪਣਾ ਹੱਥ ਉਸ ਦੇ ਜੁੱਸੇ ਉੱਤੇ ਫੇਰਿਆ। ਉਹ ਪੀੜ ਨਾਲ਼ ਹੌਲ਼ੀ ਜਿਹੀ ਬੁਸਕੀ। ਡਰ ਦੀ ਲਹਿਰ ਅੰਦਰੋਂ ਲੰਘ ਗਈ ਜੇ ਕੋਈ ਜਾਗਦਾ ਹੋਇਆ। ਮੈਂ ਹੌਲ਼ੀ ਜਿਹੀ ਨਿਉਂ ਉਸ ਦੇ ਕੰਨ ਵਿੱਚ ਆਖਿਆ ਕੀ ਮਾਂ ਨੇ ਬਹੁਤ ਮਾਰਿਆ ਏ। ਉਸ ਕੋਈ ਜਵਾਬ ਨਾ ਦਿੱਤਾ ਸਗੋਂ ਮੇਰਾ ਹੱਥ ਘੁੱਟ ਕੇ ਫੜ ਲਿਆ। ਮੈਂ ਕੁੱਝ ਚਿਰ ਇੰਜ ਈ ਪੱਬਾਂ ਪਰਨੇ ਬੈਠਾ ਰਿਹਾ ਤੇ ਮੁੜ ਉਸ ਨੂੰ ਹੌਲ਼ੀ-ਹੌਲ਼ੀ ਘਸੀਟਦਾ ਆਪਣੇ ਨਿੱਕੇ ਕਮਰੇ ਵਿੱਚ ਲੈ ਆਇਆ। ਉਹ ਹੌਲ਼ੀ-ਹੌਲ਼ੀ ਪੀੜ ਨਾਲ਼ ਕੁਰਲਾਂਦੀ ਪਈ ਸੀ। ਮੈਂ ਕਮਰੇ ਦੀ ਬੱਤੀ ਨਾ ਬਾਲੀ ਤੇ ਉਸ ਨੂੰ ਫ਼ਰਸ਼ ਉੱਤੇ ਇੱਕ ਪਾਸੇ ਵਿੱਛੀ ਦਰੀ ਤੀਕ ਲੈ ਆਇਆ। ਕਮਰੇ ਦੀ ਖੁੱਲ੍ਹੀ ਖਿੜਕੀ 'ਚੋਂ ਸਟਰੀਟ ਲਾਈਟ ਦਾ ਨਿੰਮ੍ਹਾ-ਨਿੰਮ੍ਹਾ ਚਾਨਣ ਅੱਤ ਗੂੜ੍ਹੇ ਹਨੇਰੇ ਵਿੱਚ ਮਸਾਂ ਵੇਖਣ ਦੀ ਵਿੱਥ ਬਣਾ ਰਿਹਾ ਸੀ। ਬਾਹਰ ਵਗਦੀ ਤੇਜ਼ ਵਾਅ ਦੀ ਸ਼ੂਕਰ ਜਿਹੀ ਉੱਠਦੀ ਤੇ ਬਹਿ ਜਾਂਦੀ। ਐਵੇਂ ਠੰਡ ਜਿਹੀ ਵਧਦੀ ਤੇ ਫ਼ਿਰ ਮੱਠੀ ਪੈ ਜਾਂਦੀ ਪਰ ਜੁੱਸੇ ਨੂੰ ਹਲੂਣਾ ਜਿਹਾ ਵੀ ਦੇ ਜਾਂਦੀ। ਬਾਹਰੋਂ ਆਉਂਦੇ ਮਾੜੇ ਜਿਹੇ ਚਾਨਣ ਵਿੱਚ ਮੈਂ ਉਸ ਨੂੰ ਸਿੱਧਾ ਕੀਤਾ ਤੇ ਮੁੱਖ ਤੱਕਿਆ। ਉਸ ਅਜੇ ਵੀ ਮੇਰਾ ਹੱਥ ਘੁੱਟ ਕੇ ਫੜਿਆ ਹੋਇਆ ਸੀ ਤੇ ਉਹਦੇ ਭਖਦੇ ਸਰੀਰ ਦਾ ਸੇਕ ਮੇਰੇ ਸਰੀਰ ਵਿੱਚ ਰਚਦਾ ਰਿਹਾ। ਹਯਾਤੀ ਵਿੱਚ ਪਹਿਲੀ ਵਾਰ ਕਿਸੀ ਕੁੜੀ ਨੇ ਇੰਜ ਮੇਰਾ ਹੱਥ ਫੜਿਆ ਸੀ ਤੇ ਮੈਂ ਡਰਾਂ ਵੀ ਪਰ ਉਹਦੇ ਜੁੱਸੇ ਰਾਹੀਂ ਆਉਂਦਾ ਸੇਕ ਡਰ ਨੂੰ ਸਾੜ ਵੀ ਰਿਹਾ ਸੀ। ਉਸ ਦੇ ਮੂੰਹ ਉੱਤੇ ਕਿੰਨਾ ਚਿਰ ਰੋਣ ਪਾਰੋਂ ਅੱਥਰੂ ਸੁੱਕ ਗਏ ਸਨ ਤੇ ਉਨ੍ਹਾਂ ਦੇ ਵਿੰਗੇ ਧੜਿੰਗੇ ਨਿਸ਼ਾਨ ਪੈ ਗਏ ਸਨ।

ਸਹਿਜੇ ਮੈਂ ਉਸ ਦੇ ਮੂੰਹ ਉੱਤੇ ਹੱਥ ਫੇਰਿਆ ਤੇ ਮੁੜ ਚੁੱਪ ਚੁਪੀਤੇ ਕੁੱਝ ਅੱਥਰੂ ਉਸ ਦੇ ਮੂੰਹ ਉੱਤੇ ਵੱਗ ਗਏ। ਮੈਨੂੰ ਖ਼ਬਰੇ ਕੀ ਹੋਇਆ ਮੈਂ ਉਨ੍ਹਾਂ ਅੱਥਰੂਆਂ ਉੱਤੇ ਆਪਣੇ ਬੁੱਲ੍ਹ ਰੱਖ ਦਿੱਤੇ ਤੇ ਫ਼ਿਰ ਉਸ ਨੂੰ ਚੁੰਮਣ ਲੱਗ ਪਿਆ। ਉਸ ਲੱਜ ਨਾਲ਼ ਹੱਥਾਂ ਨਾਲ਼ ਆਪਣਾ ਮੂੰਹ ਕੱਜ ਲਿਆ। ਮੈਂ ਉਸ ਨਾਲ਼ ਈ ਲੰਮਾ ਪੈ ਗਿਆ ਤੇ ਉਹਨੂੰ ਘੁੱਟ ਕੇ ਆਪਣੇ ਨਾਲ਼ ਲਾ ਲਿਆ ਤੇ ਉਸ ਨੂੰ ਚੁੰਮਦਾ ਰਿਹਾ, ਉਹ ਕੁੱਝ ਚਿਰ ਮੈਨੂੰ ਪਿਛਾਂਹ ਧੱਕਦੀ ਰਹੀ ਤੇ ਅਖ਼ੀਰ ਸਰੀਰ ਨੂੰ ਢਿੱਲਾ ਛੱਡ ਦਿੱਤਾ। ਮੈਂ ਉਸ ਤੋਂ ਵਾਰ ਵਾਰ ਪੁੱਛਦਾ ਰਿਹਾ ਕੀ ਮਾਂ ਨੇ ਬਹੁਤ ਮਾਰਿਆ ਏ? ਕਿੱਥੇ ਮਾਰਿਆ ਏ? ਕਿੱਥੇ ਪੀੜ ਹੁੰਦੀ ਪਈ ਏ? ਉਸ ਮੇਰੇ ਮੂੰਹ ਉੱਤੇ ਹੱਥ ਰੱਖ ਦਿੱਤਾ ਤੇ ਚੁੱਪ ਕਰਨ ਦਾ ਤਰਲਾ ਕੀਤਾ। ਬਾਹਰ ਵਗਦੀ ਵਾਅ ਐਵੇਂ ਬਾਰੀਆਂ ਨਾਲ਼ ਵੱਜਦੀ ਤੇ ਫ਼ੇਰ ਹੌਲ਼ੀ-ਹੌਲ਼ੀ ਕਣੀਆਂ ਵੀ ਪੈਣ ਲੱਗ ਪਈਆਂ। ਪਰ ਅੱਧ ਮੱਘਰ ਦਾ ਮੀਂਹ ਕਦੇ ਰੱਜ ਨਹੀਂ ਵੱਸਦਾ, ਐਵੇਂ ਛੱਟਾ ਜਿਹਾ ਵੱਜਦਾ ਏ ਪਰ ਪੁਰਾਣੀ ਰੁੱਤ ਨੂੰ ਸੰਨ੍ਹ ਲਾ ਕੇ ਰੁੱਤ ਨਵੀਂ ਕਰ ਦੇਂਦਾ ਏ, ਠੰਡ ਵਧਾ ਦੇਂਦਾ ਏ।

ਕਿੰਨੀ ਦੇਰ ਅਸੀਂ ਇੰਜ ਈ ਲੰਮੇ ਪਏ ਰਹੇ, ਇੱਕ ਦੂਜੇ ਨੂੰ ਘੁੱਟ ਕੇ। ਸਾਡੇ ਸਰੀਰਾਂ 'ਚੋਂ ਸੇਕ ਇੱਕ ਦੂਜੇ ਵਿੱਚ ਚੋਆ-ਚੋਆ ਸਿਮਦਾ ਰਿਹਾ, ਜੇ ਮੈਂ ਹੱਥ ਉਹਦੇ ਸਰੀਰ ਉੱਤੋਂ ਇੱਧਰ-ਉੱਧਰ ਕਰਦਾ ਉਹ ਮੇਰੇ ਹੱਥ ਨੱਪ ਲੈਂਦੀ ਤੇ ਹਿੱਲਣ ਨਾ ਦੇਂਦੀ। ਹਨੇਰੇ

ਪਾਰੋਂ ਪਤਾ ਵੀ ਨਾ ਲੱਗੇ ਪਈ ਉਹਦੀ ਪੀੜ ਘੱਟ ਹੋਈ ਏ ਜਾਂ ਨਾਂਹ। ਪਰ ਫ਼ਿਰ ਉਹ ਸ਼ਾਂਤ ਹੋ ਗਈ। ਇਸ ਗੱਲ ਦੀ ਸਾਰ ਮੈਨੂੰ ਹਯਾਤੀ ਦੇ ਬਹੁਤ ਵਰ੍ਹਿਆਂ ਪਿੱਛੋਂ ਹੋਈ ਪਈ ਨਿਰੀ ਛੋਹ ਈ ਬੰਦੇ ਨੂੰ ਕਿੰਜ ਨਹਾਲ ਦੇਂਦੀ ਏ, ਬੁਹਾਰ ਦੇਂਦੀ ਏ। ਤੇ ਫ਼ਿਰ ਪਤਾ ਨਹੀਂ ਕਦੋਂ ਅਸੀਂ ਸੌਂ ਗਏ ਜਾਂ ਮੈਂ ਸੌਂ ਗਿਆ। ਫਰੌਂਤੂ ਹੋਵਣ ਪਾਰੋਂ ਸਾਰੇ ਦਿਨ ਦਾ ਥਕੇਵਾਂ ਤਾਂ ਅੰਤਾਂ ਦਾ ਸੀ ਪਰ ਉਸ ਦੀ ਛੋਹ ਸਭ ਭੁਲਾ ਦਿੱਤਾ।

ਅਗਲੇ ਦਿਹਾੜੇ ਮੈਂ ਚਿਰਕਾ ਈ ਸੁੱਤਾ ਰਿਹਾ ਖ਼ਬਰੇ ਕਿਸ ਵੇਲੇ ਅੱਖ ਲੱਗੀ ਸੀ ਪਰ ਹੁਣ ਉਹ ਮੇਰੇ ਨਾਲ਼ ਨਹੀਂ ਸੀ। ਬਾਹਰ ਸੂਰਜ ਸਿਰ ਉੱਤੇ ਚੜ੍ਹ ਆਇਆ ਸੀ ਪਰ ਪਿਛਲੀ ਰਾਤ ਦੇ ਮੀਂਹ ਪਾਰੋਂ ਰੁੱਤ ਵਿੱਚ ਮਾੜਾ ਜਿਹਾ ਠੰਡ ਦਾ ਸਵਾਦ ਸੀ। ਆਪਣਾ ਕਮਰਾ ਮੈਨੂੰ ਇੰਨਾ ਸੁੰਜਾ ਕਦੀ ਨਹੀਂ ਸੀ ਲੱਗਾ, ਦਿਲ ਇੰਨਾ ਸੱਖਣਾ ਕਦੀ ਨਹੀਂ ਸੀ ਹੋਇਆ। ਪਹਿਲੀ ਵਾਰ ਕਿਸੇ ਦਾ ਇੰਨਾ ਨੇੜੇ ਆਵਣ ਤੇ ਮੁੜ ਇੰਜ ਗ਼ੈਬ ਹੋ ਜਾਵਣ ਜਿਵੇਂ ਇਹ ਇੱਕ ਸੁਫ਼ਨਾ ਸੀ। ਮੇਰੇ ਅੰਦਰ ਤਰਸੇਵੇਂ ਦੀ ਇੱਕ ਟੀਸ ਜਿਹੀ ਉੱਠੀ ਤੇ ਮੈਨੂੰ ਰੋਣ ਹਾਕਾ ਕਰ ਗਈ। ਪਤਾ ਨਹੀਂ ਉਹ ਕਦੋਂ ਉੱਠ ਕੇ ਤੁਰ ਗਈ ਜਾਂ ਖਬਰੇ ਮੈਨੂੰ ਸਵਾ ਕੇ ਆਪੀਂ ਤੁਰ ਗਈ। ਜਿਵੇਂ ਰੋਜ਼ ਦਾ ਵਿਹਾਰ ਸੀ ਮੈਂ ਤਿਆਰ ਹੋ ਕੇ ਮਾਂ ਕੋਲੋਂ ਇੱਕ ਦੋ ਰੁਪਏ ਲੈ ਕੇ ਕਾਲਜ ਤੁਰ ਜਾਂਦਾ ਸਾਂ ਤੇ ਰਾਤੀਂ ਚਿਰਕੇ ਪਰਤਦਾ ਸਾਂ। ਉਸ ਦਿਨ ਮੈਂ ਵਾਹਵਾ ਅਰਾਮ ਨਾਲ਼ ਹੌਲ਼ੀ-ਹੌਲ਼ੀ ਨਾਹਤਾ, ਤਿਆਰ ਹੋਇਆ ਤਾਂ ਜੋ ਉਹ ਨਜ਼ਰੀਂ ਆਏ ਪਰ ਉਹ ਮੈਨੂੰ ਕਿਤੇ ਨਜ਼ਰੀਂ ਨਾ ਆਈ। ਕਦੀ ਕਦੀ ਉਹ ਦੂਜੇ ਬਾਲਾਂ ਨਾਲ਼ ਬਜ਼ਾਰੋਂ ਸੌਦਾ ਲੈਣ ਵੀ ਤੁਰ ਜਾਂਦੀ ਸੀ। ਹਰ ਵੇਲੇ ਉਹਨੂੰ ਮੁੜ੍ਹਕਾ ਆਇਆ ਹੋਣਾ ਤੇ ਦੁਪੱਟੇ ਨਾਲ਼ ਕਾਹਲੀ ਕਾਹਲੀ ਮੂੰਹ ਪੂੰਝਦੀ ਰਹਿਣਾ। ਇੱਕ ਵਾਰੀ ਮੈਨੂੰ ਖ਼ਿਆਲ ਆਇਆ ਉਸ ਦੀ ਮਾਂ ਤੋਂ ਪੁੱਛਾਂ ਕਿਉਂ ਰਾਤੀਂ ਉਸ ਨੂੰ ਇੰਨਾ ਮਾਰਿਆ ਸੂ ਪਰ ਫ਼ਿਰ ਸੋਚਿਆ ਉਹ ਪੁੱਛੇਗੀ ਪਈ ਤੂੰ ਤਾਂ ਚਿਰ ਕੇ ਆਣਾ ਏ ਤੈਨੂੰ ਕਿਥੋਂ ਪਤਾ ਲੱਗਾ। ਇਸ ਲਈ ਮੈਂ ਦੜ ਵੱਟ ਗਿਆ।

ਉਸ ਨੂੰ ਮੈਂ ਮੁੜ ਕਦੀ ਨਾ ਡਿੱਠਾ। ਕੁੱਝ ਦਿਨਾਂ ਪਿੱਛੋਂ ਦੁਬਈ ਆਲੀ ਨੇ ਈਦੇ ਨੂੰ ਕੁੱਝ ਪੈਸੇ ਲਾ ਕੇ ਬਦਮਾਸ਼ੀ ਨਾਲ਼ ਘਰ ਖ਼ਾਲੀ ਕਰਾ ਲਿਆ ਤੇ ਆਪਣੇ ਘਰ ਚਲੀ ਗਈ। ਈਦਾ ਸਾਡੀ ਗਲੀ ਦਾ ਬਦਨਾਮ ਬੰਦਾ ਸੀ ਤੇ ਕੁੱਝ ਪੈਸੇ ਲੈ ਕੇ ਨਿੱਕੇ ਮੋਟੇ ਕੰਮ ਕਰ ਦੇਂਦਾ ਸੀ। ਉਂਜ ਉਹ ਕਿਸੇ ਕੰਮ ਵਿੱਚ ਕਦੀ ਪੰਗਾ ਨਹੀਂ ਲੈਂਦਾ ਸੀ ਤੇ ਜਦ ਤੀਕ ਅਗਲਾ ਆਪ ਨਾ ਉਸ ਨੂੰ ਕੁੱਝ ਚੰਗਾ ਭੈੜਾ ਕੰਮ ਕਰਨ ਲਈ ਆਖੇ। ਮੈਨੂੰ ਜਦ ਵੀ ਮੁਹੱਲੇ ਵਿੱਚ ਦੁਬਈ ਆਲੀ ਟੱਕਰਦੀ ਤੇ ਹਮੇਸ਼ ਘਰ ਆਵਣ ਦੀ ਸਲਾਹ ਮਾਰਦੀ ਪਰ ਮੈਂ ਵਲਾ ਜਾਂਦਾ। ਇੱਕ ਦੋ ਵਾਰੀ ਗਿਆ ਵੀ ਪਰ ਉਹ ਨਾ ਸਾਹਮਣੇ ਆਈ। ਮੁੜ ਛੇਤੀਂ ਉਹਦਾ ਵਿਆਹ ਹੋ ਗਿਆ ਤੇ ਪਤਾ ਨਹੀਂ ਕਿੱਥੇ ਤੁਰ ਗਈ। ਮੈਂ ਆਪ ਵੀ ਨਵੀਂ ਸਿਆਸਤ ਵਿੱਚ ਰੁੱਝਦਾ ਗਿਆ ਤੇ ਮੁਹੱਲੇ ਤੋਂ ਉੱਕਾ ਦੁਰਾਡਾ ਹੁੰਦਾ ਗਿਆ। ਕੁੱਝ ਵਰ੍ਹਿਆਂ ਮਗਰੋਂ ਮੁਹੱਲਾ ਵੀ ਛੱਡ ਦਿੱਤਾ ਤੇ ਉਹ ਰਾਤ ਅੱਧ ਮੱਘਰ ਦੇ ਚੰਦ ਵਾਂਗਰ ਚੇਤੇ ਦੇ ਬੰਨਿਆਂ ਉੱਤੇ ਉਤਸ਼ਾਂਹਦੀ, ਮੇਰੀ ਹਯਾਤੀ ਦੀਆਂ ਸੁੰਜੀਆਂ ਰਾਤਾਂ ਦੇ ਚੁੱਪ ਕੰਢਿਆਂ ਉੱਤੇ ਹਮੇਸ਼ਾ ਆਬਾਦ, ਸਦਾ ਮੌਲਦੀ, ਕੋਸੇ ਸਾਹਵਾਂ ਅੰਦਰ ਨਿੱਤ ਬੋਲਦੀ ਰਹਿੰਦੀ ਏ।

# ਅੱਗ ਲੱਗੇ ਦਰਿਆ

ਇੱਕ ਪੁਰਾਣੇ ਕਮਰੇ ਬੈਠਾਂ। ਦੂਜੀ ਮੰਜ਼ਲੇ ਵੱਡੀ ਇਮਾਰਤ। ਇਮਾਰਤ ਉੱਕਾ ਕਾਲੀ, ਜੀਅ ਕੋਈ ਨਹੀਂ। ਅਸਲੋਂ ਇਹ ਇਮਾਰਤ ਪੁਰਾਣੀ ਹੋਵਣ ਪਾਰੋਂ ਬੰਦ ਹੋਈ ਜਾਪਦੀ। ਕਦੇ ਹੁੰਦੀ ਸੀ ਰੱਜ ਆਬਾਦ,ਵਸੀ ਰਸੀ। ਕਿੱਥੇ ਰਾਤ ਨੂੰ ਜਾ ਚੁੱਪ ਲੱਥਣੀ। ਗੋਲ ਘੁੰਮ ਘੇਰ ਪੌੜੀਆਂ ਪੁਰਾਣਿਆਂ ਵੇਲਿਆਂ ਦੀਆਂ ਤੇ ਜਦ ਤੁਸੀਂ ਪੌੜੀਆਂ ਚੜ੍ਹ ਕੇ ਉੱਤੇ ਅੱਪੜੋ ਇੱਕ ਲੰਮਾ ਬਰਾਂਡਾ, ਤੇ ਦੂਜੇ ਹੱਥ ਕਮਰਿਆਂ ਦੀ ਪਾਲ਼। ਪਹਿਲੇ ਕਮਰੇ ਰਜ਼ਾ ਤੇ ਮੈਂ ਬੈਠਦੇ ਸਾਂ। ਪਰ ਹੁਣ ਉਹ ਕਮਰਾ ਅਚਰਜ ਜਿਹਾ ਲੱਗਾ। ਬਹੁਤ ਸੌੜਾ ਤੇ ਲੱਗਾ, ਦਿਲ ਨੂੰ ਬੜਾ, ਦੁਖੀ ਜਿਹਾ ਕਰਦਾ। ਇੱਕ ਪਾਸੇ ਚਿੱਟਾ ਕੱਪੜਾ ਬੰਨ੍ਹਿਆ ਹੋਵੇ, ਗੋਲ ਬਾਂਸ ਵਰਗਾ ਲੰਮਾ ਦੂਰ ਤੀਕ ਜਾਂਦਾ, ਛੱਤ ਨਾਲ਼ ਜਿਵੇਂ ਏ. ਸੀ. ਦੀ ਮੋਟੀ ਪਾਇਪ ਬਾਹਰ ਨੂੰ ਲੱਗੀ ਜਾਂਦੀ ਏ ਜਾਂ ਜਿਵੇਂ ਪੜਛੱਤੀ ਜਿਹੀ।

ਇਹ ਰਿਕਾਰਡ ਰੂਮ ਵਿੱਚ ਨਹੀਂ ਸੀ ਹੁੰਦੀ ? ਜਿੱਥੇ ਹੁੰਦਾ ਸੀ ਚਾਚਾ ਆਸ਼ਿਕ, ਸਸਤੇ ਸਿਗਟ ਫੂਕਦਾ। ਉਸ ਦਾ ਕਮਰਾ ਪੁਰਾਣੀਆਂ ਫ਼ਾਇਲਾਂ ਨਾਲ਼ ਭਰਿਆ ਰਹਿਣਾ। ਗਰਮੀਆਂ ਵਿੱਚ ਇੱਕ ਪੁਰਾਣਾ ਕੂਲਰ ਘੀਂ-ਘੀਂ ਚਲਦਾ ਹੋਣਾ ਤੇ ਸਿਆਲਾਂ ਵਿੱਚ ਮੌਜ। ਸਰਕਾਰੀ ਕੋਟੇ ਦਾ ਕੋਇਲਾ ਜਾਂ ਫ਼ਿਰ ਕਮਰੇ ਨਾਲ਼ ਈ ਵਿਹੜਾ, ਧੁੱਪ ਹੋਵੇ ਤੇ ਉਸ ਦੀ ਨਿਸ਼ਾ ਲਉ। ਪਰ ਇਹ ਸਾਰੀਆਂ ਫ਼ਾਇਲਾਂ ਇੱਥੇ ਕਿਉਂ ਆ ਗਈਆਂ। ਮੈਂ ਚੁੱਪ ਚਾਪ ਬੈਠਾ ਹਾਂ। ਇੱਕ ਵੇਲੇ ਮੈਂ ਇੱਥੇ ਕਲਰਕ ਸਾਂ, ਬਿਜਲੀ ਦੇ ਮਹਿਕਮੇ ਵਿੱਚ।

ਇਸ ਇਮਾਰਤ ਨੂੰ ਕੀ ਬਣਿਆਂ। ਅਜਬ ਜਿਹਾ ਭੇਤ ਏ ਹੁਣ ਇਸ ਵਿੱਚ, ਬੇ-ਕਦਰੀ ਜਿਹੀ ਵੀਰਾਨੀ, ਉੱਜੜੀ ਜਿਹੀ ਬੇ ਨਿਸ਼ਾਨੀ। ਇਸ ਵੇਲੇ ਇੱਕ ਬੰਦਾ ਬਸ਼ਰ ਨਹੀਂ ਇਸ ਵਿੱਚ। ਉੱਕਾ ਬੰਦ ਏ ਇਹ। ਮੈਂ ਕਿਥੋਂ ਆਣ ਵੜਿਆ ਆਂ। ਮੈਂ ਬੜੀ ਔਖ਼ਤ ਨਾਲ਼ ਬੈਠਾ ਆਂ ਐਥੇ। ਇੱਕ ਛਿਣ ਨੂੰ ਉਹ ਮੈਨੂੰ ਬੂਹੇ ਤੋਂ ਬਾਹਰ ਦਿਸਦਾ ਈ, ਰਜ਼ਾ। ਲੱਗਦਾ ਏ ਜਿਵੇਂ ਮੈਂ ਫੜਿਆ ਗਿਆ ਆਂ। ਰਜ਼ਾ ਮੈਨੂੰ ਵੇਖ ਕੇ ਇੱਕਦਮ ਛਾਈਂ ਮਾਈਂ ਹੋ ਜਾਂਦਾ ਏ। ਰਜ਼ਾ ਤੇ ਮੈਂ ਇੱਕੋ ਕਮਰੇ ਵਿੱਚ ਪੰਜ ਵਰ੍ਹੇ ਬੈਠੇ ਰਹੇ। ਉਹ ਮੈਥੋਂ ਕਈ ਵਰ੍ਹੇ ਵੱਡਾ ਸੀ। ਸੀ ਉਹ ਵੀ ਕਲਰਕ। ਪਰ ਸਿਗਟ ਪੀਣੇ ਗੋਲਡਲੀਫ਼ ਦੇ। ਉਹ ਇੰਝ ਦਾ ਨਹੀਂ ਸੀ ਰਿਸ਼ਵਤਖ਼ੋਰ। ਬੜੀ ਚੰਗੀ ਸੀ ਉਸ ਦੀ ਡਰਾਫਟਿੰਗ। ਪੁਰਾਣੇ ਵੇਲਿਆਂ ਦਾ ਬੀ.ਏ. ਪਾਸ। ਮਧਰਾ ਕੱਦ ਬੁੱਤ। ਗਠਿਆ ਜਿਹਾ ਪਿੰਡਾ। ਉਸ ਸਾਰੇ ਦਿਨ ਆਪਣੀ ਸੀਟ ਤੋਂ ਨਾ ਹਿੱਲਣਾ। ਮੈਂ ਸਵੇਰੇ ਜਦ ਦਫ਼ਤਰ ਆਉਣਾ ਉਸ ਆਪਣੀ ਸੀਟ ਉੱਤੇ ਬੈਠੇ ਹੋਣਾ। ਜਦ ਮੈਂ ਜਾਣਾ ਓਦੋਂ ਵੀ। ਕਈਆਂ ਕਹਿਣਾ ਦਫ਼ਤਰ ਦੀ ਸਟੇਸ਼ਨਰੀ ਵੇਚਦਾ ਈ। ਇਸ ਲਈ ਜਦ ਸਾਰੇ

ਚਲੇ ਜਾਂਦੇ ਇਸ ਤਦ ਜਾਣਾ। ਸੁਣਾਵਣਾ ਖੋਤਾ ਰੇੜ੍ਹੀ ਆਉਂਦੀ ਏ ਤੇ ਲੱਦੀ ਤੁਰ ਜਾਂਦੀ ਏ ਸਟੇਸ਼ਨਰੀ। ਕੁੱਝ ਦੱਸਦੇ ਦਫ਼ਤਰ ਦੀ ਝਾੜ ਪੂੰਝ ਕਰਨ ਆਲੀ ਨਾਲ਼ ਸੁਰ ਰਲਾਈ ਬੈਠਾ ਏ ਕਿਉਂ ਜੇ ਇਸ ਵੀ ਦਫ਼ਤਰ ਦੀ ਸਫ਼ਾਈ ਕਰ ਕੇ ਘਰ ਜਾਣਾ ਤੇ ਕੁੱਝ ਕੰਮ ਸਵੇਰੇ ਕਰਨਾ ਤੇ ਸਵੇਰੇ ਵੀ ਉਸ ਸਭ ਤੋਂ ਪਹਿਲਾਂ ਆਉਣਾ।

ਉਹ ਸੱਭੇ ਮੁਲਾਜ਼ਮ ਜਿਨ੍ਹਾਂ ਦੀ ਮੁਅੱਤਲੀ ਜਾਂ ਸ਼ੋਅ ਕਾਜ਼ ਨੋਟਿਸ ਜਾਰੀ ਹੋਇਆ ਹੁੰਦਾ ਉਸ ਤੋਂ ਜਵਾਬ ਲਿਖਵਾਣ ਆਉਂਦੇ ਸਨ। ਭਾਵੇਂ ਅਸੀਂ ਦੋਵੇਂ ਇੱਕ ਕਮਰੇ ਵਿੱਚ ਬਹਿਨੇ ਸਾਂ ਸਾਡੇ ਵਿਚਕਾਰ ਇੱਕ ਝਿਕ ਸੀ, ਉਹਲਾ ਜਿਹਾ, ਕੋਈ ਲੁਕੋ, ਸ਼ੌਰੇ ਝਿਕ ਪਾਰੋਂ ਕੋਈ ਡਰ, ਅਣਜਾਣੇ ਦੀ ਵਿੱਥ ਜਿਵੇਂ। ਅਸਾਂ ਪੂਰੇ ਪੰਜ ਵਰ੍ਹੇ ਇੱਕੋ ਕਮਰੇ ਵਿੱਚ ਇੱਕੋ ਛੱਤ ਥੱਲੇ ਬੈਠੇ ਪਰ ਇਹ ਵਿੱਥ, ਝਿਕ ਨਾ ਮੁੱਕੀ।

ਇਹ ਲੁਕਾ ਉਸ ਵੱਲੋਂ ਸੀ ਮੇਰੇ ਵੱਲੋਂ ਨਹੀਂ। ਸ਼ੌਰੇ ਇਸ ਲਈ ਪਈ ਉਸ ਅੰਦਰ ਕੋਈ ਚੋਰ ਸੀ ਜਿਸ ਪਾਰੋਂ ਵਿੱਥ ਨਾ ਮੁੱਕੀ। ਨਾਲੇ ਮੈਂ ਉਸ ਤੋਂ ਘੱਟੋ ਘੱਟ 20 ਵਰ੍ਹੇ ਨਿੱਕਾ ਸਾਂ। ਮੈਂ ਨਵਾਂ ਨਵਾਂ ਬੀ. ਏ. ਕਰਕੇ ਕਲਰਕ ਲੱਗਾ ਸਾਂ ਤੇ ਐਮ. ਏ. ਪ੍ਰਾਈਵੇਟ ਦੀ ਤਿਆਰੀ ਕਰਦਾ ਪਿਆ ਸਾਂ। ਉਸ ਨੂੰ ਪਤਾ ਸੀ ਮੈਂ ਕੁੱਝ ਚਿਰ ਲਈ ਆਂ। ਮੈਂ ਉੱਚੀ ਸਿਫ਼ਾਰਸ਼ ਪਾਰੋਂ ਸਿੱਧਾ 7ਵੀਂ ਸਕੇਲ ਵਿੱਚ ਆਇਆ ਸਾਂ ਤੇ ਉਹ 15 ਵਰ੍ਹੇ ਜੂਨੀਅਰ ਕਲਰਕ ਰਹਿਣ ਪਿੱਛੋਂ ਹੁਣ ਸੀਨੀਅਰ ਕਲਰਕ ਬਣਿਆ ਸੀ। ਇਸ ਦਾ ਉਸ ਨੂੰ ਰੱਜ ਸਾੜਾ ਸੀ। ਉਸ ਨੂੰ ਇਹ ਵੀ ਡਰ ਸਨ ਪਈ ਕਿਤੇ ਉਸ ਦੇ ਕੰਮ ਮੈਨੂੰ ਨਾ ਮਿਲ ਜਾਣ। ਇਸ ਦੇ ਸਾਰੇ ਕੰਮ ਕਮਾਈ ਆਲੇ ਸਨ ਇਸ ਲਈ ਇਸ ਹੈੱਡ ਕਲਰਕ ਨਾਲ਼ ਅੱਟੀ ਸਿਟੀ ਲੜਾ ਕੇ ਮੈਨੂੰ ਉਹ ਕੰਮ ਦਿੱਤੇ ਜਿਨ੍ਹਾਂ ਵਿੱਚ ਕੋਈ ਕਮਾਈ ਨਹੀਂ ਸੀ। ਸਗੋਂ ਮੈਨੂੰ ਕਈ ਦਿਨ ਕੋਈ ਕੰਮ ਨਾ ਲੱਭਾ। ਮੈਂ ਦਫ਼ਤਰ ਆਣਾ ਤੇ ਸਾਰਾ ਦਿਨ ਵਿਹਲੇ ਬਹਿ ਘਰ ਤੁਰ ਜਾਣਾ।

ਮੈਂ ਕਿਉਂ ਜੇ ਨਵਾਂ ਨਵਾਂ ਨੌਕਰੀ ਲੱਗਾ ਸਾਂ ਇਸ ਲਈ ਹਮੇਸ਼ ਵੇਲੇ ਸਿਰ ਆਉਣਾ। ਪੂਰੇ ਸਾਢੇ ਸੱਤ ਵਜੇ। ਇਸ ਵੇਲੇ ਨਿਰਾ ਰਜ਼ਾ ਤੇ ਰਿਕਾਰਡ ਕੀਪਰ ਆਉਂਦੇ ਸਨ। ਹਾਂ ਅਫ਼ਸਰ ਦੇ ਕਮਰੇ ਦਾ ਚਪੜਾਸੀ ਤੇ ਥੱਲੇ ਕੰਟੀਨ ਵਾਲਾ ਵੀ ਆਇਆ ਹੋਣਾ ਪਰ ਚਾਹ ਸਾਨੂੰ 9 ਸਾਢੇ 9 ਵਜੇ ਜਾ ਲੱਭਣੀ। ਤੇ ਸਭ ਤੋਂ ਪਹਿਲੀ ਚਾਹ ਵੀ ਮੇਰੇ ਕਮਰੇ ਦੇ ਬੇਲੀ ਈ ਮੰਗਾਣੀ। ਉਸ ਦਾ ਚਾਹ ਦਾ ਬਿੱਲ ਵੀ ਸਭ ਤੋਂ ਵੱਧ ਹੋਣਾ। ਪਰ ਉਸ ਨੂੰ ਕੋਈ ਪ੍ਰਵਾਹ ਨਾ ਹੋਣੀ। ਸਗੋਂ ਕੋਈ ਜਦ ਉਸ ਨੂੰ ਮਿਲਣ ਆਉਂਦਾ ਉਸ ਝੱਟ ਆਪਣੀ ਕੁਰਸੀ ਤੋਂ ਉੱਠ ਬਾਰੀ ਕੋਲ਼ ਜਾ ਹੌਲ਼ੀ ਜਿਹੀ ਹੇਠਾਂ ਸਿਰ ਕਰ, ਚਾਹ ਲਈ ਵਾਜ ਮਾਰ ਦੇਣੀ। ਕਈ ਵਾਰੀ ਅਗਲੇ ਤੁਰ ਜਾਣਾ ਤੇ ਮੁੜ ਉਸ ਚਾਹ ਮੇਰੀ ਮੇਜ਼ ਤੇ ਧਰ ਦੇਣੀ। ਪੌਂਦ ਵਿੱਚ ਤਾਂ ਮੈਨੂੰ ਚੰਗਾ ਲੱਗਦਾ ਰਿਹਾ ਪਰ ਫ਼ਿਰ ਮੈਨੂੰ ਖ਼ਿਆਲ ਆਉਣਾ ਇਹ ਵੱਢੀ ਤਾਂ ਨਹੀਂ ਦਿਓ ਮੈਨੂੰ। ਇਸ ਲਈ ਮੈਂ ਹੌਲ਼ੀ-ਹੌਲ਼ੀ ਚਾਹ ਪੀਣ ਤੋਂ ਨਾਂਹ ਕਰ ਦੇਣੀ ਤੇ ਇਸ ਦਫ਼ਤਰ ਦੀ ਝਾੜ ਪੂੰਝ ਕਰਨ ਆਲੀ ਨੂੰ ਬੁਲਾ ਚਾਹ ਦੇ ਦੇਣੀ। ਇਸਦਾ ਨਾਂ ਜਮੀਲਾ ਸੀ। ਉਹ ਤੀਹ ਪੈਂਤੀ ਦੀ ਹੋਣੀ ਈ। ਕਾਲ਼ਾ ਸ਼ਾਹ ਪਿੰਡਾ ਤੇ ਭਰਿਆ ਭਰਿਆ ਸਰੀਰ, ਮੋਟੇ ਬੁੱਲ੍ਹ ਤੇ ਮੋਟੀਆਂ ਈ ਕਾਲੀਆਂ ਸ਼ਾਹ ਅੱਖੀਆਂ। ਉਸ ਦੇ ਮੁੱਖ ਉੱਤੇ ਸਭ ਤੋਂ ਸੋਹਣੀਆਂ ਉਸ ਦੀਆਂ ਅੱਖਾਂ ਈ ਸਨ।

ਸਾਰਾ ਦਿਨ ਉਸ ਨਾਲ਼ ਗੰਦਾ ਮਖ਼ੌਲ ਹੁੰਦਾ ਰਹਿਣਾ ਤੇ ਉਸ ਖ਼ਚਰਾ ਜਿਹਾ ਹਾਸਾ ਹੱਸਦੇ ਰਹਿਣਾ। ਕਈ ਵਾਰੀ ਉਹ ਬਹੁੰ ਚੁੱਪ ਹੁੰਦੀ ਸੀ ਤੇ ਇਸ ਉੱਕਾ ਕਿਸੀ ਗੱਲ ਦਾ ਜਵਾਬ ਨਾ ਦੇਣਾ। ਸਗੋਂ ਕਿਸੀ ਲੁਕਵੇਂ ਥਾਂ ਪਏ ਰਹਿਣਾ। ਅੱਖਾਂ ਉਸ ਦੀਆਂ ਵਿੱਚ ਅਜਬ ਜਿਹਾ ਪਾਣੀ ਤਰਨਾ ਦੁੱਖ ਦਾ ਤੇ ਪੀੜ ਦਾ। ਅਜਿਹੇ ਵੇਲਿਆਂ ਉਸ ਮੇਰੇ ਵੱਲ ਵੀ ਅਪਣੇਤ ਨਾਲ਼ ਤੱਕਣਾ ਜਿਵੇਂ ਕਹਿੰਦੀ ਹੋਵੇ, ਮੁੰਡਿਆ ਤੂੰ ਅਜੇ ਮੌਜ ਕਰ, ਤੈਨੂੰ ਹਯਾਤੀ ਦੇ ਦੁੱਖਾਂ ਦੀ ਕੀ ਸਾਰ ਏ ? ਰਜ਼ਾ ਉਸ ਨੂੰ ਗੰਦੇ ਮਖ਼ੌਲ ਕਰਦੇ ਰਹਿਣਾ। ਜਮੀਲਾ ਇਹਦਾ ਵੀ ਮੁਬਾਇਲ ਬਦਲਾ ਦੀ। ਮੈਨੂੰ ਬੜੀ ਸ਼ਰਮ ਆਣੀ। ਸਾਡੇ ਪੜ੍ਹਿਆਰ ਮੁੰਡਿਆਂ ਵਿਚਕਾਰ ਏਨੇ ਨੰਗੇ ਮਖ਼ੌਲ ਨਹੀਂ ਸਨ ਹੁੰਦੇ। ਭਾਵੇਂ ਗਾਹਲਾਂ ਦੀ ਵਾਛੜ ਵਰ੍ਹਦੀ ਸੀ ਪਰ ਇੱਕ ਸ਼ਰਮ ਲਿਹਾਜ਼ ਵੀ ਹੁੰਦਾ ਸੀ। ਖ਼ੌਰੇ ਪੜ੍ਹਿਆਰਾਂ ਦੀ ਬਹਿਣੀ ਪਾਰੋਂ ਹੋਵੇ। ਕਈ ਵਾਰੀ ਜਮੀਲਾ ਲੰਘਦੇ-ਲੰਘਦੇ ਮੇਰੀ ਗੱਲ੍ਹ ਵੀ ਪੁੱਟ ਲੈਣੀ ਜਾਂ ਚੂੰਢੀ ਵੱਢ ਲੈਣੀ ਪਰ ਉਸ ਦਾ ਸਾਰਾ ਮਖ਼ੌਲ ਇੰਨਾ ਈ ਹੁੰਦਾ ਸੀ।

ਤੇ ਹੌਲ਼ੀ-ਹੌਲ਼ੀ ਮੇਰੇ ਪੈਰ ਇਸ ਦਫ਼ਤਰ ਲੱਗਣੇ ਛੂਏ। ਇਸ ਵਿੱਚ ਵੀ ਬਹੁਤਾ ਹੱਥ ਜਮੀਲਾ ਦਾ ਸੀ। ਜਿਸ ਕਹਿਣਾ ਘਾਬਰੀਂ ਨਾ, ਇਨ੍ਹਾਂ ਸਾਰਿਆਂ ਦੇ ਭੇਤ ਨੇਂ, ਕੁੱਝ ਦੇ ਘੱਟ, ਕੁੱਝ ਦੇ ਵੱਧ। ਛੜਾ ਕੋਈ ਨਹੀਂ, ਮੰਗਦੇ ਸਾਰੇ ਨੇਂ। ਤੈਨੂੰ ਵੀ ਜੋ ਲੱਭੇ ਬੋਝੇ ਪਾ ਲਈਂ, ਨਿਰੀ ਤਨਖ਼ਾਹ ਨਾਲ਼ ਕੀ ਹੁੰਦਾ ਈ। ਬਸ ਮੂੰਹ ਸੁੱਟ ਕੇ ਆਪਣਾ ਕੰਮ ਕਰੀ ਜਾ, ਕਿਸੇ ਵੱਲ ਵੇਖਣ ਟੋਲ੍ਹਣ ਦੀ ਲੋੜ ਨਹੀਂ। ਕੋਈ ਕੀ ਕਰਦਾ ਏ, ਤੇਰਾ ਕੋਈ ਮਤਲਬ ਨਹੀਂ। ਤੇਰੀ ਨਵੀਂ-ਨਵੀਂ ਨੌਕਰੀ ਏ ਚੁੱਪ ਕਰ ਕੇ ਵੇਲ਼ਾ ਟਪਾ। ਨਹੀਂ ਤਾਂ ਰਹਿਣਾ ਔਖਾ ਕਰ ਦੇਣਗੇ। ਤੈਨੂੰ ਰੋਜ਼ ਅਫ਼ਸਰ ਤੋਂ ਝਾੜ ਪਏਗੀ। ਅਫ਼ਸਰ ਤੋਂ ਝਾੜ ਪਏ ਜਾਂ ਨਾ ਤਾਂ ਬੰਦੇ ਦਾ ਜੀ ਕਰਦਾ ਏ ਥਾਂ ਮਰ ਜਾਵੇ। ਮੈਨੂੰ ਵੇਖ ਮੇਰੇ ਤਿੰਨ ਬਾਲ ਨੇਂ, ਬੰਦਾ ਕੁੱਝ ਨਹੀਂ ਕਰਦਾ ਈ। ਅਠਾਰਾਂ ਵਰ੍ਹਿਆਂ ਦੀ ਸਾਂ ਜਦ ਇੱਥੇ ਆਈ।ਪਹਿਲੇ ਦਿਨ ਈ ਸਵੇਰੇ ਮੈਨੂੰ ਮੇਰੇ ਨਾਲ਼ ਦੇ ਨੇਂ ਈ ਢਾਅ ਲਿਆ, ਤੂੰ ਨਹੀਂ ਜਾਣਦਾ, ਹੁਣ ਉਹਦੀ ਬਦਲੀ ਹੋ ਗਈ ਈ। ਮੁੜ ਇੱਕ ਦਿਨ ਕਿਸੇ ਹੋਰ। ਹੌਲ਼ੀ-ਹੌਲ਼ੀ ਮੈਂ ਤਾਕਤ ਫੜੀ ਤੇ ਦੋ ਤਿੰਨ ਵਰ੍ਹਿਆਂ ਵਿੱਚ ਈ ਆਪਣੇ ਪੈਰਾਂ ਉੱਤੇ ਖਲੋ ਗਈ। ਹੁਣ ਭਾਵੇਂ ਗੰਦਾ ਮਖ਼ੌਲ ਕਰਦੇ ਨੇਂ ਪਰ ਮਜਾਲ ਏ ਕੋਈ ਹੱਥ ਲਾਏ। ਮੇਰੀ ਮਰਜ਼ੀ ਬਿਨਾਂ। ਉਹ ਭੇਤੀ ਮੁਸਕਾਨ ਨਾਲ਼ ਕਹਿੰਦੀ ਈ।

ਇਹ ਦਫ਼ਤਰ ਅਸਲੋਂ ਇੱਕ ਬਹੁੰ ਪੁਰਾਣੀ ਕੋਠੀ ਵਿੱਚ ਸੀ। ਚੌਬੁਰਜੀ ਵਿੱਚ ਜੇ ਤੁਸੀਂ ਸ਼ਾਮ ਨਗਰ ਵੱਲ ਜਾਓ, ਰਾਹ ਵਿੱਚ ਪੌਂਦ ਈ ਪੁੱਠੇ ਹੱਥ। (ਹੁਣ ਖ਼ੌਰੇ ਹੈ ਵੀ ਜਾਂ ਨਹੀਂ ਜਾਂ ਫ਼ਿਰ ਪਲਾਜ਼ਾ ਬਣ ਗਿਆ ਹੋਣਾ ਈ) ਬਿਜਲੀ ਦੇ ਮਹਿਕਮੇ ਆਲਿਆਂ ਕਿਰਾਏ ਉੱਤੇ ਲਈ ਹੋਈ ਸੀ ਕੋਠੀ ਤੇ ਉਤਲੀ ਮੰਜ਼ਲੇ ਐਕਸੀਅਨ ਬੈਠਦਾ ਸੀ ਜਿਹੜਾ ਐੱਸ.ਡੀ.ਓ. ਤੋਂ ਉੱਚਾ ਅਫ਼ਸਰ ਹੁੰਦਾ ਏ ਤੇ ਉਸ ਦੇ ਹੇਠ ਤਿੰਨ, ਚਾਰ ਐੱਸ. ਡੀ. ਓ. ਹੁੰਦੇ ਨੇਂ। ਅਤੇ ਦਸ ਬਾਰਾਂ ਕਮਰੇ ਸਨ ਜਿਸ ਵਿੱਚ ਕਲਰਕਾਂ, ਡਰਾਫ਼ਟਸਮੈਨ, ਸਟੈਨੋ, ਰਿਕਾਰਡ ਕੀਪਰ, ਡਾਇਰੀ ਕਲਰਕ ਦੇ ਵੱਖੋ ਵੱਖ ਕਮਰੇ ਸਨ। ਇੰਨੇ ਈ ਕਮਰੇ ਥੱਲੇ ਸਨ ਪਰ ਥੱਲੇ ਰੈਵਨਿਊ ਦਾ ਦਫ਼ਤਰ ਸੀ ਜਿਹੜਾ ਇੱਕ ਵੱਖਰਾ ਦਫ਼ਤਰ ਸੀ।

ਇਸ ਕੋਠੀ ਦੀ ਮਾਲਕਣ ਇੱਕ ਬੁਢੀ ਮਾਈ ਸੀ ਜਿਸ ਮਸਾਂ ਪੌੜੀਆਂ ਚੜ੍ਹਨਾ

ਤੇ ਮੁੜ ਵਰਾਂਡੇ ਵਿੱਚ ਡਾਇਰੀ ਕਲਰਕ ਕੋਲ਼ ਬਹਿ ਜਾਣਾ। ਇਹ ਡਾਇਰੀ ਕਲਰਕ ਈ ਉਸ ਦਾ ਕਿਰਾਏ ਦਾ ਬਿੱਲ ਪਾਸ ਕਰਾਣਾ ਤੇ ਉਸ ਨੂੰ ਚੈੱਕ ਦੇ ਕੇ ਡਾਇਰੀ ਰਜਿਸਟਰ ਉੱਤੇ ਵਸੂਲੀ ਦੇ ਦਸਤਖ਼ਤ ਕਰਾ ਲੈਣੇ। ਇਸ ਬਿੱਲ ਦੀ ਤਿਆਰੀ ਦੀ ਫ਼ਾਇਲ ਰਜ਼ਾ ਦੇ ਨੋਟ ਉੱਤੋਂ ਛੁਹਣੀ ਮੁੜ ਇਹ ਫ਼ਾਇਲ ਹੈੱਡ ਕਲਰਕ ਕੋਲ਼ ਜਾਣੀ ਤੇ ਮੁੜ ਐਕਸੀਅਨ ਦੀ ਮਨਜ਼ੂਰੀ ਨਾਲ਼ ਚੈੱਕ ਬਣ ਜਾਣਾ। ਮਾਈ ਇਨ੍ਹਾਂ ਚਿਰ ਡਾਇਰੀ ਕਲਰਕ ਕੋਲ਼ ਬੈਠੀ ਰਹਿਣਾ ਤੇ ਮੁੜ ਉਸ ਚੈੱਕ ਲਿਆ ਕੇ ਡਾਇਰੀ ਰਜਿਸਟਰ ਉੱਤੇ ਉਹਦੇ ਦਸਤਖ਼ਤ ਕਰਾ ਕੇ ਇਹ ਚੈੱਕ ਉਹਦੇ ਹਵਾਲੇ ਕਰ ਦੇਣਾ ਤੇ ਇਸ ਡਾਇਰੀ ਕਲਰਕ ਦੇ ਖੀਸੇ ਵਿੱਚ ਕੁੱਝ ਪਾ ਕੇ ਹੌਲ਼ੀ-ਹੌਲ਼ੀ ਆਪਣੇ ਡਰਾਈਵਰ ਨਾਲ਼ ਪੌੜੀਆਂ ਲਹਿ ਜਾਣਾ।

ਇਸ ਕੋਠੀ ਬਾਰੇ ਬੜੀਆਂ ਕਹਾਣੀਆਂ ਸਨ। ਇੱਕ ਕਹਾਣੀ ਇਹ ਸੀ ਪਈ ਇਹ ਕੋਠੀ ਸਦਰ ਅਯੂਬ ਨੇ ਕਿਸੇ ਫ਼ੌਜੀ ਨੂੰ ਤੁਹਫ਼ੇ ਵਿੱਚ ਦਿੱਤੀ ਸੀ ਤੇ ਇਹ ਬੁੱਢੀ ਮਾਈ ਉਸ ਦੀ ਵਹੁਟੀ ਈ। ਕੁੱਝ ਕਹਿੰਦੇ ਨਹੀਂ ਰਖੇਲ ਸੀ। ਅਯੂਬ ਦੇ ਵੇਲੇ ਦੇ ਕਿਸੇ ਫ਼ੌਜੀ ਅਫ਼ਸਰ ਦੀ ਤੇ ਉਸ ਨੇ ਦਿੱਤੀ। ਕੋਈ ਡਿਪਟੀ ਮਾਰਸ਼ਲ ਲਾਅ-ਅਫ਼ਸਰ ਸੀ ਮੁਲਤਾਨ ਕਿ ਲਾਹੌਰ ਕਿ ਪਿਸ਼ੌਰ ਦਾ ਤੇ ਮੁੜ ਸਾਰੇ ਕਲਰਕਾਂ ਉੱਚੀ ਹੱਸ ਕੇ ਉਸ ਬੁਢੇਰੀ ਦੀਆਂ ਨਕਲਾਂ ਲਾਹਣੀਆਂ। "ਵੇਖਿਆ ਨਹੀਂ ਕਿੰਝ ਪਾਨ ਖਾਂਦੀ ਈ, ਬਾਈ ਨਹੀਂ ਲੱਗਦੀ ਤੈਨੂੰ।" ਮੈਨੂੰ ਉਹ ਇਸ ਤੋਂ ਚੇਤੇ ਏ ਪਈ ਇੱਕ ਵਾਰੀ ਉਹ ਚੈੱਕ ਲੈਣ ਆਈ ਤੇ ਸਾਡਾ ਡਾਇਰੀ ਕਲਰਕ ਜਿਹੜਾ ਇੱਕ ਸੋਹਣਾ ਸ਼ੌਕੀ ਮੁੰਡਾ ਸੀ ਤੇ ਸਦਾ ਉਸ ਦੇ ਮੁੱਖ ਉੱਤੇ ਮੁਸਕਾਨ ਰਹਿਣੀ। ਸਭ ਨੂੰ ਪਤਾ ਸੀ ਪਈ ਮਾਲਕਣ ਚੈੱਕ ਲੈ ਉਸ ਦੇ ਬੁਸ਼ਰਟ ਦੇ ਖੀਸੇ ਵਿੱਚ ਕੁੱਝ ਪਾ ਜਾਂਦੀ ਈ। ਇਸ ਦਿਨ ਉਹਦੀ ਛੁੱਟੀ ਪਾਰੋਂ ਮੈਨੂੰ ਇਹ ਕੰਮ ਕਰਨਾ ਪਿਆ ਤੇ ਜਾਂਦੀ ਵਾਰੀ ਉਸ ਨੇ ਮੇਰੀ ਕਮੀਜ਼ ਦੇ ਖੀਸੇ ਵਿੱਚ ਸੌ ਦਾ ਨੋਟ ਪਾ ਦਿੱਤਾ। ਉਨ੍ਹਾਂ ਵੇਲਿਆਂ ਵਿੱਚ ਸੌ ਦਾ ਨੋਟ ਬਹੁੰ ਰਕਮ ਸੀ। ਮੇਰੀ ਤਾਂ ਕੁੱਲ ਤਨਖ਼ਾਹ ਯਾਰਾਂ ਬਾਰਾਂ ਸੌ ਸੀ।

ਪਰ ਮੈਂ ਇਹ ਕੇਹਾ ਸੋਚੀ ਜਾਂਦਾ ਆਂ। ਇਸ ਕਮਰੇ ਵਿੱਚ 'ਕੱਲਾ ਕੀ ਕਰਦਾ ਪਿਆ ਆਂ। ਦਫ਼ਤਰ ਤੇ ਕਦ ਦਾ ਮੁੱਕ ਗਿਆ ਹੋਇਆ ਈ। ਮੈਨੂੰ ਰਜ਼ਾ ਦਾ ਖ਼ਿਆਲ ਆਂਦਾ ਏ ਉਸ ਨੂੰ ਤਾਂ ਮਿਲਾਂ। ਹੁਣੇ ਨਜ਼ਰੀਂ ਪਿਆ ਤਾਂ ਸੀ। ਮੈਂ ਕਮਰੇ ਤੋਂ ਬਾਹਰ ਨਿਕਲਦਾ ਆਂ ਤੇ ਸਾਰੇ ਕਮਰਿਆਂ ਨੂੰ ਤਾਲੇ ਲੱਗੇ ਹੋਏ ਨੇਂ। ਹੇਠਾਂ ਵੇਖਦਾ ਆਂ ਤਾਂ ਗੇਟ ਕੁੰਡਲੀਆਂ ਤਾਰਾਂ ਨਾਲ਼ ਬੰਦ ਕੀਤਾ ਹੋਇਆ ਈ। ਇਥੋਂ ਹੁਣ ਕਿਵੇਂ ਨਿੱਕਲਾਂ। ਅਚਨਚੇਤ ਤ੍ਰਿੱਖੇ ਪੈਰੀਂ ਨੱਸਦਾ ਰਜ਼ਾ ਪੁੰਛ ਰੋਡ ਉੱਤੇ ਦਿੱਸਦਾ ਏ। ਮੈਂ ਉਸ ਦੇ ਪਿੱਛੇ ਨੱਸਨਾ ਆਂ। ਉਹ ਤਰਿੱਖਾ ਨੱਸਦਾ ਮੁੜ ਮੁੜ ਪਿੱਛੇ ਵੇਖਦਾ ਨੱਸੀ ਜਾਂਦਾ ਈ। ਕਦੇ ਉਹ ਜਵਾਨ ਬਣ ਜਾਂਦਾ ਏ ਕਦੀ ਬਹੁੰ ਬੁਢੇਰਾ। ਮੈਂ ਉਹਨੂੰ ਵਾਜਾਂ ਮਾਰਦਾ ਆਂ ਪਰ ਉਹ ਮੇਰੀ ਵਾਜ ਨਹੀਂ ਸੁਣਦਾ। ਮੈਨੂੰ ਚੇਤੇ ਆਂਦਾ ਏ ਇਹਦਾ ਵਾਪਡਾ ਟਾਊਨ ਵਿੱਚ ਪਲਾਟ ਹੁੰਦਾ ਸੀ। ਜਦ 82 ਵਿੱਚ ਇਹ ਕਾਲੋਨੀ ਬਣੀ ਸੀ ਤੇ ਇਸ ਦੇ ਨਕਸ਼ੇ ਆਏ ਸਨ ਤੇ ਰਜ਼ਾ ਕਿੰਨੇ ਚਾਅ ਨਾਲ਼ ਆਪਣਾ ਪਲਾਟ ਵਿਖਾਂਦਾ ਸੀ : "ਵੇਖੋ ਨੇੜੇ ਈ ਮਸੀਤ ਏ। ਸਾਹਮਣੇ ਬਾਲਾਂ ਦਾ ਪਾਰਕ ਈ। ਕਾਰਨਰ ਪਲਾਟ ਏ ਇਹਦਾ ਤਾਂ ਮੁੱਲ ਵੀ ਬੜਾ ਮਿਲ ਜਾਏਗਾ।" ਉਦੋਂ ਉਹ ਹਰ ਵੇਲੇ ਆਪਣੇ ਪਲਾਟ ਦੀਆਂ ਗੱਲਾਂ ਕਰਦਾ ਰਹਿੰਦਾ ਸੀ। ਇੰਝ ਦਾ ਨਕਸ਼ਾ ਹੋਵੇਗਾ।

ਡਰਾਫ਼ਟਸਮੈਨ ਕੋਲੋਂ ਨਵੇਂ ਨਵੇਂ ਨਕਸ਼ਿਆਂ ਬਾਰੇ ਪੁੱਛਦਾ ਸੀ। ਮੈਂ ਇਸ ਦੇ ਪਿੱਛੇ ਪਿੱਛੇ ਨੱਸਦਾ ਉੱਚੀ ਵਾਜ ਨਾਲ਼ ਪੁੱਛਨਾ ਆਂ, "ਵਾਪਡਾ ਟਾਊਨ ਘਰ ਪਾ ਲਿਆ ਸੀ ਨਹੀਂ, ਉਹ ਉੱਚੀ ਵਾਜ ਦਿੰਦਾ ਨੱਸੀ ਜਾਂਦਾ ਈ।" ਕੁੜੀਆਂ ਦੇ ਵਿਆਹ ਕਰਨੇ ਸਨ ਵੇਚ ਦਿੱਤਾ ਸੀ। "ਹੈਂ!" ਮੈਂ ਅਚੰਭੇ ਨਾਲ਼ ਕਹਿਣਾ ਆਂ। ਇਹ ਆਖ ਉਹ ਛਾਈਂ ਮਾਈਂ ਹੋ ਜਾਂਦਾ ਈ।

ਅਚਨਚੇਤ ਮੈਂ ਚੋਬੁਰਜੀ ਚੌਕ ਵਿੱਚ ਆ ਖੜ੍ਹਾ ਹੋਨਾ ਆਂ। ਚੌਕ ਵਿੱਚ ਘਾਹ ਉੱਤੇ ਲੋਕ ਬੈਠੇ ਹੋਏ ਨੇਂ।ਸਾਹਮਣੇ ਟੀ ਸਟਾਲ ਤੋਂ ਚਾਹਵਾਂ ਆਈ ਜਾਂਦੀਆਂ ਨੇਂ। ਲੋਕ ਗਪੌੜੀਆਂ ਮਾਰਦੇ ਪਏ ਨੇਂ। ਬਾਲ ਤੇ ਜਨਾਨੀਆਂ ਵੀ ਨੇਂ। ਤੇਲ ਮਾਲਿਸ਼ ਆਲੇ ਬੋਤਲਾਂ ਖੜਕਾਂਦੇ ਪਏ ਨੇਂ। ਚੌਂਕ ਦੇ ਚੁਫ਼ੇਰੇ ਮੈਨੂੰ ਇੱਕ ਵੱਡਾ ਪਾਣੀ ਦਾ ਨਾਲਾ ਜਿਹਾ ਵਿਖਾਈ ਦਿੰਦਾ ਈ। ਇਸ ਵਿੱਚ ਸਾਫ਼ ਸੁਥਰਾ ਪਾਣੀ ਏ ਤੇ ਰੰਗ ਬਰੰਗੀਆਂ ਮੱਛੀਆਂ ਨਾਲ਼ ਭਰਿਆ ਹੋਇਆ ਈ। ਹੈਂ! ਇਥੇ ਮੱਛੀਆਂ ਵੀ ਨੇਂ। ਕਦੀ ਫੜ੍ਹਨ ਆਵਾਂਗਾ। ਸਾਫ਼ ਪਾਣੀ ਵਿੱਚ ਮੱਛੀਆਂ ਮੈਨੂੰ ਟੁੱਬ ਲੈਂਦੀਆਂ ਨੇਂ। ਮੈਨੂੰ ਲੱਗਦਾ ਏ ਮੈਂ ਇਨ੍ਹਾਂ ਨੂੰ ਹੱਥ ਨਾਲ਼ ਫੜ ਸਕਨਾਂ ਵਾਂ।

ਮੈਂ ਪਾਣੀ ਵਿੱਚ ਹੱਥ ਪਾਨਾ ਈ ਆਂ ਤੇ ਪਾਣੀ ਇੱਕਦਮ ਲਾਲ਼ ਹੋ ਜਾਂਦਾ ਈ। ਮੱਛੀਆਂ ਤੜਫ਼ਣ ਲੱਗ ਪੈਂਦੀਆਂ ਨੇਂ ਜਿਵੇਂ ਮਰ ਰਹੀਆਂ ਹੋਵਣ। ਫ਼ਿਰ ਉਹ ਫਟਣ ਲੱਗ ਪੈਂਦੀਆਂ ਨੇਂ। ਉਨ੍ਹਾਂ ਦੇ ਲੋਥੜੇ ਪਾਣੀ ਵਿੱਚ ਖਿੱਲਰ ਜਾਂਦੇ ਨੇਂ। ਚੌਂਕ ਅਚਨਚੇਤ ਸੁੰਝ ਮਸਾਣ ਹੋ ਜਾਂਦੀ ਈ। ਸਭ ਲੋਕ ਗ਼ੈਬ ਜਿਹੇ ਹੋ ਜਾਂਦੇ ਨੇਂ। ਮੱਛੀਆਂ ਨਾਲ਼ੇ ਤੋਂ ਬਾਹਰ ਡਿੱਗਣ ਲੱਗ ਪੈਂਦੀਆਂ ਨੇਂ ਤੇ ਸੜਕ ਉੱਤੇ ਤੜਫ਼ਾਟ ਨਾਲ਼ ਲੋਟਣ ਲੱਗ ਪੈਂਦੀਆਂ ਨੇਂ। ਉਹ ਮੈਨੂੰ ਅੱਤ ਹੈਰਾਨੀ ਨਾਲ਼ ਤੱਕਦੀਆਂ ਸੜਕ ਉੱਤੇ ਮਰੀ ਜਾਂਦੀਆਂ ਨੇਂ ਤੇ ਉਨ੍ਹਾਂ ਦੇ ਆਨੇ ਟੱਡੇ ਜਾਂਦੇ ਨੇਂ। ਹੈਂ!

ਬਿਸਤਰਿਓਂ ਉੱਠ ਬਹਿ ਜਾਨਾਂ। ਕੇਹਾ ਕੁਸੁਫ਼ਨਾ ਸੀ ਇਹ। ਪੂਰੀ ਡਿੱਠੀ ਸਗਵੀਂ ਫ਼ਿਲਮ ਦੀ ਰੀਲ ਹਾਰ ਅੱਖਾਂ ਅੱਗੋਂ ਲੰਘ ਜਾਂਦਾ ਈ। ਭਾਵੇਂ ਅੱਖ ਖੁੱਲ੍ਹਣ ਨਾਲ਼ ਬਹੁਤੇ ਸੁਫ਼ਨੇ ਤੇ ਧੁੱਪ ਵਿੱਚ ਤ੍ਰੇਲ ਵਾਂਗੂੰ ਉੱਡ ਪੁੱਡ ਜਾਂਦੇ ਨੇਂ। ਕਮਰਿਓਂ ਉੱਠ ਵੱਡੇ ਬਹਿਣ ਆਲੇ ਕਮਰੇ ਆ ਖਲੋਨਾ ਆਂ। ਉਹ ਮੇਰਿਆ ਰੱਬਾ! ਸਾਡਾ ਤਾਂ ਜੀਵਨ ਈ ਕੁਸੁਫ਼ਨਾ ਹੋਈ ਜਾਂਦਾ ਈ। ਬਾਹਰੋਂ ਬਾਰੀਆਂ ਰਾਹੀਂ ਨਿੰਮ੍ਹਾਂ-ਨਿੰਮ੍ਹਾਂ ਚਾਨਣ ਆਂਦਾ ਪਿਆ ਈ। ਬਾਹਰ ਦੀ ਬੱਤੀ ਬੰਦ ਕਰਾਂ ਤੇ ਅਖ਼ਬਾਰ ਵੇਖਾਂ ਕਿ ਆਇਆ ਏ ਜਾਂ ਨਹੀਂ! ਬੱਤੀ ਬੰਦ ਕਰ ਭੁੰਜਿਉਂ ਅਖ਼ਬਾਰ ਚੁੱਕਣ ਲਈ ਹੱਥ ਵਿੱਚ ਫੜਨਾ ਈ ਆਂ ਕਿ ਹੱਥ ਲਹੂ ਨਾਲ਼ ਭਰ ਜਾਂਦੇ ਨੇਂ। ਹੈਂ!

'ਕੌਣ ਬੁਝਾਏ ਹਾਫ਼ਿਜ਼ਾ ਅੱਗ ਲੱਗੇ ਦਰਿਆ।' ਕਿੱਸਾ ਮਿਰਜ਼ਾ ਸਾਹਿਬਾਂ/ਹਾਫ਼ਿਜ਼ ਬਰਖ਼ੁਰਦਾਰ

# ਸਾਹਵਾਂ ਦੀ ਵਲਗਨ

ਸ਼ਾਮੀਂ ਦਫ਼ਤਰੋਂ ਘਰ ਅੱਪੜਿਆ ਤੇ ਵਹੁਟੀ ਦੱਸਿਆ ਸੁਸਾਇਟੀ ਵਾਲ਼ੇ ਸੱਦਾ ਦੇਣ ਆਏ ਸਨ ਅਖੇ ਸੱਤ ਵਜੇ ਮਹੱਲੇ ਦਾ ਇਕੱਠ ਏ। ਅਚੰਭਾ ਤਾਂ ਹੋਇਆ, ਪਰ ਚੰਗਾ ਵੀ ਲੱਗਾ; ਚਲੋ ਹੁਣ ਮਹੱਲੇ ਆਲ਼ੇ ਜੁੜ ਬੈਠਣ ਲੱਗ ਪਏ ਨੇਂ। ਸਾਰੇ ਬਲਾਕਾਂ ਦੀਆਂ ਸੁਸਾਇਟੀਆਂ ਸਨ ਤੇ ਉਨ੍ਹਾਂ ਦੇ ਸਾਰੇ ਮਸਲੇ ਉਹ ਹੱਲ ਕਰਾਂਦੀਆਂ ਪਈਆਂ ਸਨ। ਗਲ਼ੀਆਂ ਪੱਕੀਆਂ ਹੋਵਣ ਪਈਆਂ, ਰਾਤੀਂ ਪਹਿਰੇ ਲਈ ਪੈਸੇ ਪਾ ਕੇ ਚੌਕੀਦਾਰ ਵੀ ਰੱਖੇ ਜਾਣ ਲੱਗੇ, ਸੀਵਰਜ ਠੀਕ ਹੋ ਗਏ ਸਨ ਤੇ ਸਟਰੀਟ ਲਾਈਟਾਂ ਲੱਗਣ ਦੀ ਉਡੀਕ ਸੀ। ਪਰ ਸਾਡੇ ਬਲਾਕ ਦੇ ਮੰਦੇ ਭਾਗ, ਐਥੇ ਅਜੇਹਾ ਕੁੱਝ ਵੀ ਨਹੀਂ ਸੀ। ਇਲਾਕੇ ਦਾ ਪੁਰਾਣਾ ਪਿੰਡ ਸਾਡੇ ਬਲਾਕ ਵਿੱਚ ਈ ਸੀ। ਆਖਣ ਨੂੰ ਤਾਂ ਥਾਂ ਸ਼ਹਿਰੀ ਸਕੀਮ ਦਾ ਹਿੱਸਾ ਸੀ, ਪਰ ਖ਼ਾਲੀ ਪਲਾਟਾਂ ਦੇ ਛੱਪੜ ਬਣੇ ਹੋਏ ਸਨ ਤੇ ਪਿੰਡ ਦੀਆਂ ਸੌੜੀਆਂ ਗਲ਼ੀਆਂ ਵਿੱਚ ਆਟੇ ਦੀਆਂ ਚੱਕੀਆਂ ਤੇ ਰੂੰ ਪਿੰਜਣ ਦੀਆਂ ਮਸ਼ੀਨਾਂ ਲੱਗੀਆਂ ਹੋਈਆਂ ਸਨ।

ਮੈਨੂੰ ਚੇਤੇ ਏ; ਸੱਤ ਅੱਠ ਵਰ੍ਹੇ ਪਹਿਲਾਂ ਜਦ ਅਸਾਂ ਐਥੇ ਪਲਾਟ ਲਿਆ ਤੇ ਮਸਾਂ ਇੱਕ-ਦੋ ਘਰ ਸਨ ਤੇ ਰਾਤ ਨੂੰ ਉੱਕਾ ਅੰਨ੍ਹੇਰਾ ਹੁੰਦਾ ਸੀ। ਨਹਿਰ ਦੇ ਨਾਲ਼ ਹੋਂਦਿਆਂ ਵੀ ਇਹ ਥਾਂ ਲਾਹੌਰੋਂ ਬਾਹਰ ਜਾਪਦੀ ਸੀ। ਹੁਣ ਤਾਂ ਲਾਹੌਰ ਸ਼ਹਿਰ ਨੂੰ ਅੱਗ ਲੱਗ ਗਈ ਏ ਤੇ ਅਪਣੀਆਂ ਈ ਗਲ਼ੀਆਂ ਤੇ ਸੜਕਾਂ ਸਿਆਣੀਆਂ ਨਹੀਂ ਜਾਂਦੀਆਂ। ਤੇ ਲਾਹੌਰ ਸ਼ਹਿਰ ਸ਼ੈਤਾਨ ਦੀ ਆਂਦਰ ਵਾਂਗ ਵਧੀ ਜਾਂਦਾ ਏ। ਮੇਰੀ ਵਹੁਟੀ ਜਿਹੜੀ ਸਕੂਲੇ ਉਸਤਾਨੀ ਏ, ਉਸ ਸ਼ਾਮੀਂ ਬਾਲਾਂ ਨੂੰ ਟਿਊਸ਼ਨਾਂ ਪੜ੍ਹਾ-ਪੜ੍ਹਾ ਤੇ ਕਮੇਟੀਆਂ ਪਾ-ਪਾ ਕੁੱਝ ਪੈਸੇ ਜੋੜੇ ਤੇ ਅਸਾਂ ਇਸ ਨਵੀਂ ਉੱਸਰਦੀ ਸਰਕਾਰੀ ਸਕੀਮ ਵਿੱਚ ਔਖੇ-ਸੌਖੇ ਹੋ ਕੇ ਪਲਾਟ ਖ਼ਰੀਦ ਲਿਆ। ਰਿਸ਼ਤੇਦਾਰਾਂ ਤੇ ਬੇਲੀਆਂ ਆਖਿਆ: ਤੁਹਾਡਾ ਦਿਮਾਗ਼ ਤਾਂ ਠੀਕ ਏ? ਇੰਨੀ ਦੂਰ?

ਪਰ ਫ਼ਿਰ ਜਦੋਂ ਇੱਕ ਬੈਂਕ ਦਾ ਬੰਦਾ ਵਜ਼ੀਰੇ-ਆਜ਼ਮ ਬਣਿਆ ਤੇ ਉਸ ਕਾਰਾਂ ਤੇ ਮਕਾਨਾਂ ਲਈ ਸੌਖੀਆਂ ਕਿਸ਼ਤਾਂ ਉੱਤੇ ਕਰਜ਼ੇ ਦੇਣੇ ਛੋਹੇ ਤੇ ਅਸੀਂ ਅੰਗਾਂ-ਸਾਕਾਂ ਤੋਂ ਕੁੱਝ ਪੈਸੇ ਉਧਾਰ ਲੈ ਤੇ ਬੈਂਕ ਤੋਂ ਕਰਜ਼ਾ ਲੈ ਪੰਜ ਮਰਲੇ ਦੇ ਪਲਾਟ ਉੱਤੇ ਰਹਿਣ ਜੋਗੀ ਥਾਂ ਛੱਤ ਲਈ। ਦੋ ਚਾਰ ਵਰ੍ਹਿਆਂ ਵਿੱਚ ਈ ਐਸੀ ਅੱਗ ਲੱਗੀ, ਪਲਾਟਾਂ ਦੇ ਇੰਜ ਮੁੱਲ ਵਧੇ ਕਿ ਮੇਰੀ ਵਹੁਟੀ ਰਿਸ਼ਤੇਦਾਰਾਂ ਨੂੰ ਮਾਣ ਨਾਲ਼ ਮਿਲਣ-ਜੁਲਣ ਲੱਗੀ। ਪਰ ਸਾਰੀਆਂ ਸਹੂਲਤਾਂ ਅਜੇ ਨਹੀਂ ਆਈਆਂ ਸਨ। ਬੜੀਆਂ ਔਕੜਾਂ ਨਾਲ਼ ਅਰਜ਼ੀਆਂ ਪਾ-ਪਾ, ਸਿਫ਼ਾਰਸ਼ਾਂ ਲੱਭ-ਲੱਭ, ਵੱਢੀਆਂ ਦੇ-ਦੇ ਮਸਾਂ ਸੀਵਰਜ ਠੀਕ ਹੋਇਆ। ਨਹੀਂ ਤਾਂ ਖ਼ਾਲੀ

ਪਲਾਟਾਂ ਵਿੱਚ ਸੀਵਰਜ ਦਾ ਪਾਣੀ ਖੜ੍ਹਾ ਹੋਣ ਨਾਲ਼ ਮਕਾਨਾਂ ਦੀਆਂ ਨੀਹਾਂ ਵਿੱਚ ਪਾਣੀ ਜਾਣ ਲੱਗ ਪੈਣਾ, ਜਿਸ ਨਾਲ਼ ਫ਼ਰਸ਼ ਬੈਠ ਜਾਂਦੇ ਸਨ। ਹੁਣ ਟੁੱਟੀਆਂ ਗਲ਼ੀਆਂ ਨੂੰ ਪੱਕੀਆਂ ਕਰਨ ਉੱਤੇ ਜ਼ੋਰ ਸੀ।

ਜਦ ਕੁੱਝ ਘਰ ਛੱਤੇ ਗਏ ਤੇ ਮਹੱਲੇ ਦੀ ਸ਼ਕਲ ਬਣਨ ਲੱਗੀ। ਇੱਕ ਦੋ ਸਟਰੀਟ ਲਾਈਟਾਂ ਤੇ ਬਲਬ ਵੀ ਪਤਾ ਨਹੀਂ ਕਿੰਜ ਲੱਗ ਗਏ ਤੇ ਅਚਨਚੇਤ ਪਲਾਟਾਂ ਦੇ ਭਾਅ ਵਧੇ ਤੇ ਇੱਕ ਦੋ ਘਰਾਂ ਦੇ ਵਸਨੀਕ ਪਲਾਟ ਵੇਚ ਕੇ ਹੋਰ ਅਗਾਂਹ ਤੁਰ ਗਏ। ਮੁੜ ਇੱਕ ਦੋ ਵਰ੍ਹਿਆਂ ਪਿੱਛੋਂ ਵੇਂਹਦੇ-ਵੇਂਹਦੇ ਕਈ ਮਕਾਨ ਉੱਸਰ ਪਏ। ਜਦ ਵੀਹ-ਪੰਝੀ ਮਕਾਨ ਬਣ ਗਏ ਤੇ ਡਰ ਵੀ ਵਧ ਗਿਆ। ਜਦ ਦੋ ਚਾਰ ਘਰ ਸਨ, ਤਾਂ ਫ਼ਿਰ ਬਹੁਤੇ ਲੋਟਾ-ਚੋਰ ਸਨ। ਸੀਵਰਜ ਦੇ ਢੱਕਣ ਚੋਰੀ ਹੋਂਦੇ ਸਨ। ਗੇਟ ਥੱਲਿਉਂ ਹੱਥ ਪਾ ਕੇ ਪਾਣੀ ਦੇ ਪਾਈਪ ਕੱਟ ਲੈ ਜਾਂਦੇ ਸਨ। ਜਦ ਅਸੀਂ ਮਕਾਨ ਪਾਇਆ ਸੀ, ਓਦੋਂ ਵੀ ਚੋਰੀਆਂ ਹੋਂਦੀਆਂ ਸਨ। ਇੱਟਾਂ, ਸੀਮਿੰਟ ਤੇ ਦੂਜੇ ਸਾਮਾਨ ਦੀ ਸਾਂਭ ਕਰਨੀ ਪੈਂਦੀ ਸੀ। ਤੇ ਇਸ ਲਈ ਟੈਂਟ ਲਗਵਾ ਕੇ ਇੱਕ ਬੰਦੇ ਨੂੰ ਚੌਕੀਦਾਰ ਰੱਖਣਾ ਪਿਆ, ਜਿਸਦਾ ਕੰਮ ਬਸ ਇਹ ਸੀ ਪਈ ਮਜ਼ਦੂਰਾਂ ਤੇ ਮਿਸਤਰੀ 'ਤੇ ਅੱਖ ਰੱਖੇ ਤੇ ਰਾਤ ਨੂੰ ਚੌਕੀਦਾਰੀ ਕਰੇ। ਪਰ ਹੁਣ ਪਿੱਛੇ ਜਦ ਮਹੱਲੇ ਦੀ ਇੱਕ ਜ਼ਨਾਨੀ ਕੋਲ਼ੋਂ ਮੋਟਰਸੈਕਲ ਆਲ਼ੇ ਮੁੰਡੇ ਪਰਸ ਖੋਹਿਆ, ਤਾਂ ਸਾਰਿਆਂ ਨੂੰ ਜਾਗ ਆ ਗਈ।

ਇਕੱਠ ਵਿੱਚ ਜਾਂਦਿਆਂ ਮੇਰੇ ਦਿਲ ਵਿੱਚ ਇਹ ਈ ਗੱਲਾਂ ਸਨ। ਵੀਹ-ਪੰਝੀ ਘਰਾਂ 'ਚੋਂ ਮਸਾਂ ਅੱਧੇ ਘਰਾਂ ਦੇ ਜੀਅ ਆਏ ਸਨ। ਜਿਹਨਾਂ ਵਿੱਚ ਇੱਕ-ਦੋ ਵਕੀਲ ਸਨ ਤੇ ਵਧ-ਵਧ ਗੱਲਾਂ ਕਰਦੇ ਤੇ ਸਲਾਹਾਂ ਦੇਂਦੇ ਪਏ ਸਨ। ਦੋ ਚਾਰ ਹਟਵਾਣੀਏ ਸਨ, ਇੱਕ ਦੋ ਵਪਾਰੀ ਤੇ ਕੁੱਝ ਮੇਰੇ ਵਰਗੇ ਸਰਕਾਰੀ ਮੁਲਾਜ਼ਮ। ਸਭ ਤੋਂ ਪਹਿਲਾਂ ਸੁਸਾਇਟੀ ਬਣਾਵਣ ਦਾ ਹੋਕਾ ਦਿੱਤਾ ਗਿਆ; ਸਦਰ ਸੈਕਟਰੀ, ਖ਼ਜ਼ਾਨਚੀ ਮਿੱਥੇ ਗਏ। ਇੱਕ ਮਸਲਾ ਪਾਣੀ ਦਾ ਸੀ। ਜਦ ਘਰ ਥੋੜ੍ਹੇ ਸਨ ਪਾਣੀ ਦਾ ਮਸਲਾ ਨਹੀਂ ਸੀ; ਪਰ ਹੁਣ ਗਰਮੀਆਂ ਵਿੱਚ ਮਰ ਕੇ ਪਾਣੀ ਆਂਦਾ ਸੀ। ਲੋਕਾਂ ਪਾਣੀ ਖਿੱਚਣ ਦੀਆਂ ਮੋਟਰਾਂ ਵੀ ਲਾਈਆਂ ਹੋਈਆਂ ਸਨ, ਪਰ ਫ਼ਿਰ ਵੀ ਮਸਲਾ ਓਥੇ ਈ ਸੀ।

ਚੋਰੀਆਂ ਦਾ ਸਾਰਾ ਦੋਸ਼ ਖ਼ਾਲੀ ਪਲਾਟਾਂ ਵਿੱਚ ਰਹਿੰਦੇ ਝੁੱਗੀਆਂ ਵਾਲ਼ਿਆਂ ਉੱਤੇ ਮੜ੍ਹ ਦਿੱਤਾ ਗਿਆ। ਭਾਵੇਂ ਪੂਰੇ ਮਹੱਲੇ ਵਿੱਚ ਇਹ ਗੱਲ ਧੁੰਮੀ ਪਈ ਸੀ; ਜਿਸ ਮੁੰਡੇ ਮਹੱਲੇ ਦੀ ਜ਼ਨਾਨੀ ਕੋਲ਼ੋਂ ਪਰਸ ਖੋਹਿਆ, ਉਹ ਪਰਾਪਰਟੀ ਡੀਲਰ ਦਾ ਮੁੰਡਾ ਸੀ ਤੇ ਜਿਸ ਨੂੰ ਲੁੱਟੀ ਜ਼ਨਾਨੀ ਸਿਹਾਣ ਵੀ ਲਿਆ। ਪਰ ਮੁੰਡੇ ਦੇ ਪਿਓ ਨੇ ਜ਼ਨਾਨੀ ਤੇ ਉਸ ਦੇ ਖ਼ਸਮ ਦੀਆਂ ਮਿੰਨਤਾਂ ਤਰਲੇ ਕਰ ਕੇ ਇਸ ਗੱਲ ਨੂੰ ਠੱਪ ਦਿੱਤਾ ਤੇ ਹੁਣ ਵਧ-ਚੜ੍ਹ ਕੇ ਝੁੱਗੀਆਂ ਵਾਲ਼ਿਆਂ ਦੇ ਬਰਖ਼ਿਲਾਫ਼ ਬੋਲ ਰਿਹਾ ਸੀ। "ਬੜਾ ਗੰਦ ਪਾਇਆ ਹੋਇਆ ਏ ਇਨ੍ਹਾਂ ਝੁੱਗੀਆਂ ਆਲ਼ਿਆਂ। ਸਭ ਤੋਂ ਉਨ੍ਹਾਂ ਦੇ ਸ਼ਨਾਖ਼ਤੀ ਕਾਰਡ ਲਵੋ, ਤਾਂ ਜੋ ਜਦ ਚੋਰੀ ਹੋਵੇ, ਉਨ੍ਹਾਂ ਨੂੰ ਚੈਕ ਕੀਤਾ ਜਾ ਸਕੇ।" ਮੈਂ ਹੌਲ਼ੀ-ਜੇਹੀ ਗੱਲ ਕੀਤੀ: ਸ਼ਨਾਖ਼ਤੀ ਕਾਰਡ ਮ੍ਹਾਤੜਾਂ ਕੋਲ਼ ਕਿੱਥੇ ਹੋਣੇ ਨੇ।ਫ਼ਿਰ ਉਨ੍ਹਾਂ ਦੀਆਂ ਜ਼ਨਾਨੀਆਂ ਬਾਰੇ ਗੱਲਾਂ ਹੋਵਣ ਲੱਗ ਪਈਆਂ ਕਿ ਰਾਤ ਨੂੰ ਗੱਡੀਆਂ ਆਉਂਦੀਆਂ ਨੇ ਤੇ ਇਨ੍ਹਾਂ ਝੁੱਗੀਆਂ ਤੋਂ ਜ਼ਨਾਨੀਆਂ ਜਾਂਦੀਆਂ ਨੇ।

ਕਈ ਉਸਕੇ ਲੈ-ਲੈ ਇਹ ਗੱਲਾਂ ਸੁਣਨ ਲੱਗ ਪਏ ਤੇ ਇਕੱਠ ਵਿੱਚ ਇੱਕਦਮ ਜਾਨ ਜੇਹੀ ਪੈ ਗਈ। ਕਈ ਬੜੇ ਹੈਰਾਨ ਹੋਏ ਪਈ ਇਹ ਗੱਲ ਸੱਚੀ ਵੀ ਏ ?

ਫ਼ਿਰ ਸਾਰੇ ਪਰਾਪਰਟੀ ਡੀਲਰ ਦੀ ਹਾਂ ਵਿੱਚ ਹਾਂ ਰਲਾਵਣ ਲੱਗ ਪਏ ਤੇ ਇਹ ਮਿੱਥਿਆ ਗਿਆ ਪਈ ਉਨ੍ਹਾਂ ਕੋਲੋਂ ਸ਼ਨਾਖ਼ਤੀ ਕਾਰਡ ਲਏ ਜਾਵਣ ਤੇ ਦੂਜਿਆਂ ਦੀ ਡਿਊਟੀ ਵੀ ਲਾ ਦਿੱਤੀ ਗਈ। ਅਖ਼ੀਰ ਗੱਲ ਮੱਝਾਂ ਦੀ ਹੋਵਣ ਲੱਗ ਪਈ। ਕਈ ਥਾਵਾਂ 'ਤੇ ਵਿੱਚ-ਵਿੱਚ ਗੁੱਜਰਾਂ ਮੱਝਾਂ ਰੱਖੀਆਂ ਹੋਈਆਂ ਸਨ, ਜਿਸ ਪਾਰੋਂ ਗਲ਼ੀਆਂ ਵਿੱਚ ਗੋਹਾ ਪੈਰਾਂ ਹੇਠ ਆਉਂਦਾ ਸੀ। ਕਈ ਥਾਵਾਂ 'ਤੇ ਗਟਰ ਬੰਦ ਸਨ, ਕਿਉਂ ਜੋ ਲਾਗੇ ਮੱਝਾਂ ਬੰਨ੍ਹੀਆਂ ਹੋਈਆਂ ਸਨ। ਫ਼ਿਰ ਗੰਦ ਪਾਰੋਂ ਮੱਛਰਾਂ ਤੇ ਮੱਖੀਆਂ ਦੀ ਮੌਜ ਸੀ। ਉਂਜ ਭਾਵੇਂ ਅੱਧਾ ਮਹੱਲਾ ਇਨ੍ਹਾਂ ਤੋਂ ਦੁੱਧ ਲੈਂਦਾ ਸੀ, ਪਰ ਹੁਣ ਸਾਰੇ ਇਨ੍ਹਾਂ ਮੱਝਾਂ ਨੂੰ ਕੱਢਣ ਉੱਤੇ ਇੱਕ ਮੁੱਠ ਸਨ। ਇਹ ਮਿੱਥਿਆ ਗਿਆ ਪਈ ਟਾਊਨ ਕਮੇਟੀ ਦੇ ਅਫ਼ਸਰ ਨੂੰ ਅਰਜ਼ੀ ਪਾਈ ਜਾਵੇਗੀ ਤੇ ਮਹੱਲੇ ਵਿੱਚ ਰਹਿੰਦੇ ਕੁੱਝ ਵਕੀਲਾਂ ਨੇ ਇਸ ਮਸਲੇ ਨੂੰ ਅਦਾਲਤ ਵਿੱਚ ਲੈ ਜਾਵਣ ਦਾ ਡਰਾਵਾ ਵੀ ਦੇ ਦਿੱਤਾ। ਇੱਕ ਦੋ ਬੰਦੇ ਗੁੱਜਰਾਂ ਦੇ ਜਾਣਨ ਵਾਲ਼ੇ ਬੈਠੇ ਸਨ ਤੇ ਗੱਲ ਉਨ੍ਹਾਂ ਨੂੰ ਸੁਣਾਵਣ ਲਈ ਕੀਤੀ ਜਾਂਦੀ ਪਈ ਸੀ। ਇਹ ਵੀ ਪਈ ਦਸ ਬਾਰ੍ਹਾਂ ਵਰ੍ਹੇ ਪਹਿਲਾਂ ਜਦ ਇਹ ਸਕੀਮ ਬਣੀ, ਪਲਾਟ ਤੇ ਸੜਕਾਂ ਬਣੀਆਂ, ਮੱਝਾਂ ਨੂੰ ਕੱਢਿਆ ਗਿਆ ਤੇ ਗੁੱਜਰਾਂ ਮੱਝਾਂ ਛੁਡਾਣ ਲਈ ਧਾਵਾ ਕੀਤਾ, ਸਰਕਾਰੀ ਬੰਦਿਆਂ ਗੋਲ਼ੀ ਚਲਾ ਦਿੱਤੀ ਤੇ ਗੁੱਜਰਾਂ ਦਾ ਇੱਕ ਬੰਦਾ ਮਾਰਿਆ ਗਿਆ ਤੇ ਇਹ ਕੰਮ ਤੋੜ ਨਾ ਚੜ੍ਹਿਆ। ਤੇ ਗੱਲ ਅਦਾਲਤ ਵਿੱਚ ਲਟਕ ਗਈ, ਹੁਣ ਵਸੋਂ ਵਧੇ ਪਈ, ਮੱਝਾਂ ਰੱਖਣਾ ਗ਼ੈਰਕਾਨੂੰਨੀ ਸੀ ਤੇ ਮੱਝਾਂ ਨੂੰ ਕੱਢਣ ਦਾ ਪੱਕਾ ਮਤਾ ਪਕਾਇਆ ਗਿਆ।

ਮੈਂ ਇਸ ਗੱਲ ਦੀ ਬਹੁਤੀ ਹਾਮੀ ਨਾ ਭਰੀ ਪਰ ਉਨ੍ਹਾਂ ਨੂੰ ਨਾਂਹ ਵੀ ਨਾ ਕਰ ਸਕਿਆ। ਸ਼ਹਿਰਾਂ ਵਿੱਚ ਮੱਝਾਂ ਤਾਂ ਨਹੀਂ ਹੋਂਦੀਆਂ ? ਇੰਨੇ ਵਰ੍ਹਿਆਂ ਵਿੱਚ ਮੈਨੂੰ ਇਨ੍ਹਾਂ ਮੱਝਾਂ ਦਾ ਖ਼ਿਆਲ ਵੀ ਨਾ ਆਇਆ। ਮੈਨੂੰ ਚੇਤੇ ਆਇਆ, ਜਦ ਅਸੀਂ ਨਵਾਂ-ਨਵਾਂ ਘਰ ਪਾਇਆ ਸੀ ਤੇ ਮਾਂ ਸ਼ਾਮ ਨੂੰ ਦੂਜੀ ਮੰਜ਼ਲ ਦੇ ਟੈਰਸ ਤੋਂ ਗਲ਼ੀ ਵਿੱਚੋਂ ਮੱਝਾਂ ਲੈ ਲੰਘਦੇ ਗੁੱਜਰ ਨਾਲ਼ ਗੱਲਾਂ ਕਰਦੀ ਹੋਂਦੀ ਸੀ। ਉਹ ਬੁਢੇਰਾ ਜੇਹਾ ਸੀ ਤੇ ਹੱਥ ਵਿੱਚ ਡਾਂਗ ਫੜੀ ਰੋਜ਼ ਗਲ਼ੀ 'ਚੋਂ ਖੌਰੇ ਮੱਝਾਂ ਨੂੰ ਕਿੱਥੇ ਚਰਾਣ ਲੈ ਜਾਂਦਾ ਸੀ। ਨੱਸਦਾ ਜਾਂਦਾ ਉਹ ਮੱਝਾਂ ਦੁਆਲ਼ੇ ਇੰਜ ਨਜ਼ਰੀਂ ਆਉਂਦਾ, ਜਿਵੇਂ ਨੱਸਦਾ ਨਹੀਂ ਤੈਰਦਾ ਪਿਆ ਹੋਵੇ ਤੇ ਮੱਝਾਂ ਨੂੰ ਵਲ਼ਾਉਂਦਾ ਉਹ ਮੁੜਦਾ ਘੁੰਮਦਾ ਉਡਦਾ ਜਾਂਦਾ। ਪੈਰੀਂ ਮਕੇਸ਼ਨ ਪੁਰਾਣੇ ਜਿਹੇ ਤੇ ਤੇੜ ਲੱਕਦੀ (ਧੋਤੀ)। ਉਹਨੂੰ ਵੇਖ ਹਮੇਸ਼ ਮੇਰਾ ਹੱਥ ਆਪਮੁਹਾਰੇ ਮੱਥੇ ਨੂੰ ਸਲਾਮ ਕਰਨ ਲਈ ਉੱਠ ਜਾਂਦਾ ਤੇ ਉਹ ਬਹੁੰ ਖ਼ੁਸ਼ੀ ਨਾਲ਼ ਹਵਾ ਵਿੱਚ ਉਡਦੇ ਜਾਂਦੇ ਇਹਦਾ ਜੁਆਬ ਦੇਂਦਾ। ਮੱਝਾਂ ਨਾਲ਼ ਵਗਦੇ ਕੋਲ਼ ਕਦੀ ਇੰਨਾ ਵੇਲਾ ਨਹੀਂ ਹੋਂਦਾ ਸੀ ਪਈ ਉਹ ਖਲੋ ਮੇਰੇ ਨਾਲ਼ ਗੱਲ ਕਰੇ। ਮਾਂ ਕੋਲ਼ ਪਿੰਡ ਵਿੱਚ ਪੀਰਾਂ ਬਾਗ਼ ਗੁਰਦਾਸਪੁਰ ਘਰੀਂ ਮੱਝ ਵੀ ਸੀ। ਤੇ ਮਾਂ ਮੱਝ ਦੀਆਂ ਗੱਲਾਂ ਵੀ ਕਰਦੀ ਹੋਂਦੀ ਸੀ। ਪਰ ਸ਼ਹਿਰਾਂ ਵਿੱਚ ਮੱਝਾਂ ਤਾਂ ਨਹੀਂ ਹੋਂਦੀਆਂ ਨਾ ?

ਰਾਤੀਂ ਮੈਂ ਚਿਰਕੇ ਤੀਕ ਮੱਝਾਂ ਬਾਰੇ ਸੋਚਦਾ ਰਿਹਾ। ਇੰਨੇ ਵਰ੍ਹੇ ਲੰਘ ਗਏ ਇਨ੍ਹਾਂ ਮੱਝਾਂ ਦਾ ਖ਼ਿਆਲ ਕਿਉਂ ਨਹੀਂ ਆਇਆ। ਮੈਨੂੰ ਆਪਣੀ ਗਲ਼ੀ ਵਿੱਚ ਗੋਹਾ ਭੈੜਾ ਕਿਉਂ

ਨਹੀਂ ਲੱਗਦਾ? ਬੁੱਢੇ ਗੁੱਜਰ ਨਾਲ਼ ਮੈਂ ਹਮੇਸ਼ ਸਲਾਮ ਕਿਉਂ ਲੈਂਦਾ ਆਂ? ਮੈਂ ਕਿਉਂ ਚਾਹਨਾ ਆਂ ਪਈ ਉਹ ਕੁੱਝ ਚਿਰ ਖਲੋਵੇ ਤੇ ਮੈਂ ਉਸ ਦੀ ਸੁਖ-ਸਾਂਦ ਲਵਾਂ। ਰੋਜ਼ ਦੀ ਤਰ੍ਹਾਂ ਰਾਤ ਦੀ ਰੋਟੀ ਖਾਵਣ ਪਿੱਛੋਂ ਉਤਲੀ ਮੰਜ਼ਲ ਦੇ ਟੈਰਸ ਉੱਤੇ ਆ ਬੈਠਾ। ਅੱਧ ਜੇਠ ਤੇ ਸਾਰੇ ਦਿਨ ਦੀ ਅੰਤਾਂ ਦੀ ਗਰਮੀ ਪਿੱਛੋਂ ਹੁਣ ਹੌਲ਼ੀ-ਹੌਲ਼ੀ ਵਗਦੀ ਹਵਾ ਚੰਗੀ ਲੱਗੀ। ਸਾੜ ਕਦ ਦਾ ਮੁੱਕ ਗਿਆ ਸੀ ਤੇ ਹੁਣ ਸੀ ਰਾਤ ਹਵਾ। ਐਵੇਂ ਪਤਾ ਨਹੀਂ ਕਿੱਥੋਂ ਬੱਦਲ਼ਾਂ ਦੇ ਟੋਟੇ ਆਏ ਤੇ ਹਵਾ ਵਿੱਚ ਮਾੜੀ ਜੇਹੀ ਠੰਢ ਦੀ ਕਣੀ ਸਹੀ ਹੋਈ। ਮੇਰੀ ਵਹੁਟੀ ਝੱਟ ਆਖਿਆ, "ਕਿਤੇ ਮੀਂਹ ਪਿਆ ਏ।" ਪਰ ਮੈਨੂੰ ਹਵਾ ਕਣੀ ਵਿੱਚ ਕੋਈ ਪੁਰਾਣੀ ਖ਼ੁਸ਼ਬੋਈ ਆਈ। ਮੈਂ ਵਹੁਟੀ ਨੂੰ ਆਖਿਆ, "ਮੈਨੂੰ ਚਾਹ ਐਥੇ ਈ ਲਿਆ ਦੇ। ਕੁੱਝ ਚਿਰ ਐਥੇ ਈ ਬੈਠਾਂਗਾ।"

ਹਵਾ ਸਹਿਜੇ-ਸਹਿਜੇ ਤ੍ਰਿੱਖੀ ਹੋਈ ਤੇ ਹੋਰ ਠੰਢੀ ਜੇਹੀ ਲੱਗੀ। ਜੇਠ ਵਿੱਚ ਇਹ ਹਵਾ ਰੱਬੀ ਦਾਤ ਏ। ਵਗਦੀ ਹਵਾ ਨੇ ਇੱਕ ਪੁਰਾਣੀ ਯਾਦ ਹਵਾ ਨੂੰ ਮੋਹਰੇ ਲਾ ਧਰਿਆ। ਸਰਘੀ ਤੋਂ ਅਗਦੋਂ ਝੁੱਲਦੀ ਹਵਾ ਦੀ ਯਾਦ, ਜਿਹੜੀ ਨਿੱਤ ਠੰਢ ਨਿੱਘੀ, ਸੱਜ-ਜੰਮੀ, ਨਵੀਂ ਨਿਰੋਲ ਤੇ ਨਿਖਰੀ ਹੋਂਦੀ ਏ। ਮੁੱਕਦੀ ਰਾਤ ਦੀ ਇਹ ਵਾਅ ਰਾਤ ਦੀ ਅੱਤ ਸੁਹਣੀ ਘੜੀ ਹੋਂਦੀ ਏ ਤੇ ਬੰਦੇ ਦੀ ਰੂਹ ਆਉਂਦੇ ਦਿਨ ਦੀ ਆਸ ਨਾਲ਼ ਭਰ ਦੇਂਦੀ ਏ। ਜਿਉਂ-ਜਿਉਂ ਰਾਤ ਲੰਘੀ ਤਿਉਂ ਤਿਉਂ ਅਚੇਤ ਵਿੱਚ ਕੱਸ ਕੇ ਬੰਨ੍ਹਿਆਂ ਵਰ੍ਹਿਆਂ ਬੱਧੀਆਂ ਯਾਦਾਂ ਦਾ ਅਟੈਚੀਕੇਸ ਅਚਨਚੇਤ ਇੱਕਦਮ ਖੁੱਲ੍ਹ ਗਿਆ ਤੇ ਸਭ ਪੁਰਾਣਾ ਬਾਹਰ ਡਿਗ ਪਿਆ।

ਮੈਂ ਮਸਾਂ ਛੇਵੀਂ ਸੱਤਵੀਂ ਵਿੱਚ ਪੜ੍ਹਦਾ ਸਾਂ। ਦੋ ਚਾਰ ਵਰ੍ਹੇ ਪਹਿਲਾਂ ਅਸੀਂ ਐਥੇ ਕ੍ਰਿਸ਼ਨ ਨਗਰ, ਲਾਹੌਰ ਚਾਚੇ ਕੋਲ਼ ਆ ਗਏ, ਪਿਓ ਐਵੇਂ ਕੁੱਝ ਚਿਰ ਲਈ ਬਿਮਾਰ ਹੋਇਆ ਤੇ ਮੁੜ ਸਦਾ ਲਈ ਅੱਖਾਂ ਮੀਟ ਲਈਆਂ, ਮਾਂ ਨੇ ਡਰੀ ਬਿੱਲੀ ਵਾਂਗ ਬਾਲਾਂ ਨੂੰ ਪਿੰਡੇ ਹੇਠ ਲਕੋ ਲਿਆ।

ਟਾਬਰੀ ਨੇ ਇੱਕ ਕਮਰਾ ਦੂਜੀ ਮੰਜ਼ਲੇ ਪਾ ਦਿੱਤਾ ਤੇ ਕੁੱਝ ਖ਼ਰਚਾ ਲਾ ਦਿੱਤਾ। ਭਰਾਵਾਂ ਵਿੱਚ ਮੈਂ ਵੱਡਾ ਸਾਂ, ਇਸ ਲਈ ਚਾਚੀ ਘਰ ਤੋਂ ਬਾਹਰ ਦੇ ਸਾਰੇ ਕੰਮਾਂ ਲਈ ਮੈਨੂੰ ਡਾਹ ਲਿਆ ਤੇ ਘਰ ਦੇ ਕੰਮਾਂ ਲਈ ਮੇਰੀ ਵੱਡੀ ਭੈਣ ਮੁਫ਼ਤ ਦੀ ਕਾਮੀ ਲੱਭ ਗਈ। ਚੰਗੀ ਗੱਲ ਇਹ ਸੀ, ਅਸੀਂ ਸਾਰੇ ਸਕੂਲਾਂ ਵਿੱਚ ਪੈ ਗਏ ਤੇ ਸਾਰੇ ਕਹਿੰਦੇ ਸਨ, ਪੜ੍ਹ ਜਾਣਗੇ ਤੇ ਕੁੱਝ ਬਣ ਜਾਣਗੇ; ਵੇਲਾ ਔਖਾ ਏ, ਪਰ ਲੰਘ ਜਾਏਗਾ। ਇੱਕ ਦਿਨ ਪਤਾ ਨਹੀਂ ਚਾਚੀ ਨੂੰ ਕੀ ਚਾਅ ਚੜ੍ਹਿਆ, ਉਸ ਪਿੰਡੋਂ ਮੱਝ ਮੰਗਾ ਲਈ। ਪੀਰ ਮੱਕੀ ਸ਼ੇਖ਼ੂਪੁਰੇ ਤੋਂ ਅਗਾਂਹ ਵੱਡੀ ਨਹਿਰ ਉੱਤੇ ਸਾਡੀ ਟਾਬਰੀ ਦੀ ਚੋਖੀ ਜ਼ਮੀਨ ਸੀ, ਜਿਹੜੀ ਮੁੜ ਸਾਂਭੀ ਨਾ ਗਈ, ਕਿਉਂ ਜੋ ਸਾਰੇ ਸ਼ਹਿਰਾਂ ਵਿੱਚ ਰਹਿੰਦੇ ਸਨ ਤੇ ਮੁੜ ਨਵੀਂ ਪੀੜ੍ਹੀ ਵੇਚ ਖਾ ਛੱਡੀ।

ਪਰ ਓਦੋਂ ਜ਼ਮੀਨ ਹੈ ਸੀ ਤੇ ਸ਼ੇਰਾ ਕਣਕ, ਚੌਲ਼, ਗੰਨੇ ਤੇ ਹੋਰ ਸ਼ੈਵਾਂ ਲਿਆਈ ਰੱਖਦਾ ਸੀ। ਚਾਚੀ ਨੂੰ ਖ਼ਾਲਸ ਦੁੱਧ ਦਾ ਬੜਾ ਰੌਲ਼ਾ ਸੀ। ਪਹਿਲੇ ਮੈਂ ਸਵੇਰ ਸ਼ਾਮ ਡੋਲ ਲੈ ਕੇ ਗੁੱਜਰਾਂ ਕੋਲ਼ੋਂ ਦੁੱਧ ਲੈਣ ਜਾਣਾ, ਪਰ ਚਾਚੀ ਕਹਿਣਾ- ਤੈਨੂੰ ਪਤਾ ਨਹੀਂ ਲੱਗਦਾ, ਉਹ ਪਾਣੀ ਪਾ ਦੇਂਦੇ ਨੇਂ। ਮੈਂ ਹਮੇਸ਼ ਉਨ੍ਹਾਂ ਦੇ ਚੋਣ ਤੋਂ ਅਗਦੋਂ ਈ ਜਾਂਦਾ ਸਾਂ, ਪਰ ਓਥੇ

ਇੰਨੀਆਂ ਵਲ਼ਟੋਹੀਆਂ ਹੋਂਦੀਆਂ ਸਨ, ਪਤਾ ਨਹੀਂ ਚਲਦਾ ਸੀ, ਉਨ੍ਹਾਂ ਵਿੱਚ ਪਹਿਲੇ ਤੋਂ ਪਾਣੀ ਹੈ ਜਾਂ ਨਹੀਂ; ਜਦ ਉਹ ਇਨ੍ਹਾਂ ਵਲਟੋਹੀਆਂ ਵਿੱਚ ਦੁੱਧ ਚੋਂਦੇ ਸਨ। ਭਾਵੇਂ ਇਹ ਗੁੱਜਰ ਸਾਡੇ ਘਰ ਦੇ ਨਾਲ਼ ਦੀ ਗਲ਼ੀ ਤੋਂ ਪਾਰ ਰਹਿੰਦੇ ਸਨ। ਵੱਡੇ ਪੱਕੇ ਵੇਹੜੇ ਵਿੱਚ ਮੱਝਾਂ ਬੰਨ੍ਹੀਆਂ ਹੋਣੀਆਂ ਤੇ ਪਿੱਛੇ ਇਨ੍ਹਾਂ ਦੇ ਘਰ ਸਨ।

ਓਦੋਂ ਕ੍ਰਿਸ਼ਨ-ਨਗਰ ਵਿੱਚ ਮੱਝਾਂ ਰੱਖਣ ਦੀ ਮਨਾਹੀ ਨਹੀਂ ਸੀ। ਇਹ ਸੱਠ ਦੇ ਦਹਾਕੇ ਦਾ ਅਖ਼ੀਰ ਸੀ। ਫ਼ਿਰ ਸਾਡੇ ਵੇਂਹਦੇ-ਵੇਂਹਦੇ ਸੜਕਾਂ ਪੱਕੀਆਂ ਹੋਈਆਂ, ਸੀਵਰਜ ਆਇਆ ਤੇ ਅਖ਼ੀਰ ਸੱਤਰ ਦੀ ਪੌਂਦ ਵਿੱਚ ਗੈਸ ਵੀ ਆ ਗਈ। ਇੱਕ ਦਿਨ ਸਕੂਲੋਂ ਘਰ ਆਇਆ ਤੇ ਸ਼ੇਰਾ ਆਇਆ ਹੋਵੇ ਤੇ ਘਰ ਅੱਗੇ ਮੱਝ ਬੰਨ੍ਹੀ ਹੋਵੇ। ਮੁਹੱਲੇ ਦੇ ਬਾਲਾਂ ਉਸ ਦੁਆਲੇ ਘੇਰਾ ਕੀਤਾ ਹੋਇਆ ਸੀ ਤੇ ਬੜੀਆਂ ਸ਼ੌਕ ਭਰੀਆਂ ਅੱਖਾਂ ਨਾਲ਼ ਮੱਝ ਨੂੰ ਵੇਖੀ ਜਾ ਰਹੇ ਸਨ। ਨਵੀਂ ਥਾਂ ਪਾਰੋਂ ਮੱਝ ਕੁੱਝ ਹਰਿਆਨੀ ਨਾਲ਼ ਤੱਕੇ ਪਈ ਤੇ ਉੱਖੜੀ-ਉੱਖੜੀ, ਚਿੰਤਾਵੰਦ ਤੇ ਡਰੀ-ਡਰੀ ਜਾਪੀ। ਇੱਕ ਵਾਰੀ ਤੇ ਮੈਨੂੰ ਵੀ ਮੱਝ ਦਾ ਚਾਅ ਚੜ੍ਹ ਗਿਆ ਤੇ ਸ਼ੇਰੇ ਮੈਨੂੰ ਹੱਲਾਸ਼ੇਰੀ ਦਿੱਤੀ ਪਈ ਉਸਦੀ ਪਿੱਠ 'ਤੇ ਹੱਥ ਫੇਰਾਂ। ਮੈਨੂੰ ਰਤਾ ਸਾਰ ਨਾਂਹ ਹੋਈ ਪਈ ਇਸ ਚਾਅ ਦਾ ਮੁੱਲ ਵੀ ਮੈਨੂੰ ਤਾਰਨਾ ਪੈਣਾ ਏਂ ਤੇ ਮੱਝ ਦੀ ਭਾਲ਼-ਸੰਭਾਲ਼ ਮੇਰੇ ਪੋਟੇ ਪੈ ਜਾਣੀ ਏ।

ਚਾਚੀ ਮੈਨੂੰ ਝੱਟ ਪੈਸੇ ਦੇ ਸੈਕਲ ਉੱਤੇ ਤੋਰਿਆ ਮੱਝ ਲਈ ਪੱਠੇ ਲਿਆਵਣ ਲਈ। ਦੁਪਹਿਰ ਦੀ ਰੋਟੀ ਪਿੱਛੋਂ ਸ਼ੇਰੇ ਪਿੰਡ ਤੁਰ ਜਾਣਾ ਸੀ। ਸ਼ੇਰਾ ਜਦ ਆਉਂਦਾ ਸੀ, ਉਸ ਨੂੰ ਬਾਹਰ ਮੰਜੀ ਡਾਹ ਦਿੱਤੀ ਜਾਂਦੀ ਸੀ। ਓਥੇ ਈ ਉਸ ਰੋਟੀ ਖਾਣੀ। ਲੌਂਢੇ ਵੇਲੇ ਚਾਚੇ ਦਫ਼ਤਰੋਂ ਆਉਣਾ, ਸ਼ੇਰੇ ਨਾਲ਼ ਕਿੰਨਾ ਚਿਰ ਜ਼ਮੀਨਾਂ ਦਾ ਲੇਖਾ-ਜੋਖਾ ਕਰਨਾ ਤੇ ਮੁੜ ਉਸ ਨੂੰ ਰਾਹ ਦਾ ਖ਼ਰਚ ਦੇ ਤੋਰਨਾ। ਸ਼ੇਰੇ ਦੀ ਟਹਿਲ ਸੇਵਾ ਮੈਂ ਈ ਕਰਦਾ ਸਾਂ। ਉਸ ਨੂੰ ਰੋਟੀ ਖੁਆਣੀ, ਸਿਗਟ-ਚਾਹ ਦਾ ਧਿਆਨ ਰੱਖਣਾ ਮੇਰੇ ਜ਼ਿੰਮੇ ਸੀ। ਸ਼ੇਰੇ ਮੈਨੂੰ ਕੋਲ਼ ਬਿਠਾ ਕੇ ਮੱਝ ਬਾਰੇ ਇੱਕ-ਇੱਕ ਗੱਲ ਸਮਝਾਈ। ਕਿਉਂ ਜੋ ਮੈਂ ਨਿੱਕਾ ਸਾਂ, ਇਸ ਲਈ ਮੱਝ ਨੂੰ ਫਿਰਾਣ ਜੋਗਾ ਨਹੀਂ ਸਾਂ। ਹਫ਼ਤੇ ਜਾਂ ਦੋ ਚਾਰ ਦਿਨਾਂ ਪਿੱਛੋਂ ਮੱਝ ਨੂੰ ਨਹਾਣਾ ਜ਼ਰੂਰੀ ਸੀ। ਪੱਠੇ ਸਾਬਤ ਵੀ ਦੇਣੇ ਨੇ ਤੇ ਕੱਟੇ ਹੋਏ ਵੀ। ਚੋਕਰ ਚੋਣ ਤੋਂ ਪਹਿਲਾਂ ਪਾਣਾ ਏ, ਸ਼ਟਾਲਾ, ਵੰਡ, ਪੱਠੇ, ਖਲ਼- ਇਹ ਇਨ੍ਹਾਂ ਦੀ ਖ਼ੁਰਾਕ ਏ। ਤੇ ਅਖ਼ੀਰ ਵਿੱਚ ਮੱਝ ਨਾਲ਼ ਪਿਆਰ ਕਰੇਂਗਾ ਤੇ ਇਹ ਪਿਆਰ ਕਰੇਗੀ, ਰੱਜ ਦੁੱਧ ਵੀ ਦੇਏਗੀ, ਅੜੀ ਨਹੀਂ ਕਰੇਗੀ, ਤੇ ਚਾਚੀ ਵੀ ਖ਼ੁਸ਼ ਰਹੇਗੀ। ਉਸ ਹੱਸ ਕੇ ਮੈਨੂੰ ਛੇੜਿਆ। ਅਖ਼ੀਰੀ ਗੱਲ ਇਸ ਨੂੰ ਕਦੀ ਭੁੱਖੀ ਨਹੀਂ ਰੱਖਣਾ; ਨਹੀਂ ਤਾਂ ਤੈਨੂੰ ਨੇੜੇ ਨਹੀਂ ਲੱਗਣ ਦੇਏਗੀ।

ਸ਼ਾਮਾਂ ਤੀਕ ਮੈਂ ਇੱਧਰ-ਉੱਧਰ ਦੇ ਕੰਮਾਂ ਵਿੱਚ ਰੁੱਝਿਆ ਰਿਹਾ। ਪਰ ਮੈਨੂੰ ਮੱਝ ਦਾ ਹਰ ਦਮ ਖ਼ਿਆਲ ਸੀ। ਮੈਂ ਅਗਦੋਂ ਈ ਉਸ ਲਈ ਪੱਠੇ ਤੇ ਹੋਰ ਸ਼ੈਵਾਂ ਲੈ ਆਇਆ ਸਾਂ ਤੇ ਗੁਆਂਢੀ ਗੁੱਜਰਾਂ ਵੀ ਕੁੱਝ ਪੱਠੇ ਮੁਫ਼ਤ ਦੇ ਦਿੱਤੇ ਸਨ। ਸ਼ਾਮੀਂ ਮੈਂ ਰਹਿਮਤ ਗੁੱਜਰ ਨੂੰ ਬੁਲਾ ਕੇ ਲਿਆਇਆ ਤੇ ਉਸ ਮੱਝ ਚੋਈ। ਪਹਿਲਾਂ ਚੋਕਰ ਤੇ ਖਲ਼ ਵੱਡੀ ਪਰਾਤ ਵਿੱਚ ਉਸ ਨੂੰ ਪਾਈ ਗਈ। ਉਸ ਰੱਜ ਕੇ ਖਾਧੀ ਤੇ ਫ਼ਿਰ ਰਹਿਮਤ ਨੇ ਉਸ ਦੀਆਂ ਪਿਛਲੀਆਂ ਦੋਵੇਂ ਲੱਤਾਂ ਰੱਸੇ ਨਾਲ਼ ਇੰਜ ਜੂੜ ਕੇ ਬੰਨ੍ਹ ਦਿੱਤੀਆਂ, ਤਾਂ ਜੋ ਦੁੱਧ ਚੋਣ ਲੱਗਿਆਂ ਉਹ

ਦੁਲੱਤੀ ਨਾਂਹ ਮਾਰੇ ਤੇ ਫ਼ਿਰ ਉਸ ਨੇ ਮੱਝ ਨੂੰ ਪਸਮਾਣ ਦਾ ਵਲ ਦੱਸਿਆ। ਤੇ ਆਖਿਆ ਜਦ ਮੱਝ ਪਸਮ ਜਾਏ, ਫ਼ਿਰ ਮੈਨੂੰ ਦੁੱਧ ਚੋਣ ਲਈ ਸੱਦ ਲਈਂ। ਮੱਝ ਚੋਣ ਲੱਗਿਆਂ ਰਹਿਮੇ ਮੈਨੂੰ ਕੋਲ਼ ਬਿਠਾ ਲੈਣਾ ਤੇ ਪਹਿਲਾਂ ਇੱਕ-ਦੋ ਧਾਰਾਂ ਮੇਰੇ ਮੂੰਹ ਵਿੱਚ ਮਾਰਨੀਆਂ। ਪੰਜਾਹ ਵਰ੍ਹਿਆਂ ਪਿੱਛੋਂ ਵੀ ਮੈਨੂੰ ਕੱਚੇ ਦੁੱਧ ਦਾ ਸਵਾਦ ਚੇਤੇ ਏ।

ਪਰ ਅਸਲ ਔਖੀ ਘੜੀ ਤਾਂ ਰਾਤ ਨੂੰ ਆਉਣੀ ਸੀ। ਮੈਨੂੰ ਚਾਚੀ ਬੁਲਾ ਆਖਿਆ, "ਤੂੰ ਰਾਤ ਨੂੰ ਮੱਝ ਦੀ ਰਾਖੀ ਲਈ ਬਾਹਰ ਸੌਣਾ ਏਂ।" ਉਸ ਮੈਨੂੰ ਮੰਜੀ ਦੇ ਦਿੱਤੀ ਤੇ ਆਖਿਆ ਬਿਸਤਰਾ ਮਾਂ ਕੋਲ਼ੋਂ ਲੈ ਲਵਾਂ। ਸਵੇਰੇ ਮੈਂ ਮੱਝ ਨੂੰ ਪੱਠੇ ਪਾਣੇ, ਪਸਮਾਣਾ ਤੇ ਰਹਿਮੇ ਕੋਲ਼ੋਂ ਚੁਆਣ ਪਿੱਛੋਂ ਸਕੂਲ ਜਾਣਾ ਸੀ। ਮੈਨੂੰ ਇਸ ਕੰਮ ਦਾ ਇੰਨਾ ਭਾਰ ਨਹੀਂ ਸੀ। ਮੈਂ ਤਾਂ ਸਾਰੀ ਰਾਤ ਇਕੱਲੇ ਬਾਹਰ ਸੌਣ ਤੋਂ ਡਰਦਾ ਸਾਂ। ਨੌਂ-ਦਸ ਵਜੇ ਈ ਮੈਂ ਮੰਜੀ ਡਾਹ ਕੇ ਬਾਹਰ ਸੌਣ ਲਈ ਆ ਗਿਆ। ਸਾਹਮਣੇ ਗੁਆਂਢੀਆਂ ਦੇ ਘਰੋਂ ਰੇਡੀਓ ਉੱਤੇ ਹਿੰਦੁਸਤਾਨੀ ਗਾਣਿਆਂ ਦੀਆਂ ਵਾਜਾਂ ਆਂਦੀਆਂ ਰਹੀਆਂ। ਹੌਲ਼ੀ-ਹੌਲ਼ੀ ਘਰਾਂ ਦੀਆਂ ਬੱਤੀਆਂ ਬੁਝੀਆਂ। ਅੰਤ ਸਾਰੇ ਘਰਾਂ ਦੀਆਂ ਬੱਤੀਆਂ ਬੁਝ ਗਈਆਂ ਤੇ ਮੈਨੂੰ ਨੀਂਦ ਵੀ ਆ ਗਈ। ਮੱਝ ਦੀ ਸੇਵਾ ਪਾਰੋਂ ਤੇ ਬਜ਼ਾਰ ਦੇ ਚੱਕਰ ਲਾ-ਲਾ ਕੇ ਮੈਨੂੰ ਥਕੇਵਾਂ ਵੀ ਸੀ।

ਪਰ ਫ਼ਿਰ ਪਤਾ ਨਹੀਂ ਰਾਤ ਦੇ ਕਿਸ ਵੇਲੇ ਮੇਰੀ ਅੱਖ ਖੁੱਲ੍ਹ ਗਈ। ਤੇ ਮੈਂ ਮੂੰਹ ਉੱਤੋਂ ਚਾਦਰ ਹਟਾ ਕੇ ਅਨ੍ਹੇਰੇ ਵਿੱਚ ਵੇਖਣ ਦਾ ਆਹਰ ਕੀਤਾ। ਗਲ਼ੀ ਉੱਕਾ ਸੁੰਞ ਮਸਾਣ। ਮੈਨੂੰ ਪਤਾ ਸੀ ਮਹੱਲੇ ਦੇ ਕੁੱਝ ਮੁੰਡੇ ਬੜੇ ਬਦਨਾਮ ਸਨ ਤੇ ਦੂਜਿਆਂ ਮੁੰਡਿਆਂ ਨਾਲ਼ 'ਫ਼ਿਅਲ' ਕਰਦੇ ਸਨ। ਓਦੋਂ ਬੰਧ ਤੋਂ ਪਾਰ ਉਜਾੜ ਸੀ ਤੇ ਖੂਹ ਤੇ ਪੈਲ਼ੀਆਂ ਹੋਂਦੀਆਂ ਸਨ। ਕਈਆਂ ਵੱਡੇ ਮੁੰਡਿਆਂ ਨਿੱਕਿਆਂ ਨੂੰ ਵਲ਼ਾ ਕੇ ਲੈ ਜਾਣਾ ਤੇ ਫ਼ਿਅਲ ਕਰਨੇ। ਕਈਆਂ ਲਿੱਸਿਆਂ ਰੋਜ਼ ਕਾਬੂ ਆ ਜਾਵਣਾ। ਐਵੇਂ ਲੱਗਾ ਕੋਈ ਦੂਰੋਂ ਮੈਨੂੰ ਵੇਖਦਾ ਪਿਆ ਏ। ਮੈਂ ਝੱਟ ਮੂੰਹ ਉੱਤੇ ਚਾਦਰ ਲੈ ਡਰ ਨੂੰ ਵਲਾਣ ਦਾ ਕੀਤਾ। ਕਦੀ ਪੈਰਾਂ ਦੀ ਹੌਲ਼ੀ-ਹੌਲ਼ੀ ਵਾਜ ਆਵੇ। ਮੈਂ ਦੜ ਵੱਟ ਕੇ ਪਿਆ ਰਿਹਾ। ਜੇ ਨਾਜੀ ਆ ਕੇ ਮੈਨੂੰ ਫੜ ਲਿਆ ਤੇ ਮੇਰੀ ਵਾਜ ਨਹੀਂ ਨਿਕਲਣੀ। ਨਾਜੀ ਸਾਡੀ ਗਲ਼ੀ ਦਾ ਸਭ ਤੋਂ ਬਦਨਾਮ ਮੁੰਡਾ ਸੀ। ਨਸ਼ੇ ਵੀ ਕਰਦਾ ਸੀ। ਸੂਟਾ ਆਮ ਲੱਭ ਜਾਂਦਾ ਸੀ। ਬੰਧੋਂ ਪਾਰ ਖੂਹਾਂ ਉੱਤੇ ਭੰਗ ਵੀ ਘੋਟੀ ਜਾਂਦੀ ਸੀ।

"ਵਾਰਿਸ ਸ਼ਾਹ ਵਿੱਚ ਹੁਜਰਿਆਂ ਖ਼ਿਆਲ ਕਰਦੇ ਮੁੱਲਾਂ ਜੋਤਰੇ ਲਾਂਵਦੇ ਵਾਹੀਆਂ ਨੂੰ।"

ਮੇਰੀ ਨੀਂਦ ਉੱਕਾ ਉੱਡ ਗਈ ਤੇ ਪਤਾ ਨਹੀਂ ਕਿੰਨੀ ਦੇਰ ਡਰਿਆ ਜਾਗਦਾ ਰਿਹਾ। ਫ਼ਿਰ ਹੌਲ਼ੀ-ਹੌਲ਼ੀ ਹਵਾ ਵਗਣੀ ਛੋਹੀ ਤੇ ਮੈਨੂੰ ਲੱਗਾ ਰਾਤ ਹੁਣ ਮੁੱਕਣ ਵਾਲ਼ੀ ਏ। ਸਰਘੀ ਤੋਂ ਅਗਦੋਂ ਦੀ ਹਵਾ, ਜੋ ਮੈਂ ਕਈ ਮਹੀਨੇ ਹੰਢਾਈ, ਸਿਆਲ਼ ਵੀ ਹੁਨਾਲ਼ ਵੀ।

ਅਚਨਚੇਤ ਮੈਨੂੰ ਮੱਝ ਦਾ ਖ਼ਿਆਲ ਆਇਆ ਤੇ ਮੇਰਾ ਡਰ ਲਹਿ ਗਿਆ। ਮੱਝ ਮੇਰੇ ਨਾਲ਼ ਈ ਤਾਂ ਬੱਧੀ ਹੋਈ ਸੀ। ਤੇ ਮੈਂ ਨੀਝ ਲਾਈ ਤੇ ਉਹਦੀ ਜੁਗਾਲ਼ੀ ਦੀ ਵਾਜ ਆਈ। ਉਹ ਜਾਗਦੀ ਪਈ ਸੀ ਤੇ ਫ਼ਿਰ ਉਸ ਉੱਠ ਕੇ ਮੇਰੇ ਵੱਲ ਸਾਹ ਸੁੱਟਿਆ ਤੇ ਗਲ਼ ਦਾ ਸੰਗਲ਼ ਹਿਲਾਇਆ। ਹੈਂ ਮੇਰੇ ਨਾਲ਼ ਤਾਂ ਜਿਊਂਦਾ ਜਾਗਦਾ ਜੀ ਏ ਮੈਨੂੰ ਡਰਨ ਦੀ ਕੀ ਲੋੜ ਏ। ਦੂਰੋਂ ਕਿਸੇ ਘਰੋਂ ਖੰਘਣ ਤੇ ਬੱਤੀ ਜਲਾਣ ਦੀ ਵਾਜ ਆਈ। ਨਲ਼ਕਿਆਂ 'ਚੋਂ

ਪਾਣੀ ਡਿਗਣ ਦੀ। ਕੁੱਝ ਘਰਾਂ ਦੇ ਬੁੱਢੇ ਬਾਬੇ ਨਮਾਜ਼ ਲਈ ਤਿਆਰੀ ਫੜਦੇ ਹੋਣੇ ਨੇ। ਫ਼ਜ਼ਲੇ ਤੇ ਹਾਜੀ ਕਮਾਲ ਦਾ ਤੇ ਸਾਰਿਆਂ ਨੂੰ ਪਤਾ ਸੀ। ਹਵਾ ਦੇ ਬੁੱਲੇ ਆਵਣੇ ਤੇ ਗਲ਼ੀ ਵਿੱਚ ਵਾਵਰੋਲ਼ੇ ਬਣਨੇ। ਕਿੰਨੀ ਵੀ ਗਰਮੀ ਹੋਵੇ ਰਾਤ ਦੀ ਅਖ਼ੀਰੀ ਹਵਾ ਹਮੇਸ਼ ਠੰਢੀ ਹੋਂਦੀ ਏ। ਹੌਲ਼ੀ-ਹੌਲ਼ੀ ਘਰਾਂ 'ਚੋਂ ਆਉਂਦੀਆਂ ਵਾਜਾਂ ਵਧਦੀਆਂ ਗਈਆਂ- ਪੈਰਾਂ ਦੀਆਂ, ਬੂਹੇ ਬਾਰੀਆਂ ਖੁੱਲ੍ਹਣ ਦੀਆਂ ਤੇ ਫ਼ਿਰ ਮਸੀਤ ਤੋਂ ਬਾਂਗ ਦੀ ਵਾਜ ਨੇ ਰਾਤ ਮੁਕਾ ਦਿੱਤੀ।

ਮੈਂ ਮੂੰਹ ਤੋਂ ਚਾਦਰ ਲਾਹੀ ਤੇ ਉੱਠ ਕੇ ਬਹਿ ਗਿਆ, ਮੱਝ ਸਾਹਮਣੇ ਖਲੋਤੀ ਮੈਨੂੰ ਵੇਖਦੀ ਪਈ ਸੀ। ਪਹਿਲੀ ਵਾਰ ਮੈਂ ਉਸ ਨੂੰ ਨੀਝ ਨਾਲ਼ ਤੱਕਿਆ। ਉਹ ਮਧਰੇ ਕੱਦ ਦੀ ਭਾਰੀ ਮੱਝ ਸੀ। ਚੁੱਪ ਤੇ ਉਦਾਸ ਮੋਟੀਆਂ ਅੱਖਾਂ, ਸਿੰਗ ਉਤਾਂਹ ਨੂੰ ਵਲ਼ੇ ਹੋਏ। ਉਸ ਦੇ ਮੂੰਹ ਉੱਤੇ ਵੀ ਅੱਖਾਂ ਤੋਂ ਹੇਠ ਰੱਸਾ ਵਲ਼ ਕੇ ਇੱਕ ਤਰ੍ਹਾਂ ਮੂੰਹ ਬੰਨ੍ਹਿਆ ਹੋਇਆ ਸੀ ਤੇ ਉਹ ਰੱਸਾ ਵੀ ਗਲ਼ ਵਿੱਚ ਸੀ। ਮੈਂ ਅਗਾਂਹ ਹੋ ਕੇ ਉਹਦਾ ਉਹ ਰੱਸਾ ਖੋਲ੍ਹ ਦਿੱਤਾ, ਜਿਸ ਨਾਲ਼ ਉਹ ਸੌਖੀ ਜੇਹੀ ਹੋ ਗਈ ਤੇ ਉਸ ਅਪਣਾ ਮੂੰਹ ਮੇਰੇ ਜੁੱਸੇ ਨਾਲ਼ ਰਗੜਿਆ, ਜਿਵੇਂ ਲਾਡ ਕਰਦੀ ਪਈ ਹੋਵੇ। ਮੈਂ ਮੂੰਹ ਉੱਤੇ ਚਾਦਰ ਲਈ ਤੇ ਨਿਚਿੰਤ ਹੋ ਕੇ ਸੌਂ ਗਿਆ। ਮੁੜ ਮੈਨੂੰ ਸਵੇਰੇ ਮਾਂ ਨੇ ਈ ਜਗਾਇਆ ਤੇ ਮੈਂ ਮੱਝ ਨੂੰ ਪੱਠੇ ਪਾਉਣ ਤੇ ਪਸਮਾਣ ਦੇ ਆਹਰੇ ਜਾ ਲੱਗਾ।

ਅੱਠ-ਦਸ ਮਹੀਨੇ ਮੈਂ ਇੰਜ ਈ ਰੋਜ਼ ਬਾਹਰ ਸੌਂਦਾ ਰਿਹਾ। ਮੈਂ ਇੱਕ ਨਵਾਂ ਕੰਮ ਪਾਇਆ। ਅਗਲੀ ਰਾਤੀਂ ਮੱਝ ਦਾ ਸੰਗਲ ਲੰਮਾ ਕੀਤਾ ਤੇ ਅਪਣੀ ਮੰਜੀ ਘਰ ਦੀ ਨਾਲ਼ੀ ਉੱਤੇ ਡਾਹ ਲਈ। ਮੰਜੀ ਦੇ ਦੋ ਪਾਵੇ ਘਰ ਦੀ ਬਾਹਰਲੀ ਕੰਧ ਨਾਲ਼ ਵਗਦੀ ਨਾਲ਼ੀ ਦੀ ਪੱਟੀ ਉੱਤੇ ਫਸਾ ਦਿੱਤੇ ਤੇ ਮੱਝ ਨੂੰ ਆਪਣੇ ਸਾਹਮਣੇ ਕਰ ਲਿਆ। ਹੁਣ ਮੇਰੀ ਮੰਜੀ ਕੰਧ ਨਾਲ਼ ਲੱਗੀ ਸੀ ਤੇ ਮੱਝ ਸਾਹਮਣੇ ਸੀ। ਸੱਜੇ ਹੱਥ ਵੱਲ। ਜਿਵੇਂ ਮੱਝ ਦਾ ਉਹਲਾ ਕੀਤਾ ਹੋਵੇ। ਪਰ ਇਸ ਨਾਲ਼ ਮੱਝ ਮੇਰੇ ਬਹੁਤ ਨੇੜੇ ਹੋ ਗਈ ਤੇ ਉਸ ਮੇਰੇ ਜੁੱਸੇ ਉੱਤੇ ਮੂੰਹ ਲਿਆ ਕੇ ਜੁਗਾਲ਼ੀ ਕਰਨੀ ਤੇ ਮੈਨੂੰ ਸਾਰੀ ਰਾਤ ਉਸ ਦੇ ਸਾਹਵਾਂ ਦੀ ਵਾਜ ਆਉਂਦੀ ਰਹਿਣੀ। ਉਹਦੇ ਸਾਹਵਾਂ ਵਿੱਚ ਮੈਨੂੰ ਪਾਣੀ ਦੀ ਵਾਜ ਆਉਣੀ। ਸਰਘੀ ਅਗਦੋਂ ਹਵਾ ਝੁੱਲਣੀ, ਤਾਂ ਮੈਨੂੰ ਸਮੁੰਦਰਾਂ ਉੱਤੇ ਵਗਦੀ ਹਵਾ ਦੇ ਸੁਪਨੇ ਆਉਣੇ, ਨਹਿਰਾਂ ਵਿੱਚ ਮੱਝਾਂ ਨਾਲ਼ ਨਹਾਉਂਦਿਆਂ ਦੇ। ਜ਼ਰੀ ਅੱਖ ਖੁੱਲ੍ਹਣੀ ਉਹਦਾ ਸਾਹ ਮੇਰੇ ਉੱਤੇ ਹੋਣਾ।

ਮੇਰੇ ਸਾਰੇ ਡਰ ਲਹਿ ਗਏ ਤੇ ਮੇਰਾ ਤੇ ਉਸਦਾ ਅਜਬ ਜੇਹਾ ਸਾਂਗਾ ਬਣ ਗਿਆ। ਮੈਂ ਸਕੂਲੋਂ ਆਉਣਾ ਤੇ ਉਸ ਮੈਨੂੰ ਉਡੀਕਦੀ ਹੋਵਣਾ, ਮੈਂ ਉਸ ਦੀਆਂ ਨਜ਼ਰਾਂ ਸਾਹਮਣੇ ਹੋਵਣਾ, ਤਾਂ ਈ ਉਸ ਖਾਵਣਾ, ਮੈਂ ਨਾਲ਼ ਬੈਠਾ ਹੋਵਾਂ ਤਾਂ ਉਸ ਦੁੱਧ ਚੋਣ ਦੇਵਣਾ। ਰਾਤ ਉਸ ਮੇਰੀ ਮੰਜੀ ਨੂੰ ਸਾਹਮਣਿਓਂ ਇੰਜ ਵਲ ਲੈਣਾ ਪਈ ਕੋਈ ਮੇਰੇ ਨੇੜੇ ਲੱਗਣ ਜੋਗ ਨਾ ਹੋਣਾ।

ਫ਼ਿਰ ਇੱਕਦਮ ਰੌਲ਼ਾ ਪੈ ਗਿਆ ਮੱਝਾਂ ਕੱਢਣ ਦਾ। ਗੁੱਜਰਾਂ ਚਾਰ ਦੀਵਾਰੀ ਕਰਾਈ। ਪਰ ਫ਼ਿਰ ਵੀ ਸਰਕਾਰ ਨਾ ਮੰਨੀ। ਚਾਚੀ ਨੂੰ ਦੁੱਧ ਦਾ ਬੜਾ ਆਰਾਮ ਸੀ। ਪਰ ਚਾਚਾ ਬੜਾ ਦਬਚੂ ਸੀ; ਉਸ ਝੱਟ ਨਾ ਲਾਇਆ। ਸ਼ੇਰੇ ਨੂੰ ਸੱਦਿਆ ਤੇ ਮੱਝ ਖੋਲ੍ਹ ਉਸ ਨੂੰ ਫੜਾ ਦਿੱਤੀ। ਉਸ ਰਾਤੀਂ ਘਰੋਂ ਬਾਹਰ ਸ਼ੇਰਾ ਈ ਸੁੱਤਾ ਤੇ ਉਸ ਸਾਝਰੇ ਮੱਝ ਨੂੰ ਪੈਦਲ

ਪਿੰਡ ਲੈ ਕੇ ਜਾਣਾ ਸੀ। ਮੂੰਹ ਹਨੇਰੇ ਮੈਂ ਦੁੱਧ ਚੁਆਇਆ ਤੇ ਮੇਰਾ ਰੋਣ ਨਿਕਲ਼ ਗਿਆ। ਸ਼ੇਰਾ ਹੈਰਾਨ ਰਹਿ ਗਿਆ। ਉਸ ਰੋਟੀ ਟੁੱਕਰ ਖਾਧਾ, ਕੁੱਝ ਨਾਲ਼ ਬੱਧਾ ਤੇ ਰਮਕੇ-ਰਮਕੇ ਮੱਝ ਨੂੰ ਤੋਰਦਾ ਲੈ ਤੁਰਿਆ। ਮੈਂ ਸਕੂਲੋਂ ਛੁੱਟੀ ਕੀਤੀ ਤੇ ਸ਼ੇਰੇ ਨੂੰ ਲਾਟ ਸਾਹਿਬ ਦੇ ਦਫ਼ਤਰ ਤੀਕ ਛੱਡਿਆ। ਮੱਝ ਕਿੰਨਾ ਚਿਰ ਮੇਰਾ ਹੱਥ ਚੱਟਦੀ ਰਹੀ ਤੇ ਮੈਂ ਵੀ ਉਸ ਨੂੰ ਕਈ ਵਾਰ ਚੁੰਮਿਆਂ। ਬਸ ਸਰਘੀ ਤੋਂ ਅਗਦੋਂ ਝੁੱਲਦੀ ਹਵਾ ਦੀ ਯਾਦ ਰਹਿ ਗਈ; ਜਿਹੜੀ ਨਿੱਤ ਠੰਢ ਨਿੱਘੀ, ਸੱਜ-ਜੰਮੀ ਨਵੀਂ ਨਿਰੋਲ, ਨਿੱਖਰੀ ਹੋਂਦੀ ਏ।

ਮਹੱਲੇ ਦੇ ਉਸ ਇਕੱਠ ਦੇ ਕੁੱਝ ਦਿਨਾਂ ਪਿੱਛੋਂ ਇੱਕ ਦਿਨ ਘਰੋਂ ਬਾਹਰ ਸ਼ਾਮੀਂ ਰੌਲ਼ੇ ਦੀਆਂ ਵਾਜਾਂ ਆਈਆਂ। ਅਜੇ ਦਫ਼ਤਰੋਂ ਆਇਆ ਈ ਸਾਂ। ਮੈਂ ਝੱਟ ਬੂਹਾ ਖੋਲ੍ਹਿਆ ਤੇ ਸਾਹਮਣੇ ਗਲ਼ੀ 'ਚੋਂ ਪੁਲਸ ਦੀਆਂ ਦੋ-ਤਿੰਨ ਗੱਡੀਆਂ ਲੰਘੀਆਂ। ਫ਼ਿਰ ਇੱਕ ਐਂਬੂਲੈਂਸ, ਫ਼ਿਰ ਕੁੱਝ ਪੈਦਲ ਪੁਲਸੀਏ ਤੇ ਸਾਦੇ ਕੱਪੜਿਆਂ ਵਿੱਚ ਕੁੱਝ ਅਮਲਾ-ਫ਼ੈਲਾ, ਜਿਹਨਾਂ ਹੱਥ ਵਿੱਚ ਫ਼ਾਈਲਾਂ ਫੜੀਆਂ ਹੋਵਣ, ਤੇ ਫ਼ਿਰ ਮੱਝਾਂ ਦੀ ਹੇੜ੍ਹ। ਇੰਨੀਆਂ ਮੱਝਾਂ ਕਿੱਥੋਂ ਨਿਕਲ਼ ਆਈਆਂ, ਨਾਲ਼ੋ-ਨਾਲ਼ ਗੁੱਜਰਾਂ ਦੇ ਮੁੰਡੇ ਭੱਜਦੇ ਪਏ ਸਨ, ਤੇ ਅਖ਼ੀਰ ਉੱਤੇ ਮੈਨੂੰ ਉਹ ਗੁੱਜਰ ਨਜ਼ਰੀਂ ਪਿਆ, ਜਿਸ ਨਾਲ ਮੈਂ ਸਲਾਮ ਲੈਂਦਾ ਹੋਂਦਾ ਸਾਂ। ਉਹ ਡੌਰ-ਭੌਰਾ ਪਾਗਲਾਂਹਾਰ ਮੱਝਾਂ ਪਿੱਛੇ ਨੱਸੀ ਜਾਵੇ ਪਿਆ ਤੇ ਉਸ ਮੈਨੂੰ ਤੱਕਿਆ ਵੀ ਨਾ। ਅਖ਼ੀਰ ਉੱਤੇ ਫ਼ਿਰ ਪੁਲਸ, ਐਲ. ਡੀ. ਏ. ਤੇ ਕਾਰਪੋਰੇਸ਼ਨ ਦੀਆਂ ਗੱਡੀਆਂ ਸਨ। ਤੇ ਕਿੰਨੇ ਢੇਰ ਸਾਰੇ ਬੰਦੇ ਉਨ੍ਹਾਂ ਦੇ ਪਿੱਛੇ ਰੌਲ਼ਾ ਪਾਂਦੇ ਆਉਂਦੇ ਪਏ ਸਨ। ਪੁਲਸੀਏ ਹੱਥਾਂ ਵਿੱਚ ਫੜੇ ਪਸਤੌਲ ਤੇ ਬੰਦੂਕਾਂ ਹਵਾ ਵਿੱਚ ਲਹਿਰਾਂਦੇ ਪਏ ਸਨ।

ਮੈਂ ਉਨ੍ਹਾਂ ਨੂੰ ਗਲ਼ੀ ਵਿੱਚ ਜਾਂਦੇ ਤੱਕਦਾ ਰਿਹਾ। ਜਦ ਸਾਰੇ ਲੰਘ ਗਏ ਤੇ ਇੱਕ ਦਮ ਪਤਾ ਨਹੀਂ ਕਿੱਥੋਂ ਇੱਕ ਮੱਝ ਜਿਹੜੀ ਰਾਹ ਭੁੱਲ ਗਈ ਹੋਣੀ ਏਂ, ਗਲ਼ੀ ਦੇ ਸੱਜਿਓਂ ਨਿਕਲ਼ੀ, ਉਹ ਭੌਂਚਲੀ ਹੋਵੇ ਤੇ ਗੁਆਚੀ ਇੱਧਰ-ਉੱਧਰ ਤੱਕੇ ਪਈ। ਪਿੱਛੇ-ਪਿੱਛੇ ਬੰਦੇ ਨੱਸਦੇ ਨਿਕਲ਼ੇ ਤੇ ਉਹ ਹਫੀ ਸਿੱਧੀ ਮੇਰੇ ਵੱਲ ਆਈ, ਸਾਹਵਾਂ ਦੀ ਹਵਾੜ੍ਹ ਮੈਨੂੰ ਵੱਜੀ। ਮੈਂ ਅੱਜ ਤੀਕ ਮੱਝਾਂ ਤੋਂ ਨਹੀਂ ਡਰਿਆ, ਤੇ ਉਹ ਐਵੇਂ ਇੱਕ ਪਲ ਮੇਰੇ ਵੱਲ ਵੇਖ ਅਝਕ ਗਈ, ਉਹੋ ਸਦੀਆਂ ਬੱਧੀਆਂ ਚੁੱਪ, ਨਿਮਾਣ ਉਦਾਸ ਅੱਖਾਂ।

# ਓਭੜ ਹੋਇਆ ਸ਼ਹਿਰ

ਹੁਣ ਸ਼ਹਿਰ ਲਾਹੌਰ ਉੱਕਾ ਬਦਲੀ ਜਾਂਦਾ ਏ। ਪੁਰਾਣੇ ਤਾਂ ਲੱਭਦੇ ਨਹੀਂ ਤੇ ਓਭੜ ਮੁੱਕਦੇ ਨਹੀਂ। ਥਾਵਾਂ ਵੀ ਹੋਰ ਦੀਆਂ ਹੋਰ ਤੇ ਲੋਕ ਵੀ ਉਹ ਨਾ। ਪਰ ਕੁੱਝ ਪੁਰਾਣੀਆਂ ਨੁੱਕਰਾਂ ਉਂਜੇ ਈ ਹਨ, ਅਣਬਦਲੀਆਂ ਤੇ ਦਿਲ ਯਾਦਗੀਰੀ ਨਾਲ਼ ਭਰ ਦੇਂਦੀਆਂ ਨੇ। ਲਾਹੌਰ ਦੀ ਮਾਲ ਰੋਡ ਦੀ ਉਹ ਥਾਂ ਇੰਜ ਦੀ ਏ। ਬਾਲਪਨ ਯਾਦ ਬਣਾਂਦਾ ਏ, ਜਵਾਨੀ ਰੰਗ ਭਰਦੀ ਏ ਤੇ ਉਮਰ ਦੁਖੀ ਕਰ ਦੇਂਦੀ ਏ। ਅੱਫੋ ਦੇ ਟੀ-ਸਟਾਲ ਤੋਂ ਲੈ ਕੇ ਗੋਲ਼ ਬਾਗ਼ ਤੀਕ ਦਾ ਪੈਂਡਾ ਇੱਕ ਉਮਰ ਲੰਘ ਗਈ ਮੁੱਕਿਆ ਨਾ। ਅੱਜੀ ਮੀਂਹ ਵਿੱਚ ਨਹਾਵਣਾ ਤੇ ਗੋਲ਼ ਬਾਗ਼ ਤੋਂ ਅਲਫ਼ਲਾਹ ਤੀਕ ਪੈਦਲ ਜਾਣਾ। ਯੂਸਫ਼ੀ ਨੂੰ ਜਦ ਡਿਪਰੈਸ਼ਨ ਹੋਣਾ, ਉਸ ਵਧੀਆ ਕੱਪੜੇ ਪਾ ਕੇ ਸਾਈਕਲ ਉੱਤੇ ਅਪਣੇ ਘਰੋਂ ਦਿਓ (ਦੇਵ) ਸਮਾਜ ਤੋਂ ਏਅਰ ਪੋਰਟ ਤੀਕ ਜਾਣਾ ਤੇ ਮੁੜ ਪਰਤਦੇ ਨੂੰ ਅਸੀਂ ਕਿਤੇ ਨਾ ਕਿਤੇ ਮਾਲ ਰੋਡ ਉੱਤੇ ਮਿਲ਼ ਜਾਣਾ। ਮੀਂਹ ਵਿੱਚ ਨਹਾਉਂਦੇ ਅੱਜੀ ਕਹਿਣਾ ਸਿਗਟ ਨਹੀਂ ਪੀ ਸਕਦਾ। ਟੋਲਿੰਟਣ (ਟੌਲਿੰਗਟਨ) ਮਾਰਕੀਟ ਵਿੱਚ ਦੋ ਕੈਫ਼ੇ ਹੋਂਦੇ ਸਨ, ਕੈਪਰੀ ਤੇ ਕਬਾਨਾਹ। ਟੋਲਿੰਟਣ ਦੇ ਪਛਵਾੜੇ ਵੀ ਚਾਹ ਦਾ ਖੋਖਾ ਸੀ। ਜੇ ਕਿਸੇ ਨੇ ਘੁੱਟ ਬਹਿਣੀ ਕਰਨੀ ਹੋਵੇ, ਉੱਥੇ ਕਰ ਲੈਣੀ। ਕੁੱਝ ਬੇਲੀ ਸਾਰਾ ਦਿਨ ਇਨ੍ਹਾਂ ਕੈਫ਼ਿਆਂ ਵਿੱਚ ਬੈਠੇ ਰਹਿਣਾ ਤੇ ਜਦ ਵੀ ਜਾਓ ਮਿਲ਼ ਪੈਣਾ। ਕਈਆਂ ਪੁਰਾਣੀ ਅਨਾਰਕਲੀ ਟੱਕਰ ਜਾਣਾ। ਸੜਕ ਉੱਤੇ ਖਲੋਤੇ ਮਿਲ਼ ਜਾਣਾ। ਹੁਣ ਨਾ ਉਹ ਟੋਲਿੰਟਣ ਏ, ਨਾ ਕੈਫ਼ੇ, ਨਾ ਉਹ ਬੰਦੇ।

ਉਸ ਦਿਨ ਮੈਂ ਵੱਡੇ ਡਾਕਖ਼ਾਨੇ (ਜੀ.ਪੀ.ਓ.) ਤੋਂ ਪੈਦਲ ਗੋਲ਼ ਬਾਗ਼ ਵੱਲ ਈ ਆਉਂਦਾ ਪਿਆ ਸਾਂ। ਵਾਏ ਐੱਮ ਸੀ ਦੇ ਸਾਹਮਣੇ ਪੀਜ਼ੋ ਹੋਂਦਾ ਸੀ। ਨਿੱਕੀ ਜਿਹੀ ਥਾਂ ਥੱਲੇ ਤੇ ਉੱਤੇ ਵੀ ਇੰਨੀ ਈ। ਤਿੰਨ ਚਾਰ ਫਸ-ਫਸਾ ਕੇ ਟੇਬਲਾਂ ਥੱਲੇ ਤੇ ਉਂਜ ਈ ਉੱਤੇ। ਉੱਤੇ ਬਹਿਣ ਦਾ ਇੱਕ ਹੋਰ ਲੋਭ ਹੋਂਦਾ ਸੀ। ਬਾਰੀ ਕੋਲ਼ ਬਹਿ ਕੇ ਮਾਲ ਰੋਡ ਉੱਤੇ ਸ਼ਹਿਰ ਦੇ ਵੱਗ (ਟਰੈਫ਼ਿਕ) ਨੂੰ ਤੱਕਣਾ। ਤੇ ਮੀਂਹ ਵਿੱਚ ਬੈਠੇ ਬਾਰੀਓਂ ਬਾਹਰ ਤੱਕਦੇ ਇੰਜ ਈ ਲੱਗਣਾ ਜਿਵੇਂ ਪੈਰਿਸ ਦੇ ਕਿਸੇ ਕੈਫ਼ੇ ਵਿੱਚ ਬੈਠੇ ਆਂ। ਅੱਧ-ਸੱਤਰਵਿਆਂ ਦਾ ਲਾਹੌਰ ਅੱਜ ਵਰਗਾ ਨਹੀਂ ਸੀ। ਸ਼ਾਮ ਰਮਕੇ-ਰਮਕੇ ਆਵਣਾ ਤੇ ਰਾਤ ਦਿਲਾਂ ਦੇ ਬੰਨਿਆਂ ਉੱਤੇ ਸਹਿਜੇ-ਸਹਿਜੇ ਲਹਿਣਾ। ਤੇ ਜਵਾਨੀ ਵਿੱਚ ਤਾਂ ਯਾਰੀ ਈ ਹੋਂਦੀ ਏ; ਹੋਰ ਕੁੱਝ ਨਹੀਂ ਹੋਂਦਾ। ਪੀਜ਼ੋ ਕੁੱਝ ਮਹਿੰਗਾ ਕੈਫ਼ੇ ਸੀ ਤੇ ਅਸੀਂ ਸਾਂ ਮਾੜੇ ਘਰਾਂ ਦੇ। ਸਾਨੂੰ ਮ੍ਯਾਤੜਾਂ ਨੂੰ ਪੀਜ਼ੋ ਦੇ ਅੱਗੇ ਤੋਂ ਲੰਘਦਿਆਂ ਨੂੰ ਜੇ ਕੋਈ ਜਾਣੂ ਪੀਜ਼ੋ ਬੈਠੇ ਦਿਸ ਪੈਣਾ ਤੇ ਅਸਾਂ ਝੱਟ ਅੰਦਰ ਜਾਣ ਦੀ ਕਰਨੀ, ਕਰਮ ਦਿਲਬਰ ਕੁੱਝ ਅਝਕਣਾ, ਕੁੱਝ ਨੇ ਬਸ਼ਰਮੀ ਨਾਲ਼ ਥੱਪ-ਥੱਪ

ਉਤਲੀਆਂ ਪੌੜੀਆਂ ਚੜ੍ਹ ਜਾਣੀਆਂ। ਅਗਲਿਆਂ ਸ਼ਰਮੀ-ਬਸ਼ਰਮੀ ਚਾਹ ਵੀ ਪਿਲਾ ਦੇਣੀ ਤੇ ਸਿਗਟ ਵੀ ਲੱਭ ਜਾਣੀ। ਰੰਗ ਮਹੱਲ ਰਹਿੰਦੇ ਮੇਮਨਾਂ ਦੇ ਮੁੰਡੇ ਹਮੇਸ਼ ਪੀਜ਼ੋ ਈ ਬਹਿਣਾ। ਵੇਲੇ ਦੀ ਧੂੜ ਵਿੱਚ ਮੁੜ ਉਹਦਾ ਕੋਈ ਰੰਗ ਦਿਸਿਆ ਨਹੀਂ, ਕਦੀ ਮਿਲ਼ਿਆ ਨਹੀਂ। ਵਾਹਦ ਮਲਾਲ ਨੇ ਉਹਨੂੰ ਚੰਗਾ ਧੁਰ ਬਣਾਇਆ ਹੋਇਆ ਸੀ, ਉਸ ਦੇ ਕੰਨ ਵਿੱਚ ਖਬਰੇ ਕੀ ਫੂਕਿਆ ਉਹ ਸਾਨੂੰ ਵਲਾਉਣ ਲੱਗ ਪਿਆ। ਸੀ ਤਾਂ ਵਾਹਦ ਵੀ ਸਾਡੇ ਵਰਗਾ, ਪਰ ਕੁੱਝ ਵੱਖਰਾ ਬਣਨ ਦੀ ਕਰਦਾ। ਜਿਵੇਂ ਉਹਨੂੰ ਸਾਡੇ ਤੋਂ ਬਹੁਤਾ ਪਤਾ ਏ ਤੇ ਜਿਸਦਾ ਸਾਨੂੰ ਨਹੀਂ ਸੀ ਪਤਾ।

ਇਹ ਵੇਲਾ ਸੀ ਜਦ ਬਹੁਤਿਆਂ ਨੂੰ ਉਥੱਲ ਦੀ ਘੁੱਗੀ ਚੜ੍ਹੀ ਹੋਈ ਸੀ। ਪਰ ਵਾਈ ਐੱਮ ਸੀ ਤੇ ਟੀ ਸਟਾਲਾਂ ਉੱਤੇ ਬਹੁਤੇ ਉਹ ਸਨ, ਜਿਨ੍ਹਾਂ ਨੂੰ ਲਿਖਾਰੀ ਬਣਨ ਦਾ ਸ਼ੌਕ ਸੀ। ਪੜ੍ਹਾਈ-ਲਿਖਾਈ ਦਾ ਬੜਾ ਜ਼ੋਰ ਸੀ। ਕਈਆਂ ਕੁੱਲ ਜੱਗ ਦੇ ਫ਼ਲਸਫ਼ੇ ਪੜ੍ਹੇ ਹੋਏ ਸਨ ਤੇ ਹਰ ਗੱਲ ਨੂੰ ਢਾਹ ਕੇ ਰੱਦ ਕਰ ਦੇਂਦੇ ਸਨ। ਕਈ ਐਵੇਂ ਈ ਸਾਰਿਆਂ ਵਿੱਚ ਵੜ-ਵੜ ਬਹਿੰਦੇ ਸਨ ਤੇ ਸਮਝ ਨਹੀਂ ਆਂਦੀ ਸੀ, ਉਹ ਕੀ ਕਰਦੇ ਪਏ ਨੇ। ਫ਼ਿਰ ਉਹ ਅਚਨਚੇਤ ਗ਼ੈਬ ਵੀ ਹੋ ਜਾਂਦੇ ਸਨ। ਪੁਰਾਣੇ ਸਿਆਸੀ ਬਹਿਸੀਏ, ਨਾਕਾਮ ਆਸ਼ਿਕ, ਤੱਤੇ ਨਵੀਆਂ ਪੜ੍ਹਾਈਆਂ ਦੇ ਸੂਝਵਾਨ, ਦਿਲ ਛੱਡ ਸਿਆਸੀ ਕਾਮੇ, ਇੱਕ-ਅੱਧ ਸੋਹਣੀ ਲਿਖਤ ਲਿਖ ਕੇ ਫੁੰਡਣ ਵਾਲ਼ੇ, ਅਖ਼ਬਾਰਚੀ, ਮਸ਼ਹੂਰ ਕਾਲਮਕਾਰ, ਮੰਨੇ- ਪਰਮੰਨੇ ਲਿਖਾਰੀ, ਯੂਨੀਵਰਸਿਟੀਆਂ, ਕਾਲਜਾਂ ਦੇ ਕਲਾਸਾਂ ਤੋਂ ਅੱਕੇ ਪੜ੍ਹਿਆਰ, ਦੋ ਚਾਰ ਜ਼ਨਾਨੀਆਂ; ਅਜਬ ਮੇਲਾ ਸੀ। ਅਸੀਂ ਸਾਰੇ ਨਵੇਂ ਸਾਂ ਤੇ ਕੋਈ ਨਾ ਕੋਈ ਸਾਨੂੰ ਅਪਣੀ ਕਹਾਣੀ ਪਾਵਣ ਲੱਗ ਪੈਂਦਾ ਸੀ, ਜਿਹਦੀ ਸਾਨੂੰ ਕੁੱਝ ਸਮਝ ਆਵਣੀ, ਕੁੱਝ ਨਾ ਆਵਣੀ। ਪਰ ਦੋ-ਚਾਰ ਲਿਖਤਾਂ ਤੇ ਅਸਾਂ ਸਾਰਿਆਂ ਲਿਖ ਲਈਆਂ ਸਨ। ਫ਼ਿਰ ਮੁੜ ਛੇਤੀ ਈ ਸਭ ਖੇਰੂੰ-ਖੇਰੂੰ ਹੋ ਗਿਆ। ਵੇਲੇ ਦੀ ਧੂੜ ਵਿੱਚ ਸਭ ਗੁਆਚ ਗਿਆ। ਬਹੁਤੇ ਛੇਤੀ ਈ ਮੁੜ ਪੜ੍ਹਾਈਆਂ ਪੂਰੀਆਂ ਕਰਨ ਲੱਗ ਪਏ ਤੇ ਅਖ਼ੀਰ ਫਸ-ਫਸਾ ਕੇ, ਅਕਲਾਂ ਲੜਾ ਕੇ, ਮੌਕੇ ਬਣਾ ਕੇ, ਮੁਕਾਬਲੇ ਦੇ ਇਮਤਿਹਾਨ ਦੇ ਦੁਆ ਕੇ, ਕੋਈ ਨਿੱਕੀ-ਮੋਟੀ ਥਾਂ ਬਣਾ ਲਈ, ਡਿਫ਼ੈਂਸ ਵਿੱਚ ਘਰ ਪਾ ਲਏ, ਚੰਗੇ ਘਰਾਂ ਵਿੱਚ ਵਿਆਹ ਕਰਾ ਲਏ ਤੇ ਹੁਣ ਹਉਕਾ ਭਰ ਕੇ ਗਏ ਦਿਨਾਂ ਨੂੰ ਯਾਦ ਕਰਦੇ ਨੇ ਤੇ ਜਿਹੜੇ ਮ੍ਰਾਤੜ ਸਨ ਉਨ੍ਹਾਂ ਨੂੰ ਰੋਟੀ-ਪਾਣੀ ਪੂਰਾ ਕਰਨ ਦਾ ਘੋਲ਼ ਈ ਖਾ ਗਿਆ। ਉਨ੍ਹਾਂ ਵੇਲੇ ਨਾਲ਼ ਘੋਲ਼ ਕੀ ਕਰਨਾ ਸੀ। ਯਾਦਾਂ ਦੇ ਬੱਦਲ਼ ਆਉਂਦੇ ਸਨ ਤੇ ਇੱਕ ਪਲ ਗੂੜ੍ਹ ਕਰ ਲੰਘ ਜਾਂਦੇ ਸਨ।

ਮੈਂ ਪੀਜ਼ੋ ਵਾਲਾ ਚੌਂਕ ਟੱਪ ਕੇ ਸਿੱਧਾ ਤੁਰਦਾ ਰਹਿਆ। ਖੱਬੇ ਹੱਥ ਅੱਫੇ ਦਾ ਟੀ ਸਟਾਲ ਸੀ, ਨੁੱਕਰੇ। ਹੁਣ ਉਹ ਥਾਂ ਬਾਲਾਂ ਦੇ ਰੈਡੀਮੇਡ ਕੱਪੜਿਆਂ ਦੀ ਹੱਟੀ ਨੇ ਲਵ੍ਹੇਟ ਲਈ ਏ। ਅੱਫੇ ਨੇ ਮੁਕੱਦਮਾ ਲੜਿਆ ਸੀ, ਪਰ ਉਸ ਨੂੰ ਹਾਰੇ ਨੂੰ ਤੀਹ ਪੈਂਤੀ ਵਰ੍ਹੇ ਤਾਂ ਹੋ ਗਏ ਹੋਣੇ ਨੇ। ਮੈਂ ਹੌਲ਼ੀ-ਹੌਲ਼ੀ ਅਗਾਂਹ ਤੁਰਦਾ ਜਾਨਾ ਆਂ। ਖੱਬੇ ਹੱਥ ਸੁਨਿਆਰਾਂ ਦੀਆਂ ਹੱਟੀਆਂ ਤੇ ਸੱਜੇ ਬੀ ਆਰ ਬੀ, ਕਾਫ਼ੀ ਹਾਊਸ ਤੇ ਚੀਨੀ ਰੈਸਟੋਰੈਂਟ ਹੋਂਦਾ ਸੀ। ਸਭ ਮੁੱਕ ਗਿਆ ਏ। ਕਿਤਾਬਾਂ ਵਿੱਚ ਉਨ੍ਹਾਂ ਦੇ ਜ਼ਿਕਰ ਰਹਿ ਗਏ ਨੇ। ਫ਼ੁੱਟ-ਪਾਥ ਦੇ ਨਾਲ਼ ਚੌੜੀ ਸਾਵੀ ਪੱਟੀ ਉੱਤੇ ਮਸੀਤ ਬਣ ਗਈ ਏ ਤੇ 'ਜਹਾਜ਼' (ਨਸ਼ੇਬਾਜ਼) ਸੁੱਤੇ ਰਹਿੰਦੇ ਨੇ। ਸੜਕਾਂ

ਦੀਆਂ ਸਾਵੀਆਂ ਪੱਟੀਆਂ ਦੇ ਇਹ ਨਕਸ਼ੇ 1980 ਦੇ ਸਿਆਸਤ ਵੈਰੀ ਦਹਾਕੇ ਦੀ ਦੇਣ ਨੇ।

ਟੌਲਿੰਟਨ ਚੌਕ ਅੱਪੜੀ ਖਲੋਤਾਂ ਆਂ ਮੈਂ। ਖੱਬੇ ਜੂਸ ਦਾ ਸਟਾਲ ਏ, ਜਿੱਥੇ ਨਿਰਾ ਘਾਹ ਹੋਂਦਾ ਸੀ ਤੇ ਬੈਠਣ ਦੇ ਬੈਂਚ। ਹੁਣ ਸੁਆਰ ਕੇ ਕੁਰਸੀਆਂ ਮੇਜ਼ਾਂ ਲੱਗੀਆਂ ਨੇ। ਨੇੜੇ ਦੇ ਆਰਟਸ ਕਾਲਿਜ ਦੇ ਮੁੰਡੇ ਕੁੜੀਆਂ ਦੀ ਜੂਸ ਪੀਣ ਦੀ ਆਵਾਜਾਈ ਏ। ਮੈਂ ਅਜੇ ਫ਼ੁੱਟ-ਪਾਥ ਉੱਤੇ ਈ ਆਂ। ਟੌਲਿੰਟਨ ਦੇ ਪਿੱਛੇ ਪਾਰਕਿੰਗ ਵਿੱਚ ਮੇਰੀ ਗੱਡੀ ਖੜ੍ਹੀ ਏ। ਮੈਂ ਵੀ ਜੂਸ ਨਾਹ ਪੀ ਲਾਂ। ਵੱਡੇ ਡਾਕਖ਼ਾਨੇ ਮੈਂ ਕੁੱਝ ਪੁਰਾਣੇ ਯਾਰਾਂ ਨੂੰ ਕਿਤਾਬਾਂ ਘੱਲਣ ਆਇਆ ਸਾਂ।

ਮੈਂ ਕੁਰਸੀਆਂ ਵੱਲ ਹੋਂਦਾ ਆਂ। ਉਹ ਇੱਕ ਪਾਸੇ ਪਈ ਕੁਰਸੀ ਉੱਤੇ ਵੱਖਰਾ ਬੈਠਾ ਸੀ। ਲੱਤ ਉੱਤੇ ਲੱਤ ਰੱਖ ਕੇ, ਕਾਨੇ ਵਰਗਾ ਸਰੀਰ, ਮੈਲ਼ੀ ਪੈਂਟ, ਡੱਬੀਆਂ ਆਲ਼ੀ ਰੰਗਦਾਰ ਸ਼ਰਟ, ਬੈਲ਼ਟ ਦੀ ਥਾਂ ਮੋਟੀ ਜੇਹੀ ਰੱਸੀ, ਮੈਲ਼ੀਆਂ ਫਟੀਆਂ ਜੁਰਾਬਾਂ, ਧੂੜਾਂ-ਪੱਟੇ ਬੂਟ, ਘਸੇ ਤਸਮੇ, ਮੂੰਹ ਤੇ ਹੌਲ਼ੀ ਜੇਹੀ ਸ਼ੇਵ ਵਧੀ ਹੋਵੇ; ਪਰ ਮੂੰਹ ਧੋਤਾ- ਜੇਹਾ ਲੱਗਾ।

ਇੱਕ ਛਿਣ ਸਾਡੀਆਂ ਅੱਖਾਂ ਮਿਲ਼ੀਆਂ ਤੇ ਡੰਗ ਗਈਆਂ ਮੈਨੂੰ, ਵਿੰਨ੍ਹ ਗਈਆਂ। ਇੰਨੀਆਂ ਸਿਹਾਣੀਆਂ, ਜਾਣੂ, ਭੁੱਖੀਆਂ, ਮਿਲਣੀ ਨੂੰ ਸਹਿਕਦੀਆਂ, ਇੱਕ ਸਾਰ ਤੱਕੀ ਜਾਂਦੀਆਂ ਅੱਖਾਂ ਮੈਂ ਨਹੀਂ ਸਨ ਤੱਕੀਆਂ ਕਦੇ। ਅਚਰਜ ਜੇਹੀ ਲਾਟ ਨਾਲ਼ ਧੁਖਦੀਆਂ ਬਲ਼ਦੀਆਂ ਜਿਵੇਂ ਰਾਤ ਦਾ ਉਨੀਂਦਰਾ ਹੋਵੇ। ਵਰ੍ਹਿਆਂ-ਬੱਧੀ ਉਡੀਕ ਵਿੱਚ ਥੱਕੀਆਂ ਹਾਰੀਆਂ, ਇਉਂ ਲੱਗਾ ਮੈਨੂੰ ਸਿਹਾਣ ਉਹ ਬਹੁੰ ਨਿੰਮ੍ਹਾ-ਜੇਹਾ ਅੰਦਰੋਂ ਅੰਦਰੀਂ ਹੱਸਿਆ ਏ। ਉਹ ਮੈਨੂੰ ਤੱਕੀ ਜਾਂਦਾ ਸੀ : "ਤੂੰ। ਤੂੰ ਏਂ।"

ਉਸ ਦੇ ਮੁਖ ਉੱਤੇ ਸੀ ਪੁਰਾਣੀ ਜੇਹੀ ਪੀੜ ਤੇ ਜੁੱਸਾ ਗੁਆਚੇ ਬਾਲਾਂ ਹਾਰ। ਜਾਪੇ ਉਹਦੀਆਂ ਅੱਖਾਂ ਦੀ ਖਿੱਚ, ਮੈਨੂੰ ਵਲ਼ ਲਿਆ ਏ। "ਦੁਨੀਆ ਫ਼ਤਿਹ ਹੋ ਗਈ ?" ਜਿਵੇਂ ਉਹ ਖਚਰਾ ਹਾਸਾ ਹੱਸਿਆ ਹੋਵੇ। "ਮੈਨੂੰ ਪਿੱਛੇ ਛੱਡ ਕੇ ਅੱਗੇ ਨੱਸੀ ਗਿਆ ? ਕਿੱਥੇ ਅੱਪੜਿਆਂ ਏਂ ? ਮੇਰੇ ਵਰਗੇ ਫ਼ੁੱਟ-ਪਾਥਾਂ ਤੇ ਈ ਸੁੱਤੇ ਰਹਿ ਗਏ।"

ਵਿਸਾਖੀ ਦੇ ਅਖ਼ੀਰ ਮੁੱਕਦੇ ਦਿਨ ਸਨ। ਜਦ ਬਹੁਤੀ ਗਰਮੀ ਹੋਵਣ ਲੱਗਣੀ ਤੇ ਬੱਦਲ ਵੀ ਬਣ ਜਾਣੇ। ਪਰ ਉਸ ਦਿਨ ਨਾ ਬੱਦਲਾਂ ਮੱਲ ਮਾਰੀ, ਨਾ ਸੂਰਜ ਮੁਖ ਵਖਾਇਆ ਤੇ ਦਿਨ ਵਿਚਕਾਰ ਈ ਕਿਤੇ ਫਸ ਗਿਆ। ਫਿੱਕੇ ਚਾਨਣ ਵਿੱਚ ਗਹਿਰ ਜੇਹੀ ਬਣੀ ਰਹੀ, ਪਰ ਸ਼ਹਿਰ ਵਗਦਾ ਰਿਹਾ। ਬੰਦੇ ਫਸੀ ਰੁੱਤ ਪਾਰੋਂ ਅਪਣੇ ਕੰਮਾਂ ਨਾਲ਼ੋਂ ਵਿਜੋਗੇ ਜੇਹੇ ਗਏ; ਜਿਵੇਂ ਬੱਦਲਾਂ ਨੂੰ ਉਡੀਕਦੇ ਹੋਵਣ, ਜਿਵੇਂ ਧੁੱਪ ਪੂਰੀ ਨਿਕਲ਼ੇ ਤਾਂ ਕੰਮ ਨਾਲ਼ ਪੂਰੇ ਹੋਵਣ।

ਐਵੇਂ ਅਚਨਚੇਤ ਤ੍ਰਿੱਖਾ ਬੁੱਲਾ ਆਂਦਾ ਏ ਤੇ ਅੱਖਾਂ ਅੱਗੇ ਧੂੜ ਜੇਹੀ ਬਣਾ ਜਾਂਦਾ, ਜਿਵੇਂ ਸੁਫ਼ਨੇ ਦੇ ਰੰਗ ਹੋਂਦੇ ਨੇ।

ਇੰਜ ਦਾ ਈ ਤ੍ਰਿੱਖਾ ਬੁੱਲਾ ਆਇਆ ਤੇ ਉਹ ਚਿੱਤਰਕਾਰ ਦੀ ਮੂਰਤ ਵਾਂਗ ਦਿਸਿਆ, ਜਿਸ ਵਿੱਚ ਸਲੇਟੀ ਤੇ ਘਸਮੈਲ਼ੇ ਰੰਗ ਬਹੁਤੇ ਵਰਤੇ ਹੋਵਣ। ਪਰ ਉਸ ਦੀਆਂ ਅੱਖਾਂ ਭੁਲੇਖਾ ਛੇਤੀ ਭੰਨ ਦਿੱਤਾ।

"ਮੈਂ ਸਾਰੀ ਉਮਰ ਤੈਨੂੰ ਤੱਕਦਾ ਰਹਿਆ ਆਂ, ਪਰ ਤੂੰ ਭੁੱਲਦਾ ਗਿਆ। ਯਾਦ ਕਰ ਇੱਕ ਵਾਰੀ ਤੂੰ ਅਪਣੇ ਘਰ ਦੇ ਕੋਠੇ ਤੋਂ ਹੇਠਾਂ ਵੇਖਿਆ ਤੇ ਤੇਰਾ ਦਿਲ ਕੀਤਾ ਸੀ ਛਲਾਂਗ ਮਾਰ ਕੇ ਮਰ ਜਾਂ। ਨਿੱਕੇ ਹੋਂਦਿਆਂ ਤੂੰ ਅਪਣੇ ਪਿਓ ਦੀ ਕਬਰ ਉੱਤੇ ਜਾ ਕੇ ਰੋਂਦਾ ਸੈਂ। ਰੱਬਾ ਮੈਨੂੰ ਚੁੱਕ ਲੈ। ਮੈਥੋਂ ਜਰਿਆ ਨਹੀਂ ਜਾਂਦਾ। ਮੈਂ ਤੇਰੇ ਨਾਲ਼ ਈ ਸਾਂ। ਤੇਰੇ ਭੈੜੇ ਦਿਨਾਂ ਦਾ ਆਪਾ, ਤੇਰੀ ਭੁੱਖ ਦਾ ਸਾਹ, ਤੇਰੇ ਸੁੱਕੇ ਅਥਰੂ ਦਾ ਰੰਗ।"

ਮੈਂ ਅਜੇ ਵੀ ਫ਼ੁੱਟ-ਪਾਥ ਉੱਤੇ ਸਾਂ ਤੇ ਉਂਜੇ ਕੁਰਸੀ ਤੇ ਬੈਠਾ ਸੀ ਉਹ। ਮੈਂ ਡਰ ਗਿਆ ਸਾਂ। ਉਸ ਦੀਆਂ ਅੱਖਾਂ ਇੱਲ ਵਾਂਗਰ ਮੈਨੂੰ ਨਹੁੰਦਰਦੀਆਂ ਪਈਆਂ ਸਨ। ਇੱਕ ਪਲ ਨੂੰ ਬੱਦਲ ਛਾ ਗਏ। ਸ਼ਾਮ-ਜੇਹੀ ਹੋ ਗਈ। ਘਾਹ ਗੂੜ੍ਹ ਜੇਹਾ, ਰੁੱਖ ਸੰਘਣੇ ਹੋ ਗਏ। ਉਹ ਮੈਨੂੰ ਬਹੁਤ ਦੁਰਾਡਾ ਤੇ ਬਹੁਤ ਨੇੜੇ ਲੱਗਾ। ਉਹਦੀ ਬਹਿਣੀ ਤੋਂ ਲੱਗਦਾ ਸੀ ਉਹ ਰੋਜ਼ ਐਥੇ ਬਹਿੰਦਾ ਏ। ਉਹ ਅਰਮਾਨ ਨਾਲ਼, ਜੱਗ ਤੋਂ ਉੱਕਾ ਬੇਪਰਵਾਹ, ਨਿੱਠ ਕੇ ਬੈਠਾ ਸੀ। ਕਿਸੇ ਦਾ ਉਹਦੇ ਵਲ ਧਿਆਨ ਨਹੀਂ ਸੀ, ਜੂਸ ਵਾਲ਼ਾ ਮੁੰਡਾ ਇੱਕ ਵਾਰ ਵੀ ਉਸ ਕੋਲ਼ ਨਹੀਂ ਆਇਆ ਸੀ।

ਮੈਨੂੰ ਮਨੱਵਰ ਯਾਦ ਆ ਗਿਆ। ਮਨੱਵਰ ਸਾਡਾ ਦੂਰ ਦਾ ਰਿਸ਼ਤੇਦਾਰ ਸੀ। ਮੇਰੇ ਪਿਓ ਦੇ ਚਚੇਰ ਦਾ ਪੁੱਤਰ। ਅਜੇ ਨਵੀਂ-ਨਵੀਂ ਪੰਜਾਬ ਦੀ ਵੰਡ ਹੋਈ ਸੀ। ਉਹਦੇ ਪਿਓ ਨੇ ਉਹਦੀ ਮਾਂ ਨੂੰ ਕਤਲ ਕਰ ਦਿੱਤਾ ਤੇ ਫਾਹੇ ਲੱਗ ਗਿਆ। ਇਹ ਸਾਡੀ ਹੋਸ਼ ਤੋਂ ਅਗਦੋਂ ਦੀਆਂ ਗੱਲਾਂ ਸਨ। ਇਹ ਕਤਲ ਸਾਡੇ ਕ੍ਰਿਸ਼ਨ-ਨਗਰ ਨੂਰੀ ਬਿਲਡਿੰਗ ਲਾਗੇ ਘਰ ਵਿੱਚ ਹੋਇਆ। ਉਹਦੇ ਪਿਓ ਦੀ ਸੀ ਟਕਸਾਲੀ ਹੱਟੀ ਤੇ ਕਿਸੇ ਰੰਨ ਦਾ ਰੱਫੜ ਸੀ। ਉਸ ਮਨੱਵਰ ਦੀ ਮਾਂ ਤੋਂ ਗਹਿਣੇ ਮੰਗੇ ਤੇ ਉਸ ਦੇ ਨਾ ਦੇਵਣ ਉੱਤੇ ਕੁਹਾੜੀ ਨਾਲ਼ ਉਹਦੀ ਧੌਣ ਲਾਹ ਦਿੱਤੀ। ਇਹ ਵਕੂਆ ਦੂਜੀ ਮੰਜ਼ਲੇ ਹੋਇਆ। ਲਹੂ ਦੀ ਲੀਕ ਪੌੜੀਆਂ ਤੋਂ ਹੇਠਾਂ ਲਹਿ ਗਲ਼ੀ ਤੀਕ ਆ ਗਈ। ਰੌਲ਼ਾ ਪੈ ਗਿਆ। ਉਹਦੀਆਂ ਦੋ ਹੋਰ ਭੈਣਾਂ ਵੀ ਸਨ। ਮਨੱਵਰ ਦਾ ਚਾਚਾ ਉਸ ਨੂੰ ਬੜਾ ਮਾਰਦਾ ਸੀ। ਉਹ ਘਰੋਂ ਨੱਸ ਗਿਆ। ਨਸ਼ੇ ਲੱਗ ਗਏ। ਇੱਕ ਭੈਣ ਵੀ ਕਿਸੇ ਨਾਲ਼ ਉੱਧਲ ਗਈ ਸੀ। ਜਦ ਕਈ ਦਿਨਾਂ ਮਗਰੋਂ ਪਰਤੀ ਉਸ ਦਾ ਵਿਆਹ ਇੱਕ ਅਜੇਹੇ ਬੰਦੇ ਨਾਲ਼ ਕਰ ਦਿੱਤਾ, ਜੇਹਦੇ ਅੱਗੇ ਵੀ ਕਿੰਨੇ ਸਾਰੇ ਬਾਲ ਸਨ ਤੇ ਮੁੜ ਕਿੰਨੇ ਈ ਉਸ ਹੋਰ ਜੰਮੇਂ ਤੇ ਫ਼ਿਰ ਆਪ ਵੀ ਮਰ ਗਿਆ। ਕਈਆਂ ਜ਼ਨਾਨੀਆਂ ਦੀਆਂ ਕਹਾਣੀਆਂ ਈ ਰਹਿ ਜਾਂਦੀਆਂ ਨੇ ਉਹ ਆਪੋ ਨਹੀਂ ਰਹਿੰਦੀਆਂ।

ਕਹਿੰਦੇ ਸਨ ਮਨੱਵਰ ਲਾਟ ਸਾਹਿਬ ਦੇ ਦਫ਼ਤਰ ਸਾਹਮਣੇ ਕਿਤੇ ਬੈਠਾ ਰਹਿੰਦਾ ਏ। ਮੋਢੇ ਕੰਬਲ਼, ਦਾੜ੍ਹੀ ਵਧੀ ਹੋਈ, ਪੈਰੋਂ ਨੰਗਾ, ਮੂੰਹ ਉੱਤੇ ਰਾਲ਼ਾਂ ਤੇ ਮਿੱਟੀ ਜੰਮੀਂ ਹੋਈ। ਕਦੀ-ਕਦੀ ਉਹ ਸਾਡੇ ਘਰ ਆਉਂਦਾ ਸੀ। ਅਸੀਂ ਉਸ ਨੂੰ ਵੇਖ ਕੇ ਡਰ ਜਾਣਾ। ਮਿੱਟੀਓ ਮਿੱਟੀ ਪਾਟੇ ਲੀੜੇ, ਧੂੜ ਦਾੜ੍ਹੀ। ਮੈਂ ਨਿੱਕਾ ਸਾਂ, ਪਰ ਝੱਟ ਹੱਟੀ ਤੋਂ ਸਾਬਣ ਦੀ ਨਵੀਂ ਟਿੱਕੀ ਤੇ ਬਲੇਡ ਲੈ ਕੇ ਆਵਣਾ। ਉਸ ਨਹਾਣਾ, ਸ਼ੇਵ ਕਰਨੀ ਤੇ ਮਾਂ ਨੇ ਅੱਬੇ ਦੇ ਸਾਂਭੇ ਕੱਪੜਿਆਂ ਵਿੱਚੋਂ ਉਸ ਨੂੰ ਨਵੇਂ ਕੱਪੜੇ ਦੇਣੇ। ਮਾਂ ਨੇ ਅੱਬੇ ਦੇ ਗੁਜ਼ਰਨ ਪਿੱਛੋਂ ਵੀ ਉਹਨਾਂ ਦੇ ਕੱਪੜੇ ਸਾਂਭੀ ਰੱਖੇ, ਜਿਹੜੇ ਮੈਂ ਵੀ ਵੱਡੇ ਹੋ ਕੇ ਪਾਏ ਸਨ। ਉਸ ਨਹਾਵਣ ਪਿੱਛੋਂ ਨਿੱਠ ਕੇ ਕਮਰੇ ਵਿੱਚ ਬਹਿ ਜਾਣਾ ਤੇ ਲੱਗਣਾ ਉਹ ਉੱਕਾ ਸਹੀ ਬੰਦਾ ਏ। ਇਸ ਤੋਂ

ਪਿੱਛੋਂ ਉਸ ਰੱਜ ਰੋਟੀ ਖਾਵਣੀ, ਪਤਾ ਨਹੀਂ ਕਿੰਨੀਆਂ ਰੋਟੀਆਂ ਖਾਂਦਾ ਸੀ। ਉਸ ਖਾਈ ਜਾਣੀਆਂ ਤੇ ਮਾਂ ਪਕਾਈ ਜਾਣੀਆਂ। ਅਖ਼ੀਰ ਉਸ ਰੱਜ ਜਾਣਾ ਤੇ ਸਾਡੇ ਸਾਰੇ ਬਾਲਾਂ ਦੇ ਸਿਰਾਂ ਉੱਤੇ ਪਿਆਰ, ਬੜੀ ਅਪਨੱਤ ਨਾਲ਼ ਦੁਆ ਦੇਣੀ ਤੇ ਤੁਰ ਜਾਣਾ। ਜਦ ਮੈਂ ਕਾਲਜ ਜਾਣਾ ਛੋਹਿਆ, ਮੈਂ ਉਸ ਨੂੰ ਇੱਕ ਦੋ ਵਾਰ ਲਾਟ ਸਾਹਿਬ ਦੀ ਕਿਸੇ ਨੁੱਕਰੇ ਬੈਠੇ ਤੱਕਿਆ ਸੀ; ਪਰ ਗੱਲ ਕਰਨ ਦਾ ਜੇਰਾ ਨਾ ਹੋਇਆ। ਕੰਬਲ਼ ਵਿੱਚੋਂ ਉਸ ਦੀਆਂ ਅੱਖਾਂ ਚਾਰੇ ਪਾਸੇ ਘੁੰਮਦੀਆਂ। ਮੈਨੂੰ ਹੁਣ ਉਹਦੀਆਂ ਅੱਖਾਂ ਈ ਚੇਤੇ ਰਹਿ ਗਈਆਂ ਸਨ।

ਪਰ ਉਸ ਦੀਆਂ ਅੱਖਾਂ ਮੈਨੂੰ ਕਲ਼ਾਵੇ ਵਿੱਚ ਲੈ ਲਿਆ। ਫ਼ੁੱਟ-ਪਾਥ ਉੱਤੇ ਠਠੰਬਰਿਆ ਖਲੋਤਾ ਰਿਹਾ। ਮਾਲ ਰੋਡ ਵਗਦੀ ਪਈ ਸੀ। ਅਚਨਚੇਤ ਮੈਂ ਸਿੱਧਾ ਮੂੰਹ ਕੀਤਾ ਤੇ ਚੌਕ ਟੱਪ ਕੇ ਨਵੀਂ ਉਸਾਰੀ ਟੋਲਿੰਟਣ ਕੋਲ ਜਾ ਖਲੋਤਾ। ਮੈਂ ਪਿਛਾਂਹ ਮੁੜ ਵੇਖਣੋਂ ਨਾ ਰਹਿ ਸਕਿਆ। ਉਸਦੀਆਂ ਅੱਖਾਂ ਮੈਨੂੰ ਸਾਹਮਣੇ ਦਿਸੀਆਂ। "ਤੁਰ ਜਾ, ਤੂੰ ਖ਼ਿਆਲ ਨਹੀਂ ਕੀਤਾ, ਅਣਹੋਇਆਂ ਦਾ, ਮੈਂ ਇੱਕ ਨਹੀਂ, ਹਜ਼ਾਰ ਲੱਖ ਕਰੋੜ ਆਂ। ਮੈਂ ਤੇਰੇ ਨਾਲ਼ ਈ ਰਹਿਆ ਆਂ। ਥੱਲੇ ਥੱਲੇ, ਅਚੇਤ ਵਿੱਚ, ਕੁਚੇਤ ਵਿੱਚ। ਹਰ ਥਾਂ ਗ਼ੈਬ, ਹਰ ਥਾਂ ਹਾਜ਼ਰ। ਹਰ ਥਾਂ ਚੁੱਪ, ਹਰ ਥਾਂ ਘੁੱਪ। ਗਲ਼ੀਓਂ ਗਲ਼ੀ, ਸ਼ਹਿਰੋਂ ਸ਼ਹਿਰ, ਮੁਲਕੋਂ ਮੁਲਕ, ਦੇਸ ਵੀ ਪਰਦੇਸ ਵੀ।"

"ਚੇਤੇ ਕਰ ਮੈਨੂੰ ਤੈਨੂੰ ਰੋਮ ਵਿੱਚ ਮੈਟਰੋ ਟਰੇਨ ਦੀ ਅੰਡਰਗਰਾਊਂਡ ਵਿੱਚ ਵੀ ਮਿਲ਼ਿਆ ਸਾਂ।"

ਚਾਲ਼ੀ ਵਰ੍ਹੇ ਪੁਰਾਣੀ ਵਾਪਰੀ ਤੇ ਮੈਨੂੰ ਉਹ ਚੇਤੇ ਆ ਗਿਆ। ਮੈਂ ਉਹਨੂੰ ਵੇਖ ਕੇ ਬੜਾ ਹੈਰਾਨ ਹੋਇਆ ਸਾਂ। ਅਜੇ ਠੰਢੀ ਲਾਮ ਮੁੱਕੀ ਨਹੀਂ ਸੀ, ਪਰ ਦੁਨੀਆ ਬਦਲ ਰਹੀ ਸੀ। ਇਰਾਨੀ ਸ਼ਹਿਨਸ਼ਾਹ ਦਾ ਰਾਜ ਅਖ਼ੀਰੀ ਦਮਾਂ ਉੱਤੇ ਸੀ। ਪਰ ਸਾਡੇ ਵਰਗੇ ਮੁਲਕਾਂ ਦੇ ਮਾੜੇ ਮੁੰਡੇ ਯੌਰਪ ਅੰਦਰ ਤੁਰਕੀ ਦੇ ਬੂਹੇ ਰਾਹੀਂ ਵੜਦੇ ਪਏ ਸਨ। ਅਸੀਂ ਸੜਕੋਂ-ਸੜਕੀਂ ਲਾਹੌਰੋਂ ਚੱਲੇ ਤੇ ਦੋ ਹਫ਼ਤੇ ਵਿੱਚ ਰੋਮ ਅੱਪੜ ਗਏ। ਅੱਗੋਂ ਕਿਸੇ ਮੁਲਕ ਦਾ ਵੀ ਵੀਜ਼ਾ ਨਾ ਮਿਲਿਆ। ਪੈਸੇ ਮੁੱਕੇ ਤੇ ਅਸੀਂ ਫ਼ੁੱਟ-ਪਾਥ ਉੱਤੇ। ਦਿਨ ਤਾਂ ਕਿਵੇਂ ਲੰਘ ਜਾਣਾ, ਪਰ ਰਾਤ ਨੂੰ ਠੰਢ ਵਧ ਜਾਣੀ। ਅਸਾਂ ਅੰਡਰਗਰਾਊਂਡ ਵਿੱਚ ਸੌਣਾ। ਐਥੇ ਰਾਤੀਂ ਕਈ ਸੌ ਬੰਦੇ ਸੌਂਦੇ ਸਨ। ਕਾਲ਼ੇ ਅਫ਼ਰੀਕਾ ਦੇ ਵੰਨ-ਸੁਵੰਨੇ ਮੁਲਕਾਂ ਦੇ, ਏਸ਼ੀਆ, ਉੱਤਰੀ ਅਫ਼ਰੀਕਾ ਦੇ। ਇੱਕ ਵੇਲੇ ਵਿੱਚ ਤੀਹ ਤੋਂ ਵੱਧ ਮੁਲਕਾਂ ਦੇ ਲੋਕ ਹੋਂਦੇ ਸਨ। ਅਸੀਂ ਗੱਤੇ ਦੇ ਡੱਬਿਆਂ ਉੱਤੇ ਸੌਂਨੇ ਸਾਂ, ਜੇਹੜੇ ਵੱਡੀਆਂ ਹੱਟੀਆਂ ਤੋਂ ਬਾਹਰ ਪਏ ਮਿਲ਼ ਜਾਂਦੇ ਸਨ।

ਅੱਧ ਰਾਤੀਂ ਅੰਡਰਗਰਾਊਂਡ ਵਿੱਚ ਦਿਨ ਚੜ੍ਹਿਆ ਹੋਂਦਾ ਸੀ। ਕਾਲ਼ਿਆਂ ਹੱਥ ਵਿੱਚ ਦਾਰੂ ਦੀਆਂ ਬੋਤਲਾਂ ਫੜੀਆਂ ਹੋਣੀਆਂ ਤੇ ਗੱਤਿਆਂ ਉੱਤੇ ਬਹਿ ਉੱਚੀ-ਉੱਚੀ ਗੱਲਾਂ ਕਰਦਿਆਂ ਹੋਣਾ। ਹਾਸਾ-ਠੱਠਾ ਵੀ ਲੱਗਿਆ ਰਹਿਣਾ। ਕਦੀ-ਕਦੀ ਪੁਲਸ ਵੀ ਆ ਜਾਣੀ। ਉਦੋਂ ਯੌਰਪ ਵਿੱਚ ਪਾਰਕਾਂ ਤੇ ਸੜਕਾਂ ਉੱਤੇ ਸੌਣ ਦੀ ਮਨਾਹੀ ਨਹੀਂ ਸੀ। ਹੌਲ਼ੀ-ਹੌਲ਼ੀ ਲੋਕਾਂ ਨੂੰ ਕੰਮ ਮਿਲ਼ ਜਾਣਾ ਤੇ ਉਨ੍ਹਾਂ ਗ਼ੈਬ ਹੋਈ ਜਾਣਾ, ਪਰ ਮੁੜ ਇੰਨੇ ਈ ਬੰਦੇ ਹੋਰ ਆਈ ਜਾਣੇ। ਰਾਤ ਨੂੰ ਕਈ ਬੰਦੇ ਕਾਰਾਂ ਵਿੱਚ ਇਨ੍ਹਾਂ ਫ਼ੁੱਟ-ਪਾਥੀਆਂ ਨੂੰ

ਮਿਲਣ ਆਂਦੇ ਸਨ, ਜੇਹੜੇ ਇਨ੍ਹਾਂ ਦੇ ਰਿਸ਼ਤੇਦਾਰ ਜਾਪਦੇ ਸਨ ਤੇ ਖਾਵਣ ਆਲ਼ੀਆਂ ਸ਼ੈਵਾਂ ਤੇ ਦਾਰੂ ਦੀਆਂ ਬੋਤਲਾਂ ਦੇ ਜਾਂਦੇ ਸਨ। ਵਿੱਚ-ਵਿੱਚ ਮੁਕਾਮੀ ਬੰਦਿਆਂ ਵੀ ਹੋਣਾ। ਅੱਧਖੜ੍ਹ ਸ਼ਰਾਬੀ, ਬੋ ਮਾਰਦੀਆਂ ਜ਼ਨਾਨੀਆਂ ਤੇ ਕਈ ਬੰਦੇ ਇਨ੍ਹਾਂ ਨਾਲ਼ ਵੀ ਠਰਕ ਝਾੜ ਲੈਂਦੇ ਸਨ। ਪਰ ਉਹ ਵੀ ਓਨੇ ਈ ਨਸ਼ੇ ਵਿੱਚ ਹੋਂਦੇ ਸਨ। ਵਿੱਚ-ਵਿੱਚ ਇੱਕ ਅੱਧੀ ਜੁਆਨ ਕੁੜੀ ਵੀ ਹੋਣਾ। ਝੱਲੀ ਜਾਂ ਖਬਰੇ ਕੀ ਵਾਪਰੀ ਤੇ ਉਹ ਘਰੋਂ ਬੇਘਰ ਹੋ ਗਈ। ਉਹਦੇ ਦੁਆਲ਼ੇ ਕਈ ਬੰਦੇ ਹੋਂਦੇ ਸਨ ਤੇ ਉਹਨੂੰ ਘੇਰਨ ਦੀ ਕਰਦੇ ਰਹਿੰਦੇ ਸਨ। ਪਰ ਉਸ ਦਾਰੂ ਮਾਰੀ ਨੂੰ ਕੋਈ ਹੋਸ਼ ਨਹੀਂ ਹੋਂਦੀ ਸੀ।

ਓਥੇ ਈ ਉਹ ਮੈਨੂੰ ਟੱਕਰਿਆ। ਅਸੀਂ ਅਪਣੇ-ਅਪਣੇ ਗੱਤੇ ਵਿਛਾ ਕੇ ਬੈਠੇ ਹੋਏ ਸਾਂ। ਸ਼ੌਕੀ ਸਮੁੰਦਰੀ ਜਹਾਜ਼ ਦੀ ਨੌਕਰੀ ਦੀ ਸ਼ਾਹ ਬਣਾ ਰਹਿਆ ਸੀ। ਹਕੀਮ ਸਾਹਿਬ ਜਰਮਨੀ ਅਪਣੇ ਭਰਾ ਕੋਲ਼ ਪੁੱਜਣਾ ਚਾਹੁੰਦੇ ਸਨ। ਉਸ ਲੰਮਾ ਓਵਰਕੋਟ ਪਾਇਆ ਹੋਵੇ ਤੇ ਵਾਲ਼ ਖਿਲਰੇ ਸਨ। ਥੱਲੇ ਸਵੈਟਰ ਵੀ ਪਾਇਆ ਹੋਇਆ ਸੀ। ਉਹ ਟੁੰਣ ਸੀ ਤੇ ਡੋਲਦਾ ਡਿਗਦਾ ਆਉਂਦਾ ਪਿਆ ਹੋਵੇ। ਉਸ ਗੱਤਿਆਂ ਉੱਤੇ ਲੰਮੇ ਪਿਆਂ ਦਾ ਪੂਰਾ ਗੇੜਾ ਲਾਇਆ ਤੇ ਮੁੜ ਸਾਡੇ ਸਾਹਮਣੇ ਖਲੋਣ ਦੀ ਕੀਤੀ, ਜਾਪੇ ਹੁਣੇ ਡਿਗ ਪੈਸੀ। ਬਹੁੰ ਪਤਲਾ ਜੇਹਾ ਸਰੀਰ ਪਰ ਵਿੰਨ੍ਹਦੀਆਂ ਤ੍ਰਿੱਖੀਆਂ ਅੱਖਾਂ। ਅਜੇਹਾ ਸਾਰਿਆਂ ਦੀਆਂ ਅੱਖਾਂ ਇੱਕੋ ਜੇਹੀਆਂ ਕਿਵੇਂ ਹੋਂਦੀਆਂ ਨੇ ? ਸਾਡੇ ਨਾਲ਼ ਸੌਂਦਾ ਮਿਸਰੀ ਮੁਹੰਮਦ ਝੱਟ ਬੋਲਿਆ, "ਪਾਕਿਸਤਾਨੀ ਏ।" ਉਸ ਵੀ ਇਹ ਸੁਣ ਲਿਆ ਤੇ ਸਾਡੇ ਵਲ ਇੰਜ ਤੱਕਿਆ, ਜਿਵੇਂ ਬਹੁਤ ਦੁਖੀ ਹੋ ਗਿਆ ਹੋਵੇ। ਮੈਂ ਉਸ ਨੂੰ ਝਬਦੇ ਸਿਹਾਣਨ ਦੀ ਕੀਤੀ। ਉਹ ਲਾਹੌਰ ਦੀ ਕਿਸੀ ਵੀ ਗਲ਼ੀ ਦਾ ਮੁੰਡਾ ਹੋ ਸਕਦਾ ਸੀ। ਸਾਡੇ ਸਾਰਿਆਂ ਉੱਤੋਂ ਡਰ ਦਾ ਪਰਛਾਵਾਂ ਲੰਘ ਗਿਆ। ਸਾਰਿਆਂ ਦੇ ਦਿਲ ਵਿੱਚ ਇਹੋ ਸੁਆਲ ਸੀ। ਕੀ ਅਸੀਂ ਵੀ ਕੁੱਝ ਵੇਲੇ ਪਿੱਛੋਂ ਇੰਜ ਦੇ......। ਉਹ ਸਾਡੇ ਸਾਹਮਣੇ ਹੀ ਬਹਿ ਗਿਆ ਤੇ ਅਪਣੇ ਓਵਰਕੋਟ ਦੇ ਬੋਝੇ ਵਿੱਚੋਂ ਖ਼ਾਕੀ ਕਾਗਤ ਵਿੱਚ ਬਹੁੰ ਸੁਆਰ ਕੇ ਰੱਖਿਆ ਸੁੱਕਾ ਜੇਹਾ ਬਰਗਰ ਕੱਢਿਆ ਤੇ ਹੌਲ਼ੀ-ਹੌਲ਼ੀ ਖਾਵਣ ਲੱਗ ਪਿਆ। ਦਾਰੂ ਦੀ ਬੋਤਲ ਉਸ ਸਾਡੇ ਅੱਗੇ ਕਰ ਦਿੱਤੀ। ਬੜੀ ਤੇਜ਼ ਬਰਾਂਡੀ ਸੀ। ਪਰ ਅਸਾਂ ਇੱਕ-ਇੱਕ ਘੁੱਟ ਭਰ ਲਿਆ। ਇਸ ਨੇ ਉਸ ਨੂੰ ਰਾਜ਼ੀ ਕਰ ਦਿੱਤਾ। ਉਹਦੇ ਡਰ ਪਾਰੋਂ ਸਾਨੂੰ ਨਾ ਕਰਨ ਦਾ ਜੇਰਾ ਵੀ ਕਿੱਥੇ ਸੀ।

ਬਰਗਰ ਖਾ ਉਸ ਬੋਤਲ ਚੁੱਕੀ ਤੇ ਉੱਠ ਖਲੋਤਾ। ਕੁੱਝ ਚਿਰ ਸਾਨੂੰ ਵੇਖਦਾ ਰਹਿਆ ਤੇ ਮੁੜ ਮੇਰੇ ਸਾਹਮਣੇ ਆ ਖਲੋਤਾ ਤੇ ਅਪਣੀਆਂ ਅੱਖਾਂ ਮੇਰੀਆਂ ਅੱਖਾਂ ਵਿੱਚ ਗੱਡ ਦਿੱਤੀਆਂ। ਜਿਵੇਂ ਕੋਈ ਪੁਰਾਣੀ ਸਿਹਾਣ ਤੇ ਸਾਂਗਾ ਹੋਵੇ ਜਾਂ ਖਬਰੇ ਕੀ ਲੱਭਦਾ ਪਿਆ ਸੀ, ਉਸ ਮਤੇ ਜ਼ੋਰ ਨਾਲ਼ ਕੀ ਆਖਿਆ ਉਹਦੀਆਂ ਰਾਲ਼ਾਂ ਵਗ ਪਈਆਂ। ਮਿਸਰੀ ਮੁਹੰਮਦ ਮੈਨੂੰ ਸੈਨਤ ਕੀਤੀ ਪਈ ਪੈਸੇ ਮੰਗਦਾ ਪਿਆ ਏ। ਮੈਂ ਕੁੱਝ ਨੁੱਕਰੇ ਲਾਏ ਲੀਰੇ (ਇਟਲੀ ਦੀ ਕਰੰਸੀ) ਉਹਨੂੰ ਫੜਾਣ ਲਈ ਅਗਾਂਹ ਹੋਇਆ, ਉਸ ਜ਼ੋਰ ਦੀ ਹੱਥ ਘੁਮਾਇਆ, "ਜਾ, ਚਲਾ ਜਾ, ਕੰਮ ਆਣਗੇ ਤੇਰੇ, ਮਾਵਾਂ ਰੋਂਦੀਆਂ ਨੇ, ਪੁੱਤਰ ਤੁਰ ਗਏ ਨੇ, ਚਲਾ ਜਾ, ਪੈਸੇ ਮੁੱਕ ਜਾਣੇ ਨੇ, ਜਿਹੜਿਆਂ ਬੂਹਿਆਂ ਵਿੱਚ ਕਿਸੇ ਨੂੰ ਉਡੀਕਦਾ ਛੱਡ ਆਇਆਂ, ਉਹ ਪੁਰਾਣੇ ਹੋ ਹੋ ਢਹਿ ਜਾਣੇ ਨੇ, ਚਲਾ ਜਾ, ਚਲਾ ਜਾ।" ਤੇ ਉਹ ਰੁੱਸਿਆ

ਜੇਹਾ, ਬਿਨਾਂ ਪੈਸੇ ਲਿਆਂ ਅਪਣੇ ਡੋਲਦੇ ਪੈਰਾਂ ਉੱਤੇ ਡਿਗਦਾ ਢਹਿੰਦਾ ਹੂਕਦਾ ਤੁਰ ਗਿਆ। ਲੰਮਾ ਉਹਦਾ ਕੱਦ ਬੁੱਤ ਤੇ ਕਦੀ ਸੋਹਣਾ ਗੱਭਰੂ ਹੋਣਾ ਏ। ਅੱਖਾਂ ਉਹਦੀਆਂ ਈ ਯਾਦ ਰਹਿ ਗਈਆਂ। ਜਿਵੇਂ ਬਹੁਤ ਦੂਰ ਤੀਕ ਵੇਖਣ ਦਾ ਆਹਰ ਕਰਦੀਆਂ ਹੋਵਣ ਤੇ ਮੁੜ ਅਚਨਚੇਤ ਨਿੰਮੋਝਾਣ। ਜਿਵੇਂ ਉਹ ਸਾਰੇ ਪੰਧ ਨੂੰ ਤੱਕਦਾ ਹੋਵੇ, ਜੋ ਉਸ ਲਾਹੌਰੋਂ ਐਥੇ ਤੀਕ ਦਾ ਕੀਤਾ ਤੇ ਕੰਧ ਬਣ ਗਿਆ।

ਇਹਦੀਆਂ ਅੱਖਾਂ ਵਿੱਚ ਅੱਜ ਸਾਰੀਆਂ ਅੱਖਾਂ ਇਕੱਠੀਆਂ ਹੋ ਗਈਆਂ ਨੇ। ਕਾਫ਼ੀ ਚਿਰ ਹੋ ਗਿਆ ਹੋਣਾ ਏ ਤੇ ਸ਼ਾਮ ਲੱਥ ਪਈ। ਸਾਰਾ ਦਿਨ ਸੂਰਜ ਤੇ ਬੱਦਲਾਂ ਦੀ ਲੁਕਣਮੀਟੀ ਪਾਰੋਂ ਸ਼ਾਮ ਕੁੱਝ ਠੰਢੀ ਸੀ, ਇੱਕ ਪਲ ਲਈ ਹਰ ਸ਼ੈ ਦੀ ਹੋਂਦ ਮੁੱਕ ਜੇਹੀ ਗਈ, ਸ਼ੈਵਾਂ ਅੜਕ ਗਈਆਂ। ਸੜਕ ਸੱਖਣੀ ਹੋਈ ਤੇ ਫ਼ਿਰ ਭਰ ਗਈ। ਸੁਰਮੇ ਰੰਗੀ ਸ਼ਾਮ ਵਿੱਚ ਉਹ ਕਦੀ ਨੁਕਤੇ ਵਾਂਗ ਦਿਸਦਾ ਤੇ ਫ਼ਿਰ ਉਹਦੀਆਂ ਅੱਖਾਂ ਦੀ ਲਿਸ਼ਕ ਮੈਨੂੰ ਡੱਕ ਲੈਂਦੀ। ਉਸ ਮੈਨੂੰ ਪੂਰੀ ਤਰ੍ਹਾਂ ਸੀ ਨੱਪ ਲਿਆ, ਮੈਂ ਉਹਦੀਆਂ ਅੱਖਾਂ ਦੇ ਕਲ਼ਾਵੇ ਵਿੱਚ ਸਾਂ, ਉਹਦੀ ਤੱਕਣੀ ਦੀ ਕੈਦ ਵਿੱਚ। ਇਹ ਕੀਕੜਾ ਬਣਿਆ ਕਿਸੇ ਬੈਂਚ ਥੱਲੇ ਲੁਕ ਸੌਂ ਜਾਏਗਾ ਤੇ ਮੈਂ ਐਥੇ ਈ ਖੜ੍ਹਾ ਰਵ੍ਹਾਂਗਾ।

ਹੁਣ ਰਾਤ ਲੱਥ ਪਈ ਸੀ। ਖ਼ਬਰੇ ਪੁਰਾਣੀ ਅਨਾਰਕਲੀ ਦੀ ਢਾਣੀ ਹੁਣ ਬਹਿੰਦੀ ਏ ਜਾਂ ਮੁੱਕ ਗਈ ਏ। ਉਦੋਂ ਤਾਂ ਕਿੰਨੀਆਂ ਈ ਢਾਣੀਆਂ ਸਨ। ਉਦੋਂ ਨਾ ਇੰਨੇ ਰੇੜ੍ਹੀਆਂ ਵਾਲ਼ੇ ਸਨ, ਨਾ ਇੰਨੀਆਂ ਕੱਪੜਿਆਂ ਤੇ ਬੂਟਾਂ ਦੀਆਂ ਹੱਟੀਆਂ। ਨਾ ਇੰਨੀਆਂ ਖਾਵਣ ਦੀਆਂ ਵੀ। ਪ੍ਰੋਫ਼ੈਸਰ ਦੀ ਢਾਣੀ ਹੋਂਦੀ ਸੀ, ਫ਼ਿਰ ਆਰਟਸ ਕਾਲਜ ਦੇ ਪੜ੍ਹਿਆਰਾਂ ਦੀ, ਹੋਸਟਲਾਂ ਦੇ ਪੜ੍ਹਿਆਰਾਂ ਦੀ। ਸਾਰੀ ਰਾਤ ਚਾਹਵਾਂ ਚੱਲਣੀਆਂ, ਗੱਲਾਂ ਦੇ ਹੜ੍ਹ, ਹਾਸੇ ਤੇ ਠੱਠੇ, ਤਵੇ ਲੱਗਣੇ ਤੇ ਜਿਹਦਾ ਬਹੁਤਾ ਲੱਗਣਾ ਸਾਰੀਆਂ ਢਾਣੀਆਂ ਵਿੱਚ ਉਹਦੀ ਗੱਲ ਇੱਕ ਪਲ ਵਿੱਚ ਖਿਲਰ ਜਾਣੀ। ਪਰ ਕੋਈ ਕਦੀ ਰੁੱਸ ਕੇ ਨਹੀਂ ਉੱਠਿਆ ਸੀ। ਹਰ ਢਾਣੀ ਦਾ ਇੱਕ ਚੌਧਰੀ ਹੋਣਾ; ਉਸ ਸਾਰਿਆਂ ਨੂੰ ਚਾਹ ਪੁੱਛਣੀ ਤੇ ਅਖ਼ੀਰ ਉੱਠਣ ਲੱਗਿਆਂ ਕਹਿਣਾ ਕੱਢੋ ਪਈ ਕਿੰਨੇ ਕਿੰਨੇ ਪੈਸੇ ਜੇ। ਕਈਆਂ ਕੋਲ਼ ਇੱਕ ਧੇਲਾ ਵੀ ਨਾ ਹੋਣਾ ਤੇ ਇੱਕ ਨੇ ਸਾਰਿਆਂ ਦੇ ਪੈਸੇ ਤਾਰ ਦੇਣੇ। ਉਚੇਚ ਇਸ ਨੂੰ ਕਿਸ ਨੇ ਕੀ ਗੱਲ ਕੀਤੀ ਏ? ਕੌਣ ਕਿੰਨਾ ਪੜ੍ਹਿਆ ਲਿਖਿਆ ਏ? ਕੌਣ ਸਿਆਣਾ ਏ?

ਮੈਨੂੰ ਐਥੇ ਖੜ੍ਹੇ ਨੂੰ ਕਿੰਨਾ ਚਿਰ ਹੋ ਗਿਆ ਏ। ਆਵਾਜਾਈ ਘਟਣ ਲੱਗ ਪਈ ਏ। ਜਿੱਥੇ ਉਹ ਬੈਠਾ ਏ ਰੁੱਖਾਂ ਪਿੱਛੇ ਉਹਦਾ ਖਿਆਲ ਈ ਏ, ਨਿੰਮ੍ਹੇ ਚਾਨਣ ਵਿੱਚ ਉਹ ਦਿਸਦਾ ਨਹੀਂ ਪਿਆ।

ਇਹ ਤਾਂ ਮੈਨੂੰ ਰੋਲ਼ ਦਏਗਾ, ਮੈਨੂੰ ਪਿੱਛੇ ਮੁੜ ਕੇ ਨਹੀਂ ਵੇਖਣਾ ਚਾਹੀਦਾ। ਮੂੰਹ ਸਿੱਧਾ ਕਰਾਂ ਤੇ ਤੁਰ ਜਾਵਾਂ। ਹੌਲ਼ੀ-ਹੌਲ਼ੀ ਹਵਾ ਤ੍ਰਿੱਖੀ ਹੋਵਣ ਲੱਗਦੀ ਏ ਤੇ ਠੰਢ ਵਧ ਜਾਂਦੀ ਏ। ਪਰ ਜਾਪਦਾ ਏ ਰਾਤ ਪਾਰੋਂ ਬੱਦਲ ਜਿੱਤ ਗਏ ਨੇ ਤੇ ਹਵਾ ਵਿੱਚ ਗਿੱਲ ਵਧ ਜਾਂਦੀ ਏ। ਤੇਜ਼ ਹਵਾ ਦਾ ਬੁੱਲਾ ਮੇਰੇ ਮੂੰਹ ਉੱਤੇ ਵੱਜਦਾ ਏ ਤੇ ਧੂੜ ਉਡਾ ਜਾਂਦਾ ਏ। ਹਵਾ ਅੰਨ੍ਹੇਰੀ ਜੇਹੀ ਬਣਨ ਲੱਗ ਪੈਂਦੀ ਏ। ਗੱਡੀਆਂ ਦਾ ਵੱਗ ਘਟ ਜਾਂਦਾ ਏ। ਧੂੜ ਤੇ ਨਿੰਮ੍ਹੇ ਚਾਨਣ ਵਿੱਚ ਵਗਦੀਆਂ ਗੱਡੀਆਂ ਚਿੱਤਰਕਾਰ ਦੀ ਮੂਰਤ ਵਾਂਗ ਲੱਗਦੀਆਂ ਨੇ। ਅੰਨ੍ਹੇਰੀ

ਦੇ ਆਵਣ ਨਾਲ਼ ਈ ਹੱਟਵਾਣੀਏਂ ਬੂਹੇ ਭੇੜ ਲੈਂਦੇ ਨੇ, ਜੂਸ ਦੀ ਹੱਟੀ ਖ਼ਾਲੀ ਹੋ ਜਾਂਦੀ ਏ, ਓਥੇ ਹੁਣ ਪਲਾਸਟਿਕ ਦੀਆਂ ਕੁਰਸੀਆਂ ਤੇ ਮੇਜ਼ਾਂ ਈ ਨੇ। ਤੇ ਮੈਨੂੰ ਪੁਰਾਣਾ ਬੋਹੜ ਤੇ ਪਿੱਪਲ ਤ੍ਰਿੱਖੀ ਹਵਾ ਵਿੱਚ ਪਹਿਲੀ ਵਾਰ ਦਿਸਦੇ ਨੇ, ਇਹ ਕਿੰਜ ਬਚ ਗਏ ਕਤਲਾਮ ਤੋਂ। ਅਚਨਚੇਤ ਪਟਾਕਾ ਵੱਜਦਾ ਏ ਤੇ ਬੱਤੀ ਚਲੀ ਜਾਂਦੀ ਏ। ਤੇਜ਼ ਮੀਂਹ ਪੈਣ ਲੱਗ ਪੈਂਦਾ ਏ। ਸੈਕਲਾਂ, ਮੋਟਰਸੈਕਲਾਂ ਆਲੇ, ਪੈਦਲ ਗ਼ੈਬ ਹੋ ਜਾਂਦੇ ਨੇ। ਸੜਕ ਉੱਤੇ ਨਿਰੀਆਂ ਕਾਰਾਂ ਈ ਹੌਲ਼ੀ-ਹੌਲ਼ੀ ਲੰਘ ਰਹੀਆਂ ਨੇ।

ਮੈਂ ਉਹਦੇ ਵੱਲ ਝਾਤੀ ਮਾਰਨਾਂ ਪਰ ਮੈਨੂੰ ਕੁੱਝ ਨਜ਼ਰੀਂ ਨਹੀਂ ਆਉਂਦਾ। ਓਥੇ ਘੁੱਪ ਅੰਨ੍ਹੇਰਾ ਏ ਤੇ ਵਗਦੀਆਂ ਗੱਡੀਆਂ ਦੀਆਂ ਲਾਈਟਾਂ ਪਾਰੋਂ ਨਿੰਮ੍ਹਾ ਜੇਹਾ ਚਾਨਣ ਹੋਂਦਾ ਏ ਤੇ ਮੁੱਕ ਜਾਂਦਾ ਏ। ਨਵੀਂ ਉੱਸਰੀ ਟੋਲਿੰਟਣ ਦੇ ਲੱਕੜ ਦੇ ਛੱਜੇ ਥੱਲੇ ਕਿੰਨੇ ਈ ਬੰਦੇ ਮੀਂਹ ਬੰਦ ਹੋਵਣ ਦੀ ਉਡੀਕ ਵਿੱਚ ਹਨ। ਮੈਂ ਛੱਜੇ ਦੇ ਥੱਲਿਓਂ ਥੱਲੇ ਗੋਲ਼ ਬਾਗ਼ ਵੱਲ ਖਿਸਕਣ ਲੱਗ ਪੈਂਦਾ ਆਂ। "ਲੰਘ ਜਾ, ਲੰਘ ਜਾ" ਮੈਨੂੰ ਪਤਾ ਏ ਹੁਣੀ ਕੁੱਝ ਚਿਰ ਪਿੱਛੋਂ ਮਾਲ ਰੋਡ ਦੇ ਫ਼ੁੱਟ-ਪਾਥ, ਗੋਲ਼ ਬਾਗ਼ ਤੇ ਭਾਟੀ ਦਾਤਾ ਸਾਹਿਬ ਦੇ ਫ਼ੁੱਟ-ਪਾਥਾਂ ਇੱਕਮਿੱਕ ਹੋ ਜਾਣਾ ਏ ਤੇ ਐਥੇ ਜਹਾਜ਼ਾਂ ਨਸ਼ੇਬਾਜ਼ਾਂ, ਦਿਹਾੜੀ ਮਾਰਿਆਂ, ਮਾੜਿਆਂ ਮਜ਼ਦੂਰਾਂ ਨਾਲ਼ ਭਰ ਜਾਣੇ ਨੇ। ਮੈਂ ਪਿੱਛੇ ਮੁੜ ਕੇ ਨਹੀਂ ਵੇਖਦਾ ਤੇ ਸਿੱਧਾ ਤੁਰੀ ਜਾਨਾ ਆਂ। ਪਾਰਕਿੰਗ ਵਿੱਚ ਮੇਰੀ ਇਕੱਲੀ ਗੱਡੀ ਖੜ੍ਹੀ ਏ।

ਮੈਂ ਜਦ ਗੱਡੀ ਮੋੜ ਕੇ ਸੜਕ ਦੇ ਦੂਜੇ ਪਾਸਿਓਂ ਉਹਦੇ ਸਾਹਮਣਿਓਂ ਲੰਘਦਾ ਆਂ, ਸੁੰਞ ਮਸਾਣ ਏ, ਉੱਕਾ ਅੰਨ੍ਹੇਰਾ, ਅੰਨ੍ਹੇਰੀ ਝੁੱਲੇ ਪਈ, ਗੱਡੀਆਂ ਦੀਆਂ ਲਾਈਟਾਂ ਦਾ ਨਿੰਮ੍ਹਾ ਚਾਨਣ ਤਿਲਕਦਾ ਲੰਘੀ ਜਾਂਦਾ ਏ, ਉਹ ਨਜ਼ਰੀਂ ਨਹੀਂ ਪੈਂਦਾ, ਪੀਜੋ ਦਾ ਚੌਕ ਟੱਪਦਾ ਆਂ ਤੇ ਰੋਣ ਦੀ ਵਾਜ ਆਂਦੀ ਏ। ਕੁੱਝ ਥੱਲੇ ਡਿੱਗਣ ਦੀ, ਮੈਂ ਗੱਡੀ ਦੀ ਸਪੀਡ ਤੇਜ਼ ਕਰ ਦੇਂਦਾ ਆਂ।

# ਪਾਣੀ ਦੀ ਕੰਧ

ਜਲੰਧਰੋਂ ਪਰਕਾਸ਼ ਮੈਨੂੰ ਅੰਬਰਸਰ ਛੱਡ ਗਿਆ। ਬੁੱਢਰਾ ਚੰਡੀਗੜ੍ਹ ਈ ਮਿਲਣ ਅੱਪੜ ਗਿਆ ਸੀ। ਫ਼ਿਰ ਅਸੀਂ ਅੱਜ ਸਵੇਰੇ ਚੰਡੀਗੜ੍ਹੋਂ ਬੱਸ ਤੋਂ ਜਲੰਧਰ ਅੱਪੜੇ ਤੇ ਉਹਦੇ ਘਰ ਦੁਪਹਿਰ ਦੀ ਰੋਟੀ ਖਾਧੀ, ਤੇ ਮੁੜ ਉਹ ਮੈਨੂੰ ਅਪਣੇ ਪੁੱਤਰ ਦੀ ਗੱਡੀ 'ਤੇ ਅੰਬਰਸਰ ਛੱਡ ਗਿਆ। ਅੰਬਰਸਰ ਪਹਿਲੋਂ ਈ ਮੇਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਗੈਸਟ ਹਾਊਸ ਵਿੱਚ ਬੁਕਿੰਗ ਸੀ ਹੋਈ ਪਈ। ਸ਼ਹਿਰ ਤੋਂ ਭੋਰਾ ਖੌਰੇ ਪਰ੍ਹਾਂ, ਯੂਨੀਵਰਸਿਟੀ ਤਾਂ ਸੁਹਣੀ ਹੈ ਈ ਸੀ; ਗੈਸਟ ਹਾਊਸ ਇਸ ਤੋਂ ਵੀ ਵੱਧ ਸੁਹਣਾ। ਵੱਡੇ-ਵੱਡੇ ਕਮਰੇ ਤੇ ਮੇਰਾ ਕਮਰਾ ਸੀ ਦੂਜੀ ਮੰਜ਼ਲੇ ਤੇ ਲੱਕੜ ਦੀਆਂ ਪੌੜੀਆਂ। ਮੈਂ ਲੋਹੜੀ ਦੇ ਦਿਹਾੜ ਮਗਰੋਂ ਹਿੰਦ ਯਾਤਰਾ ਕਰਨ ਅਪੜਿਆ ਸਾਂ ਤੇ ਰੁੱਤ ਸੀ ਸਿਆਲ਼ ਦੀ। ਚੰਡੀਗੜ੍ਹੋਂ ਮੀਂਹ ਸਾਡੇ ਨਾਲ਼ ਈ ਅੰਬਰਸਰ ਆਇਆ। ਜਲੰਧਰ ਬੁੱਢਰੇ ਨੇ ਮੈਨੂੰ ਘਰੋਂ ਰੋਟੀ ਵੀ ਖਵਾਈ ਤੇ ਨਾਲ਼ ਇਹ ਵੀ ਦੱਸਿਆ ਪਈ ਇਹਦੀ ਤੀਵੀਂ ਨੂੰ ਨਹੀਂ ਪਤਾ ਤੂੰ ਲਾਹੌਰੋਂ ਆਇਆ ਐਂ। ਨਹੀਂ ਤਾਂ ਉਸ ਤੈਨੂੰ ਰੋਟੀ ਤਾਂ ਕੀ ਪੁੱਛਣੀ ਸੀ, ਘਰ ਵੀ ਨਾ ਵੜਨ ਦਿੰਦੀ। “ਬੁੜ੍ਹੀ ਸ਼ੁੱਧੀ ਨੂੰ ਮੰਨਣ ਆਲ਼ੀ ਏ ਜਾਤ-ਪਾਤ ਦੀ ਪੱਕੀ।” ਤੇ ਫ਼ਿਰ ਮੇਰੇ ਵੱਲ ਵੇਖ ਸ਼ਰਾਰਤੀ ਹਾਸਾ ਹੱਸਿਆ, ਜੋ ਉਹਦੀ ਖ਼ਾਸ ਪਹਿਚਾਣ ਸੀ। ਮੈਂ ਉਹਦੇ ਘਰੋਂ ਰੋਟੀ ਈ ਨਾ ਖਾਧੀ, ਸਗੋਂ ਸਾਰਾ ਘਰ ਫਿਰਦੇ ਰਹੇ; ਪਰ ਪਾਕੀ-ਪਲੀਤੀ ਮੁੜ ਚੇਤੇ ਨਾ ਆਈ।

ਬੁੱਢਰੇ ਮੈਨੂੰ ਲੌਢੇ ਵੇਲੇ ਕੋਲ਼ ਗੈਸਟ ਹਾਊਸ ਛੱਡਿਆ। ਰਾਹ ਵਿੱਚ ਅਸਾਂ ਢਾਬੇ ਤੋਂ ਚਾਹ ਵੀ ਪੀਤੀ। ਬੁੱਢਰਾ ਉੱਤੇ ਮੇਰਾ ਕਮਰਾ ਵੇਖਣ ਵੀ ਨਾ ਆਇਆ। ਆਖਣ ਲੱਗਾ: ਜਲੰਧਰ ਪਰਤਣਾ ਏ। ਪੁੱਤਰ ਵੀ ਸੀ ਨਾਲ਼। ਅੰਬਰਸਰ ਦੋ ਤਿੰਨ ਦਿਨਾਂ ਪਿੱਛੋਂ ਮੈਂ ਵਾਹਗਿਉਂ ਲਾਹੌਰ ਪਰਤ ਜਾਣਾ ਸੀ। ਇਥੇ ਆਇਆਂ ਨੂੰ ਦਸ ਬਾਰਾਂ ਦਿਨ ਮੈਨੂੰ ਹੋ ਗਏ ਹੋਣੇ। ਇੱਕ ਹਫ਼ਤਾ ਦਿੱਲੀ ਤੇ ਕੁੱਝ ਦਿਹਾੜੇ ਚੰਡੀਗੜ੍ਹ। ਆਇਆ ਤਾਂ ਸਾਂ ਕੁੱਝ ਸੰਗੀਤਕਾਰਾਂ ਨਾਲ਼, ਪਰ ਮੈਂ ਆਪੂੰ ਐਵੇਂ ਸ਼ਾਇਰ ਜਿਹਾ ਆਂ। ਉਦੋਂ ਨਵੀਂ-ਨਵੀਂ ਕੁੱਝ ਖੁੱਲ੍ਹ ਮਿਲ਼ੀ ਸੀ। ਸਾਡੇ ਪੰਜਾਬ ਦਾ ਵੱਡਾ ਵਜ਼ੀਰ ਵੀ ਨਵਾਂ-ਨਵਾਂ ਚੜ੍ਹਦੇ ਪੰਜਾਬ ਆਇਆ ਸੀ ਤੇ ਥਾਂ-ਥਾਂ ਇਹਦੇ ਤੇ ਚੜ੍ਹਦੇ ਪੰਜਾਬ ਦੇ ਵੱਡੇ ਵਜ਼ੀਰ ਦੇ ਨਾਲੋਂ-ਨਾਲ਼ ਪੋਰਟਰੇਟ ਲੱਗੇ ਹੋਏ ਸਨ।

ਬੁੱਢਰਾ ਜਾਂਦਾ-ਜਾਂਦਾ ਮੈਨੂੰ ਗੁਰੂ ਦੇਵ ਨਾਨਕ ਯੂਨੀਵਰਸਿਟੀ ਦੇ ਪੰਜਾਬੀ ਡਿਪਾਰਟਮੈਂਟ ਦੀ ਹੈੱਡ ਪ੍ਰੋਫ਼ੈਸਰਾਨੀ ਬਾਰੇ ਮਖੌਲ ਕਰ ਤੁਰ ਗਿਆ। “ਉਹ ਖੇਡਾਂ ਲਿਖਦੀ ਵੀ ਏ, ਤੇ ਖੇਡਾਂ ਕਰਦੀ ਵੀ ਏ।” ਪ੍ਰੋਫ਼ੈਸਰਾਨੀ ਬਾਰੇ ਦੱਸਦੇ ਤੇ ਮੇਰੇ ਵੱਲ ਵੇਖਦੇ ਉਹ

ਮਲਕੜੇ ਮੁੱਸਿਆ। ਜਾਂਦੇ ਉਸ ਘੁੱਟ ਕੇ ਜੱਫੀ ਪਾਈ ਤੇ ਮੈਨੂੰ ਭਾਵੁਕ ਤੇ ਉਦਾਸ ਕਰ ਦਿੱਤਾ। ਅੱਜ ਤੀਜਾ ਦਿਨ ਸੀ ਸਾਨੂੰ ਇਕੱਠਿਆਂ ਫਿਰਦਿਆਂ ਨੂੰ। ਤੇ ਇੱਕ ਪਲ ਨੂੰ ਉਸ ਮਸੂਸ ਵੀ ਲਿਆ ਤੇ ਮੈਨੂੰ ਅਚਨਚੇਤ ਯੂਨੀਵਰਸਿਟੀ ਦੇ ਗੈਸਟ ਹਾਊਸ ਦੇ ਬਾਹਰ ਬਣੇ ਗੈਰਾਜ ਹੇਠ ਲਾਹ ਕੇ ਛੇਤੀ ਦੇਣੀ ਅਪਣੇ ਪੁੱਤਰ ਦੀ ਕਾਰ ਵਿੱਚ ਹੱਥ ਹਿਲਾਏ ਬਿਨਾਂ ਗ਼ੈਬ ਹੋ ਗਿਆ। ਉਹਨੂੰ ਪਤਾ ਸੀ ਮੇਰਾ ਹਾਂਹ ਭਰਿਆ ਪਿਆ ਸੀ।

ਬੁੱਢਰੇ ਨਾਲ਼ ਮੇਰੀ ਕੋਈ ਬਹੁਤੀ ਯਾਰੀ ਨਹੀਂ ਸੀ। ਮੈਂ ਤਾਂ ਉਹਨੂੰ ਜਾਣਦਾ ਵੀ ਨਹੀਂ ਸਾਂ। ਪਰ ਲੰਦਨੋਂ ਆਇਆ ਕੋਈ ਸ਼ਾਇਰ ਸਾਨੂੰ ਲਾਹੌਰ ਟੱਕਰ ਪਿਆ। ਉਹ ਪਿੱਛੋਂ ਜਲੰਧਰ ਦਾ ਹੈ ਵੇ, ਪਰ ਹੁਣ ਚਿਰਾਂ ਤੋਂ ਲੰਦਨ ਰਹਿੰਦਾ ਸੀ। ਹੋਟਲੋਂ ਮੁੜ ਦੂਜੇ ਦਿਨ ਇੱਕ ਬੇਲੀ ਵੱਲ ਆ ਢੁੱਕਿਆ। ਅਸੀਂ ਉਸ ਦੀ ਕੁੱਝ ਵਾਹ ਵਾਹ ਈ ਸੇਵਾ ਕਰ ਦਿੱਤੀ। ਚੰਗਾ ਲਾਹੌਰ ਫਿਰਾਇਆ। ਉਹ ਬੁੱਢਰੇ ਦਾ ਯਾਰ ਸੀ। ਪਰ ਮੇਰੇ ਕੋਲ਼ ਜਲੰਧਰ ਦਾ ਵੀਜ਼ਾ ਨਾ ਹੋਵੇ। ਮੈਂ ਬੁੱਢਰੇ ਨੂੰ ਦਿੱਲੀਓਂ ਫ਼ੋਨ ਕੀਤਾ। ਉਸ ਆਖਿਆ : "ਕੋਈ ਨਾ ਮੈਂ ਚੰਡੀਗੜ੍ਹ ਆ ਜਾਵਾਂਗਾ। ਦੋ ਤਿੰਨ ਘੰਟੇ ਦਾ ਤਾਂ ਰਾਹ ਏ। ਤੇਰੇ ਨਾਲ਼ ਰਹਵਾਂਗਾ, ਫਿਰਾਂਗੇ, ਜ਼ਨਾਨੀਆਂ ਨੂੰ ਮਿਲ਼ਾਂਗੇ।" ਉਹਨੇ ਦੋ ਤਿੰਨ ਜ਼ਨਾਨੀ ਲਿਖਾਰੀਆਂ ਦੇ ਨਾਂ ਲਏ ਤੇ ਖਚਰਾ ਹਾਸਾ ਹੱਸਿਆ ਤੇ ਮੈਨੂੰ ਬਾਲਾਂ ਹਾਰ ਈ ਲੱਗਾ। ਬੁੱਢਰਾ ਬੜਾ ਮਸ਼ਹੂਰ ਕਹਾਣੀਕਾਰ ਸੀ, ਪਰ ਮੈਨੂੰ ਪਤਾ ਈ ਨਹੀਂ ਸੀ। ਉਹ ਵਰਜਿਤ ਰਿਸ਼ਤਿਆਂ ਦੀਆਂ ਕਹਾਣੀਆਂ ਲਿਖਦਾ ਸੀ। ਸਾਡੀਆਂ ਉਮਰਾਂ ਵਿੱਚ ਵੀਹ ਪੰਝੀ ਵਰ੍ਹਿਆਂ ਦੀ ਵਿੱਥ ਹੁੰਦਿਆਂ ਸਾਡਾ ਗੂੜ੍ਹ ਹੋ ਗਿਆ।

ਜਦ ਦਾ ਮੈਂ ਹਿੰਦੁਸਤਾਨ ਆਇਆ ਸਾਂ, ਮੇਰਾ ਹਾਂ ਭਰਿਆ ਪਿਆ ਸੀ। ਆਇਆ ਤਾਂ ਮੈਂ ਇਕੱਲਾ ਸਾਂ, ਪਰ ਅਪਣੇ ਨਾਲ਼ ਮਾਂ ਦੀਆਂ ਢੇਰ ਗੱਲਾਂ ਵਟਾਲੇ, ਪੀਰਾਂ ਬਾਗ਼, ਗੁਰਦਾਸਪੁਰ ਦੀਆਂ ਨਾਲ਼ ਈ ਲਿਆਇਆ ਸਾਂ। ਬਟਾਲੇ ਦਾ ਮੇਰਾ ਪਿਓ ਤੇ ਸ਼ਹਿਰ ਗੁਰਦਾਸਪੁਰ ਨੇੜੇ ਪੀਰਾਂ ਬਾਗ਼ ਪਿੰਡ ਸੀ ਮਾਂ ਦਾ। ਇੱਕ ਉਹ ਗੁਰਦਾਸਪੁਰ ਤੇ ਬਟਾਲਾ ਜੋ ਵੇਖਣ ਜਾਣਾ ਸੀ ਤੇ ਇੱਕ ਉਹ ਜੋ ਮਾਂ ਨਾਲ਼ ਤੋਰ ਦਿੱਤਾ। ਕੱਲ੍ਹ ਮੈਂ ਬਟਾਲੇ ਅਪਣੇ ਮਾਪਿਆਂ ਦਾ ਘਰ ਵੇਖਣ ਜਾਣਾ ਸੀ, ਪਰ ਅਜੇ ਤੀਕ ਕੋਈ ਸਬੱਬ ਨਹੀਂ ਸੀ ਬਣਦਾ ਪਿਆ। ਮੈਂ ਸੋਚੀਂ ਪਿਆ ਗੈਸਟ ਹਾਊਸ ਦੇ ਬਾਹਰ ਈ ਹੇਠਾਂ ਖਲਾ ਸਾਂ। ਗੈਸਟ ਹਾਊਸ ਦੇ ਵੱਡੇ ਗੇਟ ਤੋਂ ਬਾਹਰ ਕੁੱਝ ਥਾਂ ਖੁੱਲ੍ਹੀ ਸੀ। ਤੇ ਦੋ-ਚਾਰ ਕਦਮਾਂ ਤੇ ਮੁੜ ਇੱਕ ਵੱਡਾ ਗੈਰਾਜ ਸੀ, ਜਿਥੇ ਉਹ ਖੜ੍ਹਾ ਸੀ ਤੇ ਮੈਨੂੰ ਕਾਰ ਤੋਂ ਉਤਰਦੇ ਨੂੰ ਵੇਖਦਾ ਪਿਆ ਸੀ।

ਮੀਂਹ ਕਿਰਨਮ ਕਿਰਨੀ ਪੈਣ ਲੱਗ ਪਿਆ। ਦੀਗਰ ਵੇਲਾ ਸੀ, ਪਰ ਸਵਾਰ ਕੇ ਸੁਹਣਾ ਸਾਵਾ ਘਾਹ ਜਿਵੇਂ ਕਿਸੇ ਜ਼ਵੀਂ ਉੱਤੇ ਵਿਛਾ ਦਿੱਤਾ ਹੋਵੇ। ਮਾਘ ਅਖ਼ੀਰੀ ਕੰਢਿਆਂ ਤੇ ਧੁੱਪ ਲੱਗੇ, ਤਾਂ ਜ਼ਰੀਂ ਵੀ ਤ੍ਰਿੱਖੀ ਹਵਾ ਘੁੱਲ਼ੇ, ਤਾਂ ਫੱਗਣ ਦਾ ਖ਼ਿਆਲ ਆਵੇ। ਉਹ ਝਬਦੇ ਮੇਰੇ ਕੋਲ਼ ਅਪੜਿਆ। ਉੱਚਾ ਲੰਮਾ ਕੱਦ ਬੁੱਤ, ਚਿੱਟੀਆਂ ਦਾੜ੍ਹੀ ਮੁੱਛਾਂ, ਕੱਸ ਕੇ ਬੰਨ੍ਹੀ ਪੱਗ ਤੇ ਸਾਫ਼ ਸੁੱਥਰੀ ਵਰਦੀ। ਜੁੱਸੇ ਤੋਂ ਉਹ ਚੁਸਤ ਚੌਕਸ ਲੱਗੇ ਪਿਆ, ਪਰ ਉਮਰ ਅਪਣਾ ਲੇਖਾ ਵੀ ਕੀਤੀ ਬੈਠੀ ਹੋਵੇ। ਮੈਂ ਸਮਝ ਗਿਆ ਉਹ ਗੈਸਟ ਹਾਊਸ ਦਾ ਚੌਕੀਦਾਰ ਏ ਤੇ ਰਿਟਾਇਰ ਫ਼ੌਜੀ ਹੋਣਾ। ਉਹਦੇ ਮੁੱਖ ਦੀ ਗੰਭੀਰਤਾ ਤੇ ਤ੍ਰਿੱਖੀਆਂ ਲਾਲ ਅੱਖਾਂ ਤੋਂ ਡਰ ਜਿਹਾ ਵੀ ਲੱਗਾ।

ਉਹਨੇ ਮੈਨੂੰ 'ਸਤਿ ਸ੍ਰੀ ਅਕਾਲ' ਬੁਲਾਈ ਤੇ ਆਖਿਆ: ਤੁਸੀਂ ਅੰਦਰ ਸਾਹਮਣੇ ਕਾਉਂਟਰ 'ਤੇ ਚਲੇ ਜਾਓ ਤੇ ਉਹ ਆਪੇ ਤੁਹਾਡਾ ਸਾਮਾਨ ਕਮਰੇ ਲੈ ਜਾਵਣਗੇ। ਮੇਰਾ ਸਾਮਾਨ ਤਾਂ ਬਹੁਤਾ ਨਹੀਂ ਸੀ, ਪਰ ਮੈਂ ਢੇਰ ਕਿਤਾਬਾਂ ਇਕੱਠੀਆਂ ਕਰ ਲਈਆਂ ਹੋਵਣ ਤੇ ਕੁੱਝ ਮੈਨੂੰ ਤੁਹਫ਼ੇ ਵਜੋਂ ਵੀ ਮਿਲੀਆਂ। ਮੈਨੂੰ ਗੈਸਟ ਹਾਊਸ ਦੇ ਨਕਸ਼ੇ ਦੀ ਵੀ ਸਮਝ ਨਾ ਆਈ, ਭਲਾ ਗੇਟ ਨਾਲ਼ ਏਨੀ ਵਿੱਥ ਖ਼ਾਲੀ ਛੱਡ ਕੇ ਗੈਰਾਜ ਬਣਾਉਣ ਦੀ ਕੀ ਤੁਕ। ਸਾਮਾਨ ਛੱਡ ਮੀਂਹ ਤੋਂ ਬਚਦਾ ਹੌਲ਼ੀ ਨੱਸ ਗੈਸਟ ਹਾਊਸ ਅੰਦਰ ਵੜਿਆ ਤੇ ਵੱਡੇ ਹਾਲ ਵਿੱਚ ਕੋਈ ਜੀਅ ਨਾ ਹੋਵੇ। ਅੰਦਰ ਵੜਦਿਆਂ ਨਾਲ਼ ਈ ਕੁਰਸੀਆਂ ਮੇਜ਼ਾਂ ਪਈਆਂ ਸਨ। ਇੱਕ ਪਾਸੇ ਇੱਕ ਨਿੱਕਾ ਕਮਰਾ ਜਿਹੜਾ ਰਿਸੈਪਸ਼ਨ ਰੂਮ ਲੱਗੇ। ਓਥੇ ਇੱਕ ਬੰਦਾ ਸ਼ੀਸ਼ੇ ਵਿੱਚੋਂ ਮੈਨੂੰ ਵੇਖ ਝੱਟ ਬਾਹਰ ਆਇਆ ਤੇ ਉੱਚੀ ਮੇਰਾ ਨਾਂ ਬੁਲਾਇਆ ਤੇ ਪਾਕਿਸਤਾਨ ਦਾ ਨਾਂ ਲਿਆ। ਜਿਹੜਾ ਮੈਨੂੰ ਲੱਗਾ ਗੈਰਾਜ ਵਿੱਚ ਖਲੋਤੇ ਨੇ ਵੀ ਸੁਣ ਲਿਆ ਹੋਣਾ, ਕਿਉਂ ਜੇ ਉਹ ਇੱਕਦਮ ਚੌਕੰਨਾ ਹੋ ਗਿਆ ਸੀ।

ਯੂਨੀਵਰਸਿਟੀ ਮੁਲਾਜ਼ਮ ਅੰਦਰੋਂ ਮੁੜ ਕਮਰੇ ਵਿੱਚ ਜਾ ਕੇ ਚਾਬੀ ਲਿਆਇਆ ਤੇ ਮੈਨੂੰ ਅਪਣੇ ਪਿੱਛੇ-ਪਿੱਛੇ ਆਉਣ ਦੀ ਸੈਂਤ ਕੀਤੀ। ਅਸੀਂ ਲੱਕੜ ਦੀਆਂ ਪੌੜੀਆਂ ਚੜ੍ਹ ਇੱਕ ਕਮਰੇ ਸਾਹਮਣੇ ਰੁਕੇ। "ਯੇ ਕਮਰਾ ਹੈ ਆਪ ਕਾ, ਚਾਬੀਆਂ ਆਪ ਕੇ ਪਾਸ ਰਹੇਂਗੀ। ਕਿਸੀ ਚੀਜ਼ ਕੀ ਜ਼ਰੂਰਤ ਹੋ ਹਮੇਂ ਆਡਰ ਦੇ।" ਮੈਂ ਚਾਹ ਦਾ ਪੁੱਛਿਆ, ਫ਼ਿਰ ਫ਼ੋਨ ਦਾ। ਅਜੇ ਮੁਬਾਇਲ ਨਹੀਂ ਆਏ ਸਨ। "ਫ਼ੂਨ ਤੋ ਆਪ ਕੋ ਨੀਚੇ ਆ ਕਰ ਕਰਨਾ ਹੋਗਾ।" ਠੀਕ ਏ ਮੈਂ ਥੱਲੇ ਚਾਹ ਪਿਆਂਗਾ। ਮੈਂ ਪੰਜਾਬੀ ਵਿੱਚ ਗੱਲ ਕਰ ਰਹਿਆਂ ਸਾਂ ਤੇ ਉਹ ਹਿੰਦੀ ਵਿੱਚ ਜਵਾਬ ਦਿੰਦਾ ਪਿਆ ਸੀ। ਸੀ ਵੀ ਉਹ ਪੂਰਬੀਆ, ਜਿਨ੍ਹਾਂ ਦੀਆਂ ਪੰਜਾਬ ਵਿੱਚ ਵਸਣ ਦੀਆਂ ਕਹਾਣੀਆਂ ਮੈਂ ਸੁਣਦਾ ਆ ਰਿਹਾ ਸਾਂ। "ਸਭ ਪਾਕਿਸਤਾਨੀ ਉਰਦੂ ਬੋਲਤੇ ਹੈਂ।" ਮੇਰੇ ਪੰਜਾਬੀ ਵਿੱਚ ਗੱਲ ਕਰੀ ਜਾਣ ਉੱਤੇ ਉਸ ਉਲਾਹਮਾ ਜਿਹਾ ਦਿੱਤਾ। ਮੈਂ ਕਮਰੇ ਵਿੱਚ ਅਪਣੀਆਂ ਸ਼ੈਵਾਂ ਨੂੰ ਥਾਂ ਠਿਕਾਣੇ ਧਰਿਆ ਤੇ ਮੂੰਹ ਹੱਥ ਧੋ, ਬੂਹਾ ਬੰਦ ਕਰ, ਥੱਲੇ ਆ ਗਿਆ।

ਮੀਂਹ ਉਹਲਿਓਂ ਜਿਵੇਂ ਰਾਤ ਚੋਰਾਂ ਹਾਰ ਆਈ ਤੇ ਹਨੇਰੇ ਦੀ ਚੱਦਰ ਹਰ ਸ਼ੈ ਉੱਤੇ ਪਾ ਕੇ ਸਭ ਲੁਕੋਂਦੀ ਗਈ। ਬਹੁੰ ਮਲਕੜੀ ਹਵਾ ਘਾਹ ਉੱਤੇ ਡਰੇ-ਡਰੇ ਪੈਰ ਰੱਖਦੀ ਵਗਦੀ ਰਹੀ। ਥੱਲੇ ਡਾਇਨਿੰਗ ਹਾਲ ਬੰਦ ਪਰ ਬੂਹੇ ਦੇ ਨਾਲ਼ ਕੁੱਝ ਕੁਰਸੀਆਂ ਤੇ ਮੇਜ਼ਾਂ ਪਈਆਂ ਹੋਵਣ। ਇਹ ਥਾਂ ਇੱਕ ਤਰ੍ਹਾਂ ਦੀ ਰਿਸੈਪਸ਼ਨ ਨਾਲ਼ ਜੁੜੀ ਸੀ, ਹਾਲ ਵਿੱਚ ਅੰਨ੍ਹੇਰਾ ਤੇ ਇਹੋ ਥਾਂ ਸੀ ਚਾਨਣ। ਬੂਹੇ ਤੋਂ ਬਾਹਰ ਖ਼ਾਲੀ ਥਾਂ ਤੋਂ ਅਗਾਂਹ ਉਹ ਬੈਠਾ ਸੀ ਤੇ ਮੈਨੂੰ ਵੇਖ ਇੱਕਦਮ ਖੜ੍ਹਾ ਹੋ ਗਿਆ। ਮੈਂ ਰਿਸੈਪਸ਼ਨ ਦੇ ਨਾਲ਼ ਜੁੜੀ ਬਾਹਰਲੀ ਥਾਂ ਈ ਬਹਿ ਗਿਆ ਤੇ ਸ਼ੀਸ਼ੇ ਤੋਂ ਅੰਦਰ ਝਾਕਿਆ। ਕਮਰਾ ਖ਼ਾਲੀ ਸੀ। ਮੈਂ ਸੋਫ਼ੇ ਉੱਤੇ ਬਹਿ ਉਡੀਕਣ ਲੱਗ ਪਿਆ। ਮੂੰਹ ਮੇਰਾ ਬਾਹਰ ਵੱਲ ਸੀ। ਉਹਦੇ ਤੇ ਮੇਰੇ ਵਿਚਕਾਰ ਹੌਲ਼ੇ ਜਿਹੇ ਮੀਂਹ ਦੀ ਕੰਧ ਬਣ ਗਈ। ਗੈਰਾਜ ਵਿੱਚ ਚਾਨਣ ਪਰ ਸਾਡੇ ਵਿਚਕਾਰ ਖ਼ਾਲੀ ਥਾਂ ਅੱਧ ਚਾਨਣ, ਅੱਧ ਹਨੇਰੇ ਵਿੱਚ ਸੀ। ਜਿਸ ਪਾਰੋਂ ਮੀਂਹ ਸ਼ੀਸ਼ਾ ਜਿਹਾ ਬਣ ਗਿਆ ਸੀ ਤੇ ਮੀਂਹ ਤੋਂ ਪਾਰ ਉਸ ਦੀਆਂ ਅੱਖਾਂ ਕਦੀ ਦਿਖਦੀਆਂ, ਲਿਸ਼ਕਦੀਆਂ ਤੇ ਕਦੀ ਧੁੰਦਲਾ ਜਾਂਦੀਆਂ।

ਘਾਹ ਵਿੱਚ ਸਿੰਮਦੀ ਮੀਂਹ ਦੀ ਵਾਜ ਹਵਾ ਦਾ ਗੀਤ ਸੁਣਾਵੇ ਪਈ।

ਮੁਲਾਜ਼ਮ ਚਾਹ ਲੈ ਆਇਆ। ਮੈਂ ਫ਼ੋਨ ਦਾ ਪੁੱਛਿਆ ਉਸ ਸ਼ੀਸ਼ੇ ਦੇ ਕਮਰੇ ਇੱਕ ਪਾਸੇ ਕਾਊਂਟਰ ਵੱਲ ਸੈਨਤ ਕੀਤੀ, ਜਿਥੇ ਫ਼ੋਨ ਬਾਹਰ ਕਾਊਂਟਰ ਉੱਤੇ ਪਿਆ ਸੀ। ਮੈਂ ਚਾਹ ਭੁੱਲ ਫ਼ੋਨ ਦੀ ਟੱਲੀ ਖੜਕਾਈ, ਹਰਮਿੰਦਰ ਨੂੰ ਫ਼ੋਨ ਕੀਤਾ। ਹਰਮਿੰਦਰ ਮੈਨੂੰ ਲਾਹੌਰ ਮਿਲ਼ਿਆ ਸੀ ਕਿਸੇ ਮੁਸ਼ਾਇਰੇ ਵਿੱਚ ਤੇ ਮੁੜ ਇੱਕ ਥਾਂ ਇਕੱਠੇ ਵੀ ਹੋਏ ਪਾਰਟੀ ਵਿੱਚ, ਫ਼ੋਨ ਵੀ ਵਟਾਏ ਤੇ ਮੈਂ ਉਸ ਨੂੰ ਦੱਸਿਆ ਸੀ ਮੇਰੇ ਮਾਪੇ ਗੁਰਦਾਸਪੁਰ ਤੋਂ ਨੇ ਤੇ ਮੈਨੂੰ ਓਥੇ ਅਪਣੇ ਪੁਰਖਿਆਂ ਦੀ ਥਾਂ ਜਾਵਣ ਦਾ ਬੜਾ ਚਾਅ ਏ। ਉਸ ਕਿਹਾ ਸੀ: ਤੂੰ ਜਦ ਵੀ ਆਇਓਂ, ਮੈਨੂੰ ਗੁਰਦਾਸਪੁਰ ਦੀ ਫੇਰੀ ਲਵਾ ਦਏਗਾ। ਮੈਂ ਚੰਡੀਗੜ੍ਹ ਹੀ ਉਹਨੂੰ ਅਪਣੇ ਆਉਣ ਦਾ ਦੱਸ ਦਿੱਤਾ ਸੀ। ਤੇ ਉਹਨੂੰ ਚਾਅ ਚੜ੍ਹ ਗਿਆ ਸੀ। ਫ਼ੋਨ ਉਹਨੇ ਉਸੇ ਵੇਲੇ ਚੁੱਕ ਲਿਆ ਤੇ ਆਖਿਆ ਮੈਂ ਤਿਆਰ ਹੋਵਾਂ ਉਹ ਛੇਤੀ ਅੱਪੜਦਾ ਪਿਆ ਏ। ਤਿਆਰ ਮੈਂ ਕੀ ਹੋਣਾ ਸੀ। ਮੈਂ ਓਥੇ ਬਹਿ ਉਹਨੂੰ ਉਡੀਕਣ ਲੱਗਾ। ਦੋ ਚਾਰ ਫ਼ੋਨ ਮੈਂ ਹੋਰ ਵੀ ਕੀਤੇ।

ਮੀਂਹ ਕੁੱਝ ਤ੍ਰਿੱਖਾ ਹੋਇਆ ਤੇ ਗੈਰਾਜ ਵਿੱਚੋਂ ਨਜ਼ਰ ਆਂਦਾ ਉਹ ਭਿੱਜਿਆ ਜਾਪੇ। ਹੋਰ ਧੁੰਦਲਾ ਹੋ ਗਿਆ ਸੀ ਉਸ ਦਾ ਦਿੱਸਣਾ। ਕਮਰੇ ਵਿੱਚੋਂ ਜਾਂਦੇ ਨਿੰਮ੍ਹੇ-ਨਿੰਮ੍ਹੇ ਚਾਨਣ ਵਿੱਚ ਮੀਂਹ ਵਿੱਚ ਤਾਰੇ ਜਿਹੇ ਬਣਦੇ ਸਨ, ਚਾਨਣ ਤੁਰਦਾ, ਤਿਲਕਦਾ, ਲਿਸ਼ਕਦਾ, ਭੇਤ ਭਰਿਆ ਦਿੱਸੇ ਪਿਆ। ਬਟਾਲਾ ਇਥੋਂ ਕਿੰਨਾ ਨੇੜੇ ਏ! ਕਹਿੰਦੇ ਇੱਕ ਘੰਟੇ ਦਾ ਰਾਹ। ਮਾਂ ਦੀ ਇੱਕ ਗੱਲ ਮੈਨੂੰ ਖਾ ਗਈ ਸੀ। ਉਸ ਸੁਣਾਵਣਾ ਤੇਰਾ ਨਾਨਾ ਕਹਿੰਦਾ ਹੁੰਦਾ ਸੀ: "ਤੁਸੀਂ ਸਤ ਭਰਾ ਸੌ। ਸਾਰੇ ਟੱਬਰਾਂ ਸਣੇ ਖ਼ੀਰੀਂ ਲਾਹੌਰ ਅੱਪੜ ਗਏ। (ਇਹ ਮੇਰੇ ਚਾਚਿਆਂ ਦੀ ਗੱਲ ਸੀ।) ਮੇਰਾ ਇੱਕੋ ਪੁੱਤਰ ਸੀ ਉਹ ਵੀ।" ਪਰ ਮੇਰਾ ਦਾਦਕਾ ਤਾਂ ਸਾਰਾ ਬਟਾਲੇ ਦਾ ਸੀ। ਮਾਂ ਵੀ ਬਟਾਲੇ ਆਈ ਹੋਈ ਸੀ ਅਪਣੀ ਮਾਸੀ ਕੋਲ਼, ਜਿਹੜੀ ਮੇਰੀ ਦਾਦੀ ਸੀ। ਮੇਰੀ ਦਾਦੀ ਤੇ ਨਾਨੀ ਸਕੀਆਂ ਭੈਣਾਂ ਸਨ ਤੇ ਉਸ ਔਖੇ ਵੇਲੇ ਸਬੱਬੀਂ ਬਟਾਲੇ ਹੋਵਣ ਪਾਰੋਂ ਉਹ ਵੀ ਸਾਰਿਆਂ ਨਾਲ਼ ਆ ਗਈ। ਮੇਰਾ ਇੱਕ ਚਾਚਾ ਲਾਟ ਸਾਹਿਬ ਦੇ ਦਫ਼ਤਰ ਲਾਹੌਰ ਕਲਰਕ ਸੀ। ਤਾਇਆ ਵੀ ਚੰਗੀ ਨੌਕਰੀ ਕਰਦਾ ਸੀ। ਪਿਓ ਮੇਰਾ ਤੇ ਦੋ ਹੋਰ ਚਾਚੇ ਬਿਜਲੀ ਦੇ ਮਹਿਕਮੇ ਵਿੱਚ ਸਨ। ਲਾਟ ਸਾਹਿਬ ਆਲ਼ਾ ਚਾਚਾ ਕਿਰਾਏ ਉੱਤੇ ਟਰੱਕ ਲੈ, ਸਣੇ ਗਾਰਡਾਂ ਸਾਰੇ ਭਰਾਵਾਂ ਨੂੰ ਟੱਬਰਾਂ ਸਣੇ ਲੈ ਆਇਆ ਸੀ। ਪਰ ਮੇਰਾ ਨਾਨਾ ਤੇ ਇੱਕ ਮਾਮਾ ਗੁਰਦਾਸਪੁਰ ਸ਼ਹਿਰ ਨੇੜੇ ਮੇਰੇ ਨਾਨਕਿਆਂ ਦੇ ਪਿੰਡ ਪੀਰਾਂ ਬਾਗ਼ ਰਹਿ ਗਏ।

ਮਾਂ ਇਕੱਲੀ ਜੀਅ ਸੀ ਅਪਣੇ ਸਾਰੇ ਟੱਬਰ ਦੀ। ਨਾ ਕੋਈ ਭੈਣ ਭਰਾ ਮਾਪੇ। ਬਸ ਖ਼ੌਂਦ ਸੀ ਉਹ ਵੀ ਜਵਾਨੀ ਵਿੱਚ ਚਲਾ ਗਿਆ ਤੇ ਨਿੱਕੇ-ਨਿੱਕੇ ਪਿੱਛੇ ਛੱਡ ਗਿਆ। ਹਰਮਿੰਦਰ ਅਜੇ ਆਇਆ ਨਹੀਂ ਸੀ। ਮੈਂ ਯਾਦਾਂ 'ਚੋਂ ਬਾਹਰ ਆਉਣ ਦਾ ਤਰਲਾ ਕੀਤਾ ਤੇ ਇੱਕ ਹੋਰ ਚਾਹ ਦਾ ਕਹਿ ਦਿੱਤਾ। ਮੀਂਹ ਤ੍ਰਿੱਖਾ ਹੋ ਗਿਆ ਸੀ। ਦਾਦੇ ਦੀਆਂ ਹੱਡੀਆਂ ਵੀ ਬਟਾਲੇ ਰਹਿ ਗਈਆਂ ਸਨ। ਕਬਰਸਤਾਨ ਦਾ ਫੇਰਾ ਵੀ ਮਾਰ ਲਵਾਂਗਾ। ਦਾਦਾ ਮੇਰਾ ਬਹੁੰ ਸੌਖਾ ਸੀ, ਪਰ ਉਹ 1928 ਲਾਗੇ ਕਤਲ ਹੋ ਗਿਆ। ਉਹ ਪਟਵਾਰੀ ਹੋਵੇ, ਤੇ ਸਾਡਾ ਪਿੰਡ

ਸੀ ਕਿਲ੍ਹਾ ਦੇਸਾ ਸਿੰਘ। ਜਿਹੜਾ ਵਟਾਲੇ ਤੋਂ ਬਾਰਾਂ ਤੇਰਾ ਮੀਲ ਸੀ।

ਸਾਡੇ ਮੁਰੱਬੇ ਸਨ ਪਰ ਜਿਹੜੇ ਸਵਖਤੇ-ਸਵਖਤੇ ਦਾਦੇ ਦੀ ਲਾਸ਼ ਬਟਾਲੇ ਘਰ ਛੱਡ ਤੁਰ ਗਏ ਸਨ। ਇਹ ਵੀ ਆਖ ਗਏ ਸਨ ਮੁੜ ਕੋਈ ਪਿੰਡ ਨਾ ਵੜੇ। ਸਾਨੂੰ ਵੰਡ ਪਿੱਛੋਂ ਨਿਰਾ ਦਸ ਮਰਲੇ ਦਾ ਮਕਾਨ ਕ੍ਰਿਸ਼ਨ-ਨਗਰ ਮਿਲ਼ਿਆ ਸੀ, ਜਿਸ ਵਿੱਚ ਚਾਰ ਮਰਲੇ ਮਾਂ ਦੇ ਤੇ ਛੇ ਦਾਦੀ ਦੇ ਸਨ। ਤਾਇਆ ਸਭ ਤੋਂ ਸੌਖਾ ਸੀ। ਉਸ ਚੰਗਾ ਵੱਡਾ ਘਰ ਕ੍ਰਿਸ਼ਨ-ਨਗਰ ਲਿਆ ਸੀ, ਪਰ ਮੁੜ ਛੇਤੀ ਉਹ ਵੇਚ ਕੇ ਗੁਲਬਰਗ ਦੋ ਕਨਾਲ਼ ਦੀ ਕੋਠੀ ਪਾ ਲਈ।

ਸਤ ਵਜੇ ਜਾ ਕੇ ਕਿੱਤੇ ਮੀਂਹ ਹੌਲ਼ਾ ਹੋਇਆ, ਪਰ ਤ੍ਰਿੱਖੀ ਹਵਾ ਵਿੱਚ ਗਿੱਲ ਸੀ। ਪੌਣੇ ਅੱਠ ਵਿੱਚ ਕੋਲ਼ ਜਾ ਮੀਂਹ ਉੱਕਾ ਬੰਦ ਹੋਇਆ। ਹਰਮਿੰਦਰ ਦੀ ਸੂਰਤ ਵਿਖਾਲੀ ਦਿੱਤੀ। ਹਰਮਿੰਦਰ ਮਧਰੇ ਕੱਦ ਦਾ, ਵੱਡੀ ਸਾਰੀ ਐਨਕ ਲਾਉਂਦਾ ਸੀ। ਉਸ ਅੱਧੀ ਜੈਕਟ ਪਾਈ ਹੋਈ ਹੋਵੇ ਤੇ ਟਾਈ ਵੀ ਲਾਈ ਹੋਈ ਸੀ। ਅੱਛਾ ਉਹਨੇ ਸਕੂਟਰ 'ਤੇ ਆਉਣਾ ਸੀ ਇਸ ਲਈ ਹੁਣ ਆਇਆ ਏ ਜਦ ਮੀਂਹ ਬੰਦ ਹੋ ਗਿਆ ਏ। ਉਹ ਆਇਆ ਤੇ ਅਸੀਂ ਛੇਤੀ ਗੈਸਟ ਹਾਊਸ ਤੋਂ ਬਾਹਰ ਨਿਕਲ ਗਏ। ਗੈਰਾਜ ਵਿੱਚ ਉਹ ਬੈਠਾ ਸਾਨੂੰ ਤੱਕਦਾ ਹੋਣਾ ਏ। ਪਰ ਸਾਨੂੰ ਤਾਂ ਮਿਲਣ ਦੀ ਏਨੀ ਖ਼ੁਸ਼ੀ ਸੀ ਪਈ ਆਲ-ਦੁਆਲੇ ਦੀ ਹੋਸ਼ ਹੀ ਨਾ। ਹਰਮਿੰਦਰ ਚਾਅ ਦਾ ਭਰਿਆ ਬੋਲੀ ਜਾਵੇ। ਦੱਸ ਪੰਦਰਾਂ ਮਿੰਟ ਵਿੱਚ ਉਸ ਮੈਨੂੰ ਭਲਕੇ ਦੀ ਸਾਰੀ ਰੁਝ ਦੱਸ ਦਿੱਤੀ।

ਸਵੇਰੇ ਆਪੋਂ ਗੋਲਡਨ ਟੈਂਪਲ ਅਪੜਨਾ ਸੀ, ਜਿਥੇ ਉਹ ਬਾਹਰ ਮੈਨੂੰ ਮਿਲ਼ੇਗਾ। ਫ਼ਿਰ ਅਸਾਂ ਕੁੱਝ ਖ਼ਰੀਦਦਾਰੀ ਕਰਨੀ ਸੀ। "ਵੜੀਆਂ ਮਸ਼ਹੂਰ ਹਨ। ਉਹ ਲੈ ਕੇ ਦਊਂ ਤੈਨੂੰ।" ਸ਼ਾਮ ਨੂੰ ਮੈਂ ਬਟਾਲੇ ਜਾਣਾ ਸੀ। ਬਟਾਲੇ ਦਾ ਵੀਜ਼ਾ ਮੇਰੇ ਕੋਲ਼ ਨਹੀਂ ਸੀ; ਇਸ ਲਈ ਚੁੱਪ ਕਰਕੇ ਜਾਣਾ ਸੀ ਤੇ ਰਾਤ ਰਹਿ ਤੇ ਸਵੇਰੇ ਮਾਪਿਆਂ ਦਾ ਘਰ ਵੇਖ ਕੇ ਆ ਜਾਣਾ ਸੀ। ਰਸਤੇ ਵਿੱਚ ਉਹ ਇੱਕ ਦੋ ਥਾਂ ਰੁਕਿਆ ਵੀ ਤੇ ਕਾਗਤ ਵਿੱਚ ਕੋਈ ਸ਼ੈ ਲੁਕੋ ਕੇ ਲੈ ਆਇਆ। "ਘਰ ਜਾ ਕੇ ਦੱਸਾਂਗਾ।"

ਘਰ ਅੱਪੜ ਉਹਨੇ ਕਾਗਤ ਵਿੱਚੋਂ ਕੁਕੜੀ ਦਾ ਗੋਸ਼ਤ ਅਪਣੀ ਤੀਵੀਂ ਦੇ ਹਵਾਲੇ ਕੀਤਾ। ਮੇਰੇ ਬਾਰੇ ਦੱਸਿਆ ਪਈ ਲਾਹੌਰੋਂ ਆਇਆ ਆਂ ਤੇ ਨਾਲੇ ਉਹਦਾ ਮੁੰਡਾ ਵੀ ਸਤਿ ਸ੍ਰੀ ਅਕਾਲ ਬੁਲਾਵਣ ਆਇਆ। ਦੂਜੇ ਕਾਗਤ ਵਿੱਚੋਂ ਉਹਨੇ ਦਾਰੂ ਦੀ ਬੋਤਲ ਕੱਢੀ। "ਲੈ ਦਾਰੂ ਬਿਨਾਂ ਤੇਰੀ ਸੇਵਾ ਕੋਈ ਪੂਰੀ ਹੋਣੀ ਸੀ ?" ਉਹ ਜਿਵੇਂ ਸਵਾਲ ਪਾਂਦਾ ਹੱਸਣ ਲੱਗ ਪਿਆ। ਫ਼ਿਰ ਮੇਰੇ ਕੋਲ਼ ਆ ਹੌਲ਼ੀ ਬੋਲਦਾ ਆਖਣ ਲੱਗਾ: "ਮੈਨੂੰ ਘਰ ਆਂਦੇ ਨੂੰ ਇੱਕ ਰਾਤ ਲੁਟੇਰੇ ਪੈ ਗਏ ਸਨ। ਸਕੂਟਰ ਤੇ ਸਾਂ ਪੀਤੀ ਵੀ ਹੋਈ। ਬਟੂਆ ਮੰਗਣ। ਮੈਂ ਨਸ਼ੇ ਪਾਰੋਂ ਖਹਿ ਪਿਆ। ਮੈਂ ਕਿਹਾ ਤੁਹਾਡੀ ਮਾਊਂ ਨੂੰ ਸਾਲ਼ਿਓ, ਐਵੇਂ ਤਾਂ ਮੈਂ ਕੁੱਝ ਨਹੀਂ ਦਿੰਦਾ। ਉਹ ਸਨ ਦੋ ਜਣੇ, ਇੱਕ ਹੁੰਦਾ ਤਾਂ ਮੈਂ ਢਾਹ ਲੈਂਦਾ। ਉਹ ਪਿੰਡੇ ਉੱਤੇ ਚਾਕੂ ਨਾਲ਼ ਫੱਟ ਲਾ ਕੇ ਨੱਸ ਗਏ। ਹਿੱਕ 'ਤੇ ਉਨ੍ਹਾਂ ਫੱਟ ਲਾਏ। ਮੈਂ ਹਿੱਕ ਫੜ ਬਹਿ ਗਿਆ। ਲਹੂ ਵਗੇ ਪਿਆ। ਛੇਤੀ ਕੋਈ ਓਥੋਂ ਲੰਘਿਆ। ਪੁਲਿਸ ਆ ਗਈ, ਬੱਚ ਤਾਂ ਗਿਆ; ਪਰ ਕਿੰਨੇ ਦਿਨ ਮੰਜੇ ਪਿਆ ਰਿਹਾ। ਅਜੇ ਵੀ ਨਿਸ਼ਾਨ ਨੇ। ਪਰ ਉਸ ਪਿੱਛੋਂ ਮੇਰਾ ਦਾਰੂ ਬੰਦ ਹੋ

ਗਿਆ। ਤੇਰੀ ਭਰਜਾਈ ਹੱਥ ਨਹੀਂ ਲਾਣ ਦਿੰਦੀ। ਅੱਜ ਦੀ ਮੈਂ ਮਸਾਂ ਤੇਰੇ ਕਰਕੇ 'ਜਾਜਤ ਲਈ ਏ।"

ਉਸ ਗਲਾਸ ਫੜਾਂਦੇ "ਤੇਰੇ ਸੁਹਣੇ ਸ਼ਹਿਰ ਲਾਹੌਰ ਦੇ ਨਾਂ" ਆਖ ਅਪਣਾ ਪੈੱਗ ਅੰਦਰ ਸੁੱਟਿਆ। ਮੁੜ ਪਤਾ ਵੀ ਨਾ ਚੱਲਿਆ, ਬੋਤਲ ਮੁੱਕੀ। ਪਰ ਗੱਲਾਂ ਦਾ ਰੱਜ ਨਹੀਂ ਸੀ ਹੁੰਦਾ ਪਿਆ। ਫ਼ਿਰ ਭਰਜਾਈ ਆ ਕੇ ਘੂਰੀ ਵੱਟੀ ਹਰਮਿੰਦਰ ਵੱਲ ਵੇਖ, "ਰਾਤ ਦੇ ਬਾਰਾਂ ਵੱਜ ਗਏ।" ਤੇ ਰੋਟੀ ਰੱਖਣ ਲੱਗ ਪਈ। ਤੂੰ ਉਥੇ ਹੀ ਸੌਂ ਜਾਈਂ, ਉਸ ਮੈਨੂੰ ਆਖਿਆ, "ਮੈਂ ਕੱਲ੍ਹ ਰਾਤ ਵੀ ਬਾਹਰ ਰਹਿਣਾ। ਦੋ ਰਾਤਾਂ ਬਾਹਰ ਰਹਿਣਾ ਠੀਕ ਨਹੀਂ। ਕੱਲ੍ਹ ਮੈਂ ਬਟਾਲੇ ਜਾਣਾ ਜਿਹਦਾ ਵੀਜ਼ਾ ਮੇਰੇ ਕੋਲ਼ ਨਹੀਂ। ਤੂੰ ਮੈਨੂੰ ਗੈਸਟ ਹਾਊਸ ਈ ਛੱਡ ਦੇ।" ਮੈਂ ਤਰਲਾ ਕੀਤਾ। ਭਰਜਾਈ ਗੱਲਾਂ ਸੁਣਦੀ ਪਈ ਸੀ। "ਨਹੀਂ, ਜਸਵਿੰਦਰ ਛੱਡ ਕੇ ਆਏਗਾ, ਕਾਰ ਵਿੱਚ, ਮੀਂਹ ਵੀ ਤਾਂ ਪਈ ਜਾਂਦਾ।"

ਜਸਵਿੰਦਰ, ਉਹਦੇ ਪੁੱਤਰ ਕਾਰ ਕੱਢੀ, ਹਰਮਿੰਦਰ ਮੈਨੂੰ ਕੁੱਝ ਕਿਤਾਬਾਂ ਦਿੱਤੀਆਂ। ਮੈਂ ਅੱਗੇ ਜਸਵਿੰਦਰ ਨਾਲ਼ ਬੈਠਾ ਤੇ ਪਿੱਛੇ ਹਰਮਿੰਦਰ ਤੇ ਭਰਜਾਈ ਵੀ ਆ ਕੇ ਬਹਿ ਗਈ। ਆਖਣ ਲੱਗੀ: "ਮੈਂ ਤੁਹਾਨੂੰ ਇਕੱਲਿਆਂ ਨਹੀਂ ਜਾਣ ਦੇਣਾ। ਕੀ ਪਤਾ ਕੀ ਹੋ ਜਾਵੇ। ਹਾਲਾਤ ਬੜੇ ਮਾੜੇ ਨੇ ਉਥੇ।" ਉਹ ਮੈਨੂੰ ਸੁਣਾਂਦੀ ਬੋਲੀ। "ਮੈਂ ਟੈਕਸੀ ਲੈ ਤੁਰ ਜਾਂਦਾ, ਤੁਹਾਨੂੰ ਏਨੀ ਤਕਲੀਫ਼ ਦਿੱਤੀ।" "ਚੁੱਪ ਕਰ ਰੋਂਦਾ ਟੈਕਸੀ ਨੂੰ। ਇਹ ਕਿਵੇਂ ਹੋ ਸਕਦਾ ਏ।" ਸਾਰੇ ਰਾਹ ਮੈਂ ਚੁੱਪ ਵੱਟੀ ਰੱਖੀ। ਹਰਮਿੰਦਰ ਭਰਜਾਈ ਨਾਲ਼ ਕਿਸੇ ਗੱਲ ਉੱਤੇ ਰੱਫੜ ਪਾਈ ਗੱਲੀਂ ਲੱਗਾ ਰਿਹਾ। ਗੈਸਟ ਹਾਊਸ ਅਪੜਦੇ ਰਾਤ ਦੇ ਦੋ ਤਾਂ ਵੱਜ ਗਏ ਹੋਣੇ। ਉਹ ਮੈਨੂੰ ਗੈਰਾਜ ਵਿੱਚ ਲਾ ਉਸੇ ਵੇਲੇ ਨਿਕਲ ਗਏ। ਮੈਂ ਮੀਂਹ ਤੋਂ ਬਚਦਾ ਨੱਸ ਵੱਡੇ ਗੇਟ ਅਪੜਿਆ ਤੇ ਉਹ ਬੰਦ ਸੀ। ਮੇਰਾ ਤਰਾਹ ਨਿਕਲ ਗਿਆ। ਜਾਂਦੇ ਮੈਨੂੰ ਦੱਸਣਾ ਯਾਦ ਨਹੀਂ ਰਿਹਾ ਸੀ। ਪਰ ਫ਼ਿਰ ਅੰਦਰ ਦੀ ਬੱਤੀ ਬਲ਼ੀ ਤੇ ਉਸ ਹੌਲ਼ੀ ਬੂਹਾ ਖੋਲ੍ਹ ਦਿੱਤਾ। ਉਸ ਕੰਬਲ਼ ਲਿਆ ਹੋਇਆ ਸੀ ਤੇ ਔਖੇ ਬਿਸਤਰੇ 'ਚੋਂ ਉੱਠ ਕੇ ਆਇਆ ਸੀ। ਮੈਂ ਅਜੇ ਵੀ ਖ਼ੁਮਾਰ ਵਿੱਚ ਸਾਂ ਤੇ ਹੌਲ਼ੀ-ਜਿਹੀ ਹੱਸ ਕੇ ਉਹਦੇ ਵੱਲ ਵੇਖ ਛੇਤੀ ਨਾਲ਼ ਪੌੜੀਆਂ ਚੜ੍ਹ ਗਿਆ। ਐਵੇਂ ਮੈਨੂੰ ਪਿੱਛੇ ਕਿਸੇ ਦੀ ਭੱਜਦੇ ਸਾਹਵਾਂ ਦੀ ਵਾਜ ਆਈ, ਜਿਵੇਂ ਕੋਈ ਧੜਾਮ ਕਰ ਕੇ ਡਿੱਗਾ ਏ।

ਮੈਂ ਛੇਤੀ ਨਾਲ਼ ਕੱਪੜੇ ਬਦਲੇ ਤੇ ਬਿਸਤਰੇ ਉੱਤੇ ਡਿੱਗ ਪਿਆ। ਨਸ਼ੇ ਪਾਰੋਂ ਪਤਾ ਈ ਨਾ ਲੱਗਾ ਤੇ ਮੈਂ ਝੱਟ ਸੌਂ ਗਿਆ। ਡੂੰਘੀ ਨੀਂਦਰ। ਰਾਤੀਂ ਮੈਨੂੰ ਕੁਸੁਫ਼ਨੇ ਆਂਦੇ ਰਹੇ। ਬੰਦੇ ਬੂਹਾ ਖੜਕਾਂਦੇ ਪਏ ਨੇ, ਜ਼ੋਰ ਜ਼ੋਰ ਦੀ ਤੇ ਨਾਅਰੇ ਮਾਰਦੇ ਪਏ ਨੇ। ਫ਼ਿਰ ਅਚਨਚੇਤ ਬੂਹਾ ਟੁੱਟਦਾ ਏ ਤੇ ਮੇਰੇ ਮਾਮੇ ਨੂੰ ਕੋਈ ਧੱਕਾ ਦਿੰਦਾ ਏ। ਉਹ ਕੂਹਣੀਆਂ ਪਰਨੇ ਜ਼ਮੀਨ 'ਤੇ ਪਛਾਂਹ ਡਿੱਗਦਾ ਏ। ਕੋਈ ਉਹਦੇ ਉੱਤੇ ਚੜ੍ਹੀ ਆਉਂਦਾ ਏ। ਰੌਲ਼ਾ ਪਿਆ ਹੋਇਆ ਏ। ਉਹ ਅਪਣੇ ਮੂੰਹ ਉੱਤੇ ਹੱਥ ਰੱਖ ਬਚਣ ਦਾ ਆਸਰਾ ਕਰਦਾ ਏ। ਉਹਦੇ ਸਿਰ ਉੱਤੇ ਤਲਵਾਰ ਵਰ੍ਹਦੀ ਏ ਤੇ ਮਾਰਨ ਆਲ਼ਾ ਗੈਸਟ ਹਾਊਸ ਦਾ ਚੌਕੀਦਾਰ ਏ। ਕੱਸ ਕੇ ਬੰਨੀ ਪੱਗ, ਰੱਤੀਆਂ ਅੱਖਾਂ ਤੇ ਡਰ ਨਾਲ਼ ਮੇਰੀ ਅੱਖ ਖੁੱਲ੍ਹ ਜਾਂਦੀ ਏ। ਜਾਪੇ ਜਿਵੇਂ ਲਹੂ ਦੇ ਛਿੱਟੇ ਕੰਧ ਉੱਤੇ ਡਿੱਗੇ ਨੇ। ਮੀਂਹ ਪਈ ਜਾਂਦਾ ਤੇ ਮੇਰੇ ਦਾਦੇ ਦੀ ਕਬਰ

ਖੁਰਦੀ ਜਾਂਦੀ ਏ, ਖੁਰਦੀ ਜਾਂਦੀ ਏ। ਉਜਾੜ, ਅੰਤਾਂ ਦੇ ਖੁੱਲ੍ਹੇ ਮੈਦਾਨ ਵਿੱਚ ਇਕੱਲੀ ਕਬਰ ਏ ਦਾਦੇ ਦੀ। ਹੁਣ ਪੜ੍ਹਨ ਆਇਆਂ ਏ ਫ਼ਾਤਿਹਾ। ਮਾਮਾ ਕਹਿੰਦਾ ਏ: "ਸੱਠਾਂ ਵਰ੍ਹਿਆਂ ਪਿੱਛੋਂ ਹੁਣ ਕਫ਼ਨ ਦੇਣ ਆਇਆ ਏਂ।" ਮਾਂ ਉਹਦੇ ਮੂੰਹ ਉੱਤੇ ਹੱਥ ਰੱਖਦੀ ਏ ਤੇ ਮਾਂ ਮਹਿੰਦੀ ਰੰਗਾ ਸੂਟ ਪਾਇਆ ਹੋਇਆ ਏ। ਮਾਂ ਇੱਕ ਵਾਰੀ ਗੱਲ ਸੁਣਾਈ ਸੀ ਪਈ ਉਹ ਬਟਾਲੇ ਆਈ ਤੇ ਮਾਂ ਮਹਿੰਦੀ ਰੰਗਾ ਸੂਟ ਪਾਇਆ ਹੋਇਆ ਸੀ।

ਮੈਂ ਬਿਸਤਰੇ ਤੋਂ ਉੱਠ ਬਾਰੀ ਕੋਲ਼ ਖਲੋ ਸ਼ੀਸ਼ੇ ਵਿੱਚੋਂ ਬਾਹਰ ਵੇਖਣ ਦੀ ਕਰਦਾਂ। ਹਨੇਰਾ ਏ, ਲੋਅ ਨਹੀਂ ਹੋਈ। ਪਤਾ ਨਹੀਂ ਕੀ ਵੇਲ਼ਾ ਏ। ਬਾਹਰ ਗੈਰਾਜ ਕੋਲ਼ ਨਿੰਮ੍ਹਾ-ਨਿੰਮ੍ਹਾ ਚਾਨਣ ਏ। ਕਹਿੰਦੇ ਜਦ ਵੰਡਾਂ ਪਈਆਂ ਤੇ ਸੌਣ ਦਾ ਸੀ ਮਹੀਨਾ ਤੇ ਬੜਾ ਈ ਮੀਂਹ ਪਿਆ। ਸਭ ਕੁੱਝ ਵਗ ਗਿਆ ਸੀ। ਪਾਣੀ ਵਿੱਚ। ਮੈਂ ਬਾਰੀ ਕੋਲ਼ ਖੱਲਾ ਆਂ। ਅਚਨਚੇਤ ਮੈਨੂੰ ਲਗਦਾ ਗੈਸਟ ਹਾਊਸ ਦਾ ਲਾਨ ਰੱਤਾ ਹੋ ਗਿਆ ਏ ਤੇ ਮੈਨੂੰ ਮਰੇ ਬੰਦਿਆਂ ਦੇ ਮੁੱਖ ਤੁਰਦੇ ਦਿੱਸਦੇ। ਮੈਂ ਝੱਟ ਬਾਰੀ ਛੱਡ ਬਿਸਤਰੇ ਆ ਬਹਿੰਦਾ ਆਂ।

ਮੇਰਾ ਦਿਲ ਬਹਿਣ ਜਿਹਾ ਲਗਦਾ ਏ, ਬੁੱਡਣ, ਜਿਵੇਂ ਮੈਥੋਂ ਇਹ ਸਭ ਸਹਿ ਨਹੀਂ ਹੋਣਾ। ਓਏ ਮੇਰਿਆ ਰੱਬਾ ਮੈਂ ਤਾਂ ਇਥੇ ਈ ਮਰ ਜਾਵਾਂਗਾ।

ਮੈਨੂੰ ਨਹੀਂ ਆਣਾ ਚਾਹੀਦਾ ਸੀ। ਜਦ ਦਾ ਮੈਂ ਬਾਡਰ ਪਾਰ ਕੀਤਾ ਸੀ ਵਿੱਚ-ਵਿੱਚ ਮੇਰਾ ਦਿਲ ਖਿਸਕਣ ਲੱਗ ਪੈਂਦਾ, ਹੌਲ ਵੀ ਪੈਂਦੇ, ਸਾਹ ਬੰਦ ਜਿਹਾ ਹੋਵਣ ਲੱਗਦਾ। ਕੀ ਇਹ ਮਾਮੇ ਦੇ ਕਤਲ ਪਾਰੋਂ ਸੀ, ਪਤਾ ਨਹੀਂ, ਪਰ ਐਵੇਂ ਬੇਵਸਾਹੀ ਜਿਹੀ ਉਗਣ ਲੱਗ ਪੈਂਦੀ ਤੇ ਜਾਪਦਾ ਮੈਂ ਮਰ ਜਾਵਾਂਗਾ।

ਹੌਲ਼ੀ-ਹੌਲ਼ੀ ਬਾਹਰ ਮੀਂਹ ਦੀ ਵਾਜ ਆਉਂਦੀ ਪਈ ਏ। ਸਾਰੀ ਰਾਤ ਝੜੀ ਲੱਗੀ ਰਹੀ ਏ। ਸਵੇਰ ਦੇ ਛੇ ਵਜੇ ਨੇ ਮਸਾਂ ਚਾਰ ਘੰਟੇ ਸੁੱਤਾ ਹੋਸਾਂ।

ਕਈ ਵਾਰੀਂ ਹੱਥੀਂ ਵਗਾਇਆ ਲਹੂ ਸੁੱਕਦਾ ਨਹੀਂ, ਅਗਲੀਆਂ ਪੀੜ੍ਹੀਆਂ ਵਿੱਚ ਮਾਰ ਕਰਦਾ ਰਹਿੰਦਾ ਏ, ਅੰਦਰੀਂ ਵਗਦਾ ਰਹਿੰਦਾ ਏ। ਜਦ ਤੀਕ ਉਹਨੂੰ ਸੁਚੇਤ ਹੋ ਬਖ਼ਸ਼ ਨਾ ਦਈਏ। ਤੇ ਇਨ੍ਹਾਂ ਸਾਨੂੰ ਮਨੋਂ ਲ੍ਹਾਵਣ ਨਾ ਦਿੱਤਾ ਇਹ ਲਹੂ। ਕਿਸੇ ਨੂੰ ਮਿਲਣ ਨਾ ਦਿੱਤਾ। ਅਸੀਂ ਮਿਲ਼ਦੇ, ਬਹਿੰਦੇ, ਪੁੱਛਦੇ ਭਾਈਆ ਤੂੰ ਕਾਹਨੂੰ ਮਾਰੇ। ਅਪਣੀਆਂ ਵਿੱਛੜੀਆਂ ਥਾਵਾਂ ਜਾਂਦੇ ਕਰਾਰ ਨਾ ਆ ਜਾਂਦਾ ਸਾਨੂੰ। ਫ਼ਿਰ ਕਹਿੰਦੇ ਪੰਜਾਬੀ ਜਦ ਮਿਲ਼ਦੇ ਅਪਣਾ ਰੋਣ ਲੈ ਕੇ ਬਹਿ ਜਾਂਦੇ। ਸਾਨੂੰ ਗਲ਼ ਮਿਲ਼ ਕਦ ਰੋਣ ਦਿੱਤਾ। ਜਾਂ ਤਾਂ ਧਰਤੀ ਇਧਰ-ਉਧਰ ਕਰ ਲੈਂਦੇ। ਰਹਿਣਾ ਅੰਮ੍ਰਿਤਸਰ ਹਮੇਸ਼ 22 ਮੀਲ ਈ ਏ ਲਾਹੌਰੋਂ। ਤੁਸਾਂ ਮੀਲ ਪੱਥਰ ਪੁੱਟ ਦਿੱਤੇ ਪਈ ਅਸੀਂ ਯਾਦ ਨਾ ਰੱਖੀਏ ਵਾਹਗਿਉਂ ਪਾਰ ਦਿਆਂ ਨੂੰ। ਕਿੱਥੇ ਚਲਾ ਗਿਆ ਲਾਹੌਰ ਤੇ ਅੰਬਰਸਰ ? ਰਹਿੰਦੀ ਦੁਨੀਆ ਤੀਕ ਇਥੇ ਈ ਰਹਿਣੇ।

ਹੁਣ ਮੇਰੀ ਪੀੜ੍ਹੀ ਦਾ ਕੀ ਦੋਸ਼ ਏ ? ਸਾਡੇ ਮਨ ਕਿਉਂ ਭਿੱਜੇ ਰਹਿੰਦੇ ? ਅਸੀਂ ਕਿਹਦਾ ਵਿਰੋਧ ਲੈ ਤੁਰੀ ਜਾਂਦੇ ਆਂ ? ਕਹਿੰਦੇ ਹਰ ਬੰਦੇ ਦੀ ਹਯਾਤੀ ਵਿੱਚ ਇੱਕ ਵੇਲ਼ਾ ਆਉਂਦਾ ਜਦ ਉਹ ਅਪਣੇ ਪਿੱਛੇ ਵੱਲ ਮੁੜਦਾ, ਅਪਣਾ ਪਿੱਛਾ ਜਾਣਨਾ ਚਾਹੁੰਦਾ। ਪੁਰਖਿਆਂ ਨੂੰ ਯਾਦ ਕਰਦਾ। ਕਿਸੇ ਵੇਲੇ ਵੀ ਇਹ ਵੇਲਾ ਆ ਸਕਦਾ। ਜਵਾਨੀ ਵਿੱਚ ਵੀ ਤੇ ਵਡੇਰੀ ਉਮਰੇ ਵੀ। ਕਈ ਵਾਰ ਤੀਜੀ ਪੀੜ੍ਹੀ ਵਿੱਚ ਕੋਈ ਨਿਕਲ਼ ਆਉਂਦਾ ਏ ਤੇ

ਪਿੱਛਾ ਭਾਲਣ ਲੱਗ ਪੈਂਦਾ। ਪੋਤਰੇ, ਦੋਹਤਰੇ ਪਿਛਲਿਆਂ ਦੀਆਂ ਛੱਡੀਆਂ ਥਾਵਾਂ ਲੱਭਦੇ ਫਿਰਦੇ ਨੇ।

ਹੁਣ ਮੇਰਾ ਦਾਦਾ ਖੁੰਬੀ ਹਾਰ ਕਿੱਥੋਂ ਨਿਕਲ ਆਇਆ। ਪੰਜਾਹ ਵਰ੍ਹੇ ਲੰਘ ਗਏ ਮੈਂ ਕਦੀ ਇਸ ਬਾਰੇ ਸੋਚਿਆ ਨਹੀਂ। ਨਾ ਮੈਂ ਉਸ ਦੀ ਮੂਰਤ ਵੇਖੀ, ਕੋਈ ਖ਼ਾਸ ਗੱਲ ਵੀ ਨਾ ਸੁਣੀ, ਜਦ ਸੁਣਨ ਦਾ ਖ਼ਿਆਲ ਆਇਆ ਕੋਈ ਵਡਕਾ ਨਹੀਂ ਹੁਣ ਦੱਸਣ ਆਲ਼ਾ। ਮੈਨੂੰ ਤਾਂ ਪਿਓ ਦੀ ਵੀ ਕੋਈ ਗੱਲ ਯਾਦ ਨਹੀਂ ਤੇ ਦਾਦਾ ਤੇ ਮੇਰੇ ਜੰਮਣ ਤੋਂ ਤਈ ਵਰ੍ਹੇ ਪਹਿਲਾਂ ਅਪਣੇ ਪਿੰਡ ਕਤਲ ਹੋ ਗਿਆ ਸੀ। ਹੁਣ ਚੇਤੇ ਆਉਂਦਾ ਨਿੱਕਿਆਂ ਹੁੰਦਿਆਂ ਚਾਚੇ ਕਿੰਨੀ-ਕਿੰਨੀ ਚਿਰ ਬੈਠੇ ਗੱਲਾਂ ਕਰਦੇ ਰਹਿੰਦੇ ਸਨ। ਤੇ ਅਸੀਂ ਬਾਲ ਹੁੱਕੇ ਤੇ ਚਿਲਮਾਂ ਭਰਦੇ ਰਹਿੰਦੇ ਸਾਂ। ਮਾਂ ਸੁਨਾਣਾ, ਮੁਹੱਲੇ ਦੀਆਂ ਜ਼ਨਾਨੀਆਂ ਬੇਬੇ ਨੂੰ ਕਹਿਣਾ: "ਨੀ ਭੈਣਾ, ਇੱਕ ਇੱਕ ਕਰ ਕੇ ਪੁੱਤਰਾਂ ਨੂੰ ਘਰੋਂ ਕੱਢਿਆ ਕਰ, ਨਜ਼ਰ ਲੱਗ ਜਾਂਦੀ ਏ।" ਬੇਬੇ ਦੇ ਸਤ ਪੁੱਤਰ ਸਨ। ਜਦ ਦਾਦਾ ਕਤਲ ਹੋਇਆ ਨਿੱਕਾ ਚਾਚਾ ਛੇ ਮਹੀਨੇ ਦਾ ਸੀ। ਤੇ ਮੁੜ ਉਹੀ ਸਭ ਤੋਂ ਲਾਇਕ ਨਿਕਲ਼ਿਆ। ਜੱਜ ਬਣਿਆ। ਸਾਰੇ ਚਾਚੇ ਘੱਟੋ ਘੱਟ ਦਸ ਜਮਾਤਾਂ ਜ਼ਰੂਰ ਪੜ੍ਹੇ। ਕਤਲ ਪਿੱਛੋਂ ਪਿੰਡ ਛੁੱਟ ਗਿਆ, ਦਾਦੀ ਬਟਾਲੇ ਆਪੋਂ ਸਾਰੇ ਪੁੱਤਰ ਪਾਲ਼ੇ, ਮੰਜਿਆਂ, ਪਰਾਂਦੇ ਉਣ। ਕਿਸੇ ਅੱਗੇ ਹੱਥ ਨਾ ਕੀਤਾ। ਅਜਬ ਅਣਖ ਸੀ ਦਾਦੀ ਵਿੱਚ ਜਿਹੜੀ ਮੁੜ ਸਾਰੇ ਪੁੱਤਰਾਂ ਵਿੱਚ ਵੀ ਆਈ। ਦਾਦੇ ਦੀ ਕਹਾਣੀ ਸਾਡੀ ਪੀੜ੍ਹੀ ਦੇ ਚੇਤ ਅਚੇਤ ਵਿੱਚ ਵੀ ਚੱਲਦੀ ਰਹੀ। ਪਈ ਦਾਦਾ ਰੱਜ ਪੀਂਦਾ ਸੀ। ਸਿੱਖਾਂ ਦੀ ਕੁੜੀ ਕੱਢ ਲਈ ਤੇ ਮੁੜ ਕਿਲ੍ਹਾ ਦੇਸਾ ਸਿੰਘ ਨਾ ਪਰਤ ਸਕਿਆ। ਸਿੱਖਾਂ ਮਾਰ ਦਿੱਤਾ। ਇੱਕ ਸੰਤਾਲੀ ਤਾਂ ਸਾਡਾ ਉਦੋਂ ਹੀ ਹੋ ਗਿਆ ਸੀ। ਵੱਡਿਆਂ ਨੂੰ ਕਹਾਣੀ ਦਾ ਪਤਾ ਸੀ, ਪਰ ਸਾਡੀ ਪੀੜ੍ਹੀ ਤੀਕ ਨਾ ਆਈ। ਇੱਕ ਵਿਆਹ ਉੱਤੇ ਮੇਰਾ ਚਚੇਰਾ ਭਰਾ ਅਪਣੇ ਸਾਰੇ ਚਾਚਿਆਂ ਨੂੰ ਨਸ਼ੇ ਵਿੱਚ ਗਾਲ੍ਹ ਕੱਢ ਕੇ ਆਖਣ ਲੱਗਾ: "ਬੁਜ਼ਦਿਲ ਸਨ ਸਾਰੇ। ਕਿਸੇ ਬਦਲਾ ਲਿਆ ਦਾਦੇ ਦਾ। ਤਾਈਓਂ ਬੇਬੇ ਦਾ ਅਖ਼ੀਰੇ ਉਮਰੇ ਦਿਮਾਗ਼ ਭੌਂ ਗਿਆ ਸੀ। ਅਗਲਿਆਂ ਜ਼ਮੀਨਾਂ ਵੀ ਮਾਰ ਲਈਆਂ।" ਬਸ ਅਸੀਂ ਇੰਨਾ ਈ ਸੁਣਿਆ ਬੜਾ ਸ਼ਾਨਦਾਰ ਸੀ ਮੇਰਾ ਦਾਦਾ। ਪਿੰਡ ਵਿੱਚ ਘੋੜੀਆਂ ਮੁਰੱਬੇ ਸਨ। 1915 ਵਿੱਚ ਪਟਵਾਰੀਆਂ ਦਾ ਜਿਹੜਾ ਪਹਿਲਾ ਪੂਰ ਸੀ ਖੌਰੇ ਉਸ ਵਿੱਚੋਂ ਸੀ। ਨਿੱਕੇ ਚਾਚੇ ਨਾਲ਼ ਜਦ ਦੂਜੇ ਚਾਚੇ ਜਿਹੜੇ ਕੁੱਝ ਮਜ਼੍ਹਬੀ ਸਨ, ਉਹਦੇ ਪੀਣ ਉੱਤੇ ਲੜਦੇ ਤੇ ਉਹ ਨਸ਼ਾਇਆ ਕਹਿੰਦਾ: "ਮੈਂ ਤਾਂ ਅਪਣੇ ਪਿਓ ਦੇ ਕਦਮਾਂ 'ਤੇ ਚੱਲ ਰਹਿਆਂ, ਤੁਸੀਂ ਪਿਓ ਦੀ ਰੀਤ ਛੱਡ ਗਏ ਓ।"

ਮੇਰੀ ਇੱਕ ਵਡੇਰੀ ਚਚੇਰੀ ਭੈਣ ਦੱਸਦੀ ਏ। ਤੇਰੇ ਦਾਦੇ ਦਾ ਇੱਕ ਬੇਲੀ ਮਾਡਲ ਟਾਊਨ ਰਹਿੰਦਾ ਸੀ। ਉਹ ਬਟਾਲੇ ਦਾ ਸੀ। ਉਸ ਸਾਰੇ ਚਾਚਿਆਂ ਨੂੰ ਬਟਾਲੇ ਦੇ ਸਕੂਲਾਂ ਦਾਖ਼ਲ ਕਰਾਇਆ ਸੀ ਤੇ ਮਖੌਲ ਕਰਦਾ ਹੁੰਦਾ ਸੀ : "ਤੂੰ ਕੀ ਹਰ ਵਰ੍ਹੇ ਇੱਕ ਮੁੰਡਾ ਤਿਆਰ ਕਰਕੇ ਸਕੂਲ ਦਾਖ਼ਲੇ ਲਈ ਘੱਲ ਦਿੰਦਾ ਏ। ਸਾਡੀ ਭਰਜਾਈ ਨੂੰ ਸਾਹ ਲੈਣ ਦਿਆ ਕਰ।" ਅੱਜ ਲੱਗਦਾ ਜਿਵੇਂ ਦਾਦਾ ਜੀਅ ਪਿਆ ਏ। ਨੇੜੇ ਈ ਜਾਪੇ ਮੈਨੂੰ। ਸੌ ਵਰ੍ਹਿਆਂ ਪਿੱਛੋਂ ਵੀ ਜੀਅ ਪਿਆ ਏ। ਕੀ ਹੱਡੀਆਂ ਜਿਉਂਦਿਆਂ ਨੂੰ ਉਡੀਕਦੀਆਂ ਨੇ! ਮਰਦਾ ਤਾਂ ਕੋਈ ਨਹੀਂ ਬਸ ਅੱਖੋਂ ਉਹਲੇ ਹੋ ਜਾਂਦਾ ਏ। ਯਾਦ ਚੇਤੇ ਘਰ ਵਿੱਚ ਸਦਾ ਵਾਸਾ

ਕਰਦੀ ਏ, ਕੋਈ ਮਰਦਾ ਓਦੋਂ ਜਦ ਵਿਸਰ ਜਾਂਦਾ।

ਬੂਹਾ ਵੱਜਿਆ, ਮੁਲਾਜ਼ਮ ਪੁੱਛਣ ਆਇਆ ਸੀ ਪਈ ਨਾਸ਼ਤਾ ਕਦ ਕਰਨਾ ਏ। ਹੈਂ ! ਘੜੀ ਵੱਲ ਵੇਖਿਆ, ਅੱਠ ਵੱਜ ਗਏ ਸਨ।

ਮੈਂ ਝੱਟ ਨਹਾਤਾ ਤੇ ਤਿਆਰ ਹੋ ਹੇਠ ਡਾਇਨਿੰਗ ਹਾਲ ਆ ਗਿਆ। ਹੁਣ ਡਾਇਨੰਗ ਹਾਲ ਖੁੱਲ੍ਹਾ ਸੀ ਤੇ ਇੱਕ ਦੋ ਜੀਅ ਬੈਠੇ ਨਾਸ਼ਤਾ ਕਰਦੇ ਪਏ ਸਨ। ਮੈਂ ਛੇਤੀ ਨਾਸ਼ਤਾ ਕੀਤਾ। ਪਰ ਉਹ ਨਾ ਮੈਨੂੰ ਟੱਕਰਿਆ। ਖੌਰੇ ਉਹਦੀ ਸਵੇਰ ਦੀ ਡਿਊਟੀ ਨਾ ਹੋਵੇ। ਪਤਾ ਨਹੀਂ ਕਿਉਂ ਮੇਰੇ ਤੇ ਉਸ ਵਿਚਕਾਰ ਡਰ ਤੇ ਸ਼ਕ ਦੀ ਕੰਧ ਬਣ ਗਈ ਸੀ। ਜਸੂਸ ਈ ਹੋਣਾ ਏ। ਪਾਕਿਸਤਾਨੀਆਂ ਉੱਤੇ ਨਜ਼ਰ ਰੱਖਣ ਲਈ। ਕਿਹਨੂੰ ਮੈਂ ਮਿਲ਼ਿਆਂ, ਕਿੱਥੇ ਕਿੱਥੇ ਜਾਂਦਾ ਆਂ, ਕੌਣ ਮੈਨੂੰ ਮਿਲਣ ਆਉਂਦਾ ? ਜੇ ਮੈਂ ਅੱਜ ਰਾਤ ਗੈਸਟ ਹਾਊਸ ਨਾ ਆਇਆ ਤੇ ਇਹ ਮੇਰੀ ਰਿਪੋਰਟ ਨਾ ਕਰਦੇ ? ਬਟਾਲੇ ਦਾ ਵੀਜ਼ਾ ਵੀ ਮੇਰੇ ਕੋਲ਼ ਨਹੀਂ।

ਮੀਂਹ ਹੁਣ ਨਹੀਂ ਪੈਂਦਾ ਪਿਆ ਸੀ, ਪਰ ਬੱਦਲ਼ਾਂ ਨੂੰ ਭਾਜੜ ਪਈ ਹੋਈ ਹੋਵੇ। ਮੈਨੂੰ ਲੱਗਾ ਉਹ ਲਾਹੌਰ ਵੱਲ ਨੱਸੀ ਜਾਂਦੇ ਪਏ ਸਨ। ਅੱਜ ਬਾਰਵਾਂ ਤੇਰ੍ਹਵਾਂ ਦਿਨ ਸੀ ਤੇ ਕੁੱਝ ਉਦਰੇਵਾਂ ਵੀ ਹੋ ਗਿਆ ਸੀ। ਪਰ ਇਹ ਸੋਚ ਪਈ ਇੱਥੋਂ ਲਾਹੌਰ ਕਿੰਨਾਂ ਨੇੜੇ ਏ ਮੈਂ ਖ਼ੁਸ਼ ਹੋ ਗਿਆ। ਪਰ ਫ਼ਿਰ ਮੈਨੂੰ ਬਟਾਲਾ ਚੇਤੇ ਆ ਗਿਆ। ਬਟਾਲਾ ਵੀ ਓਨਾ ਸੀ, ਜਿੰਨਾ ਲਾਹੌਰ।

ਹਰਮਿੰਦਰ ਮੈਨੂੰ ਦਰਬਾਰ ਸਾਹਿਬ (ਗੋਲਡਨ ਟੈਂਪਲ) ਦੇ ਬਾਹਰ ਮਿਲਣ ਦਾ ਮਿਥਿਆ ਸੀ। ਮੈਂ ਆਟੋ ਰਿਕਸ਼ੇ 'ਤੇ ਫਿਰਦਾ ਫਿਰਾਂਦਾ ਦਰਬਾਰ ਸਾਹਿਬ ਅੱਪੜ ਗਿਆ। ਮੈਂ ਲੋਕਾਂ, ਹੱਟੀਆਂ ਤੇ ਥਾਂ ਦੇ ਜਾਦੂ ਵਿੱਚ ਗਵਾਚ ਗਿਆ। ਥੋੜ੍ਹੇ ਚਿਰ ਨੂੰ ਹਰਮਿੰਦਰ ਵੀ ਅੱਪੜ ਗਿਆ। ਅਸੀਂ ਸਿਰ ਉੱਤੇ ਟੋਪੀ ਜਿਹੀ ਲਵੇਟ ਕੇ, ਜੁੱਤੀਆਂ ਲਾਹ ਕੇ ਅੰਦਰ ਚਲੇ ਗਏ। ਇੱਕ ਲੰਮੀ ਪਾਲ਼ ਜੁੜੀ ਹੋਈ ਸੀ, ਜਿਹੜੀ ਗੁਰਦਵਾਰੇ ਦੇ ਅੰਦਰ ਦਾ ਦਰਸ਼ਨ ਕਰਨ ਲਈ ਸੀ। ਹਰਮਿੰਦਰ ਮੈਨੂੰ ਇੰਜ ਈ ਇਧਰ ਉਧਰ ਫਿਰਾਂਦਾ ਰਿਹਾ। ਮੈਨੂੰ ਅਜਬ ਜਿਹੀ ਸ਼ਾਂਤੀ ਤੇ ਆਨੰਦ ਜਾਪਿਆ ਤੇ ਮੀਆਂ ਮੀਰ ਦਾ ਮਜ਼ਾਰ ਚੇਤੇ ਆ ਗਿਆ। ਓਥੇ ਤਾਂ ਮੈਂ ਕਈ ਵਾਰ ਗਿਆਂ ਹਾਂ, ਪਰ ਇੱਥੇ ਪਹਿਲੀ ਵਾਰ ਆਇਆ ਸਾਂ। ਮੀਆਂ ਮੀਰ ਦੇ ਮਜ਼ਾਰ ਜਦ ਵੀ ਜਾਓ, ਵੇਹੜੇ ਨਵੇਕਲੀ ਜਿਹੀ ਚੁੱਪ ਤੇ ਆਨੰਦ ਹੁੰਦਾ ਏ। ਵੇਹੜੇ ਵਿੱਚ ਪੁਰਾਣੇ ਰੁੱਖਾਂ 'ਚੋਂ ਹਮੇਸ਼ ਚਿੜੀਆਂ ਦੀਆਂ ਵਾਜਾਂ ਆਂਦੀਆਂ ਰਹਿੰਦੀਆਂ ਨੇ। ਪਰ ਅਸੀਂ ਮੁੜ ਛੇਤੀ ਬਾਹਰ ਆ ਗਏ।

ਹਰਮਿੰਦਰ ਆਖਿਆ ਪਰਸੋਂ ਤੂੰ ਤੁਰ ਜਾਣਾ, ਫ਼ਿਰ ਆਪਾਂ ਨੂੰ ਪਤਾ ਨਹੀਂ ਵੇਲ਼ਾ ਮਿਲੇ ਜਾਂ ਨਾ, ਅੱਜ ਹੀ ਲੈ ਲੈ ਜੋ ਲੈਣਾ ਏ। ਮੈਂ ਕਸ਼ਮੀਰੀ ਸ਼ਾਲਾਂ ਲਈਆਂ ਤੇ ਉਸ ਮੈਨੂੰ ਵੜੀਆਂ ਤੇ ਪਾਪੜ ਲੈ ਦਿੱਤੇ, ਜੋ ਅੰਬਰਸਰ ਦੀ ਸੌਗ਼ਾਤ ਏ। ਫ਼ਿਰ ਉਹ ਕਿਤਾਬਾਂ ਦੀ ਕਿਸੇ ਪੁਰਾਣੀ ਹੱਟੀ ਲੈ ਤੁਰ ਗਿਆ, ਪਈ ਉਹ ਛੇਤੀ ਪਰਤ ਆਏਗਾ। ਇਹ ਹੱਟੀ ਪਿੱਛੋਂ ਲਾਹੌਰ ਦੀ ਸੀ ਤੇ ਜਦ ਮਾਲਿਕ ਨੂੰ ਪਤਾ ਲੱਗਾ ਮੈਂ ਲਾਹੌਰੋਂ ਆਂ, ਉਹ ਨਿਹਾਲ ਹੋ ਗਿਆ। ਭਾਵੇਂ ਉਸ ਕਦੀ ਲਾਹੌਰ ਨਹੀਂ ਤੱਕਿਆ ਸੀ, ਪਰ ਮੈਨੂੰ ਵੇਖ ਉਹਦੇ ਅੱਧੇ ਜਿਹੇ ਦਰਸ਼ਨ ਹੋ ਗਏ ਸਨ। ਉਸ ਘਰੋਂ ਬਹੁੰ ਵਧੀਆ ਰੋਟੀ ਮੰਗਵਾਈ ਤੇ ਅਸਾਂ ਰੱਜ ਗੱਪਾਂ ਮਾਰੀਆਂ।

ਹਰਮਿੰਦਰ ਪਤਾ ਨਹੀਂ ਕਿੱਥੇ ਗਵਾਚ ਗਿਆ। ਲੋਢਾ ਵੇਲ਼ਾ ਹੋ ਗਿਆ। ਮੈਂ ਅੱਜ ਬਟਾਲੇ ਜਾਣਾ ਸੀ। ਅਖ਼ੀਰ ਉਹ ਪਰਤਿਆ ਤੇ ਮੈਨੂੰ ਸਕੂਟਰ ਤੇ ਭਜਾ ਇੱਕ ਪ੍ਰੋਫ਼ੈਸਰ ਦੇ ਘਰ ਅੱਪੜਾ ਗਿਆ। ਪ੍ਰੋਫ਼ੈਸਰ ਸਾਹਿਬ ਆਖਿਆ ਉਨ੍ਹਾਂ ਦਾ ਇੱਕ ਦੋਸਤ ਆਂਦਾ ਪਿਆ ਏ ਬਟਾਲੇ ਤੋਂ ਉਹ ਮੈਨੂੰ ਲੈ ਕੇ ਜਾਏਗਾ। ਉਹ ਬੈਂਕ ਦਾ ਮੈਨੇਜਰ ਏ ਇਸ ਲਈ ਡਰਨ ਦੀ ਲੋੜ ਨਹੀਂ। ਹਰਮਿੰਦਰ ਦੱਸਿਆ ਤੁਹਾਡੇ ਕੋਲ਼ ਵੀਜ਼ਾ ਨਹੀਂ। ਕੋਈ ਗੱਲ ਨਹੀਂ। ਮੈਂ ਵੀ ਬਿਨਾਂ ਵੀਜ਼ੇ ਸਿਆਲਕੋਟ ਅਪਣਾ ਜੱਦੀ ਘਰ ਫ਼ਿਰ ਆਇਆਂ ਸਾਂ। ਬਸ ਉਨ੍ਹਾਂ ਮੇਰੀ ਪੱਗ ਲੁਹਾ ਦਿੱਤੀ ਸੀ ਜਦ ਅਸਾਂ ਰਾਵੀ ਪੁਲ਼ ਪਾਰ ਕੀਤਾ। ਹੁਣ ਤਾਂ ਹਾਲਾਤ ਬਹੁਤ ਚੰਗੇ ਨੇ। ਤੁਹਾਡਾ ਵੱਡਾ ਵਜ਼ੀਰ ਆਇਆ ਹੋਇਆ ਸੀ। ਉਸ ਦਾ ਇੰਨਾ ਸਵਾਗਤ ਹੋਇਆ। ਅੱਧ ਮੀਲ ਲੰਮੀ ਕਤਾਰ ਸੀ ਲੋਕਾਂ ਦੀ।

ਅਸੀਂ ਕੁੱਝ ਚਿਰ ਉਡੀਕਦੇ ਰਹੇ ਪ੍ਰੋਫ਼ੈਸਰ ਸਾਹਿਬ ਦੀ ਚੰਡੀਗੜ੍ਹ ਕੋਈ ਸ਼ਾਦੀ ਸੀ, ਉਹ ਕਾਹਲ਼ ਵਿੱਚ ਸਨ। ਫ਼ਿਰ ਉਨ੍ਹਾਂ ਨੂੰ ਫ਼ੋਨ ਆਇਆ ਤੇ ਉਨ੍ਹਾਂ ਦੱਸਿਆ ਪਈ ਮੈਨੇਜਰ ਸਾਹਿਬ ਆਖਿਆ ਏ ਮੈਨੂੰ ਪੰਜਾਬ ਕਲੱਬ ਅੱਪੜਾ ਦਿਓ, ਉਹ ਮੈਨੂੰ ਓਥੇ ਮਿਲ਼ ਲੈਣਗੇ। ਹਰਮਿੰਦਰ ਝੱਟ ਮੈਨੂੰ ਕਲੱਬ ਅੱਪੜਾ ਦਿੱਤਾ। ਤੇ ਗੇਟ ਉੱਤੇ ਦੱਸਿਆ ਪਈ ਇਹ ਮੈਨੇਜਰ ਸਾਹਿਬ ਦੇ ਪਰਾਹੁਣੇ ਨੇ। ਉਨ੍ਹਾਂ ਨੂੰ ਪਹਿਲੋਂ ਤੋਂ ਇਤਲਾਹ ਸੀ, ਹਰਮਿੰਦਰ ਮੈਨੂੰ ਓਥੇ ਲਾਹ ਟੁਰ ਗਿਆ। ਉਸ ਨੂੰ ਵੀ ਕੋਈ ਕੰਮ ਸੀ। ਉਸ ਕਿਹਾ ਪਰਤ ਕੇ ਫ਼ੋਨ ਕਰਾਂ ਭਲ਼ਕੇ ਮੈਂ ਉਹਨੂੰ। ਕਲੱਬ ਪੁਰਾਣੇ ਵੇਲਿਆਂ ਦਾ ਸੀ। ਲੱਕੜ ਦੀ ਹਰ ਸ਼ੈ ਸਿਵਾਏ ਕੰਧਾਂ ਤੇ ਛੱਤਾਂ ਦੇ। ਵੱਡੀਆਂ-ਵੱਡੀਆਂ ਖੁੱਲ੍ਹੀਆਂ ਕੁਰਸੀਆਂ, ਪੁਰਾਣੀਆਂ ਮੇਜ਼ਾਂ। ਪੁਰਾਣੀ ਬਾਰ ਦੀਆਂ ਅਲਮਾਰੀਆਂ ਉਂਜ ਹੀ ਸਨ। ਕਾਊਂਟਰ ਤੇ ਸਟੂਲਾਂ 'ਤੇ ਦੋ ਚਾਰ ਜੀਅ ਮੌਜ ਵਿੱਚ ਸਨ। ਬੜੀ ਚੁੱਪ ਤੇ ਸ਼ਾਂਤੀ ਜਿਹੀ ਸੀ। ਥੌਰੇ ਅਜੇ ਸ਼ਾਮ ਸੀ ਤੇ ਬਹੁਤੇ ਜੀਅ ਨਹੀਂ ਸਨ।

ਬੈਰਿਆਂ ਮੈਨੂੰ ਖ਼ਾਲੀ ਕੁਰਸੀ 'ਤੇ ਬਹਾਇਆ ਤੇ ਆਖਿਆ: "ਕੀ ਲੌ ਗੇ। ਸਰਦਾਰ ਸਾਹਿਬ ਅਪੜਨ ਵਾਲੇ ਨੇ।" ਮੈਂ ਕਿਹਾ ਉਨ੍ਹਾਂ ਨੂੰ ਉਡੀਕ ਲਈਏ। ਪਰ ਉਨ੍ਹਾਂ ਆਖਿਆ ਸਾਨੂੰ ਤੁਹਾਡੀ ਸੇਵਾ ਦਾ ਹੁਕਮ ਏ। ਕੁੱਝ ਤੇ ਲੌ ਜਾਂ ਬਾਰ ਤੇ ਆਪਣੀ ਮਰਜ਼ੀ ਦੀ ਲੈ ਲੌ। ਬਾਰ ਅੰਗਰੇਜ਼ੀ ਵਿਸਕੀਆਂ ਨਾਲ਼ ਭਰੀ ਹੋਈ ਸੀ। ਮੈਂ ਇੱਕ ਵੱਲ ਸੈਂਤ ਕੀਤੀ ਤੇ ਗਲਾਸ ਲੈ ਅਪਣੀ ਥਾਂ ਆ ਬੈਠਾ। ਥੋੜ੍ਹੇ ਚਿਰ ਪਿੱਛੋਂ ਸਰਦਾਰ ਸਾਹਿਬ ਵੀ ਅੱਪੜ ਗਏ ਤੇ ਹੱਥ ਜੋੜਨ ਲੱਗੇ, ਚਿਰਕੇ ਆਉਣ ਪਾਰੋਂ। ਸੁਭਾਅ ਦੇ ਬਹੁਤ ਮਿੱਠੇ ਤੇ ਮੇਰੇ ਹਾਣ ਦੇ ਜਾਂ ਇੱਕ ਦੋ ਵਰ੍ਹੇ ਵੱਡੇ ਹੋਣੇ। ਉਨ੍ਹਾਂ ਆਂਦਿਆਂ ਦੋ ਚਾਰ ਆਰਡਰ ਕੀਤੇ ਤੇ ਬੈਰਾ ਮਲ਼ਾਈ ਕਬਾਬ, ਟਿੱਕੇ ਤੇ ਕੁੱਝ ਹੋਰ ਲੈ ਆਇਆ। ਉਨ੍ਹਾਂ ਅਪਣੀ ਪਸੰਦ ਦੀ ਵਿਸਕੀ ਮੰਗਾਈ ਤੇ ਗਲਾਸ ਉਤਾਂਹਾ ਕਰਦੇ ਬੋਲੇ: "ਤੇਰੇ ਜੱਦੀ ਸ਼ਹਿਰ ਬਟਾਲੇ ਦੇ ਨਾਂ।" ਫ਼ਿਰ ਆਖਣ ਲੱਗੇ: "ਵੰਡ ਸਾਨੂੰ ਖਾ ਗਈ। ਬਟਾਲਾ ਕਿੰਨਾ ਸਨਅਤੀ ਸ਼ਹਿਰ ਸੀ। ਬਟਾਲਾ ਇੰਜੀਨੀਰੀਂਗ ਕੰਪਨੀ ਦਾ ਕਿੰਨਾ ਨਾਂ ਸੀ। ਸੁਣਿਆ ਮੁੜ ਉਸ ਲਾਹੌਰ ਸਭ ਤੋਂ ਵੱਡੀ ਕੰਪਨੀ ਬਣਾਈ, ਅਸਾਂ ਹੀਰੇ ਬੰਦੇ ਕਿਵੇਂ ਰੋਲ਼ ਕੇ ਕੱਢ ਦਿੱਤੇ। ਉਹਨੂੰ ਸਾਬਣ ਸਾਹਿਬ ਕਹਿੰਦੇ ਸਨ। ਉਹ ਸੈਕਲ ਉੱਤੇ ਸਾਬਣ ਵੇਚਦਾ ਸੀ। ਪਰ ਬਟਾਲਾ ਓਥੇ ਈ ਏ। ਅੰਬਰਸਰ ਓਥੇ ਈ ਏ। ਲੈਂਡ ਲਾਰਡ ਹੋ ਗਏ ਅਸੀਂ। ਪਹਿਲੇ ਲਾਹੌਰ ਅੰਬਰਸਰ ਮਿਲ਼ੇ ਹੋਏ ਸਨ। ਹੁਣ ਪੰਜਾਬ ਦਾ

ਅਖ਼ੀਰਲਾ ਸ਼ਹਿਰ ਬਣ ਗਿਆ। ਆਵਾਜਾਈ ਰੁਕ ਗਈ। ਵਪਾਰ ਮੁੱਕ ਗਿਆ। ਅੱਜ ਬਾਡਰ ਖੁੱਲ੍ਹ ਜਾਏ ਅੰਬਰਸਰ ਜੀਅ ਪਊ।"

ਉਹ ਗੱਲਾਂ ਕਰੀ ਜਾਂਦੇ ਸਨ। ਫ਼ਿਰ ਮੈਥੋਂ ਸ਼ਾਇਰੀ ਸੁਣਨ ਦੀ ਫ਼ਰਮਾਇਸ਼ ਪਾ ਦਿੱਤੀ। ਫ਼ਿਰ ਅਪਣੀ ਵੀ ਸੁਣਾ ਦਿੱਤੀ। ਅਸੀਂ ਜਹਾਨ ਭਰ ਦੀਆਂ ਗੱਲਾਂ ਕਰ ਲਈਆਂ ਤੇ ਮੈਂ ਕੁੱਝ ਵਧ ਈ ਪੀ ਗਿਆ। ਮੈਂ ਬਟਾਲੇ ਦੀਆਂ ਗੱਲਾਂ ਭੁੱਲਣਾ ਚਾਹੁੰਦਾ ਸੀ। ਸਰਦਾਰ ਸਾਹਿਬ ਦੇ ਮੂੰਹੋਂ ਵਾਰ-ਵਾਰ ਬਟਾਲੇ ਦਾ ਜ਼ਿਕਰ ਮੈਨੂੰ ਦੁਖੀ ਕਰੀ ਜਾਂਦਾ ਸੀ। ਅਖ਼ੀਰ ਮੈਂ ਉਨ੍ਹਾਂ ਦਾ ਹੱਥ ਨੱਪ ਕਿਹਾ: "ਬਟਾਲੇ ਦਾ ਨਾਂ ਨਾ ਲੌ। ਮੈਥੋਂ ਸੁਣ ਨਹੀਂ ਹੁੰਦਾ।" ਅੱਜ ਤੇਰ੍ਹਵਾਂ ਦਿਨ ਸੀ ਉਥੇ ਆਇਆਂ ਤੇ ਬਟਾਲਾ ਨਾਲ਼-ਨਾਲ਼ ਤੁਰਦਾ ਰਿਹਾ ਸੀ। ਇੱਕ ਪੱਲ ਨਹੀਂ ਵਿਸਰਿਆ। ਤੇ ਮਾਂ ਦੀ ਤੇ ਛੇੜ ਸੀ ਬਟਾਲਾ। ਰਾਤੀਂ ਅੱਠ ਵਜੇ ਜਾ ਕਿੱਥੇ ਸਰਦਾਰ ਸਾਹਿਬ ਦੀ ਤੀਵੀਂ ਆਈ। ਉਹ ਅਸਲੋਂ ਸ਼ਾਪਿੰਗ ਕਰਨ ਗਈ ਹੋਈ ਸੀ। ਸਰਦਾਰ ਸਾਹਿਬ ਠੱਠਾ ਮਾਰ ਕਹਿਣ ਲੱਗੇ: "ਜਦ ਵੀ ਆਵਾਂ ਅੰਬਰਸਰ ਖ਼ਰਚਾ ਪੈ ਜਾਂਦਾ।" ਉਨ੍ਹਾਂ ਦੀ ਵਹੁਟੀ ਵੀ ਬਹੁਤ ਅਪਨੀਅਤ ਨਾਲ਼ ਮਿਲ਼ੀ ਤੇ ਹੌਕਾ ਲੈਂਦੀ ਬੋਲੀ: "ਮੈਨੂੰ ਪਤਾ ਇਸ ਦੁੱਖ ਦਾ, ਅਸੀਂ ਲਾਇਲਪੁਰ ਦੇ ਆਂ। ਮੇਰੇ ਵਡਕਿਆਂ ਲਾਇਲਪੁਰ ਵਸਾਇਆ। ਜਦੋਂ ਗੋਰਿਆਂ ਜ਼ਮੀਨਾਂ ਅਲਾਟ ਕੀਤੀਆਂ। ਅਸੀਂ ਜਲੰਧਰੋਂ ਗਏ ਲਾਇਲਪੁਰ ਤੇ ਅੱਧੀ ਸਦੀ ਦਾ ਫੇਰਾ ਕੱਟ ਕੇ ਮੁੜ ਜਲੰਧਰ ਪਰਤ ਆਏ ਰੁਲ਼-ਖੁਲ਼ ਕੇ। ਅਸੀਂ ਕਾਹਲੋਂ ਜੱਟ ਆਂ। ਲਾਇਲਪੁਰ ਕਈ ਕਈ ਦਿਨ ਮੀਂਹ ਨਹੀਂ ਪੈਂਦਾ ਸੀ ਤੇ ਜਦ ਪੈਂਦਾ ਸੀ ਭੌਏਂ ਵਿੱਚ ਗ਼ੈਬ ਹੋ ਜਾਂਦਾ ਸੀ। ਘੰਟਾ ਘਰ ਜ਼ਮੀਂਦਾਰਾਂ ਦੇ ਫ਼ੰਡ ਨਾਲ਼ ਬਣਿਆ ਸੀ ਤੇ ਉਨ੍ਹਾਂ ਕੋਲ਼ੋਂ ਅਠਾਰਾਂ ਰੁਪਏ ਫ਼ੀ ਏਕੜ ਦੇ ਹਿਸਾਬ ਨਾਲ਼ ਪੈਸੇ ਇਕੱਠੇ ਕੀਤੇ ਗਏ ਸਨ।"

ਉਹ ਤਾਂ ਗੱਲਾਂ ਕਰੀ ਜਾਂਦੀ ਸੀ ਜਿਵੇਂ ਅੱਜ ਪਤਾ ਨਹੀਂ ਕਿੰਨੇ ਵਰ੍ਹਿਆਂ ਪਿੱਛੋਂ ਕੋਈ ਅਜੇਹੀਆਂ ਗੱਲਾਂ ਕਰਨ ਵਾਲ਼ਾ ਮਿਲ਼ਿਆ ਹੋਵੇ। ਪਰ ਫ਼ਿਰ ਸਰਦਾਰ ਸਾਹਿਬ ਨੇ ਉਹਨੂੰ ਚੁੱਪ ਕਰਾਇਆ ਤੇ ਖਾਣੇ ਦਾ ਆਡਰ ਦਿੱਤਾ। ਨਸ਼ਾ ਮੈਨੂੰ ਪੁੱਠਾ ਪੈ ਰਿਹਾ ਸੀ। ਮੈਨੂੰ ਬਟਾਲੇ ਤੇ ਮਾਂ ਦੀਆਂ ਗੱਲਾਂ ਦਾ ਹੜ੍ਹ ਚੜ੍ਹੀ ਆਂਦਾ ਸੀ। ਮੈਨੂੰ ਸਭ ਸੁਫ਼ਨਾ ਜਾਪੇ ਪਿਆ। ਮੈਂ ਬਟਾਲੇ ਜਾ ਰਿਹਾ ਸਾਂ। ਪੰਜਾਹ ਵਰ੍ਹੇ ਜਿਹਦੀਆਂ ਕਹਾਣੀਆਂ, ਗੱਲਾਂ ਵਡਕਿਆਂ ਤੇ ਮਾਂ ਤੋਂ ਸੁਣੀਆਂ ਸਨ। ਸਰਦਾਰ ਸਾਹਿਬ ਮੈਨੂੰ ਚੁੱਪ ਵੇਖ ਅਸਲ ਗੱਲ ਤਾੜ ਗਏ। ਮੈਨੂੰ ਚੰਗੇ ਸਿਆਣੇ ਲੱਗੇ। ਉਨ੍ਹਾਂ ਦੀ ਤੀਵੀਂ ਤਾਂ ਮੇਰੇ ਨਾਲ਼ ਲਾਇਲਪੁਰ ਦੀਆਂ ਗੱਲਾਂ ਕਰਨੀਆਂ ਤੇ ਮੈਥੋਂ ਬਟਾਲੇ ਦੀਆਂ ਸੁਣਨੀਆਂ ਚਾਹੁੰਦੀ ਸੀ। ਇਸ ਲਈ ਉਸ ਨਾਲ਼ ਅਜਬ ਜਿਹੀ ਸਾਂਝ ਬਣ ਗਈ। ਸਰਦਾਰ ਸਾਹਿਬ ਦੇ ਮਾਪੇ ਬਟਾਲੇ ਤੋਂ ਸਨ ਤੇ ਪਿੱਛੋਂ ਉਹ ਰਾਮਗੜ੍ਹੀਆ ਮਿਸਲ ਵਿੱਚੋਂ ਸਨ, ਜਿਹੜੀ ਰਣਜੀਤ ਸਿੰਘ ਤੋਂ ਅਗਦੋਂ ਬਟਾਲੇ ਆਬਾਦ ਸਨ।

ਖਾਣਾ ਖਾਂਦੇ ਸਾਨੂੰ ਦਸ ਤੋਂ ਬਹੁਤਾ ਵੇਲਾ ਹੋ ਗਿਆ ਹੋਣਾ। ਤੇ ਸ਼ਹਿਰੋਂ ਨਿਕਲ਼ਦੇ ਕੁੱਝ ਹੋਰ ਵੀ ਵੱਧ। ਅੰਨ੍ਹੇਰੇ ਵਿੱਚ ਮੈਨੂੰ ਕੁੱਝ ਵੀ ਨਜ਼ਰੀਂ ਨਾ ਆਇਆ, ਬਸ ਸੜਕ ਸੀ। ਕੁੱਝ ਉਂਜ ਵੀ ਮੈਂ ਬਹੁਤਾ ਅਪਣੀ ਲੋਰ ਵਿੱਚ ਸਾਂ, ਜਿਸ ਮੈਨੂੰ ਰੋਣਹਾਕਾ ਹੋਵਣ ਤੋਂ ਬਚਾਇਆ ਹੋਇਆ ਸੀ।

ਉਨ੍ਹਾਂ ਮੈਨੂੰ ਗੱਡੀ ਵਿੱਚ ਅਗਾਂਹ ਬਿਠਾਇਆ ਡਰਾਈਵਰ ਨਾਲ਼ ਤੇ ਆਪੋਂ

ਦੋਵੇਂ ਪਿੱਛੇ ਬਹਿ ਗਏ। ਗੱਡੀ ਉਨ੍ਹਾਂ ਦੀ ਸ਼ਾਨਦਾਰ ਤੇ ਚੰਗੀ ਵੱਡੀ ਸੀ। ਡਰਾਈਵਰ ਟੈਂਨਸ਼ਨ ਅਗਾਂਹ ਵੱਧ ਝੱਟ ਬੂਹਾ ਖੋਲ੍ਹਦਾ ਸੀ। ਸਾਰੇ ਰਾਹ ਮੈਂ ਚੁੱਪ ਕਰ ਕੇ ਬੈਠਾ ਰਿਹਾ ਤੇ ਪਿੱਛੇ ਉਹ ਆਪਸ ਵਿੱਚ ਅਪਣੀਆਂ ਗੱਲਾਂ ਕਰਦੇ ਰਹੇ। ਜਦ ਬਟਾਲਾ ਆਇਆ ਤੇ ਉਨ੍ਹਾਂ ਡਰਾਈਵਰ ਨੂੰ ਸ਼ਹਿਰ ਵਿੱਚੋਂ ਲੰਘਣ ਦਾ ਆਖਿਆ। ਬਾਜ਼ਾਰ ਬੰਦ ਹੋ ਗਏ ਹੋਏ ਸਨ। ਕਿੱਥੋਂ-ਕਿੱਥੋਂ ਨਿੰਮ੍ਹਾ-ਨਿੰਮ੍ਹਾ ਚਾਨਣ ਨਜ਼ਰੀਂ ਪੈਂਦਾ। ਮੈਨੂੰ ਇਹ ਤੇਈ ਵਰ੍ਹੇ ਪੁਰਾਣੇ ਕ੍ਰਿਸ਼ਨ-ਨਗਰ ਜਿਹਾ ਲੱਗਾ। ਚੁੱਪ ਗਲ਼ੀਆਂ, ਘੱਟ ਆਬਾਦੀ, ਘੱਟ ਆਵਾਜਾਵੀ। ਬਹੁਤੀਆਂ ਸੜਕਾਂ ਉੱਤੇ ਅੰਨ੍ਹੇਰਾ ਤੇ ਕਿੱਥੇ ਕਿੱਥੇ ਕੋਈ ਹੱਟੀ ਖੁੱਲ੍ਹੀ ਦਿਸ ਪੇਵੇ। ਮੈਨੂੰ ਕੁੱਝ ਓਪਰਾ ਨਾ ਲੱਗਾ, ਵੇਖਿਆ ਜਿਹਾ, ਵਿਸਰਿਆ ਜਿਹਾ, ਜਿਵੇਂ ਕੋਈ ਪੁਰਾਣੀ ਖ਼ੁਸ਼ਬੋਈ ਜਿਹੜੀ ਸਦਾ ਪੁਰਾਣੀਆਂ ਥਾਵਾਂ ਵਿੱਚ ਹੁੰਦੀ ਏ। ਅਚੇਤ ਦੇ ਅੰਨ੍ਹੇਰੇ ਅੰਦਰ ਕਿੱਥੇ ਕਿੱਥੇ ਜਗਦੀ ਚੇਤ ਦੀ ਲੌ, ਜਿਵੇਂ ਮਾਂ ਦੀ ਕਾਲ਼ੀ ਸ਼ਾਹ ਲਿਸ਼ਕਦੀ ਅੱਖ।

ਇੱਕ ਥਾਂ ਉਨ੍ਹਾਂ ਬਰੇਕ ਲਵਾਈ ਤੇ ਇੱਕ ਪਾਸੇ ਖ਼ਾਲੀ ਪਲਾਟ ਵੱਲ ਸੈਂਤਰ ਕੀਤੀ। ਇਹ ਸਾਬਣ ਸਾਹਿਬ ਦਾ ਘਰ ਏ। ਲਤੀਫ਼ ਸਾਹਿਬ ਮੈਂ ਉਨ੍ਹਾਂ ਦਾ ਨਾਂ ਲਿਆ। ਇਹ ਨਾਂ ਮੈਂ ਗਵਰਨਰ ਸਾਹਿਬ ਲਾਹੌਰ ਦੇ ਸਾਹਮਣੇ ਵਾਲ਼ੀ ਕੋਠੀ ਉੱਤੇ ਪੜ੍ਹਿਆ ਸੀ ਤੇ ਇਹ ਪੀਕੋ ਫ਼ੈਕਟਰੀ ਦੇ ਮਾਲਿਕ ਸਨ, ਜਿਹੜੀ ਪਾਕਿਸਤਾਨ ਵਿੱਚ ਸ਼ੁਰੂ ਦੀਆਂ ਪਹਿਲੀਆਂ ਲੋਹੇ ਦੀਆਂ ਫ਼ੈਕਟਰੀਆਂ ਵਿੱਚੋਂ ਸੀ। ਉਨ੍ਹਾਂ ਕੁੱਝ ਦੇਰ ਗੱਡੀ ਓਥੇ ਰੋਕ ਲਈ। ਮੈਂ ਹੇਠਾਂ ਉਤਰ ਕੇ ਸੜਕ ਨੂੰ ਚੁੰਮਣਾ ਚਾਹੁੰਦਾ ਸਾਂ, ਪਰ ਕਾਰ ਵਿੱਚ ਹੀ ਬੈਠਾ ਰਿਹਾ। ਮੈਂ ਬਹੁਤ ਭਾਵੁਕ ਹੋ ਗਿਆ ਸਾਂ, ਪਰ ਚੁੱਪ ਵੱਟੀ ਰੱਖੀ। ਹੌਲ਼ੀ ਜਿਹੀ ਮੈਂ ਹੱਥ ਨਾਲ਼ ਨੱਕ ਪੂੰਝਿਆ। ਸਰਦਾਰ ਹੋਰਾਂ ਗੱਡੀ ਤੋਰਨ ਦਾ ਆਖਿਆ।

ਛੇਤੀ ਅਸੀਂ ਘਰ ਅੱਪੜ ਗਏ। ਘਰ ਜਿਵੇਂ ਨਿੱਕਾ ਜਿਹਾ ਮਹਿਲ ਸੀ। ਵੱਡੀ ਸਾਰੀ ਕੋਠੀ, ਵੱਡਾ ਲਾਨ, ਦੋ ਚਾਰ ਗੱਡੀਆਂ ਖੜ੍ਹੀਆਂ ਸਨ। ਛੇਤੀ ਮੈਨੂੰ ਪਹਿਲੇ ਬੈਠਕ ਵਿੱਚ ਬਿਠਾਇਆ ਗਿਆ ਤੇ ਫ਼ਿਰ ਉਨ੍ਹਾਂ ਦੀ ਵਹੁਟੀ ਮੈਨੂੰ ਮੇਰਾ ਕਮਰਾ ਵਿਖਾਇਆ। ਮੈਂ ਉਹੋ ਕੱਪੜੇ ਲਾਹ ਸੌਣਾ ਸੀ, ਪਰ ਉਨ੍ਹਾਂ ਦੀ ਵਹੁਟੀ ਮੈਨੂੰ ਨੌਕਰਾਣੀ ਹੱਥ ਨਾਇਟ ਸੂਟ ਤੇ ਚੱਪਲਾਂ ਭੇਜ ਦਿੱਤੀਆਂ। ਮੈਂ ਅਜੇ ਮਸਾਂ ਕੱਪੜੇ ਬਦਲੇ ਹੋਣੇ ਪਈ ਸੁਨੇਹਾ ਆ ਗਿਆ ਪਈ ਸਰਦਾਰ ਸਾਹਿਬ ਬੁਲਾ ਰਹੇ। ਇਹ ਟੀ. ਵੀ. ਲਾਂਜ ਟਾਇਪ ਕਮਰਾ ਸੀ। ਅੱਗੇ ਫ਼ਿਰ ਮੈਨੇਜਰ ਸਾਹਿਬ ਗਲਾਸ ਤੇ ਬੋਤਲ ਰੱਖ ਕੇ ਮੈਨੂੰ ਉਡੀਕਦੇ ਪਏ ਸਨ। ਹੈਂ, ਮੈਂ ਹਰਾਨ ਰਹਿ ਗਿਆ। "ਸਰਦਾਰਾਂ ਦੀ ਪੀਣੀ ਦਾ ਸੁਣਿਆ ਸੀ; ਅੱਜ ਵੇਖ ਲਿਆ।"

ਏਨੀ ਅਸਾਂ ਪੀਤੀ ਕਲੱਬ ਵਿੱਚ, ਇਨ੍ਹਾਂ ਦਾ ਰੱਜ ਨਹੀਂ ਹੋਇਆ। "ਤੂੰ ਕਿਹੜਾ ਰੋਜ਼ ਰੋਜ਼ ਆਣਾ ਏ। ਕੱਲ੍ਹ ਨੂੰ ਕੀ ਹੋ ਜਏ। ਬਾਡਰ ਬੰਦ, ਮਿਲਣੀ ਖ਼ਤਮ। ਇਨ੍ਹਾਂ ਸਰਕਾਰਾਂ ਦਾ ਇਤਬਾਰ ਏ ?"

ਗਿਆਰਾਂ ਤੋਂ ਉੱਤੇ ਦਾ ਵੇਲ਼ਾ ਹੋ ਗਿਆ ਹੋਣਾ। ਉਨ੍ਹਾਂ ਦੀ ਵਹੁਟੀ ਵੀ ਕੋਲ਼ ਈ ਬੈਠੀ ਸੀ। ਚੰਗੀ-ਭਲੀ ਠੰਢ ਸੀ ਤੇ ਗੈਸ ਦੇ ਚੁੱਲ੍ਹੇ ਜਲ਼ਦੇ ਪਏ ਸਨ। ਕਮਰਾ ਰੱਜ ਨਿੱਘਾ ਹੋਇਆ ਪਿਆ ਸੀ। ਪਹਿਲੇ ਈ ਨੌਕਰਾਂ ਨੂੰ ਹੁਕਮ ਹੋਣਾ। ਥੋੜ੍ਹੀ ਚਿਰ ਵਿੱਚ ਖਾਵਣ ਦੀਆਂ ਵੀ ਚੀਜ਼ਾਂ ਆ ਗਈਆਂ। ਫਲ ਫ਼ਰੂਟ, ਖ਼ੁਸ਼ਕ ਮੇਵੇ ਤੇ ਪਤਾ ਨਹੀਂ ਕੀ ਕੀ। ਮੇਰਾ

ਉੱਕਾ ਦਿਲ ਨਹੀਂ ਸੀ ਪੀਣ ਦਾ। ਬਟਾਲੇ ਨੇ ਮੈਨੂੰ ਦੁਖੀ ਕੀਤਾ ਹੋਇਆ ਸੀ। ਮੈਨੂੰ ਜਿੰਨਾ ਚਾਅ ਸੀ ਇਥੇ ਆਉਣ ਦਾ; ਹੁਣ ਓਨਾਂ ਈ ਦੁਖੀ ਹੋਇਆ ਬੈਠਾ ਸਾਂ। ਖੌਰੇ ਸਰਦਾਰ ਸਾਹਿਬ ਮੈਨੂੰ ਪਰਚਾ ਤਾਂ ਨਹੀਂ ਰਹੇ। ਫ਼ਿਰ ਉਹ ਮੇਰੇ ਟੱਬਰ ਬਾਰੇ ਪੁੱਛਣ ਲੱਗੇ। ਮਾਮੇ ਦਾ ਕਤਲ ਤੇ ਹੋਰ ਬੜਾ ਕੁੱਝ। ਪਰ ਆਖਣ ਲੱਗੇ ਤੇਰੇ ਕੋਲ਼ ਪਤਾ ਪੂਰਾ ਨਹੀਂ। ਪਤਾ ਨਹੀਂ ਘਰ ਮਿਲ਼ੇ ਨਾ ਮਿਲ਼ੇ। ਤੂੰ ਬਟਾਲਾ ਵੇਖ ਮੈਂ ਤੇਰੇ ਨਾਲ ਦੋ ਨੌਕਰ ਘੱਲ ਦਿਆਂਗਾ। ਉਹ ਸ਼ਹਿਰ ਦੇ ਜਾਣੂ ਨੇ। ਤੂੰ ਵੱਡਾ ਬਜ਼ਾਰ ਵੇਖ ਲਈਂ। ਕਬਰਿਸਤਾਨ ਕੋਈ ਨਹੀਂ ਏ। ਤੇ ਦਾਦੇ ਦੀ ਕਬਰ ? ਮੈਂ ਚੁੱਪ ਕਰ ਗਿਆ। ਇੱਕ ਮਜ਼ਾਰ ਹੈ ਵੱਡੇ ਬਜ਼ਾਰ ਖੱਬੇ ਹੱਥ, ਤੇਰੀ ਮਾਂ ਜ਼ਰੂਰ ਦੱਸਿਆ ਹੋਣਾ, ਉੱਥੇ ਦੀਵਾ ਬੱਤੀ ਅਜੇ ਵੀ ਕਰਦੇ ਨੇ। ਸ਼ਹਿਰ ਬਹੁਤਾ ਨਹੀਂ ਬਦਲਿਆ। ਉਹੀ ਮੁਹੱਲੇ ਗਲ਼ੀਆਂ ਨੇ। ਬਸ ਜਦ ਪੁਰਾਣਾ ਘਰ ਢਹਾ ਜਾਂਦਾ ਨਵਾਂ ਬਣ ਜਾਂਦਾ। ਜਿਸ ਪਾਰੋਂ ਨਕਸ਼ਾ ਬਦਲ ਜਾਂਦਾ। ਪਤਾ ਨਹੀਂ ਕਿੰਨੀ ਦੇਰ ਤੀਕ ਉਹ ਗੱਲਾਂ ਕਰਦੇ ਰਹੇ ਤੇ ਪੀਂਦੇ ਰਹੇ। ਫ਼ਿਰ ਉਨ੍ਹਾਂ ਦੀ ਵਹੁਟੀ ਨੇ ਸੌਣ ਤੇ ਆਰਾਮ ਦੀ ਗੱਲ ਕੀਤੀ।

ਰਾਤੀਂ ਮੈਨੂੰ ਮਾਮੇ ਤੇ ਦਾਦੇ ਦੇ ਕੁਸਫ਼ਨੇ ਆਂਦੇ ਰਹੇ।

ਠਾਹ ਕਰਕੇ ਬੂਹਾ ਖੁੱਲ੍ਹਦਾ ਏ ਤੇ ਮਾਮੇ ਨੂੰ ਕੋਈ ਧੱਕਾ ਮਾਰਦਾ ਏ। ਉਹ ਕੂਹਣੀਆਂ ਭਰਨੇ ਡਿੱਗਦਾ ਏ, ਅਪਣੇ ਹੱਥ ਅੱਗਾਂਹ ਕਰਦਾ ਏ ਤੇ ਜ਼ਮੀਨ ਉੱਤੇ ਲਹੂ ਡਿੱਗੀ ਜਾਂਦਾ, ਡਿੱਗੀ ਜਾਂਦਾ, ਮੀਂਹ ਪਈ ਜਾਂਦਾ, ਪਈ ਜਾਂਦਾ। ਦਾਦੇ ਦੀ ਕਬਰ ਖੁਰੀ ਜਾਂਦੀ, ਖੁਰੀ ਜਾਂਦੀ।

ਸਵੇਰੇ ਚਿਰਕੇ ਮੇਰੀ ਅੱਖ ਖੁੱਲ੍ਹੀ। ਸਰਦਾਰ ਜੀ ਬੈਂਕ ਚਲੇ ਗਏ ਹੋਏ ਸਨ। ਨੌਕਰਾਣੀ ਝਾੜੂ ਦਿੰਦੀ ਪਈ ਸੀ। ਮੇਰੀ ਅੱਖ ਖੁੱਲ੍ਹੀ ਤਾਂ ਉਹ ਝੱਟ ਸਰਦਾਰਨੀ ਨੂੰ ਬੁਲਾ ਲਿਆਈ। ਉਨ੍ਹਾਂ ਪੁੱਛਿਆ, ਨੀਂਦ ਠੀਕ ਆਈ। ਤੇ ਫ਼ਿਰ ਆਖਿਆ, ਤਿਆਰ ਹੋ ਕੇ ਨਾਸ਼ਤਾ ਕਰ ਲਾਂ। ਬੰਦਾ ਆਇਆ ਬੈਠਾ ਮੈਨੂੰ ਬਟਾਲਾ ਫਿਰਾਣ ਲਈ। ਮੈਂ ਛੇਤੀ ਨਹਾ ਧੋ ਨਾਸ਼ਤਾ ਕਰ ਸ਼ਹਿਰ ਟੁਰ ਗਿਆ। ਬੰਦੇ ਕੋਲ਼ ਸਕੂਟਰ ਸੀ ਤੇ ਸਕੂਟਰ ਈ ਹਰ ਥਾਂ ਜਾ ਸਕਦਾ ਸੀ। ਮੈਂ ਅਪਣਾ ਮੁਹੱਲਾ ਤੇ ਘਰ ਲੱਭਣਾ ਚਾਹੁੰਦਾ ਸਾਂ।

ਜਦ ਮੈਂ ਵੱਡਾ ਬਾਜ਼ਾਰ ਵੇਖਿਆ ਤੇ ਮੋਹਰੇ ਕਿਲ੍ਹਿਆਂ ਵਰਗਾ ਵੱਡਾ ਬੂਹਾ, ਜਿਹਦੇ ਇੱਕ ਪਾਸੇ ਸੀ ਸ਼ੇਰ ਤੇ ਇੱਕ ਪਾਸੇ ਘੋੜਾ। ਦੋਵੇਂ ਬੰਨੇ ਕਿਲ੍ਹੇ ਵਰਗੀਆਂ ਨਿੱਕੀਆਂ ਬੁਰਜੀਆਂ ਸਨ। ਸ਼ੇਰ ਤੇ ਘੋੜੇ ਵਿਚਕਾਰ ਇੱਕ ਵੱਡੀ ਸਾਰੀ ਘੜੀ ਲੱਗੀ ਹੋਈ। ਮਾਂ ਜਾਵਣ ਤੋਂ ਤਿੰਨ ਦਿਨ ਪਹਿਲਾਂ ਵਾਰ ਵਾਰ ਆਖਦੀ ਸੀ ਇੱਕ ਪਾਸੇ ਘੋੜਾ ਏ ਤੇ ਇੱਕ ਪਾਸੇ ਸ਼ੇਰ, ਇੱਕ ਪਾਸੇ ਘੋੜਾ ਏ, ਇੱਕ ਪਾਸੇ ਸ਼ੇਰ, ਇਹਦਾ ਭੇਤ ਵੀ ਅੱਜ ਖੁੱਲ੍ਹਣਾ ਸੀ।

ਉੱਚਾ ਟਿੱਬਾ ਤੇ ਭਾਈ ਦਾ ਵੇੜ੍ਹਾ। ਉੱਚਾ ਟਿੱਬਾ ਤਾਂ ਓਥੇ ਸੀ, ਪਰ ਭਾਈ ਦਾ ਵੇੜ੍ਹਾ ਵੇਲੇ ਦੀ ਧੂੜ ਵਿੱਚ ਗਵਾਚ ਗਿਆ ਸੀ। ਲਾਗੇ ਦੇ ਸਾਰੇ ਲੋਕ ਨਵੇਂ ਸਨ। ਸਿਆਲ਼ਕੋਟ ਦੇ ਸੁਨਿਆਰੇ। ਉਨ੍ਹਾਂ ਨੂੰ ਪਤਾ ਚੱਲਿਆ ਮੈਂ ਲਾਹੌਰ ਤੋਂ ਆਇਆਂ ਤੇ ਜੱਦੀ ਘਰ ਲੱਭਦਾਂ ਤੇ ਉਹ ਮੇਰੀ ਸੇਵਾ ਲਈ ਆਪਸ ਵਿੱਚ ਲੜਨ ਲੱਗ ਪਏ। "ਰੋਟੀ ਖਾ ਕੇ ਜਾਣਾ। ਅਸੀਂ ਜਾਣ ਨਹੀਂ ਦੇਣਾ।" ਅਖ਼ੀਰ ਮੈਂ ਇੱਕ ਹੱਟੀ ਬਹਿ ਉਨ੍ਹਾਂ ਨਾਲ਼ ਚਾਹ ਪੀਣ 'ਤੇ ਰਾਜ਼ੀ ਹੋ ਗਿਆ। ਅੰਦਰ ਹੋਰ ਕਹਾਣੀ ਤੁਰਦੀ ਪਈ ਸੀ, ਗੱਲਾਂ ਦਾ ਹੜ੍ਹ ਵਗੀ ਆਵੇ। ਮੈਂ ਇੱਕ

ਪਾਸੇ ਕੁੱਝ ਚਿਰ ਬਸ ਬਹਿਣਾ ਚਾਹੁੰਦਾ ਸਾਂ।

ਮੈਂ ਬੰਦੇ ਨੂੰ ਤੋਰ ਦਿੱਤਾ ਤੇ ਆਖਿਆ ਕੁੱਝ ਚਿਰ ਪਿੱਛੋਂ ਆ ਕੇ ਲੈ ਜਾਈਂ। ਉਸ ਆਖਿਆ: ਸਰਦਾਰ ਜੀ ਆਖਿਆ ਸੀ ਤੁਹਾਨੂੰ ਇਕੱਲਾ ਨਾ ਛੱਡਾਂ, ਨਾਲ਼-ਨਾਲ਼ ਰਹਵਾਂ, ਤੁਹਾਡੇ ਕੋਲ ਬਟਾਲੇ ਦਾ ਵੀਜ਼ਾ ਨਹੀਂ ਏ। ਹੈਂ ਇਹ ਤੇ ਮੈਂ ਸੋਚਿਆ ਈ ਨਹੀਂ ਸੀ। ਨਾਲ਼ ਈ ਮੈਨੂੰ ਗੈਸਟ ਹਾਊਸ ਦੇ ਚੌਕੀਦਾਰ ਦਾ ਖ਼ਿਆਲ ਆਇਆ। ਉਹ ਭਾਵੇਂ ਮੈਨੂੰ ਅੰਦਰ ਕਰਾ ਦੇ। ਪਈ ਮੈਂ ਰਾਤ ਬਾਹਰ ਰਿਹਾ ਆਂ। ਤੇ ਫ਼ਿਰ ਮੈਨੂੰ ਹੋਰ-ਹੋਰ ਖ਼ਿਆਲ ਆਉਣ ਲੱਗੇ, ਦੋਵਾਂ ਮੁਲਕਾਂ ਵਿਚਕਾਰ ਕੇਹਾ ਕੁੱਝ ਹੁੰਦਾ ਬੰਦਿਆਂ ਨਾਲ਼। ਸਾਡੀਆਂ ਸਰਕਾਰਾਂ ਦਾ ਸਾਰਾ ਜ਼ੋਰ ਸੀ ਬੰਦਿਆਂ ਨੂੰ ਮਿਲਣ ਨਹੀਂ ਦੇਣਾ, ਅਪਣੀਆਂ ਥਾਵਾਂ 'ਤੇ ਜਾਵਣ ਨਹੀਂ ਦੇਣਾ। ਫ਼ਿਰ ਮੈਂ ਸੋਚਿਆ ਵੇਖੀ ਜਾਊ, ਬਟਾਲਾ ਤਾਂ ਵੇਖ ਲਾਂ। ਖੌਰੇ ਮੁੜ ਕਦ ਆਉਣ ਹੋਵੇ। ਇਸ ਲਈ ਮੈਂ ਉਸ ਨੂੰ ਕਿਹਾ ਜਾ ਚਾਹ-ਚੂ ਪੀ ਲੈ ਤੇ ਮੈਨੂੰ ਕੁੱਝ ਚਿਰ ਕੱਲਾ ਛੱਡ ਦੇ। ਉਹ ਮੰਨ ਗਿਆ। ਮੈਂ ਬਾਜ਼ਾਰ ਵੇਖਣ ਲੱਗ ਪਿਆ।

ਪਹਿਲਾਂ ਤਾਂ ਮੈਨੂੰ ਲੱਗਾ ਪਈ ਐਵੇਂ ਇਸ ਥਾਂ ਲਈ ਤਰਸਦਾ ਰਿਹਾਂ। ਮੈਂ ਨਾ ਇਥੇ ਜੰਮਿਆ, ਨਾ ਕਦੀ ਰਿਹਾ, ਅੱਜ ਪਹਿਲੀ ਵਾਰ ਤੱਕਦਾ ਪਿਆਂ। ਮੇਰੇ ਲਈ ਇਥੇ ਕੀ ਏ ? ਮਾਪਿਆਂ ਦਾ ਰਿਸ਼ਤਾ ਸੀ, ਉਹ ਤੁਰ ਗਏ। ਕਹਾਣੀ ਮੁੱਕ ਗਈ। ਪਰ ਫ਼ਿਰ ਅਪਣੀ ਪੂਰੀ ਬਰਾਦਰੀ 'ਚੋਂ ਅਪਣੇ ਦਾਦੇ ਦੇ ਸੱਤ ਪੁੱਤਰਾਂ ਤੇ ਮੁੜ ਉਨ੍ਹਾਂ ਦੀ ਔਲਾਦ 'ਚੋਂ ਮੈਂ ਇਕੱਲਾ ਆਂ। ਸੌ ਤੋਂ ਵੱਧ ਜੀਆਂ ਵਿੱਚੋਂ ਜੋ ਅਪਣਾ ਜੱਦੀ ਘਰ ਵੇਖਣ ਆਇਆ। ਕੀ ਇਹ ਪਿੱਛੇ ਦੀ ਖਿੱਚ ਏ ? ਬੰਦਾ ਅਪਣਾ ਪਿੱਛਾ ਕਿਉਂ ਨਹੀਂ ਭੁੱਲਦਾ ? ਵਾਰ-ਵਾਰ ਕਿਉਂ ਪਰਤਣਾ ਚਾਹੁੰਦਾ ? ਉਹਨੂੰ ਰਹਿਣ ਕਿਉਂ ਨਹੀਂ ਦਿੱਤਾ ਜਾਂਦਾ ?

ਅਪਣੀ ਜੂਹ ਕਿਉਂ ਛੱਡਣੀ ਪੈ ਜਾਂਦੀ ? ਤੇ ਮੁੜ ਆਉਣ ਨਹੀਂ ਹੁੰਦਾ, ਵਾਰ ਦੀ ਇਹ ਕੀ ਸਜ਼ਾ ਅਸੀਂ ਭੁਗਤਦੇ ਪਏ ਆਂ। ਸਾਥੋਂ ਪੁੱਛੀ ਗਈ ਸੀ ਸਾਡੀ ਮਰਜ਼ੀ ?

ਕਦੀ ਦਾਦੇ ਬਾਰੇ ਸੋਚਦਾ, ਉਹਦੀ ਖ਼ਾਲੀ ਮੂਰਤ ਵਿੱਚ ਰੰਗ ਭਰਨ ਦੀ ਕਰਦਾ। ਅੱਸੀ ਨੱਬੇ ਵਰ੍ਹਿਆਂ ਪਿੱਛੋਂ ਹੁਣ ਕਿਹੜੇ ਰੰਗ ਭਰੇਂਗਾ। ਕਬਰਾਂ ਮੁੱਕ ਗਈਆਂ, ਕੋਈ ਪੱਥਰ, ਕੋਈ ਨਿਸ਼ਾਨ ਨਹੀਂ ਏ। ਨਾ ਤੇਰੇ ਦਾਦੇ ਦਾ ਨਾ, ਮਾਮੇ ਦਾ। ਗੱਲਾਂ ਤੇ ਯਾਦਾਂ ਸਨ ਜਿਹੜੀ ਮਾਂ ਸਾਰੀ ਉਮਰ ਸੁਣਾਂਦੀ ਰਹੀ, ਤੇ ਅਪਣੇ ਵਿਛੋੜੇ ਦੀ ਪੀੜ ਮੈਨੂੰ ਵੀ ਦੇ ਗਈ, ਯਾਦਾਂ ਦੀ ਧੁੱਖਣੀ ਮੇਰੇ ਚੇਤ ਅਚੇਤ ਵਿੱਚ ਧੁਖਾ ਗਈ।

ਇਸ ਸ਼ਹਿਰ ਵਿੱਚ ਮੇਰੇ ਲਈ ਕੁੱਝ ਵੀ ਨਹੀਂ। ਸਾਰਿਆਂ ਸ਼ਹਿਰਾਂ ਵਰਗਾ ਏ। ਕੁੱਝ ਖ਼ਾਸ ਨਹੀਂ। ਥਾਂ ਤਾਂ ਉਹੋ ਹੁੰਦੀ ਜਿੱਥੇ ਬੰਦਾ ਰਹਿੰਦਾ, ਨਹੀਂ, ਨਹੀਂ। ਸੁਫ਼ਨਿਆਂ ਵਿੱਚ ਹੋਰ ਹੋਰ ਥਾਵਾਂ ਦੇ ਮੁਹਾਂਦਰੇ ਕਿਉਂ ਆਂਦੇ, ਕੌਣ ਜਿਹਨੂੰ ਸਾਹ ਚੜ੍ਹਿਆ ਏ, ਚਿੱਟੇ ਲੀੜੇ ਪਾਏ ਨੱਸੀ ਨੱਸੀ ਜਾਂਦਾ ਪਿਆ ਏ, ਕਦੀ ਕਬਰ ਖੁਰੀ ਜਾਂਦੀ ਏ, ਕੁਸੁਫ਼ਨੇ ਕਿਉਂ ਆਂਦੇ ਬੰਦੇ ਨੂੰ ? ਸਾਨੂੰ ਕਿਹੜਾ ਕੁਸੁਫ਼ਨਾ ਖਾ ਗਿਆ, ਰੋਲ਼ ਗਿਆ। ਸੰਤਾਲ਼ੀ ਮੁੱਕਦਾ ਕਿਉਂ ਨਹੀਂ ?

ਸਭ ਕੱਝ ਛੱਡ ਕੇ ਵੀ ਲੱਗਦਾ ਕੁੱਝ ਛੱਡ ਨਹੀਂ ਹੋਇਆ। ਮਾਂ ਤੇਰਾਂ ਚੌਦਾਂ ਦੀ ਹੋਣੀ, ਜਦ ਉਸ ਪੀਰਾਂ ਬਾਗ਼ ਤੇ ਬਟਾਲਾ ਛੱਡਿਆ, ਪਰ ਲਾਹੌਰ ਰਹਿ ਕੇ ਓਥੇ ਈ ਰਹਿੰਦੀ

ਰਹੀ। ਉਸ ਕਈ-ਕਈ ਘੰਟੇ ਪਿੱਛੇ ਦੀਆਂ ਗੱਲਾਂ ਕਰਦਿਆਂ ਰਹਿਣਾ। ਰੱਜ ਨਹੀਂ ਹੁੰਦਾ ਸੀ। ਅਪਣੀ ਮਾਂ ਤੇ ਭੈਣਾਂ ਦੀ ਗੱਲ ਘੱਟ ਕਰਨੀ। ਬਹੁਤੀ ਪਿਓ ਦੀ ਗੱਲ ਕਰਨੀ ਜਿਹੜਾ ਇਕੱਲਾ ਬਚ ਕੇ ਆਇਆ ਸੀ ਜਾਂ ਫ਼ਿਰ ਮੋਏ ਭਰਾਵਾਂ ਦੀ।

ਮੈਂ ਹਰੇ ਮਜ਼ਾਰ ਅੱਪੜ ਗਿਆਂ। ਸੋਚਦਾ ਦੁਆ ਮੰਗ ਲਾਂ। ਮਜ਼ਾਰ ਜਿਊਂਦਾ ਏ। ਦੀਵਾ ਬੱਤੀ ਨਵੀਆਂ ਚੱਦਰਾਂ ਪਈਆਂ ਨੇ। ਮੈਂ ਮਜ਼ਾਰ ਨੂੰ ਚੁੰਮਣਾ ਤੇ ਮੱਥਾ ਲਾਉਣਾ। ਅਗਰਬੱਤੀਆਂ ਦੀ ਖ਼ੁਸ਼ਬੋਈ ਖਿੱਲਰੀ ਏ, ਹੌਲ਼ੀ-ਹੌਲ਼ੀ ਮਾਂ ਦੀ ਵਾਜ ਉਭਰਦੀ ਏ, ਅਪਣੀ ਕਹਾਣੀ ਕਰਦੀ ਪਈ ਏ।

ਪੀਰਾਂ ਬਾਗ਼ ਸੀ ਸਾਡਾ ਪਿੰਡ, ਗੁਰਦਾਸਪੁਰ ਸ਼ਹਿਰ ਤੋਂ ਇੱਕ ਮੀਲ। ਜਦੋਂ ਵੰਡਾਂ ਪਈਆਂ ਅਸੀਂ ਸਭ ਕੁੱਝ ਛੱਡ ਲਾਹੌਰ ਆਏ। ਉੱਥੇ ਬਾਗ਼ ਸੀ ਅੰਬਾਂ ਦਾ। ਮੀਆਂ ਜੀ ਗ਼ੁਲਾਮ ਫ਼ਰੀਦ ਦੀ ਹੱਟੀ ਸੀ, ਮਾਂ ਜ਼ੈਨਬ। ਦਸ ਵੀਹ ਘਰ ਸਿੱਖਾਂ ਦੇ, ਦੱਸ ਵੀਹ ਘਰ ਈਸਾਈਆਂ ਦੇ, ਦੱਸ ਵੀਹ ਘਰ ਮੁਸਲਮਾਨਾਂ ਦੇ। ਕਿਸੇ ਕਿਸੇ ਦੀ ਜ਼ਮੀਨ ਹੈਗੀ ਸੀ। ਚੰਗੇ ਪੀਰ ਸਨ। ਉਰਸ ਹੋਣਾ, ਮੇਲਾ ਹੋਣਾ। ਗੁਰਦਾਸਪੁਰੋਂ ਕੱਵਾਲ ਆਨੇ।

"ਪੀਰਾਂ ਦਿਆ ਪੀਰਾ, ਸੱਚ ਦਿਆ ਪੀਰਾ ਪਰਦੇ ਕਜ ਦਿਆ ਪੀਰਾ" ਮੇਰਾ ਭਰਾ ਮਿਲਾਦ ਸ਼ਰੀਫ਼ ਪੜ੍ਹਦਾ ਸੀ, "ਰੱਬਾ ਦੇਸਾਂ ਥਈ ਉਹ ਸੁਹਣਾ, ਜਿਹਨੂੰ ਢੂੰਡੀ ਫਿਰੀ ਨਗਰੀ ਨਗਰੀ।"

ਸਾਡੇ ਘਰ ਘੋੜੀ ਸੀ, ਮੱਝ ਰੱਖੀ ਹੋਈ ਸੀ। ਕਨਾਲ ਦੋ ਕਨਾਲ ਦਾ ਘਰ। ਗਾਂ ਸੀ। ਘਰ ਦੇ ਦੋ ਕਮਰੇ ਸਨ। ਇੱਕ ਵਿੱਚ ਮਾਲ ਡੰਗਰ ਬੰਨ੍ਹਦੇ, ਇੱਕ ਵਿੱਚ ਸੌਂਦੇ। ਮੇਰੇ ਮੀਆਂ ਜੀ ਇਮਾਮ ਮਸਜਿਦ ਸਨ ਤੇ ਈਦ ਦੀ ਨਮਾਜ਼ ਉਨ੍ਹਾਂ ਕਿਸੇ ਪਿੰਡ ਵਿੱਚ ਪੜ੍ਹਾਈ ਸੀ, ਜਿਹਦਾ ਨਾਂ ਖੋਖਰ ਸੀ ਜੀਹਦੋਂ ਅਸਾਂ ਘਰ ਛੱਡਿਆ। ਮੇਰੀ ਇੱਕ ਵੱਡੀ ਭੈਣ ਮਾਸੀ ਵੱਲ ਬਟਾਲੇ ਵਿਆਹੀ ਹੋਈ ਸੀ (ਜਿਹੜੀ ਮੇਰੀ ਦਾਦੀ ਸੀ)। ਮੇਰੇ ਨਾਨਕੇ ਬਟਾਲੇ ਸਨ। ਮੈਂ ਇੱਕ ਮਹੀਨਾ ਪਹਿਲਾਂ ਬਟਾਲੇ ਆਈ ਹੋਈ ਸਾਂ। ਮੇਰਾ ਬਾਪ ਮੈਨੂੰ ਛੱਡ ਗਿਆ ਸੀ।

ਉਹ ਇਧਰ ਆ ਫ਼ੌਤ ਹੋਈ। ਮੈਂ ਅਪਣੇ ਉਸ ਭਰਾ ਤੋਂ ਜਿਹੜਾ ਸ਼ਹੀਦ ਹੋਇਆ ਪੰਜ ਸਾਲ ਛੋਟੀ ਸਾਂ। ਐਲਾਨ ਹੋਇਆ ਤੀਸਰੇ ਦਿਨ ਪੈ ਜਾਣਾ।

ਮੇਰੇ ਭਰਾ ਪੀਰਾਂ ਬਾਗ਼ ਈਦ ਦੀ ਨਮਾਜ਼ ਪੜ੍ਹਾਈ।

ਪਾਕਿਸਤਾਨ ਬਣਿਆ, ਸਿੱਖਾਂ ਕਿਹਾ ਤੀਸਰੇ ਦਿਨ: ਉੱਠ ਜਾਓ। ਓਥੇ ਸ਼ਾਹਵਾਂ ਦਾ ਘਰ ਸੀ। ਉਨ੍ਹਾਂ ਸਾਰਿਆਂ ਨੂੰ ਕਨਾਲ ਕਨਾਲ ਜ਼ਮੀਨਾਂ ਦਿੱਤੀਆਂ ਹੋਈਆਂ ਸਨ। ਸ਼ਾਹਵਾਂ ਮੇਰੇ ਭਰਾ ਨੂੰ ਕਿਹਾ: "ਤੂੰ ਸਾਡੇ ਘਰ ਆ ਜਾ, ਜ਼ਨਾਨੀਆਂ ਇਕੱਲੀਆਂ ਨੇ, ਅਸਾਂ ਗੁਰਦਾਸਪੁਰੋਂ ਟਰੱਕ ਤੇ ਮਿਲਟਰੀ ਲੈ ਕੇ ਆਨੇ ਆਂ।"

ਜਦ ਅਸਾਂ ਘਰ ਛੱਡਿਆ। ਕੁੱਕੜੀ ਅੰਡੇ ਦਿੱਤੇ ਹੋਏ ਸਨ। ਦੋ ਕੁੱਕੜੀਆਂ ਹਲਾਲ ਵੀ ਕੀਤੀਆਂ ਹੋਈਆਂ ਸਨ। ਆਟਾ ਗੁੰਨ੍ਹਿਆਂ ਹੋਇਆ ਸੀ।

ਕੱਪੜੇ ਧੋ ਕੇ ਸੁੱਕਣੇ ਪਾਏ ਹੋਏ ਸਨ। ਦੁੱਧ ਕੜ੍ਹਨੇ ਰੱਖਿਆ ਹੋਇਆ ਸੀ। ਕਣਕਾਂ ਦੀਆਂ ਬੋਰੀਆਂ ਸਨ। ਇੱਕ ਪਾਸੇ ਸਾਗ।

ਸਿੱਖ ਆ ਗਏ। ਪਹਿਲਾਂ ਉਨ੍ਹਾਂ ਮੇਰੇ ਭਰਾ ਨੂੰ ਕਿਹਾ ਤੂੰ ਗ਼ੁਲਾਮ ਫ਼ਰੀਦ ਦਾ

ਪੁੱਤਰ ਐਂ ਅਸੀਂ ਤੈਨੂੰ ਨਹੀਂ ਮਾਰਨਾ ਚਾਹੁੰਦੇ, ਤੂੰ ਨੱਸ ਜਾ। ਪਰ ਜਦ ਉਹ ਤੀਜੇ ਦਿਨ ਆਏ ਮੇਰਾ ਭਰਾ ਓਥੇ ਈ ਸੀ ਪੀਰਾਂ ਦੇ ਘਰ ਜਿਥੇ ਨਿਰੀਆਂ ਜ਼ਨਾਨੀਆਂ ਫਸ ਗਈਆਂ ਸਨ। ਮਰਦ ਗੁਰਦਾਸਪੁਰ ਟਰੱਕ ਤੇ ਮਿਲਟਰੀ ਲੈਣ ਗਏ ਹੋਏ ਸਨ। ਉਨ੍ਹਾਂ ਨੂੰ ਖੌਰੇ ਸੂਹ ਲੱਗ ਗਈ। "ਆਖਿਆ ਬਾਹਰ ਆ ਜਾ ਨਹੀਂ ਤਾਂ ਛੱਤ ਪਾੜ ਦੇਣੀ।" ਜਦ ਹਮਲਾ ਹੋਇਆ, ਉਹ ਇਕੱਲਾ ਸੀ ਜਿਹੜਾ ਉਨ੍ਹਾਂ ਨੂੰ ਟੱਕਰਿਆ।

ਉਹਨੇ ਬੂਹਾ ਖੋਲ੍ਹਿਆ, ਇੱਕ ਤਲਵਾਰ ਇਥੇ ਲੱਗੀ, ਇੱਕ ਓਥੇ ਲੱਗੀ। ਅਖ਼ੀਰ ਉਹਦੀ ਧੌਣ ਉੱਤੇ ਵੱਜੀ ਤੇ ਉਹ ਵੇੜ੍ਹੇ ਵਿੱਚ ਸ਼ਹੀਦ ਹੋ ਗਿਆ। ਸਾਰੇ ਲੁਕੇ-ਛੁਪੇ ਨਿਕਲੇ। ਉਨ੍ਹਾਂ ਔਰਤਾਂ ਨੱਪ ਲਈਆਂ ਤੇ ਲੈ ਕੇ ਤੁਰ ਪਏ। ਮੈਂ ਖ਼ਾਬ ਵਿੱਚ ਵੇਖਿਆ, ਊਠ ਨੂੰ ਜ਼ਿਬ੍ਹਾ ਕਰਦੇ ਪਏ ਸਨ। ਉਸ ਚਿੱਟੀ ਧੋਤੀ ਤੇ ਚਿੱਟਾ ਕੁਰਤਾ ਪਾਇਆ ਹੋਇਆ ਸੀ। ਉਹ ਹਮੇਸ਼ ਇਹੋ ਲਿਬਾਸ ਪਾਉਂਦਾ ਸੀ। ਭਾਵੇਂ ਉਸ ਮੁਨਸ਼ੀ ਫ਼ਾਜ਼ਲ ਅਰਬੀ ਫ਼ਾਜ਼ਲ ਵੀ ਕੀਤਾ ਹੋਇਆ ਸੀ।

ਔਰਤਾਂ ਨੂੰ ਲੈ ਜਾਂਦੇ ਪਏ ਸਨ, ਰਸਤੇ ਵਿੱਚ ਮਿਲਟਰੀ ਮਿਲ਼ ਪਈ। ਮਿਲਟਰੀ ਨੇ ਔਰਤਾਂ ਵਾਪਸ ਲਈਆਂ। ਮੇਰਾ ਬਾਪ ਲੁਕਿਆ ਹੋਇਆ ਸੀ ਈਸਾਈਆਂ ਦੇ ਘਰ। ਖੱਲਾਂ ਦੀਆਂ ਬੋਰੀਆਂ ਪਿੱਛੇ ਲੁਕ ਕੇ ਬਚ ਗਏ। ਮੁੜ ਉਹ ਘਰ ਆਏ, ਦੁੱਧ ਪੀਤਾ। ਮੈਂ ਮਿੱਟੀ ਦੇ ਗ਼ੱਲੇ ਵਿੱਚ ਚਾਂਦੀ ਦੇ ਰੁਪਏ ਰੱਖੇ ਹੋਏ ਸਨ ਓਥੇ ਰਹਿ ਗਏ। ਸੋਨਾ ਨਾ ਲੈ ਕੇ ਆਏ, ਜ਼ੇਵਰ ਰੱਖਿਆ ਹੋਇਆ ਸੀ ਕੰਧਾਂ ਵਿੱਚ ਲੁਕੋ ਕੇ। ਬਸ ਦੋ ਜੋੜੇ ਕੱਪੜੇ ਲਿਆਏ। ਹੋਰ ਕੁੱਝ ਵੀ ਨਾ ਲਿਆਏ। ਜਿੰਦਰੇ ਮਾਰ ਖੌਰੇ ਪਤਾ ਨਹੀਂ ਕਿਵੇਂ ਲਾਹੌਰ ਅੱਪੜੇ ਤੇ ਮੁੜ ਦੋ-ਚਾਰ ਵਰ੍ਹਿਆਂ ਪਿੱਛੋਂ ਪੁੱਤਰ ਦੇ ਗ਼ਮ ਵਿੱਚ ਮੈਨੂੰ ਇਕੱਲੇ ਛੱਡ ਤੁਰ ਗਏ।

ਮੀਆਂ ਜੀ ਨੇ ਸਾਰੇ ਮੁਹੱਲੇ ਨੂੰ ਕੁਰਆਨ ਸ਼ਰੀਫ਼ ਪੜ੍ਹਾਇਆ ਸੀ। ਸਾਡੇ ਘਰ ਅੱਗੇ ਬਹੁਤ ਵੱਡਾ ਬੋਹੜ ਸੀ। ਸਾਰਾ ਦਿਨ ਕੁੜੀਆਂ ਬੈਠੀਆਂ ਰਹਿੰਦੀਆਂ ਸਨ। ਨਾਲ਼ੇ ਬੁਣਨੇ, ਕਢਾਈਆਂ ਕਰਨੀਆਂ, ਬੜਾ ਇਤਫ਼ਾਕ ਸੀ। ਖੂਹ ਚਲਦਾ ਸੀ। ਪੀਰਾਂ ਦੀ ਧੀ ਚਰਖ਼ਾ ਲੈ ਕੇ ਆਂਦੀ ਸੀ। ਬੇਰੀ, ਅਨਾਰ ਤੇ ਸ਼ਹਿਤੂਤ ਦੇ ਰੁੱਖ ਹੁੰਦੇ ਸਨ। ਧਰੇਕਾਂ ਲੱਗੀਆਂ ਹੁੰਦੀਆਂ ਸਨ। ਤੇਰੇ ਨਾਨਾ ਜੀ ਬੜੇ ਜਵਾਨ ਸਨ, ਲੋਹੇ ਵਰਗੇ। ਆਟਾ ਪਿਸਾ ਕੇ ਲਿਆਣਾ, ਦੋ ਬੋਰੀਆਂ ਇਧਰ, ਦੋ ਬੋਰੀਆਂ ਉਧਰ, ਘੋੜੀ ਉੱਤੇ।

ਮਾਂ ਦੀਆਂ ਗੱਲਾਂ ਚੇਤੇ ਕਰਦਾ ਮੈਂ ਬਾਜ਼ਾਰ ਦੇ ਅਖ਼ੀਰ ਅੱਪੜ ਜਾਨਾਂ। ਮੁੜ ਪਰਤਨਾ ਤੇ ਮੇਰਾ ਦਿਲ ਅਚਨਚੇਤ ਸੱਖਣਾ ਹੋ ਜਾਂਦਾ, ਦਿਮਾਗ਼ ਖ਼ਾਲੀ ਤੇ ਹੌਲ ਪੈਣ ਲੱਗਦਾ, ਮੈਂ ਛੇਤੀ-ਛੇਤੀ ਬਾਜ਼ਾਰ ਦੀ ਚੜ੍ਹਾਈ ਉਤਰਦਾ ਹਾਂ। ਅਪਣੇ ਘਰ ਦਾ ਪੁੱਛਦਾ ਆਂ। ਉੱਚਾ ਟਿੱਬਾ, ਭਾਈ ਦਾ ਵੇੜ੍ਹਾ। ਕੋਈ ਉਘ-ਸੁੱਘ ਨਹੀਂ ਮਿਲ਼ਦੀ। ਮੈਂ ਐਵੇਂ ਗਲ਼ੀਆਂ ਵਿੱਚ ਭੌਂਦਾ ਫਿਰਦਾ। ਘਰ ਬਹੁਤੇ ਪੁਰਾਣੇ ਨੇ। ਕਈਆਂ ਅੱਗੇ ਮਲਬੇ ਵੀ ਪਏ ਨੇ। ਨਾਨਕਸ਼ਾਹੀ ਇੱਟਾਂ ਦੀਆਂ ਕੰਧਾਂ, ਜਿਨ੍ਹਾਂ ਦੀਆਂ ਝੀਥਾਂ ਵਿੱਚੋਂ ਜਿਵੇਂ ਸਦੀਆਂ ਲੱਜ ਮਾਰੀਆਂ ਝਾਤੀ ਪਾਵਨ ਡਰਦੀਆਂ ਹੋਵਣ। ਗਲ਼ੀਆਂ ਉਹੋ ਨੇ, ਵੇਲਾ ਰਾਹੋਂ ਕੁਰਾਹੇ ਹੋ ਗਿਆ ਏ, ਬੰਦੇ ਥਾਉਂ ਕੁਥਾਈਂ ਹੋ ਗਏ, ਘਰ ਉਹੋ ਨੇ, ਵਸਨੀਕ ਬਦਲ ਗਏ ਨੇ।

ਪੁਰਾਣੀ ਟਾਹਲੀ ਦੇ ਬੰਦ ਬੂਹਿਆਂ ਨੂੰ ਅਜੇ ਵੀ ਸੰਗਲੀ ਦੇ ਕੁੰਡੇ ਲੱਗੇ ਨੇ।

ਚੁਬਾਰੇ ਉੱਤੇ ਲੱਕੜੀ ਦੀਆਂ ਮਲੂਕ ਉੱਕਰੀਆਂ ਝਾਲੀਆਂ ਟੁੱਟਦੀਆਂ ਪਈਆਂ ਨੇ। ਮੈਂ ਮਜ਼ਾਰ ਕੋਲ ਅੱਪੜ ਜਾਣਾ।

ਮੈਨੂੰ ਲਿਆਇਆ ਬੰਦਾ ਉਡੀਕਦਾ ਪਿਆ। "ਘਰ ਨਹੀਂ ਮਿਲ਼ਿਆ," ਮੈਂ ਉਸ ਨੂੰ ਕਹਿਨਾਂ, "ਚੱਲੀਏ ?"

ਮਿਲ਼ ਵੀ ਗਿਆ ਤੇ ਨਹੀਂ ਵੀ ਮਿਲ਼ਿਆ। ਮੈਂ ਉੱਚੀ ਅਪਣੇ ਦਾਦੇ ਇਲਮ ਦੀਨ ਤੇ ਮਾਮੇ ਹਮੀਦ ਨੂੰ ਰੱਬ ਰਾਖਾ ਆਖਦਾ ਆਂ। ਮੈਂ ਉੱਤੇ ਵੇਖਣਾ, ਬੱਦਲਾਂ ਦੇ ਕਾਲ਼ੇ ਚਿੱਟੇ ਟੋਟੇ ਚੁੱਪ ਖਲੋਤੇ ਨੇ, ਨੀਲ ਆਸਮਾਨ ਪਿੱਛੇ ਸੂਰਜ ਧੁੱਪ ਛਾਂ ਦੀ ਖੇਡ ਲਾਈ ਬੈਠਾ ਏ। ਫੱਗਣ ਹੈ ਈ ਧੁੱਪ ਛਾਂ ਦੀ ਲੁਕਣਮੀਟੀ।

ਮੈਂ ਸਕੂਟਰ ਉੱਤੇ ਬਹਿ ਪਰਤ ਆਨਾ।

ਸਰਦਾਰ ਜੀ ਮੈਨੂੰ ਉਡੀਕਦੇ ਪਏ ਨੇ। ਦੁਪਹਿਰ ਦਾ ਖਾਣਾ ਤਿਆਰ ਏ।

ਉਨ੍ਹਾਂ ਦੇ ਘਰ ਮੇਰੀ ਇੱਕ ਬੀਬੀ ਨਾਲ਼ ਵੀ ਮਿਲਣੀ ਹੁੰਦੀ ਏ। ਹੈਂ ? ਇਹ ਤਾਂ ਸਗਵੀਂ ਮੇਰੀ ਵੱਡੀ ਭੈਣ ਵਰਗੀ ਏ ਤੇ ਜਦ ਉਹ ਕਹਿੰਦੀ ਏ: "ਉਹ ਕਿਲ੍ਹਾ ਦੇਸਾ ਸਿੰਘ ਰਹਿੰਦੀ ਏ।" ਮੈਂ ਹੋਰ ਦੁਖੀ ਹੋ ਜਾਂਦਾ ਆਂ। ਉਂਜ ਵਰਗਾ ਈ ਮੁਹਾਂਦਰਾ, ਮਾੜੀ ਤੇ ਪਤਲੀ ਜਿਹੀ, ਸਗੋਂ ਵਾਜ ਵੀ ਇੰਜ ਈ। ਮੈਂ ਕਿੰਨੀ ਦੇਰ ਉਸ ਨਾਲ਼ ਗੱਲਾਂ ਕਰਦਾ ਰਿਹਾ। ਇਸ ਗੱਲੋਂ ਨਿਹਾਲ ਪਈ ਉਹ ਮੇਰੇ ਦਾਦੇ ਪਿੰਡ ਕਿਲ੍ਹਾ ਦੇਸਾ ਸਿੰਘ ਦੀ ਏ, ਤੇ ਇਹ ਭੁੱਲ ਗਿਆ ਜਿਥੋਂ ਅੱਸੀ ਵਰ੍ਹੇ ਪਹਿਲਾਂ ਬੰਦੇ ਇੱਕ ਸਵੇਰ ਦਾਦੇ ਦੀ ਲਾਸ਼ ਬਟਾਲੇ ਦਾਦੀ ਦੇ ਘਰ ਛੱਡ ਤੁਰ ਗਏ ਸਨ ਤੇ ਉਹ ਝੱਲੀ ਹੋ ਗਈ ਸੀ। ਮੈਨੂੰ ਅੱਜ ਵੀ ਚੇਤੇ ਉਸ ਗੂੜ੍ਹੀ ਪੀਲ਼ੇ ਰੰਗ ਦੀ ਚੱਦਰ ਲਈ ਹੋਈ ਸੀ ਤੇ ਵਾਲ਼ਾਂ ਵਿੱਚ ਧੌਲ਼ੇ ਸਨ। "ਮੈਨੂੰ ਇਨ੍ਹਾਂ ਦੱਸਿਆ, ਤੁਸੀਂ ਲਾਹੌਰੋਂ ਆਏ ਓ ਅਪਣੇ ਪੁਰਖਿਆਂ ਦੀ ਥਾਂ ਵੇਖਣ, ਮੈਂ ਕਿਹਾ ਮਿਲ਼ਦੀ ਜਾਵਾਂ।" ਜਦ ਮੈਂ ਦੱਸਿਆ ਸਾਡਾ ਪਿੰਡ ਕਿਲ੍ਹਾ ਦੇਸਾ ਸਿੰਘ ਸੀ, ਉਹ ਖਹਿੜੇ ਪੈ ਗਈ ਪਈ ਚਲੋ ਮੇਰੇ ਨਾਲ਼ ਨੇੜੇ ਈ ਹੈ। ਪਰ ਮੈਂ ਹੁਣ ਪਰਤਨਾ ਚਾਹੁੰਦਾ ਸੀ, ਬਟਾਲੇ ਦਾ ਵੀਜ਼ਾ ਤਾਂ ਹੈ ਨਹੀਂ ਸੀ, ਬਟਾਲਾ ਵੇਖ ਲਿਆ ਬਹੁਤ ਸੀ ਤੇ ਰੋਟੀ ਖਾਵਣ ਪਿੱਛੋਂ ਬੱਸ ਉੱਤੇ ਬਹਿ ਅੰਬਰਸਰ ਪਰਤ ਆਇਆ। ਪੌਣੇ ਘੰਟੇ ਦਾ ਰਾਹ ਸੀ ਤੇ ਅੰਬਰਸਰ ਤੋਂ ਅੱਗੇ ਅੱਧ ਘੰਟਾ ਲਾਹੌਰ ਤੇ ਮੇਰੇ ਦਾਦੇ ਦੇ ਸੱਤ ਪੁੱਤਰਾਂ ਵਿੱਚੋਂ ਕੋਈ ਵੀ ਕਦੇ ਨਾ ਮੁੜ ਪਰਤ ਸਕਿਆ, ਸਾਰੇ ਸਹਿਕਦੇ ਤੁਰ ਗਏ।

xxx

ਗੈਸਟ ਹਾਊਸ ਅਪੜਦੇ ਸ਼ਾਮ ਹੋ ਜਾਂਦੀ ਏ। ਮੀਂਹ ਕਣੀ ਦਾ ਫ਼ਿਰ ਸਮਾਂ ਜਿਹਾ ਬੰਨ੍ਹਦਾ ਜਾਪਦਾ। ਉਹਨੂੰ ਵੇਖ ਮੈਂ ਅਸਲੋਂ ਡਰ ਜਾਨਾ ਵਾਂ, ਭਾਵੇਂ ਹੁਣੀ ਪੁਲਿਸ ਬੁਲਾ ਲੈ ਮੈਂ ਰਾਤ ਕਿੱਥੇ ਰਿਹਾ ਆਂ। ਪਰ ਉਹ ਮੈਨੂੰ ਵੇਖ ਝਬ ਅੱਗੇ ਹੁੰਦਾ ਏ ਤੇ ਸਤਿ ਸ੍ਰੀ ਅਕਾਲ ਕਹਿ ਹੱਥ ਮਿਲਾਂਵਦਾ ਏ। ਮੈਨੂੰ ਅਚੰਭਾ ਹੁੰਦਾ ਏ ਉਹਦਾ ਹੱਥ ਨਿੱਘਾ ਏ। "ਚੰਗੀ ਰਹੀ ਫੇਰੀ ਬਟਾਲੇ ਦੀ, ਵੇਖ ਲਈਆਂ ਅਪਣੀਆਂ ਥਾਵਾਂ, ਅਪਣੇ ਵਡਕਿਆਂ ਦੇ ਘਰ, ਭਾਗਾਂ ਵਾਲਾਂ ਐਂ ਤੂੰ ਤੈਨੂੰ ਇਹ ਨਸੀਬ ਹੋਇਆ।" ਉਸ ਇੱਕੋ ਸਾਹੇ ਸਾਰੀ ਗੱਲ ਕਰ ਦਿੱਤੀ। "ਕੱਲ੍ਹ ਵਾਪਸੀ।" "ਹਾਂ, ਸਵੇਰੇ ਦਸ ਵਜੇ ਨਿਕਲ ਜਾਣਾ।" ਉਹ ਖੌਰੇ ਹੋਰ ਵੀ ਗੱਲਾਂ

ਕਰਨਾ ਚਾਹੁੰਦਾ ਸੀ, ਪਰ ਮੈਂ ਗੈਸਟ ਹਾਊਸ ਦੀਆਂ ਪੌੜੀਆਂ ਚੜ੍ਹ ਗਿਆ। ਸੂਹ ਲੈਂਦਾ ਏ ਮਿੱਠਾ ਮਿੱਠਾ ਬਣ ਕੇ, ਸਾਰੀ ਗੱਲ ਦਾ ਪਤਾ ਏ ਇਹਨੂੰ। ਪੱਕਾ ਜਸੂਸ ਏ, ਮਰਵਾ ਨਾ ਦੇ। ਕੱਲ੍ਹ ਮੈਂ ਸ਼ੈਰੀਂ ਨਿਕਲ਼ ਜਾਵਾਂ। ਸੋਚਦਾ ਰਿਹਾ ਮੈਂ।

ਅਪਣੇ ਕਮਰੇ ਮੈਂ ਬਿਸਤਰੇ ਉੱਤੇ ਡਿੱਗ ਕੇ ਛੇਤੀ ਸੌਂ ਗਿਆ। ਥਕੇਵਾਂ ਸੀ ਸਾਰੇ ਦਿਨ ਦਾ। ਪਤਾ ਨਹੀਂ ਕਿੰਨਾ ਚਿਰ ਹੋ ਗਿਆ, ਮੁੜ ਬੂਹਾ ਖਟਕਿਆ ਤੇ ਬਾਹਰ ਗੈਸਟ ਹਾਊਸ ਦਾ ਮੁਲਾਜ਼ਮ ਸੀ। ਆਖਣ ਲੱਗਾ: "ਆਪ ਕੇ ਫ਼ੋਨ ਆਤੇ ਰਹੇ ਸਾਰਾ ਦਿਨ, ਆਪ ਮਿਲੇ ਹੀ ਨਹੀਂ। ਰਾਤ ਕੋ ਭੀ ਨਹੀਂ ਆਏ। ਅਬ ਮੈਂ ਨੇ ਹੋਲਡ ਕਰਾਇਆ ਹੈ ਫ਼ੋਨ, ਆਪ ਬਾਤ ਕਰਲੇਂ।" ਮੈਂ ਮੂੰਹ ਤੇ ਛਿੱਟਾ ਮਾਰਿਆ ਤੇ ਥੱਲੇ ਫ਼ੋਨ ਸੁਣਨ ਆ ਗਿਆ। ਬਾਹਰ ਮੀਂਹ ਪਈ ਜਾਂਦਾ ਸੀ ਹੌਲ਼ੀ ਹੌਲ਼ੀ। ਅੱਗੋਂ ਹਰਮਿੰਦਰ ਬੋਲਦਾ ਹੋਵੇ। ਆਖਣ ਲੱਗਾ: "ਮੈਂ ਹੁਣ ਨਹੀਂ ਆ ਸਕਦਾ। ਮੀਂਹ ਪੈਂਦਾ ਏ। ਨਾਲੇ ਤੂੰ ਥੱਕਿਆ ਏਂ। ਆਪਾਂ ਤੈਨੂੰ ਬਾਡਰ ਛੱਡਣ ਆਵਾਂਗੇ। ਇੱਕ ਦਿਨ ਹੋਰ ਰਹਿ ਲੈਂਦੋਂ।" ਮੈਂ ਦੱਸਿਆ, "ਪਰਸੋਂ ਵੀਜ਼ਾ ਮੁੱਕ ਜਾਣਾ। ਹਰ ਹਾਲ ਜਾਣਾ ਪੈਣਾ ਮੈਨੂੰ। ਫ਼ਿਰ ਸਹੀ।" ਮੈਨੂੰ ਤਾਂ ਖ਼ਿਆਲ ਈ ਨਹੀਂ ਸੀ ਉਹ ਕੁੱਝ ਵਰ੍ਹਿਆਂ ਪਿੱਛੋਂ ਸਣੇ ਟੱਬਰ ਦੇ ਕਾਰ ਹਾਦਸੇ ਵਿੱਚ ਸਦਾ ਲਈ ਵਿਛੜ ਜਾਏਗਾ ਤੇ ਸਾਡਾ ਕਦੀ ਮੇਲ਼ ਨਹੀਂ ਹੋਏਗਾ।

ਰਾਤ ਦੇ ਨੌਂ ਵੱਜ ਗਏ ਸਨ। ਮੈਂ ਦੋ ਤਿੰਨ ਘੰਟੇ ਸੁੱਤਾ ਰਿਹਾ ਸਾਂ। ਹੁਣ ਨੀਂਦ ਕਿੱਥੇ ਆਣੀ। ਮੁਲਾਜ਼ਮ ਨੇ ਖਾਣਾ ਲਾ ਦਿੱਤਾ। ਮੈਂ ਗੈਸਟ ਹਾਊਸ ਦੇ ਗੇਟ ਕੋਲ ਈ ਪਈਆਂ ਕੁਰਸੀਆਂ ਉੱਤੇ ਬਹਿ ਖਾਣਾ ਖਾਂਦਾ ਰਿਹਾ। ਬਾਹਰ ਮੀਂਹ ਦੀ ਕਿਣਮਿਣ ਲੱਗੀ ਹੋਈ ਸੀ। ਮੈਨੂੰ ਉਹ ਨਜ਼ਰੀਂ ਨਾ ਪਿਆ। ਹਮੇਸ਼ ਮੈਨੂੰ ਉਹ ਸਾਹਮਣੇ ਗੈਰਾਜ ਵਿੱਚ ਬੈਠਾ ਜਾਂ ਖਲੋਤਾ ਨਜ਼ਰੀਂ ਆਉਂਦਾ ਸੀ। ਟੇਨ-ਸ਼ਨ, ਸਾਫ਼ ਸੁੱਥਰੀ ਵਰਦੀ ਵਿੱਚ। ਅਜਬ ਜਿਹਾ ਰੁਅਬ ਤੇ ਭੇਤ ਸੀ ਉਹਦੇ ਵਰਤਾਰੇ ਵਿੱਚ। ਬੰਦਾ ਉਸ ਨੂੰ ਅੱਖੋਂ-ਪਰੋਖੇ ਵੀ ਨਹੀਂ ਕਰ ਸਕਦਾ ਸੀ ਤੇ ਅੱਖਾਂ ਵਿੱਚ ਵੀ ਨਹੀਂ ਰੱਖ ਸਕਦਾ ਸੀ। ਮੈਂ ਤਾਂ ਜਦ ਦਾ ਆਇਆਂ ਸਾਂ ਉਹਦੇ ਸਹਿਮ ਵਿੱਚ ਈ ਸਾਂ।

ਖਾਣਾ ਚਾਹ ਸੁੱੜਕਦਾ ਮੈਂ ਮੀਂਹ ਦੀ ਇੱਕ ਸਾਰ ਬਣੀ ਤਾਰ ਨੂੰ ਈ ਤੱਕਦਾ ਰਿਹਾ। ਕਿੰਨਾ ਮੀਂਹ ਪੈਣਾ। ਮੀਂਹ ਨਾ ਹੁੰਦਾ ਤੇ ਬਾਹਰੋਂ ਜਾ ਘਰੀਂ ਫ਼ੋਨ ਈ ਕਰ ਲੈਂਦਾ। ਫ਼ਿਰ ਖ਼ਿਆਲ ਆਇਆ ਲਾਹੌਰ ਫ਼ੋਨ ਨਹੀਂ ਹੋ ਸਕਦਾ। ਕੋਈ ਨਹੀਂ ਸਵੇਰੇ ਵੇਖੀ ਜਾਊ। ਮੇਰੇ ਚਾਹ ਪੀਂਦੇ ਨੂੰ ਪਤਾ ਨਹੀਂ ਉਹ ਕਿੱਥੋਂ ਨਿਕਲ਼ ਆਇਆ। ਬੜੀ ਚਾਹਤ ਨਾਲ਼ ਹੱਥ ਮਿਲਾਇਆ ਤੇ ਕਿੰਨੀ ਦੇਰ ਫੜੀ ਰੱਖਿਆ। ਉਹਦੇ ਹੱਥ ਦੀ ਨਿੱਘੀ ਛੂਹ ਨੇ ਮੇਰੇ ਸ਼ੱਕ ਦੀ ਕੰਧ ਵਿੱਚ ਮਘੋਰਾ ਕਰ ਦਿੱਤਾ। ਵਰਦੀ ਲਾਹ ਉਹ ਹੁਣ ਆਮ ਕੱਪੜਿਆਂ ਵਿੱਚ ਸੀ। "ਆਪਾਂ ਅੱਜ ਛੁੱਟੀ ਕਰ ਲਈ। ਮੈਂ ਆਖਿਆ ਅੱਜ ਅਪਣੇ ਲਾਹੌਰੀਏ ਨਾਲ਼ ਬੈਠਾਂਗੇ। ਮੈਂ ਤੁਹਾਡੇ ਜੋਗਾ ਸਾਮਾਨ ਵੀ ਰੱਖਿਆ ਹੋਇਆ। ਮੈਨੂੰ ਪਤਾ ਲਾਹੌਰੀਏ ਦਾਰੂ ਨੂੰ ਸਾਮਾਨ ਕਹਿੰਦੇ।" ਫ਼ਿਰ ਮੇਰੇ ਹੱਥ 'ਤੇ ਹੱਥ ਮਾਰ ਕੇ ਉੱਚੀ ਹੱਸਿਆ ਤੇ ਉਸਦਾ ਹਾਸਾ ਸਾਰੇ ਹਾਲ ਵਿੱਚ ਖਿਲਰ ਗਿਆ। ਮੁਲਾਜ਼ਮ ਕੱਪ ਚੁੱਕਣ ਆਇਆ ਤੇ ਮੈਂ ਕਿਹਾ ਇੱਕ ਹੋਰ ਚਾਹ ਲਿਆ। ਪਰ ਉਸ ਡੱਕ ਦਿੱਤਾ। ਆਖਣ ਲੱਗਾ: "ਤੁਸੀਂ ਚਲੋ ਕਮਰੇ ਵਿੱਚ ਮੈਂ ਆਉਂਦਾ

ਹੁਣੀ। ਮੇਰਾ ਅੱਜ ਦੀ ਰਾਤ ਪੀਣ ਦਾ ਕੋਈ ਦਿਲ ਨਹੀਂ ਸੀ।"

ਪਰ ਹੁਣ ਕੀ ਹੋ ਸਕਦਾ ਸੀ। ਪਰ ਮੇਰਾ ਉਸ ਉੱਤੇ ਵਸਾਹ ਨਾ ਬਣੇ ਪਿਆ। ਉਹਦੀ ਖੁੱਲ੍ਹਦਿਲੀ ਨੇ ਮੇਰੇ ਸ਼ੱਕ ਤੇ ਬੇਵਸਾਹੀ ਵਿੱਚ ਤਰੇੜ ਤਾਂ ਪਾ ਦਿੱਤੀ, ਪਰ ਕੰਧ ਓਥੇ ਈ ਸੀ। ਮੈਂ ਐਵੇਂ ਇਸ ਉੱਤੇ ਸ਼ੱਕ ਕਰਦਾ ਰਿਹਾ, ਡਰਦਾ ਰਿਹਾ। ਇਹ ਤਾਂ ਇੰਝ ਦਾ ਨਹੀਂ ਏ। ਪਰ ਫ਼ਿਰ ਵੀ ਕੀ ਪਤਾ, ਖੌਰੇ ਮੈਨੂੰ ਟੁੰਨ ਕਰਕੇ ਭੇਤ ਲੈਣਾ ਚਾਹੁੰਦਾ ਹੋਵੇ। ਮੈਂ ਜੱਕੋ-ਤੱਕੀ ਵਿੱਚ ਫਸਿਆ ਉੱਤੇ ਅਪਣੇ ਕਮਰੇ ਆ ਗਿਆ। ਉਹ ਝਬਦੇ ਆ ਗਿਆ ਮੇਰੇ ਪਿੱਛੇ। ਨਾਲ਼ ਈ ਮੁਲਾਜ਼ਮ ਵੀ ਹੱਥ ਵਿੱਚ ਪਤਾ ਨਹੀਂ ਕਈ ਕੁੱਝ ਫੜੀ ਆ ਗਿਆ। "ਯਾਰ ਤੂੰ ਤਾਂ ਇੰਨਾ ਖ਼ਰਚਾ ਕਰ ਦਿੱਤਾ।" "ਜੇ ਤੂੰ ਇਧਰ ਦਾ ਐਂ ਤੇ ਮੈਂ ਉਧਰ ਦਾ ਆਂ। ਅਸੀਂ ਬਡਾਨਾ ਪਿੰਡ ਦੇ ਆਂ ਜਿਹੜਾ ਬਾਡਰ ਲਾਗੇ ਪਿੰਡ ਏ। ਜਦ ਉਜਾੜੇ ਪਏ ਮੈਂ ਮਾਂ ਦੀ ਕੁੱਖ ਵਿੱਚ ਸਾਂ। ਮੇਰੇ ਤਿੰਨ ਭਰਾ ਤੇ ਦੋ ਭੈਣਾਂ ਸਨ। ਇਥੋਂ ਦਾ ਜਵਾਲਾ ਸਿੰਘ ਵੀ ਸੀ ਜਿਹੜਾ ਰਣਜੀਤ ਸਿੰਘ ਦਾ ਜਰਨੈਲ ਸੀ। ਇਥੇ ਕੁੱਝ ਸਾਡੇ ਭਰਾ ਜ਼ਮੀਨਾਂ ਬਚਾਉਣ ਲਈ ਮੁਸਲਮਾਨ ਹੋ ਗਏ, ਉਹ ਅੱਜ ਵੀ ਓਥੇ ਰਹਿੰਦੇ ਪਏ ਨੇ। ਅੱਧੇ ਇਧਰ ਆ ਗਏ। ਪਿਓ ਮੇਰੇ ਸਾਨੂੰ ਤਾਂ ਤੋਰ ਦਿੱਤਾ ਸਾਡੇ ਤਾਏ ਵੱਲ ਜਿਹੜਾ ਅੰਬਰਸਰ ਸੀ ਤੇ ਆਪ ਬੈਠਾ ਰਿਹਾ ਅਖ਼ੀਰਲੇ ਵੇਲੇ ਤੀਕ। ਨਾ ਪਿੰਡ ਛੱਡੇ ਨਾ ਘਰ। ਮੱਝਾਂ ਨਾਲ਼ ਸੌਂਏਂ। ਕਹਿੰਦਾ ਇਹ ਮੇਰੇ ਪੁਰਖਿਆਂ ਦੀ ਥਾਂ ਮੈਂ ਕਿਉਂ ਛੱਡਾਂ। ਨਾਲੇ ਪਤਾ ਨਾ ਲੱਗੇ ਸਾਡਾ ਪਿੰਡ ਕਿਧਰ ਪੈਣਾ, ਇਧਰ ਕਿ ਉਧਰ। ਏਨੀ ਛੇਤੀ ਵੰਡਾਂ ਪੈ ਗਈਆਂ। ਵਰ੍ਹਿਆਂ-ਬੱਧੀ ਨਾਲ਼ ਰਹਿੰਦੇ ਉਖੜ ਹੋ ਗਏ। ਉਹੋ ਹੋਇਆ ਜਦ ਪਤਾ ਲੱਗਾ ਸਾਡਾ ਪਿੰਡ ਪਾਕਿਸਤਾਨ ਵਿੱਚ ਤੇ ਰਾਤੀਂ ਹਮਲਾ ਹੋ ਗਿਆ।"

ਉਸ ਮੇਰੇ ਹੱਥ ਗਲਾਸ ਫੜਾਇਆ: "ਤੇਰੇ ਬਟਾਲੇ ਤੇ ਮੇਰੇ ਬਡਾਨੇ ਦੇ ਨਾਂ!" ਤੇ ਅਪਣਾ ਇੱਕੋ ਡੀਕ ਖ਼ਾਲੀ ਕਰ ਦਿੱਤਾ। ਉਹਦੀਆਂ ਅੱਖਾਂ ਭਿੱਜ ਗਈਆਂ ਸਨ ਤੇ ਉਸ ਮੇਰਾ ਹੱਥ ਫੜ ਲਿਆ। "ਭਾਈਆ, ਮੈਂ ਰਿਟਾਇਰ ਫ਼ੌਜੀ ਹਾਂ। ਅੱਜ ਪਹਿਲੀ ਵਾਰ ਮੈਂ ਉੱਧਰਲੇ ਪੰਜਾਬੀ ਨਾਲ਼ ਬੈਠਾਂ। ਤੂੰ ਮੇਰੇ ਸ਼ਹਿਰ ਦਾ ਐਂ। ਜਦ ਮੁਲਾਜ਼ਮ ਉੱਚੀ ਦੱਸਿਆ ਤੂੰ ਪਾਕਿਸਤਾਨੋਂ, ਮੇਰਾ ਲਹੂ ਤੱਤਾ ਹੋ ਗਿਆ ਸੀ। ਤੇਰੇ ਵਰਗਿਆਂ ਈ ਮੇਰੇ ਪਿਓ ਤੇ ਚਾਚਿਆਂ ਨੂੰ ਮਾਰਿਆ ਹੋਣਾ। ਮਾਰਨਾ ਕਿਸੇ ਨੇ ਕਾਹਨੂੰ ਸੀ। ਲੋਭ ਖਾ ਗਿਆ, ਜ਼ਮੀਨਾਂ, ਮਾਲ, ਧੰਗਾਨ ਕਬਜ਼ਿਆਂ ਦਾ ਤੇ ਨਾਂ ਦੇ ਦਿੱਤਾ ਧਰਮ ਦਾ। ਪਰ ਜਦ ਮੈਨੂੰ ਪਤਾ ਲੱਗਾ ਤੂੰ ਲਾਹੌਰ ਦਾ, ਬਦੋਬਦੀ ਤੈਨੂੰ ਮਿਲਣ ਦਾ ਚਾਅ ਚੜ੍ਹਦਾ ਗਿਆ। ਸਾਂਝੀਆਂ ਮਿੱਟੀਆਂ ਦੇ ਮੋਹ ਨੂੰ ਕੌਣ ਡੱਕੇ ? ਵਿੱਚ-ਵਿੱਚ ਲਹੂ ਵੀ ਤੱਤਾ ਹੋਣ ਲਗਦਾ। ਪਰ ਹੁਣ ਮੈਂ ਨਚਿੰਤ ਆਂ, ਸ਼ਾਂਤ। ਲਾਹੌਰ ਵੇਖਣ ਦਾ ਬੜਾ ਚਾਅ ਹੈ। ਅਪਣੇ ਪਿੰਡ ਜਾਵਾਂ ਜਿਵੇਂ ਤੂੰ ਹੋ ਆਇਆਂ ਐਂ, ਬਟਾਲੇ। ਭਾਗਾਂ ਆਲ਼ਾ ਐਂ। ਉਹਨੇ ਦੱਸਿਆ 65 ਦੀ ਲੜਾਈ ਵਿੱਚ ਉਹ ਅਪਣੇ ਪਿੰਡ ਆ ਵੜਿਆ ਸੀ ਫ਼ੌਜਾਂ ਨਾਲ਼, ਅਪਣਾ ਘਰ ਵੀ ਵੇਖਿਆ ਸੀ ਪਰ ਉਸ ਕੋਲ਼ੋਂ ਗੋਲੀ ਨਹੀਂ ਚਲੀ ਸੀ ਲਾਹੌਰ ਵੱਲ ਕਰਕੇ, ਮੇਰਾ ਸ਼ਹਿਰ ਮੈਥੋਂ ਗੋਲ਼ੀ ਕਿਵੇਂ ਚੱਲਣੀ ਸੀ ?"

ਅਸੀਂ ਫ਼ਿਰ ਪਤਾ ਨਹੀਂ ਕਿੰਨੀ ਦੇਰ ਗੱਲਾਂ ਕਰਦੇ ਰਹੇ। ਦੁੱਖ ਫੋਲ਼ਦੇ ਰਹੇ, ਫ਼ੋਨ ਨੰਬਰ ਲਏ ਪਰ ਸਭ ਐਵੇਂ ਸੀ, ਆਣਾ ਮਿਲਣਾ ਕਿਹੜਾ ਸੌਖਾ।

ਟੁੰਨ ਹੋ ਉਹ ਮੈਨੂੰ ਜੱਫੀਆਂ ਪਾਂਦਾ ਚੁੰਮਦਾ ਸੌਣ ਚਲਾ ਗਿਆ ਸੀ। ਪਤਾ ਨਹੀਂ ਕਿਹੜੇ ਵੇਲੇ ਤੇ ਨਾ ਮੈਨੂੰ ਕੋਈ ਸੁਰਤ ਸੀ।

ਸਵੇਰੇ ਈ ਹਰਦਿਆਲ ਅੱਪੜ ਗਿਆ। ਰਾਤੀਂ ਜਿਹਦੇ ਨਾਲ਼ ਗੱਲਾਂ ਮਾਰੀਆਂ ਸਨ। ਮੇਰਾ ਸਾਰਾ ਸਾਮਾਨ ਨਾਂਹ-ਨਾਂਹ ਕਰਦੇ ਨੇ ਹੇਠਾਂ ਲਾਹਿਆ। ਦੱਸ ਵਜੇ ਹਰਮਿੰਦਰ ਅਪਣੇ ਪੁੱਤਰ ਨਾਲ਼ ਅੱਪੜ ਗਿਆ। ਬਾਹਰ ਗੈਸਟ ਹਾਊਸ ਦੇ ਲਾਅਨ ਵਿੱਚ ਨਿਖਰੀ ਧੁੱਪ ਲਿਸ਼ਕੇ ਪਈ। ਰਾਤੀਂ ਈ ਕਿੱਥੇ ਮੀਂਹ ਮੁੱਕਿਆ ਤੇ ਫੱਗਣ ਦੀ ਹਵਾ ਦਾ ਸੁਆਦ। ਹਰਦਿਆਲ ਮੈਨੂੰ ਘੁੱਟ ਜੱਫੀ ਪਾਈ: "ਚੰਗਾ ਰੱਬ ਰਾਖਾ, ਸਤਿ ਸ੍ਰੀ ਅਕਾਲ।" ਉਹਦੀਆਂ ਅੱਖਾਂ ਧੁੱਪ ਵਿੱਚ ਲਿਸ਼ਕਣ ਪਈਆਂ। ਮੈਂ ਨੀਝ ਲਾਈ ਉਹਦੀਆਂ ਅੱਖਾਂ ਤਾਂ ਸ਼ਰਬਤੀ ਸਨ, ਮੈਂ ਰੱਤੀਆਂ ਸਮਝ ਡਰਦਾ ਰਿਹਾ। ਪਰ ਮੈਨੂੰ ਐਵੇਂ ਲੱਗਿਆ ਉਹਦੇ ਅੱਖ ਬੰਨਿਆਂ ਵਿੱਚ ਗਿਲ ਏ।

×××

ਬਾਡਰ ਪਾਰ ਕਰਦੇ ਮੇਰੀ ਧੁੱਪ ਦੀ ਇੱਕ ਟੁਕੜੀ ਹਰਦਿਆਲ ਦੇ ਖੀਸੇ ਰਹਿ ਗਈ, ਜਿਵੇਂ ਉਹਦੇ ਨਿੱਘੇ ਹੱਥ ਦੀ ਯਾਦ। ਮੈਨੂੰ ਜਾਂਦੇ ਸਿਆਲ਼ ਦੀ ਠੰਢ ਜਿਹੀ ਲੱਗੀ। ਅਮਲੇ ਦੇ ਵਰਤਾਰੇ ਸਭ ਕੁੱਝ ਸੁਫ਼ਨਾ ਬਣਾ ਦਿੱਤਾ। ਤੇ ਸੁਫ਼ਨਿਆਂ ਵਿੱਚ ਏ ਸਭੋ ਰਹਿ ਗਿਆ।

ਲਾਹੌਰ ਮੁੜ ਮੈਨੂੰ ਸੁਫ਼ਨੇ ਆਂਦੇ ਰਹਿੰਦੇ ਨੇ ਤੇ ਪਤਾ ਨਹੀਂ ਚਲਦਾ ਪਈ ਇਹ ਕ੍ਰਿਸ਼ਨ-ਨਗਰ ਦੀਆਂ ਗਲੀਆਂ ਹਨ ਜਾਂ ਟਾਲੇ ਦੀਆਂ।

ਪਰ ਇੱਕ ਸੁਫ਼ਨਾ ਮੈਨੂੰ ਬਟਾਲਿਓਂ ਆਇਆਂ ਨੂੰ ਕਈ ਦਿਨ ਆਉਂਦਾ ਰਿਹਾ।

ਬਟਾਲੇ ਦਾ ਬਾਜ਼ਾਰ ਏ, ਇੱਕ ਪਾਸੇ ਸ਼ੇਰ ਏ। ਇੱਕ ਪਾਸੇ ਘੋੜਾ, ਇੱਕ ਸੱਤਾਂ ਅੱਠਾਂ ਵਰ੍ਹਿਆਂ ਦੀ ਕੁੜੀ ਜਿਸ ਮਹਿੰਦੀ ਰੰਗਾਂ ਸੂਟ ਪਾਇਆ ਉੱਚੇ ਟਿੱਬੇ ਵੱਲ ਭੱਜੀ ਜਾਂਦੀ ਏ, ਰਾਹ ਵਿੱਚ ਇੱਕ ਪਾਸੇ ਮੈਨੂੰ ਸਾਰੇ ਚਾਚੇ ਤੇ ਤਾਇਆ ਦਿੱਸਦੇ ਨੇ, ਸਾਰਿਆਂ ਚਿੱਟੇ ਕੁਰਤੇ ਤੇ ਲੱਕਦੀਆਂ ਬੱਧੀਆਂ ਨੇ ਤੇ ਉਹ ਹੁੱਕਾ ਪਏ ਪੀਂਦੇ ਨੇ, ਇਹੋ ਹੁੱਕਾ ਮੈਂ ਬਾਲਪਣ ਵਿੱਚ ਭਖਾਇਆ ਕਰਦਾ ਸਾਂ। ਪੀਂਦਾ ਵੇਖ ਮੈਂ ਹੁੱਕਾ ਸਿਆਣ ਲੈਂਦਾ ਆਂ। ਉਹਦਾ ਚਾਂਦੀ ਰੰਗਾ ਪੈਂਦਾ ਲਿਸ਼ਕ ਰਿਹਾ ਏ। ਸਾਰੇ ਗੋਲ਼ ਦਾਇਰੇ ਵਿੱਚ ਬੈਠੇ ਨੇ; ਪਰ ਇੱਕ ਬੰਦਾ ਖਲੋਤਾ, ਅਪਣਾ ਹੱਥ ਲੱਕ ਦੀ ਲੜ ਉੱਤੇ ਰੱਖੀ, ਸਾਰਿਆਂ ਨੂੰ ਨਮੀ ਮੁਸਕਾਨ ਨਾਲ਼ ਨੀਝੀਂ ਤੱਕਦਾ ਪਿਆ ਏ। ਜਿਵੇਂ ਇਹ ਦਾਦਾ ਈ ਹੋਣਾ। ਉਹਦੇ ਮੁਹਾਂਦਰੇ ਦਾ ਝੌਲ਼ਾ ਜਿਹਾ ਪੈਂਦਾ, ਕੋਲ਼ ਹੋਰ ਜ਼ਨਾਨੀਆਂ ਤੇ ਹੋਰ ਜੀ ਵੀ ਨੇ, ਐਵੇਂ ਇੱਕ ਛਿਣ ਦਾਦੀ ਤੇ ਵੱਡੀਆਂ ਭੈਣਾਂ ਵੀ ਦਿਸਦੀਆਂ; ਸਾਰੀਆਂ ਨੇ ਸਿਰ ਦੁਪੱਟੇ ਨਾਲ਼ ਕੱਜੇ ਹੋਏ ਤੇ ਕੱਸ ਕੇ ਗੁੱਤਾਂ ਬਣੀਆਂ ਹੋਈਆਂ। ਫ਼ਿਰ ਉਹ ਅਲੋਪ ਹੋਈ ਜਾਂਦੀਆਂ, ਬਾਲੜੀ ਬਾਜ਼ਾਰ ਵਿੱਚ ਨੱਸੀ ਜਾਂਦੀ ਤੇ ਮੇਰੇ ਕੋਲੋਂ ਦੀ ਵੀ ਲੰਘ ਜਾਂਦੀ ਤੇ ਕਿਸੇ ਪਾਸੇ ਨਹੀਂ ਤੱਕਦੀ, ਨੱਸਦੀ ਨੱਸਦੀ ਦੂਰ ਹੋਈ ਜਾਂਦੀ, ਤੇ ਮੁੜ ਜਾਪੇ ਜਿਵੇਂ ਹਵਾ ਵਿੱਚ ਉੱਡ ਕੇ ਅਲੋਪ ਹੋ ਗਈ ਏ, ਪਖੇਰੂ ਵਾਂਗ।

# ਵੇਲੇ ਦੀ ਸਾਖੀ

- ਅਮਰਜੀਤ ਚੰਦਨ

ਲਾਹੌਰ ਦਾ ਗੀਤ ਹੈ, ਜਿਸ ਵਿੱਚ ਕੋਈ ਪੁੱਛਦਾ ਹੈ: ਮੈਨੂੰ ਦੱਸ ਖਾਂ ਸ਼ਹਿਰ ਲੌਰ ਅੰਦਰ, ਕਿੰਨੇ ਬੂਹੇ ਤੇ ਕਿੰਨੀਆਂ ਬਾਰੀਆਂ ਨੇ ? – ਅੱਗੋਂ ਜਵਾਬ ਮਿਲ਼ਦਾ ਹੈ: ਜਿਨ੍ਹਾਂ ਬਾਰੀਆਂ ਵਿੱਚੋਂ ਮਾਸ਼ੂਕ ਤੱਕਣ, ਓਹੋ ਸ਼ਹਿਰ ਲੌਰ ਦੀਆਂ ਬਾਰੀਆਂ ਨੇ !

ਇਹੀ ਗੀਤ ਜ਼ੁਬੈਰ ਅਹਿਮਦ ਦੀ ਕਹਾਣੀ 'ਮੀਂਹ ਬੂਹੇ ਤੇ ਬਾਰੀਆਂ' ਦਾ ਮੁੱਖੜਾ ਹੈ। ਗੀਤ ਵਿੱਚ ਮੀਂਹ ਨਹੀਂ ਪੈਂਦਾ। ਕਹਾਣੀ ਵਿੱਚ ਤੇ ਪਈ ਜਾਂਦਾ ਏ ਤੇ ਬਾਤ ਪਾਣ ਵਾਲ਼ਾ ਬਾਰੀ 'ਚ ਬੈਠਾ ਕਿਹੜੀਆਂ ਸੋਚਾਂ 'ਚ ਪਿਆ ਹੋਇਆ ਏ।

ਮੀਂਹ ਵੇਲਾ ਹੈ। ਇਹ ਵੀ ਕੋਈ ਰੱਬ ਵਰਗਾ ਗੋਰਖ ਧੰਦਾ ਹੈ, ਜਿਹਨੂੰ ਜਾਣਨ ਦੇ ਬੰਦੇ ਨੇ ਹੁਣ ਤਾਈਂ ਹੀਲੇ ਤਾਂ ਬੜੇ ਕੀਤੇ ਨੇ, ਪਰ ਜਾਣ ਨਹੀਂ ਸਕਿਆ। ਬੰਦਾ ਚੌਖਟੇ ਥਾਣੀਂ ਜਗ-ਤਮਾਸ਼ਾ ਦੇਖੀ ਜਾਂਦਾ ਹੈ, ਦੇਖੀ ਜਾਂਦਾ ਹੈ ਤੇ ਕਥਾ ਵਾਚਕ ਸਾਹ ਲੈਂਦਿਆਂ ਘੜੀ-ਮੁੜੀ ਆਖਦਾ ਹੈ: ਮੀਂਹ ਪਈ ਜਾਂਦਾ ਏ ਤੇ ਮੈਂ ਬਾਰੀ ਚੋਂ ਤੱਕੀ ਜਾਨਾਂ। ਬੂਹਿਆਂ ਦਾ ਵੇਰਵਾ ਗੀਤ ਚ ਨਹੀਂ। ਬੂਹਿਆਂ ਥਾਣੀਂ ਵੀ ਤਾਂ ਮਾਸ਼ੂਕ ਈ ਲੰਘਦੇ ਹਨ; ਚੋਰੜੇ ਕਮਾਉਂਦੇ।

ਪੰਜਾਬ ਦੇ ਕਿਸੇ ਸ਼ਹਿਰ ਦੀ ਪੰਜਾਬੀ 'ਚ ਲਿਖੀ ਇਹ ਪਹਿਲੀ ਕਹਾਣੀ ਹੈ। ਪਹਿਲੋਂ ਸੁਰਿੰਦਰ ਸਿੰਘ ਨਰੂਲੇ ਨੇ ਸ਼ਹਿਰ ਅਮ੍ਰਿਤਸਰ ਖ਼ਾਸ ਦਾ ਨਾਵਲ ਲਿਖਿਆ ਸੀ। ਪ੍ਰੇਮ ਪ੍ਰਕਾਸ਼ ਦੀਆਂ ਕਹਾਣੀਆਂ ਪਿੰਡੋਂ ਆ ਕੇ ਸ਼ਹਿਰ ਦੀਆਂ ਨਵੀਆਂ ਬਸਤੀਆਂ ਚ ਵੱਸੇ ਬੰਦੇ ਦੀਆਂ ਕਹਾਣੀਆਂ ਹਨ। ਜਲੰਧਰ ਅਮ੍ਰਿਤਸਰ ਖ਼ਾਸ ਦੇ ਲਿਖਾਰੀ ਉਪੇਂਦ੍ਰਨਾਥ ਅਸ਼ਕ ਤੇ ਮੋਹਨ ਰਾਕੇਸ਼ ਹੋਏ ਹਨ, ਪਰ ਉਹ ਹਿੰਦੀ ਵਲ ਦੇ ਸੀ। ਵੇਦ ਮਹਿਤੇ ਨੇ ਲਹੌਰ ਖ਼ਾਸ ਦੀਆਂ ਅੰਗਰੇਜ਼ੀ ਚ ਬਾਤਾਂ ਪਾਈਆਂ ਹਨ। ਉਰਦੂ ਚ ਇਸ ਸ਼ਹਿਰ ਬਾਰੇ ਬਹੁਤੇਰੇ ਲਿਖ ਚੁੱਕੇ ਹਨ। ਉਸਤਾਦ ਦਾਮਨ ਨੇ ਅਪਣੇ ਸ਼ਹਿਰ ਦੀ ਕੋਈ ਨਜ਼ਮ ਕਿਉਂ ਨਾ ਸੀ ਲਿਖੀ ?

ਜ਼ੁਬੈਰ ਅਹਿਮਦ ਦੀ ਇਹ ਕਹਾਣੀ ਉਸ ਪੰਜਾਬੀ ਫ਼ਿਲਮ ਦੀ ਇਬਾਰਤ ਹੈ, ਜਿਹੜੀ ਹਾਲੇ ਬਣੀ ਨਹੀਂ। ਇਹ ਸਉਣ ਮਹੀਨੇ ਦੇ ਮੀਂਹ ਦੀ ਨੀਲੀ-ਨੀਲੀ ਭਾਅ ਮਾਰਦੀ ਕਾਲ਼ੀ-ਚਿੱਟੀ ਤਸਵੀਰ ਹੈ, ਜਿਹੜੀ ਹਾਲੇ ਕਿਸੇ ਚਿਤੇਰੇ ਨੇ ਬਣਾਈ ਨਹੀਂ। ਸਉਣ ਦੇ ਤਿੰਨ ਰਾਗ ਹਨ – ਦੇਵ, ਮੇਘ ਤੇ ਮਲ੍ਹਾਰ। ਸੰਗੀਤਾਚਾਰੀਆ ਭਾਤਖੰਡੇ ਦਸਦਾ ਹੈ- ਮਲ੍ਹਾਰ ਸ਼ਬਦ ਦਾ ਅਰਥ ਹੈ: ਮਲ ਹਰਨ ਵਾਲ਼ਾ, ਮੈਲ਼ ਧੋਣ ਵਾਲ਼ਾ। ਛੱਤਾਂ, ਚੁਬਾਰਿਆਂ, ਪੜਛੱਤੀਆਂ, ਕੰਧਾਂ ਤੇ ਪਰਨਾਲ਼ਿਆਂ ਰਾਹੀਂ ਪਾਣੀ ਡਿਗਦਾ ਪਿਆ ਏ, ਵਗਦਾ ਪਿਆ ਏ,

ਡਿਗੀ ਜਾਂਦਾ ਏ, ਵਗੀ ਜਾਂਦਾ ਏ। ਧੋਈ ਜਾਂਦਾ ਏ ਸਾਡੀ ਗਲ਼ੀ। ਮਿੱਟੀ, ਗ਼ਾਰ, ਕੱਖ ਤੇ ਗੰਦ ਸਭੇ ਜਾਂਦਾ ਏ ਰੋੜ੍ਹੀ।

ਕਥਾਵਾਚਕ ਬਾਰੀ ਚ ਬੈਠਾ ਏ ਤੇ ਤੱਕੀ ਜਾਂਦਾ ਏ, ਤੱਕੀ ਜਾਂਦਾ ਏ। ਲੋਕ ਬਾਣੀ ਕਹਿੰਦੀ ਹੈ: ਨਿੱਕੀ-ਨਿੱਕੀ ਕਣੀ ਦਾ ਮੀਂਹ ਵਰਸੇਂਦਾ। ਗੁਰਬਾਣੀ ਆਖਦੀ ਹੈ: ਲੰਮੀ-ਲੰਮੀ ਨਦੀ ਬਹੈ। ਤਾਕੀ ਚੋਂ ਦਿਸਦਾ ਪੈਂਦਾ ਮੀਂਹ ਬਾਬੇ ਫ਼ਰੀਦ ਵਾਲ਼ੀ ਲੰਮੀ ਨਦੀ - ਦੁੱਖਾਂ ਦੀ ਨਦੀ- ਚ ਮਿਲਣ ਲਈ ਹਾਲੇ ਅਪਣੇ ਪੰਧ ਪਿਆ ਹੀ ਹੈ। ਦੇਖੀਏ, ਇਹਦਾ ਕੀ ਹਸ਼ਰ ਹੋਣਾ ਹੈ ?

ਕਥਾਵਾਚਕ ਰਿਆਜ਼ ਡਾਕੀਏ ਦੀ ਗੱਲ ਕਰਦਾ ਏ, ਜਿਹਦੇ ਕੋਲ਼ੋਂ ਨਵੇਂ ਡਾਕੀਏ ਪੁਰਾਣੇ ਪਤਿਆਂ 'ਤੇ ਆਈਆਂ ਚਿੱਠੀਆਂ ਦਾ ਆ ਕੇ ਪੁੱਛਦੇ ਨੇ। ਰਿਆਜ਼ 'ਕੱਲਾ ਰਹਿੰਦਾ ਏ ਤੇ ਰੋਟੀ ਟੁੱਕਰ ਆਪ ਪਕਾਂਦਾ ਏ। ਉਹਦੇ ਧੌਲ਼ੇ ਨੇ, ਉਹ ਬੀਮਾਰ ਏ। ਜਾਪਦਾ ਏ, ਉਹ ਵੇਲਿਓਂ ਬਾਹਰ ਏ। ਸਗੋਂ ਉਹ ਵੇਲਿਓਂ ਬਾਹਰ ਹੋ ਕੇ ਲੰਘਦੇ ਵੇਲੇ ਨੂੰ ਤੱਕਦਾ ਰਹਿੰਦਾ ਏ। ਕਈ ਵਰ੍ਹਿਆਂ ਤੋਂ ਚੁਪ-ਚੁਪੀਤਾ ਬੈਠਾ ਤੱਕੀ ਜਾਂਦਾ ਏ। ਕੈਰਮ ਬੋਰਡ ਖੇਡਦਿਆਂ ਨੂੰ, ਬਸੰਤ ਵੇਲੇ ਪਤੰਗਾਂ ਨੂੰ, ਬਾਜ਼ੀ ਲੱਗੇ ਕਬੂਤਰਾਂ ਨੂੰ, ਗਲ਼ੀ ਵਿੱਚੋਂ ਲੰਘਦੀ ਖ਼ਲਕਤ ਨੂੰ ਉਹ ਤੱਕੀ ਜਾਂਦਾ ਏ, ਤੱਕੀ ਜਾਂਦਾ ਏ। ਉਹਦੇ ਭਾਣੇ ਨਾ ਵੇਲਾ ਲੰਘਦਾ ਏ, ਨਾ ਘਟਦਾ ਏ। 'ਘਟਣਾ' ਇਥੇ ਚਮਕਾ-ਦਮਕਾ ਅਲੰਕਾਰ ਹੈ। ਘਟਣਾ ਨਿਰਾ ਘਟ ਹੋਣਾ ਹੀ ਨਹੀਂ, ਇਹ ਵਾਪਰਨਾ ਵੀ ਹੈ।

ਕਥਾਵਾਚਕ ਜਵਾਨੀ ਵਾਰੇ ਵਾਲ਼ਾ ਰਿਆਜ਼ ਹੈ। ਇਹਦਾ ਵੀ ਇਹੀ ਹਸ਼ਰ ਹੋਣੈ। ਇਹ ਆਪ ਵੀ ਹੁਣ ਕਿਹੜਾ ਵੇਲਿਓਂ ਬਾਹਰਾ ਨਹੀਂ। ਇਹ ਆਪ ਵੀ ਤਾਂ ਬਾਰੀ ਵਿੱਚੋਂ ਲੰਘਦੇ ਵੇਲੇ ਨੂੰ ਤੱਕੀ ਜਾਂਦਾ ਏ, ਤੱਕੀ ਜਾਂਦਾ ਏ। ਫ਼ਰਕ ਏਨਾ ਕੁ ਹੈ ਕਿ ਰਿਆਜ਼ ਕਿਸੇ ਕੋਲ਼ ਬਾਬੁਰਦਾ ਨਹੀਂ। ਕਥਾਵਾਚਕ ਬੋਲੀ ਜਾਂਦਾ ਹੈ; ਬੜਬੋਲਾ ਜੁ ਹੈ। ਇਹ ਗੱਲਾਂ ਕਿਹਨੂੰ ਸੁਣਾਉਂਦੈ ? ਅੱਗੋਂ ਕੋਈ ਸੁਣਦਾ ਵੀ ਹੈ ?

ਮੈਂ ਸੁਣਦਾ ਹਾਂ, ਹੋਰ ਕੋਈ ਸੁਣੇ ਨਾ ਸੁਣੇ। ਇਹ ਤਾਂ ਇਹਨੇ ਮੇਰੇ ਮੂੰਹੋਂ ਫੜੀਆਂ ਹਨ। ਲਹੌਰ ਦਾ ਮੋਤੀ ਦਰਵਾਜ਼ਾ, ਅਮ੍ਰਿਤਸਰ ਦੀ ਲੂਣ ਮੰਡੀ, ਜਲੰਧਰ ਦਾ ਪੰਜ ਪੀਰ ਅਤੇ ਮੇਰੇ ਨਕੋਦਰ ਦਾ ਮੁਹੱਲਾ ਟੰਡਨਾਂ ਸਾਰੇ ਇੱਕੋ ਜਿਹੇ ਨੇ; ਬਹੁਤੇ ਵੱਖਰੇ ਨਹੀਂ। ਓਹੀ ਲੋਕ, ਓਹੀ ਮੁਹਾਂਦਰੇ, ਓਹੀ ਬੋਲੀ। ਪਰ ਹਰ ਜਣਾ ਨਿਆਰਾ ਹੈ; ਨਿਆਰੇ ਨੈਣ-ਨਕਸ਼; ਹਰ ਜੀਅ ਕੋਈ ਹੋਰ ਬੋਲੀ ਬੋਲਦਾ ਹੈ। ਮੈਂ ਇਹੀ ਗੱਲਾਂ ਨਕੋਦਰ ਅਪਣੇ ਘਰ ਬਾਰੀ ਚ ਬੈਠਿਆਂ ਅਪਣੇ ਆਪ ਨਾਲ਼ ਕੀਤੀਆਂ ਸਨ। ਪਰ ਮੇਰੇ ਵੇਲੇ ਓਥੇ ਕੋਈ ਮੁਸਲਮਾਨ ਨਹੀਂ ਸੀ ਵਸਦਾ। ਸਾਡੇ ਘਰ ਦੇ ਸਾਹਮਣੇ ਸਾਈਂ ਬਾਹਮਣ ਨੇ ਮੁਸਲਮਾਨਾਂ ਦੇ ਬੂਹੇ ਸਾਰਖੇ ਚੋਰੀ ਕਰਕੇ ਅਪਣੇ ਘਰ ਚ ਲਾਏ ਹੋਏ ਸੀ। ਮੀਂਹ ਓਹੀ ਹੈ। ਸਾਂਝੇ ਬਨੇਰਿਆਂ ਵਾਲ਼ੇ ਕੋਠਿਆਂ 'ਤੇ ਇਹੀ ਕੁਝ ਹੋਈ ਜਾਂਦਾ ਹੈ। ਕੁੜੀਆਂ ਨਹਾਉਂਦੀਆਂ ਨੇ। ਮਾਵਾਂ ਥੱਲੇ ਗਲ਼ੀ ਚ ਬੈਠੀਆਂ ਨੰਗੀਆਂ ਗੱਲਾਂ ਕਰੀ ਜਾਂਦੀਆਂ ਹਨ। ਉਹ ਨਾਲ਼ੋ-ਨਾਲ਼ ਖ਼ਰਬੂਜ਼ਿਆਂ ਦੇ ਬੀਅ ਨਿੱਕੇ-ਨਿੱਕੇ ਮੋਚਨਿਆਂ ਨਾਲ਼ ਭੰਨ-ਭੰਨ ਨਿੱਕੀਆਂ-ਨਿੱਕੀਆਂ ਗਿਰੀਆਂ ਕੱਢੀ ਜਾਂਦੀਆਂ ਹਨ। ਮੇਰੇ ਬਾਬੇ ਦੇ ਲਾਏ ਬੋਹੜ ਥੱਲੇ ਸਾਰੇ ਮੁਹੱਲੇ ਦੀਆਂ ਮੱਝਾਂ ਬੱਝੀਆਂ ਹੋਈਆਂ ਨੇ। ਤੀਵੀਂਆਂ

ਪੱਥਰ ਦੇ ਕੋਲ਼ਿਆਂ ਦੀਆਂ ਅੰਗੀਠੀਆਂ ਭਖਣ ਲਈ ਮੁਹੱਲੇ ਚ ਰਖ ਦੇਣ ਗੀਆਂ ਤੇ ਧੂੰਏਂ ਦਾ ਲੱਕ-ਲੱਕ ਉੱਚਾ ਬੱਦਲ਼ ਹਵਾ ਚ ਤੈਰਨ ਲੱਗੇਗਾ। ਫੇਰ ਕੁੰਦਨ ਦੋਧੀ ਨੇ ਸਾਈਕਲ 'ਤੇ ਭੋਂਪੂ ਵਜਾਉਂਦਿਆਂ ਆ ਜਾਣਾ ਹੈ। ਮੈਂ ਇਹ ਕਦੇ ਹੱਸਦਾ ਨਹੀਂ ਦੇਖਿਆ। ਰਾਤ ਨੂੰ ਮਹਾਜਨਾਂ ਦੇ ਮੁੰਡੇ ਇਸਤਰੀ ਕੀਤੇ ਚਿੱਟੇ ਕੁੜਤੇ ਪਾਜਾਮੇ ਪਾ ਕੇ ਪਾਨ ਚਿੱਥਦੇ ਤੇ ਕੈਂਚੀ ਦੀਆਂ ਸਿਗਟਾਂ ਪੀਂਦੇ ਤੰਬੂ ਵਾਲ਼ੇ ਸਿਨਮੇ ਚ ਖੇਲ ਦੇਖਣ ਜਾਣਗੇ; ਬਕਵਾਸ ਕਰਦੇ।

ਅੰਗਰੇਜ਼ੀ ਸ਼ਬਦ ਨੌਸਟੈਲਜੀਆ ਯੂਨਾਨੀ ਦੇ ਨੋਸਤੋਸ ਚੋਂ ਉੱਗਿਆ ਹੈ; ਜਿਹਦਾ ਮਤਲਬ ਹੈ- ਪੁੱਠੇ ਪੈਰੀਂ ਜਾਣਾ, ਵਾਪਸੀ ਦਾ ਸਫ਼ਰ। ਜ਼ੁਬੈਰ ਦਸਦਾ ਹੈ ਕਿ ਇਨ੍ਹਾਂ ਦਾ ਜੱਦੀ ਘਰ ਲਹੌਰ ਦੇ ਕ੍ਰਿਸ਼ਨ-ਨਗਰ ਮੁਹੱਲੇ ਚ ਹੁੰਦਾ ਸੀ। ਇਹਦੇ ਚਾਚੇ ਨੇ ਜਦ ਅੜੀ ਕਰਕੇ ਇਹ ਘਰ ਵੇਚ ਦਿੱਤਾ, ਤਾਂ ਉਹਦੇ ਸਿਰ ਚੜ੍ਹ ਕੇ ਇਹ ਮੁੜ ਅਪਣਾ ਘਰ ਦੇਖਣ ਨਹੀਂ ਗਿਆ। ਇਹਨੇ ਅਪਣੇ ਦਿਲ ਦਾ ਭਾਰ ਇਹ ਕਹਾਣੀ ਲਿਖ ਕੇ ਲਾਹਿਆ। ਪ੍ਰੀਤ ਵਾਂਗ ਕੌੜ ਵੀ ਪਾਲਣੀ ਪੈਂਦੀ ਹੈ। ਲਿਖਾਰੀ ਨੇ ਅਪਣਾ ਭਾਰ ਲਾਹ ਕੇ ਕਹਾਣੀ ਪੜ੍ਹਨ-ਸੁਣਨ ਵਾਲ਼ੇ 'ਤੇ ਸੁੱਟ ਦਿੱਤਾ। ਬੰਦੇ ਨੂੰ ਸੁਹਜੀ ਗੱਲ ਦਾ ਕਦੇ ਭਾਰ ਨਹੀਂ ਲਗਦਾ। ਇਹ ਅਸੀਂ ਅਪਣਾ ਜਾਣ ਕੇ ਚੁੱਕ ਲੈਂਦੇ ਹਾਂ। ਇਹੀ ਸਹ-ਅਨੁਭੂਤੀ ਜਾਂ ਹਮਦਰਦੀ ਹੈ।

ਸਾਇੰਸਦਾਨ ਬੀਤੇ ਵੇਲੇ ਨੂੰ ਹੁਣ ਖਿਣ ਬਣਾਣ ਲਈ ਟਾਈਮ ਮਸ਼ੀਨ ਘੜਨ ਦਾ ਸੋਚੀ ਜਾਂਦੇ ਹਨ। ਪਰ ਇਨ੍ਹਾਂ ਨੂੰ ਤੌਖਲਾ ਵੀ ਹੈ ਕਿ ਫੇਰ ਬੰਦਾ ਅਪਣਾ ਨਕੜ ਦਾਦਾ ਆਪ ਹੀ ਬਣ ਜਾਵੇਗਾ। ਪਰ ਬੰਦਾ ਉਸ ਮਸ਼ੀਨ ਬਾਝੋਂ ਵੇਲੇ ਦੇ ਖਟੋਲੇ 'ਤੇ ਹਰ ਦਮ ਉੜਦਾ ਰਹਿੰਦਾ ਹੈ; ਉੜੀ ਜਾਂਦਾ ਹੈ। ਕਥਾਵਾਚਕ ਚਾਲ਼ੀ ਵਰ੍ਹੇ ਪਿੱਛੇ ਪੁੱਠੇ ਪੈਰੀਂ ਪੈਂਡਾ ਕਰਕੇ ਅਪਣੇ ਜੱਦੀ ਘਰ ਦੀ ਬਾਰੀ ਚ ਜਾ ਬੈਠਾ ਤੇ ਫ਼ਿਲਮ ਚਲਾ ਕੇ ਬਹਿ ਗਿਆ। ਇਹ ਦੇਖੀ ਸਾਰਿਆਂ ਨੇ ਹੀ ਹੈ। ਤਾਂ ਵੀ ਦੇਖੀ ਜਾਂਦੇ ਨੇ, ਦੇਖੀ ਜਾਂਦੇ ਨੇ। ਉਨ੍ਹਾਂ ਦੀ ਹੱਡ ਬੀਤੀ ਜੁ ਹੈ। ਐਸ ਵੇਲੇ ਕਲ੍ਹ ਅੱਜ ਬਣਿਆ ਹੋਇਆ ਹੈ। ਹਾਲ ਦੀ ਘੜੀ ਭਲ਼ਕ ਦੀ ਕਿਸੇ ਨੂੰ ਚਿੰਤਾ ਨਹੀਂ। ਉਹ ਫੇਰ ਕਰ ਲੈਣ ਗੇ। ਸਾਰੀ ਉਮਰ ਪਈ ਹੈ।

ਕਥਾਵਾਚਕ ਅਪਣੀ ਕਥਾ ਸਮੇਟਦਾ ਹੈ- ਮੀਂਹ ਪਵੇ, ਨਾ ਪਵੇ; ਅਸਾਂ ਬਾਰੀ ਕੋਲ਼ ਈ ਖਲੋਤੇ ਰਹਿ ਜਾਣਾ ਏ। ਸਵਾਦਲੀ ਗੱਲ ਇਹ ਵੇ ਪਈ ਗੁਲਾਬੋ ਹੇਠਲੀ ਮੰਜ਼ਿਲ 'ਤੇ ਰਹਿੰਦੀ ਹੈ ਤੇ ਉਹਦੇ ਘਰ ਅੱਗੇ ਪਾਣੀ ਵੀ ਨਹੀਂ ਖਲੋਂਦਾ। ਤੁਸੀਂ ਆਖਸੋ, ਮੈਂ ਗੁਲਾਬੋ ਦਾ ਤਾਂ ਦੱਸਿਆ ਈ ਨਹੀਂ। ਮੈਂ ਕੀ ਦੱਸਾਂ ? ਖੌਰੇ ਹੁਣ ਉਹ ਕਿਥੇ ਹੈ ?

ਦੇਖੋ, ਬੜਬੋਲੇ ਕਥਾਵਾਚਕ ਨੇ ਵੀ ਅਪਣੀ ਦਿਲ ਦੀ ਗੱਲ ਲੁਕੋ ਲਈ। ਸਵਾਲ ਪਾ ਕੇ ਲਾਂਭੇ ਹੋ ਗਿਆ। ਹੁਣ ਕਰਨ-ਸੁਣਨ ਵਾਲ਼ੀ ਕਿਹੜੀ ਗੱਲ ਰਹਿ ਗਈ ਏ ?

ਇੰਟਰਵੀਊ

## ਤਕਨੀਕ ਬਿਨਾਂ ਮੁੱਦਾ ਕੁੱਝ ਵੀ ਨਹੀਂ ਹੁੰਦਾ, ਅਸਲ ਸ਼ੈ ਕਹਾਣੀ ਪਾਣਾ ਏ- ਜ਼ੁਬੈਰ ਅਹਿਮਦ

**ਮੁਲਾਕਾਤ: ਖ਼ਾਲਿਦ ਫ਼ਰਹਾਦ ਧਾਰੀਵਾਲ**

? ਮੈਂ ਇਸ ਲਈ ਲਿਖਦਾ ਹਾਂ ਕਿ ਮੇਰੇ ਆਲ ਦੁਆਲੇ ਬਹੁਤ ਕੁੱਝ ਅਜਿਹਾ ਹੈ ਜੋ ਸੁਖਾਵਾਂ ਨਹੀਂ। ਆਪਣੀ ਖਿਝ ਨਾਲ ਨਜਿੱਠਣ ਦਾ ਇਹ ਮੇਰਾ ਇੱਕ ਤਰੀਕਾ ਏ। ਇਹ ਦੱਸੋ ਕਿ ਤੁਸੀਂ ਕਿਉਂ ਲਿਖਦੇ ਹੋ।

-ਮੈਂ ਇਸ ਕਾਰਨ ਨਹੀਂ ਲਿਖਦਾ ਜਿਸ ਕਾਰਨ ਤੁਸੀਂ ਲਿਖਦੇ ਓ। ਜੇਮਜ਼ ਜੋਆਇਸ ਨੇ ਕਿਹਾ ਸੀ: "ਮੈਂ ਇਸ ਲਈ ਲਿਖਦਾ ਹਾਂ ਪਈ ਮੈਨੂੰ ਲੋਕਾਂ ਨਾਲ ਪਿਆਰ ਏ। ਮੈਂ ਹਮੇਸ਼ ਡਬਲਿਨ ਬਾਰੇ ਲਿਖਦਾ ਹਾਂ ਕਿਉਂ ਜੇ ਮੈਂ ਡਬਲਿਨ ਦੇ ਦਿਲ ਦੀ ਡੂੰਘ ਤੀਕ ਉੱਪੜ ਸਕਣਾ ਆਂ ਤੇ ਫ਼ਿਰ ਮੈਂ ਜੱਗ ਭਰ ਦੇ ਸ਼ਹਿਰਾਂ ਦੇ ਦਿਲਾਂ ਤੀਕ ਉੱਪੜ ਸਕਣਾ ਵਾਂ। ਉਚੇਚ ਵਿੱਚ ਈ ਕੁਲ ਜੱਗ ਵੀ ਹੁੰਦਾ ਏ।"

ਮੈਂ ਵੀ ਇਸ ਲਈ ਲਿਖਦਾ ਹਾਂ ਕਿ ਮੈਨੂੰ ਆਪਣੇ ਲਾਹੌਰ ਦੇ ਪੁਰਾਣੇ ਮੁਹੱਲੇ ਕ੍ਰਿਸ਼ਨ ਨਗਰ ਨਾਲ ਪਿਆਰ ਏ। ਲੋਕਾਂ ਨਾਲ, ਗਲੀਆਂ ਨਾਲ, ਉਹਦੀਆਂ ਸ਼ਾਮਾਂ-ਸਵੇਰਾਂ, ਮੀਂਹ, ਬੂਹੇ ਤੇ ਬਾਰੀਆਂ ਨਾਲ। ਮੈਂ ਕ੍ਰਿਸ਼ਨ ਨਗਰ 1982 ਵਿੱਚ ਛੱਡ ਦਿੱਤਾ ਸੀ। ਓਥੇ ਮੈਂ ਆਪਣੇ ਜੰਮਣ ਲਾ ਤੋਂ ਰਿਹਾ ਸਾਂ। ਸਾਨੂੰ ਉਹ ਘਰ ਛੱਡਣਾ ਪਿਆ ਸੀ ਕਿਉਂ ਜੇ ਉਹ ਸਾਡਾ ਨਹੀਂ ਸੀ। ਕ੍ਰਿਸ਼ਨ ਨਗਰ ਤੋਂ ਨਿਕਲ ਕੇ ਮੈਂ ਕਈ ਵਰ੍ਹੇ ਨਾ ਪਰਤਿਆ। ਖ਼ੋਰੇ ਪੰਦਰਾਂ-ਵੀਹ ਵਰ੍ਹੇ। ਫ਼ਿਰ ਮੈਂ ਕ੍ਰਿਸ਼ਨ ਨਗਰ ਦੀ ਯਾਦ ਵਿੱਚ ਕਹਾਣੀਆਂ ਲਿਖੀਆਂ। ਸਭ ਤੋਂ ਪਹਿਲੀ ਕਹਾਣੀ 'ਮੀਂਹ, ਬੂਹੇ ਤੇ ਬਾਰੀਆਂ' ਸੀ। ਫ਼ਿਰ ਕਲਬ ਜਾਰੀ ਹੋ ਗਿਆ, ਤੇ ਚੱਲ ਸੋ ਚੱਲ।

ਮੈਨੂੰ ਉਲਾਮੇਂ ਮਿਲਦੇ ਨੇ ਯਾਰ ਕ੍ਰਿਸ਼ਨ ਨਗਰ ਵਿੱਚੋਂ ਨਿਕਲ ਆ। ਪਰ ਕ੍ਰਿਸ਼ਨ ਨਗਰ ਦੀ ਕਹਾਣੀ ਨਿਰੀ ਕ੍ਰਿਸ਼ਨ ਨਗਰ ਦੀ ਕਹਾਣੀ ਨਹੀਂ ਏ। ਇਹ ਲਾਹੌਰ ਦੀ ਵੀ ਕਹਾਣੀ ਏ ਸਗੋਂ ਪੰਜਾਬ ਤੇ ਖ਼ੋਰੇ ਪੂਰੇ ਦੇਸ ਦੀ ਵੀ।

ਗੈਬਰੀਅਲ ਗਾਰਸੀਆ ਮਾਰਕੇਜ਼ ਨੇ ਕਿਹਾ ਸੀ: "ਜੀਵਨ ਵਿੱਚ ਜੋ ਉਚੇਚਾ ਏ ਉਹ ਇਹ ਨਹੀਂ ਕਿ ਤੁਹਾਡੇ ਨਾਲ ਕੀ ਵਾਪਰਦਾ ਏ ਸਗੋਂ ਤੁਸੀਂ ਕੀ ਯਾਦ ਰੱਖਦੇ ਓ ਤੇ ਕਿਵੇਂ ਯਾਦ ਰੱਖਦੇ ਓ।"

? ਤੁਹਾਡੀ ਸਭ ਤੋਂ ਪਹਿਲੀ ਕਹਾਣੀ ਦਾ ਸਿਰਲੇਖ ਤੇ ਮੁੱਦਾ ਕੀ ਸੀ ? ਉਹ ਕਦੋਂ ਤੇ ਕਿੱਥੇ ਛਪੀ ਸੀ।

–ਮੇਰੀ ਪਹਿਲੀ ਕਹਾਣੀ ਮਹੀਨਾ ਵਾਰ 'ਮਾਂ ਬੋਲੀ' ਵਿੱਚ ਛਪੀ ਸੀ। ਉਸ ਦਾ ਨਾਂ ਸੀ 'ਮੈਂ ਉਹ ਨਹੀਂ'। ਇਹ 1992 ਦੀ ਗੱਲ ਏ। ਮਾਂ ਬੋਲੀ ਦੇ ਸੋਧੀ ਮਕਸੂਦ ਸਾਕਿਬ ਤੇ ਮੈਨੇਜਿੰਗ ਅਡੀਟਰ ਮੁਨੀਰ ਉਦ-ਦੀਨ ਖ਼ਾਲਿਦ ਸਨ। ਮੁਨੀਰ ਉਦ-ਦੀਨ ਨੂੰ ਹੁਣ ਕੋਈ ਵੀ ਯਾਦ ਨਹੀਂ ਕਰਦਾ ਪਰ ਉਸ ਬੜਾ ਕੰਮ ਕੀਤਾ ਸੀ। ਖ਼ੈਰ ਮੇਰੀ ਉਦੋਂ ਸਾਕਿਬ ਸਾਹਿਬ ਨਾਲ ਬੜੀ ਯਾਰੀ ਸੀ ਤੇ ਅਸੀਂ ਮਿਲਦੇ ਰਹਿਣੇ ਸਾਂ ਪਰ ਇਸ ਅੱਲਾ ਦੇ ਬੰਦੇ ਨੇ ਇਕ ਵਰ੍ਹੇ ਤੀਕ ਮੇਰੀ ਕਹਾਣੀ ਨਾ ਛਾਪੀ। ਅੰਦਰੋਂ ਅੰਦਰੀਂ ਮੈਂ ਇੱਕ ਵਰ੍ਹਾ ਸੂਲੀ ਉੱਤੇ ਟੰਗਿਆ ਰਿਹਾ ਪਰ ਮੈਂ ਵੀ ਇੱਕ ਵਾਰ ਉਸ ਤੋਂ ਨਾ ਪੁੱਛਿਆ ਕਿ ਉਸ ਛਾਪਣੀ ਏ ਜਾਂ ਨਹੀਂ। ਸਾਕਿਬ ਸਾਹਿਬ ਦਾ 'ਮਾਂ ਬੋਲੀ' ਬਹੁਤ ਚੰਗਾ ਰਿਸਾਲਾ ਸੀ ਤੇ ਲਿਖਤਾਂ ਨਿਰਪੱਖ ਹੋ ਕੇ ਛਪਦੀਆਂ ਸਨ। ਇਸ ਲਈ ਮੇਰੀ ਬਹੁਤ ਸੱਧਰ ਸੀ ਪਈ ਇਸ ਰਸਾਲੇ ਵਿੱਚ ਮੈਂ ਛਪ ਜਾਵਾਂ। ਜਦ ਮੇਰੀ ਕਹਾਣੀ ਛਪੀ, ਮੈਂ ਉੱਕਾ ਨਿਰਾਸ ਹੋ ਚੁੱਕਾ ਸੀ ਤੇ ਮੈਨੂੰ ਕੋਈ ਉਮੀਦ ਨਹੀਂ ਸੀ। ਮੁੜ ਮੈਂ ਕੋਈ ਕਹਾਣੀ ਲਿਖੀ ਵੀ ਨਹੀਂ ਸੀ। ਮਜ਼ੇ ਦੀ ਗੱਲ, ਇਹ ਕਹਾਣੀ ਨਾਹੀਦ ਸ਼ਾਹਿਦ ਨੇ ਆਪਣੀ ਇਕ ਚੋਣ ਵਿੱਚ ਵੀ ਛਾਪੀ ਤੇ ਜਮੀਲ ਪਾਲ ਨੇ ਵੀ ਉਰਦੂ ਵਿੱਚ ਤਰਜਮਾ (ਅਨੁਵਾਦ) ਕੀਤੀ ਜੋ ਕਲਾਸਿਕ ਮਾਲ ਰੋਡ ਨੇ ਛਾਪਿਆ ਸੀ। ਇਸ ਕਹਾਣੀ ਦਾ ਨਾਂ ਮੈਂ 'ਦੋ ਟਿਕੇ ਦੀ ਜ਼ਨਾਨੀ' ਰੱਖਿਆ ਸੀ ਪਰ ਸਾਕਿਬ ਸਾਹਿਬ ਨੇ ਉਸ ਦਾ ਸਿਰਨਾਵਾਂ ਬਦਲ ਦਿੱਤਾ ਸੀ, 'ਮੈਂ ਉਹ ਨਹੀਂ' ਜੋ ਮੇਰਾ ਖ਼ਿਆਲ ਏ ਬਿਹਤਰ ਸੀ। ਸਾਕਿਬ ਸਾਹਿਬ ਨੇ ਉਸ ਕਹਾਣੀ ਬਾਰੇ ਕੋਈ ਰਾਏ ਨਹੀਂ ਦਿੱਤੀ ਸੀ, ਕੋਈ ਸੁਝਾਅ, ਕੁੱਝ ਨਹੀਂ ਕਿਹਾ ਸੀ। ਮੇਰਾ ਵਿਚਾਰ ਏ ਸਾਕਿਬ ਸਾਹਿਬ ਨੂੰ ਕਹਾਣੀ ਦੀ ਕਲਾ ਉੱਤੇ ਕੋਈ ਕਿਤਾਬ ਲਿਖਣੀ ਚਾਹੀਦੀ ਏ ਇਸ ਨਾਲ ਕਈਆਂ ਦਾ ਭਲਾ ਹੋਵੇਗਾ।

ਮੇਰੀ ਪਹਿਲੀ ਕਹਾਣੀ ਦਾ ਮੁੱਦਾ ਇਹ ਸੀ ਪਈ ਉਹ ਇੱਕ ਅਜਿਹੀ ਜ਼ਨਾਨੀ ਦੀ ਕਹਾਣੀ ਸੀ ਜੋ ਬੰਦਿਆਂ ਨੂੰ ਵਲਾ ਕੇ ਉਨ੍ਹਾਂ ਤੋਂ ਫ਼ੈਦੇ ਚੁੱਕਦੀਆਂ ਹਨ। ਉਹ ਜ਼ਨਾਨੀ ਕਹਾਣੀ ਦੇ ਪਾਤਰ ਨੂੰ ਸ਼ੇਖ਼ੂਪੁਰੇ ਤੋਂ ਲਾਹੌਰ ਆਉਂਦੇ ਵੈਗਨ ਵਿੱਚ ਮਿਲਦੀ ਏ। ਉਸ ਨਾਲ ਇੱਕ ਅਧਖੜ ਜ਼ਨਾਨੀ ਤੇ ਬਾਲੜੀ ਵੀ ਹੁੰਦੀ ਏ। ਜ਼ਨਾਨੀ ਭਰੇ ਸਰੀਰ ਦੀ ਏ ਤੇ ਨਕਾਬ ਲਿਆ ਹੁੰਦਾ ਏ। ਲਾਹੌਰ ਉੱਤਰ ਕੇ ਉਹ ਕੁੱਝ ਵੇਲਾ ਇਕੱਠੇ ਗੁਜ਼ਾਰਦੇ ਨੇ ਤੇ ਜ਼ਨਾਨੀ ਨੂੰ ਪਤਾ ਲੱਗ ਜਾਂਦਾ ਏ ਕਿ ਇਸ ਬੰਦੇ ਕੋਲ ਕੋਈ ਬਹੁਤੇ ਪੈਸੇ ਨਹੀਂ ਹਨ। ਤੇ ਐਵੇਂ ਫ਼ਿਰ ਮਿਲਣ ਦਾ ਆਖ ਕੇ ਤੁਰ ਜਾਂਦੀ ਏ। ਕੁੱਝ ਵੇਲੇ ਮਗਰੋਂ ਉਹ ਫ਼ਿਰ ਟੱਕਰਦੀ ਏ ਪਰ ਪਛਾਣਨ ਤੋਂ ਇਨਕਾਰੀ ਹੋ ਜਾਂਦੀ ਏ। ਜਦੋਂ ਇਹ ਕਹਾਣੀ ਛਪੀ ਮੈਂ ਨਿਹਾਲ ਹੋ ਗਿਆ ਸੀ ਤੇ ਮਿਥਿਆ ਹੁਣ ਮੈਂ ਹੋਰ ਕਹਾਣੀਆਂ ਲਿਖਾਂਗਾ।

ਦੋ ਚਾਰ ਬੰਦਿਆਂ ਨੇ ਇਸ ਕਹਾਣੀ ਨੂੰ ਸਲਾਹਿਆ ਵੀ ਸੀ। ਇੱਕ ਮਸ਼ਹੂਰ ਵਕੀਲ ਲਿਆਕਤ ਅਲੀ ਨੇ, ਪੰਜਾਬੀ ਪਿਆਰੇ ਹਨ। ਇੱਕ ਦਿਨ ਉਹ ਪੁਰਾਣੀ ਅਨਾਰ ਕਲੀ ਮਿਲੇ ਤੇ ਹੱਸ ਕੇ ਦੂਰੋਂ ਵੇਖ ਕੇ ਕਹਿਣ ਲੱਗੇ: "ਮੈਂ ਉਹ ਨਹੀਂ।" ਮੈਨੂੰ ਇਸ ਗੱਲ ਦਾ ਬੜਾ ਸੁਆਦ ਆਇਆ। ਦੂਜੇ ਬੰਦੇ ਸ਼ਫ਼ਕਤ ਤਨਵੀਰ ਮਿਰਜ਼ਾ ਸਨ, ਉਨ੍ਹਾਂ ਵੀ ਕਹਾਣੀ ਦਾ ਹਵਾਲਾ ਦਿੰਦੇ ਆਖਿਆ: "ਕੁੜੀਆਂ ਫਸਾਉਂਦਾ ਫਿਰਦਾ ਐਂ।" ਜਿੰਨੇ ਵੱਡੇ ਬੰਦੇ ਮਿਰਜ਼ਾ ਸਾਹਿਬ ਸਨ ਮੇਰੇ ਲਈ ਬਹੁਤ ਮਾਣ ਦੀ ਗੱਲ ਸੀ। ਮਿਰਜ਼ਾ ਸਾਹਿਬ

ਦੀ ਇਸ ਹੱਲਾਸ਼ੇਰੀ ਦੀ ਮੈਨੂੰ ਬੜੀ ਲੋੜ ਸੀ। ਜਿੰਨੀ ਲਿਖਾਰੀ ਨੂੰ ਪਹਿਲੀ ਹੱਲਾਸ਼ੇਰੀ ਦੀ ਲੋੜ ਹੁੰਦੀ ਏ ਸ਼ੋਰੇ ਮੁੜ ਕਦੀ ਨਹੀਂ ਹੁੰਦੀ। ਨਜਮ ਹੁਸੈਨ ਸੱਯਦ ਦੀ ਸੰਗਤ ਵਿੱਚ ਮੈਂ ਜਾਂਦਾ ਸਾਂ ਪਰ ਉਨ੍ਹਾਂ ਕੋਈ ਗੱਲ ਨਾ ਕੀਤੀ ਪਰ ਐਵੇਂ ਇੱਕ ਦੋ ਘੜੀ ਅੱਖਾਂ ਮਿਲਾਈਆਂ ਤੇ ਅਪਣੱਤ ਨਾਲ ਤੱਕਿਆ। ਮੈਨੂੰ ਲੱਗਾ ਕਹਾਣੀ ਲਿਖਣ ਦੀ ਸਲਾਹੁਣਾ ਏ।

? ਸਾਹਿਤਕ ਸਫ਼ਰ ਵਿੱਚ ਕਿਨ੍ਹਾਂ ਲੋਕਾਂ ਦਾ ਸਾਥ ਰਿਹਾ ਤੇ ਉਨ੍ਹਾਂ ਵਿੱਚੋਂ ਕਿਨ੍ਹਾਂ ਦਾ ਤੁਹਾਡੇ ਉੱਤੇ ਵਧੇਰਾ ਅਸਰ ਪਿਆ, ਉਚੇਚੇ ਤੌਰ ਤੇ ਨਜ਼ਰੀਆਤੀ ਲਿਹਾਜ਼ ਨਾਲ।

-ਮੈਨੂੰ ਪੜ੍ਹਨ ਦਾ ਸ਼ੌਕ ਬਾਲਪਣ ਤੋਂ ਸੀ। ਮੈਂ ਛੇਵੀਂ ਵਿੱਚ ਸਾਂ ਜਦ ਮੈਂ ਏ ਹਮੀਦ ਦਾ ਨਾਵਲ 'ਜਹਾਂ ਬਰਫ਼ ਗਿਰਤੀ ਹੈ' ਪੜ੍ਹਿਆ ਤੇ ਮੇਰੇ ਉੱਤੇ ਅਜੀਬ ਅਸਰ ਹੋਇਆ। ਮੈਂ ਆਪਣੇ ਚਾਚੇ ਦੇ ਘਰ ਆਇਆ ਹੋਇਆ ਸਾਂ ਸ਼ੋਰੇ ਸ਼ੇਖ਼ੂਪੁਰੇ ਜਾਂ ਲਾਇਲਪੁਰ। ਮੇਰੇ ਇਹ ਚਾਚਾ ਜੀ ਤਰੱਕੀਪਸੰਦ ਤੇ ਜੱਜ ਸਨ, ਸ਼ੇਖ਼ ਸਈਦ ਅਹਿਮਦ ਉਨ੍ਹਾਂ ਦਾ ਨਾਂ ਸੀ। ਓਥੇ ਈ ਮੈਂ 'ਚਿਰਾਗ਼ ਜਲਤਾ ਰਿਹਾ' ਨਾਵਲ ਪੜ੍ਹਿਆ ਤੇ ਕਈ ਦਿਨ ਉਹਦੀ ਫ਼ਜ਼ਾ ਵਿੱਚ ਰਿਹਾ। ਫ਼ਿਰ ਮੈਨੂੰ ਚੇਟਕ ਲੱਗ ਗਈ। ਸਕੂਲ ਦੀ ਲਾਇਬ੍ਰੇਰੀ ਤੇ ਫ਼ਿਰ ਆਨਾ ਲਾਇਬ੍ਰੇਰੀ। ਕ੍ਰਿਸ਼ਨ ਨਗਰ ਜਿੱਥੋਂ ਦਾ ਮੈਂ ਜੰਮਪਲ ਆਂ, ਉਹ ਵੀ ਜਾਦੂ ਦੀ ਨਗਰੀ ਸੀ। ਬੜਾ ਤਿਲਸਮਾਤੀ ਆਲ ਦੁਆਲਾ ਸੀ। ਸੌੜੀਆਂ ਗਲੀਆਂ ਤੇ ਘਰਾਂ ਨਾਲ ਘਰ ਜੁੜੇ ਸਨ। ਹਰ ਜੀ ਦੀ ਇੱਕ ਕਹਾਣੀ ਸੀ, ਹਰ ਘਰ ਦੀਆਂ ਕਹਾਣੀਆਂ, ਮੁੰਡਿਆਂ ਦੇ ਆਪਸੀ ਪਿਆਰ ਦੀਆਂ, ਮੁੰਡਿਆਂ-ਕੁੜੀਆਂ ਦੀਆਂ।

ਆਨਾ ਲਾਇਬ੍ਰੇਰੀ ਨਾਂ ਦਾ ਆਨਾ ਸੀ ਪਰ ਅਸਲੋਂ ਓਥੋਂ ਅੱਠ ਆਨੇ ਉੱਤੇ ਇੱਕ ਦਿਨ ਲਈ ਕਿਤਾਬ ਉਧਾਰ ਮਿਲਦੀ ਸੀ। ਇਹ ਗੱਲ 1971-72 ਦੀ ਏ। ਮੈਂ ਬਾਲਾਂ ਦੀਆਂ ਕਹਾਣੀਆਂ ਤੋਂ ਸ਼ੁਰੂ ਹੋਇਆ। 'ਅਲੀ ਪਰ ਕਿਆ ਗੁਜ਼ਰੀ' , 'ਜਹੰਨਮ ਸੇ ਫ਼ਰਾਰ', 'ਸਿਰ ਕੱਟਾ ਇਨਸਾਨ' ਤੇ ਇੰਜ ਦੀਆਂ ਹੋਰ ਕਹਾਣੀਆਂ। ਮੈਂ ਬਹੁਤ ਪੜ੍ਹਦਾ ਸਾਂ ਤੇ ਫ਼ਿਰ ਉਰਦੂ ਦਾ ਕਾਫ਼ੀ ਸਾਰਾ ਅਦਬ ਪੜ੍ਹਿਆ। ਰਜ਼ੀਆ ਬਟ, ਸਲਮਾ ਕੰਵਲ, ਇਬਨ-ਏ-ਸਫ਼ੀ ਤੋਂ ਹੁੰਦਾ ਮੰਟੋ, ਬੇਦੀ, ਕ੍ਰਿਸ਼ਨ ਚੰਦਰ, ਅਬਦੁੱਲਾ ਹੁਸੈਨ, ਤੇ ਕੁਰੱਤੁਲਐਨ ਹੈਦਰ ਤੀਕ ਨੂੰ ਪੜ੍ਹ ਲਿਆ। 1975-76 ਵਿੱਚ ਗੌਰਮਿੰਟ ਕਾਲਜ ਦੇ ਕੁੱਝ ਹੋਰ ਦੋਸਤਾਂ ਨਾਲ ਮਿਲ ਕੇ 'ਨਏ ਉਫ਼ਕ' ਬਣਾਇਆ ਜਿਸ ਵਿੱਚ ਹਫ਼ਤਾ ਵਾਰ ਬੈਠਕਾਂ ਹੁੰਦੀਆਂ ਸਨ। ਇੱਕ ਵਾਰੀ ਉਰਦੂ ਤੇ ਇੱਕ ਵਾਰੀ ਪੰਜਾਬੀ ਦੀ। 1975 ਵਿੱਚ ਮੈਂ ਪੰਜਾਬੀ ਦੀ ਪਹਿਲੀ ਨਜ਼ਮ ਲਿਖੀ ਸੀ ਜੋ ਮੇਰੀ ਸ਼ਾਇਰੀ ਦੀ ਪਹਿਲੀ ਕਿਤਾਬ 'ਦਮ ਯਾਦ ਨਾ ਕੀਤਾ' (1996) ਵਿੱਚ ਹੈਗੀ ਏ। ਉਸ ਵੇਲੇ ਮੈਂ ਬਹੁਤਾ ਉਰਦੂ ਵਿੱਚ ਲਿਖਦਾ ਸਾਂ। ਮੈਂ 1976 ਵਿੱਚ ਹਲਕਾ ਅਰਬਾਬ ਜ਼ੌਕ (ਲਿਟਰੇਰੀ ਸਰਕਲ) ਵਿੱਚ 'ਨਏ ਲਿਖਾਰੀ' ਦੇ ਇੱਕ ਪ੍ਰੋਗਰਾਮ ਵਿੱਚ ਅਪਣਾ ਅਫ਼ਸਾਨਾ ਵੀ ਪੜ੍ਹਿਆ ਸੀ ਜਿਸ ਦਾ ਨਾਂ ਸ਼ੋਰੇ 'ਮਿੱਟੀ ਕਾ ਮਾਧੋ' ਸੀ। ਉਦੋਂ ਮੇਰੀ ਉਮਰ 17 ਵਰ੍ਹੇ ਦੀ ਹੋਣੀ ਏ। ਸ਼ੁਰੂ ਵਿੱਚ ਮੈਂ ਬਹੁਤੀ ਸ਼ਾਇਰੀ ਕਰਦਾ ਸੀ। ਪੰਜਾਬੀ ਵੱਲ ਮੈਂ 1980 ਦੇ ਦਹਾਕੇ ਵਿੱਚ ਆਇਆ ਤੇ ਫ਼ਿਰ ਪਿਛਾਂਹ ਮੁੜ ਕੇ ਨਹੀਂ ਵੇਖਿਆ। ਪੰਜਾਬੀ ਵੱਲ ਮੈਨੂੰ ਲਖ਼ਤ ਪਾਸ਼ਾ ਜੀ ਲੈ ਕੇ ਆਏ ਜੋ ਇਕ ਉੱਦਮੀ ਕਮਿਊਨਿਸਟ ਤੇ ਆਗੂ ਸਨ। ਮੈਂ ਵੀ 1974 ਵਿੱਚ ਖੱਬੇ ਪੱਖੀ ਵਿਚਾਰਧਾਰਾ ਵਾਲਿਆਂ

ਨਾਲ ਜੁੜ ਗਿਆ ਸਾਂ। ਮੈਂ ਉਰਦੂ ਵਿੱਚ ਤਿੰਨ-ਚਾਰ ਸੌ ਨਜ਼ਮਾਂ ਤੇ ਕੁੱਝ ਕਹਾਣੀਆਂ ਲਿਖੀਆਂ ਸਨ, ਮੇਰੀ ਉਰਦੂ ਬਹੁਤ ਸ਼ਾਨਦਾਰ ਸੀ ਪਰ ਜਦ ਪੰਜਾਬੀ ਵੱਲ ਆ ਗਏ ਤੇ ਬਸ ਆ ਗਏ।

ਕਹਾਣੀ ਵਿੱਚ ਮੇਰਾ ਕੋਈ ਉਸਤਾਦ ਨਹੀਂ ਏ। ਮੈਂ ਆਪੋਂ ਪੜ੍ਹ-ਪੜ੍ਹ ਕੇ ਸਿੱਖਿਆ ਏ। ਇੱਕ ਵੇਲੇ ਮੈਂ ਨਜਮ ਹੁਸੈਨ ਸੱਯਦ ਦੇ ਘਰ ਜਾ ਉਨ੍ਹਾਂ ਨੂੰ ਕੁੱਝ ਕਹਾਣੀਆਂ ਸੁਣਾਈਆਂ ਸਨ, ਉਹ ਸੁਣ ਲੈਂਦੇ ਸਨ ਪਰ ਕਦੀ ਕੋਈ ਗੱਲ ਨਹੀਂ ਕਰਦੇ ਸਨ।

? ਤੁਹਾਨੂੰ ਪੜ੍ਹਦਿਆਂ ਜਾਂ ਸੁਣਦਿਆਂ ਇੱਕ ਸਹਿਜਤਾ ਦਾ ਅਹਿਸਾਸ ਹੁੰਦਾ ਏ। ਤੁਹਾਡੇ ਲਹਿਜੇ ਵਿੱਚ ਇਹ ਜੋ ਠਰੰਮਾ ਹੈ ਉਹ ਤੁਹਾਡੀ ਲੇਖਣੀ ਵਿੱਚ ਵੀ ਦਰ ਆਇਆ ਏ। ਇਹ ਤਾਂ ਗੱਲ ਸੀ ਤੁਹਾਡੇ ਸੁਭਾਅ ਅਤੇ ਸ਼ੈਲੀ ਦੀ, ਤੁਸੀਂ ਇਹ ਦੱਸੋ ਕਿ ਇੱਕ ਲੇਖਕ ਦੀ ਆਪਣੀ ਸ਼ਖ਼ਸੀਅਤ ਦਾ ਉਹਦੇ ਪਾਤਰਾਂ ਉੱਤੇ ਕਿੰਨਾ ਕੁ ਅਸਰ ਹੁੰਦਾ ਏ।

-ਸਹਿਜਤਾ ਤੇ ਠਰੰਮਾ ਤਾਂ ਬੜੀ ਚੰਗੀ ਗੱਲ ਏ। ਮੈਂ ਇਸ ਬਾਰੇ ਸੁਚੇਤ ਨਹੀਂ ਆਂ। ਜੇ ਇਹ ਤੁਹਾਨੂੰ ਲੱਗੀ, ਤਾਂ ਹੋਵੇਗੀ ਪਰ ਇਹ ਅਚੇਤ ਵਿੱਚ ਹੋਵੇਗੀ। ਮੈਂ ਕਦੀ ਸੋਚ ਕੇ ਜਾਂ ਵਿਚਾਰ ਕੇ ਸਹਿਜਤਾ ਨਹੀਂ ਬਣਾਈ। ਇਹ ਕਿੱਥੋਂ ਆਈ ਹੁਣ ਮੈਂ ਸੋਚਦਾ ਪਿਆ ਆਂ। ਇਹ ਕਿਤਾਬਾਂ ਲਿਖਣ ਜਾਂ ਪੜ੍ਹਨ ਨਾਲ ਤਾਂ ਨਹੀਂ ਆਈ। ਖੱਬੇ ਪੱਖੀ ਹੋਣ ਤੋਂ ਵੀ ਨਹੀਂ ਆਈ ਪਰ ਮੇਰੇ ਅੰਦਰ ਹੈ ਸੀ। ਇਹ ਤਾਂ ਲੱਗਦਾ ਬਾਲਪਣ ਜੋ ਮੇਰਾ ਸੀ, ਬਹੁਤ ਦੁਖੀ ਸੀ। ਮੈਂ ਇਕੱਲੀ ਮਾਂ ਦਾ ਪਾਲਿਆ ਜੀ ਆਂ ਜਿਸ ਨੂੰ ਤੁਸੀਂ ਅੰਗਰੇਜ਼ੀ ਵਿੱਚ 'ਸਿੰਗਲ ਮਦਰ' ਕਹਿੰਦੇ ਓ। ਮਾਂ ਮੇਰੀ ਅੱਲ੍ਹਾ ਲੋਕ ਸੀ। ਬਾਂਝ ਜ਼ਨਾਨੀਆਂ ਪਾਣੀ ਦਮ ਕਰਾਉਣ ਆਉਂਦੀਆਂ ਸਨ। ਉਹ ਨਾਤਾਂ ਪੜ੍ਹਦੇ ਸਨ ਲੋਕਾਂ ਦੇ ਘਰ ਜਾ ਕੇ ਵੀ। ਕੱਵਾਲੀ ਸੁਣਦਿਆਂ ਉਨ੍ਹਾਂ ਨੂੰ ਹਾਲ ਚੜ੍ਹਦਾ ਸੀ। ਉਹ ਕਿਸੇ ਨੂੰ ਬੁਰਾ ਨਹੀਂ ਸਮਝਦੇ ਸਨ। ਸਾਡੇ ਘਰ ਦੀ ਹਾਲਤ ਚੰਗੀ ਨਹੀਂ ਸੀ ਪਰ ਕੋਈ ਫ਼ਕੀਰ ਖ਼ਾਲੀ ਹੱਥ ਨਹੀਂ ਜਾਂਦਾ ਸੀ। ਉਹ ਇੱਕ ਸ਼ਾਂਤ, ਸਬਰ ਵਾਲੇ, ਸਹਿਜ ਵਾਲੇ ਜੀ ਸਨ। ਮੇਰੇ ਵਿੱਚ ਇਹ ਠਰੰਮਾ, ਇਹ ਸਹਿਜਤਾ ਓਥੋਂ ਏ।

ਰਿਹਾ ਸਵਾਲ ਪਈ ਲਿਖਾਰੀ ਦੀ ਹਸਤੀ ਦਾ ਉਹਦੀ ਲਿਖਤ ਉੱਤੇ ਕਿੰਨਾ ਕੁ ਅਸਰ ਹੁੰਦਾ ਏ। ਮੇਰੇ ਖ਼ਿਆਲ ਵਿੱਚ ਕਾਫ਼ੀ ਹੁੰਦਾ ਏ। ਪਰ ਮੈਨੂੰ ਇਹ ਸਵਾਲ ਬੜਾ ਡੰਗਦਾ ਏ ਪਈ ਕੀ ਭੈੜਾ ਬੰਦਾ ਚੰਗਾ ਲਿਖਾਰੀ ਹੋ ਸਕਦਾ ਏ ? ਲਿਖਾਰੀਆਂ ਨੂੰ ਖੁੱਲ੍ਹ ਦਿਲਾ ਹੋਣਾ ਚਾਹੀਦਾ ਏ ਪਰ ਕਈ ਦਿਲੋਂ ਪੰਡਤ ਨੇ, ਸੌੜੇ ਨੇ, ਆਪਣੇ ਸੱਚੇ ਹੋਣ ਦਾ ਗੁਮਾਨ ਏ, ਹਉਮੈ ਮਾਰੇ ਨੇ। ਇੰਜ ਦੇ ਬੰਦੇ ਕੀ ਲਿਖਣਗੇ! ਇਸ ਲਈ ਮੇਰੀ ਜਾਚੇ ਬੰਦੇ ਦੀ ਹਸਤੀ, ਉਹਦੀ ਹੋਂਦ ਦਾ ਈ ਲਿਸ਼ਕਾਰਾ ਹੁੰਦੀ ਏ ਉਹਦੀ ਲਿਖਤ ਵੀ।

ਇਸ ਦੀ ਬਿਹਤਰੀਨ ਮਿਸਾਲ ਸਾਡੇ ਬਾਬੇ ਹਨ। ਨਾ ਉਨ੍ਹਾਂ ਗਲ ਵਿੱਚ ਪਾ ਕੇ ਅਪਣਾ ਈ ਢੋਲ ਵਜਾਇਆ ਤੇ ਨਾ ਆਪਣੀ ਪੰਡਤਾਈ ਘੁਕਾਈ। ਲਾਲ ਹੁਸੈਨ ਆਖਿਆ: "ਜੋ ਆਹਾ ਸੋ ਆਹਾ" ਇੰਜ ਦਾ ਲਿਖਾਰੀ ਦਾ ਆਪਾ ਹੋਵੇ ਤੇ ਵੇਖੋ ਕਿੰਜ ਦੀ ਲਿਖਤ ਆਉਂਦੀ ਏ।

? ਕਹਾਣੀ ਦੇ ਮੁੱਦੇ ਜਾਂ ਤਕਨੀਕ ਵਿੱਚੋਂ ਤੁਸੀਂ ਕਿਸ ਨੂੰ ਪਹਿਲ ਦਿੰਦੇ ਹੋ।

-ਮੇਰੀ ਜਾਚੇ ਦੋਵਾਂ ਦਾ ਨਹੁੰ ਮਾਸ ਦਾ ਰਿਸ਼ਤਾ ਏ, ਦੋਵਾਂ ਨੂੰ ਇੱਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸਾਡੇ ਲਹਿੰਦੇ ਪੰਜਾਬ ਵਿੱਚ ਅਸੀਂ ਕਹਾਣੀ ਦਾ ਤਜਰਬਾ ਕਰਨ ਤੋਂ ਡਰਦੇ ਆਂ। ਅਸੀਂ ਪੁਰਾਣੀ ਕਲਾਸਿਕ ਕਹਾਣੀ ਲਿਖੀ ਜਾ ਰਹੇ ਆਂ। ਇੱਕ ਸ਼ੁਰੂ, ਵਿਚਕਾਰ ਤੇ ਅੰਤ। ਇਹ ਵੰਡ ਅਰਸਤੂ ਨੇ ਬੋਤੀਕਾ (Poetics) ਵਿੱਚ ਕੀਤੀ ਸੀ। ਸਾਡਾ ਵਿਚਾਰ ਬਹੁਤਾ ਮੁੱਦੇ ਵੱਲ ਹੁੰਦਾ ਏ, ਤਗੜੀ ਕਹਾਣੀ ਵੱਲ। ਇਸ ਨੂੰ ਕਿਵੇਂ ਲਿਖਣਾ ਏ ਅਸੀਂ ਨਹੀਂ ਸੋਚਦੇ। ਮਿਸਾਲ ਵਜੋਂ ਤੁਹਾਡੀ ਕਹਾਣੀ 'ਅਪਣਾ ਅਪਣਾ ਦੋਜ਼ਖ਼' ਲੈਂਦੇ ਆਂ। ਮੇਰੇ ਜਾਚੇ ਕਹਾਣੀ ਦਾ ਮੁੱਦਾ ਕੋਈ ਖ਼ਾਸ ਨਹੀਂ। ਇੱਕ ਵਿਆਹੀ ਜ਼ਨਾਨੀ ਏ ਜਿਸ ਦਾ ਇੱਕ ਗ਼ੈਰ-ਮਰਦ ਨਾਲ ਤਾਅਲੁੱਕ ਏ। ਪਰ ਜਿਹੜੀ ਗੱਲ ਉਸ ਨੂੰ ਕਹਾਣੀ ਬਣਾਉਂਦੀ ਏ ਉਹ ਉਹਦਾ ਲਿਖਣ ਢੰਗ ਏ। ਵਾਹਦ ਮੁਤਕੱਲਿਮ (ਉੱਤਮ ਪੁਰਖੀ ਬਿਰਤਾਂਤ) ਵਿੱਚ ਲਿਖੀ ਕਹਾਣੀ ਵਿੱਚ ਜ਼ਨਾਨੀ ਦੀ ਇੱਕ ਵਾਜ ਏ ਜਿਹੜੀ ਕਹਾਣੀ ਪੜ੍ਹਨ ਪਿੱਛੋਂ ਵੀ ਦਿਮਾਗ਼ ਵਿੱਚ ਗੂੰਜਦੀ ਰਹਿੰਦੀ ਏ। ਉਹਦੀ ਵਜੂਦੀ ਪੀੜ, ਉਹਦੇ ਆਪੇ ਦੀ ਭਾਜੜ, ਨਿੱਤ ਜੀਵਨ-ਮਰਨ, ਬੇ ਸਵਾਦੀ, ਇਹ ਜਾਚ ਏ।

ਮੁੱਦੇ ਤੇ ਤਕਨੀਕ ਦਾ ਵਿਚਾਰ ਵਟਾਂਦਰਾ ਅਗਾਂਹ ਵਧੂ ਲਿਖਾਰੀਆਂ ਚਲਾਇਆ ਸੀ। ਉਨ੍ਹਾਂ ਲਈ ਆਪਣੇ ਮੁੱਦੇ ਦੀ ਗੱਲ ਉਚੇਚੀ ਸੀ, ਤਕਨੀਕ ਦਾ ਦੂਜਾ ਨੰਬਰ ਸੀ। ਉਨ੍ਹਾਂ ਦਾ ਵਿਚਾਰ ਸੀ; ਤਕਨੀਕ ਦੀ ਗੱਲ ਬੁਰਜਵਾਜ਼ੀ (Bourgeoisie) ਗੱਲ ਏ। ਰੂਸ ਵਿੱਚ 1917 ਦੇ ਇਨਕਲਾਬ ਪਿੱਛੋਂ ਇਸ ਉੱਤੇ ਗੱਲ ਹੋਣੀ ਸ਼ੁਰੂ ਹੋਈ, ਗੱਲ ਭਾਵੇਂ ਕਿਤਨੀ ਪੇਤਲੀ ਹੋਵੇ ਜੇ ਮਜ਼ਦੂਰ ਕਿਸਾਨ ਦੀ ਗੱਲ ਏ ਤਾਂ ਪ੍ਰਵਾਨ ਏ। ਹੁਣ ਲੁਕੀ ਤਵਾਰੀਖ਼ ਸਾਹਮਣੇ ਆ ਰਹੀ ਏ ਪਈ ਕਈ ਢਾਣੀਆਂ ਸਨ ਜੋ ਕੁੱਝ ਵੱਧ ਗੱਲ ਕਰ ਰਹੀਆਂ ਸਨ ਜਿਨ੍ਹਾਂ ਨੂੰ ਹੁਣ Formalists (ਰੂਪਵਾਦੀ) ਕਿਹਾ ਜਾ ਰਿਹਾ ਏ। ਕੀ ਗੱਲ ਏ ਪਈ ਰੂਸ ਜਿਨ੍ਹੇ ਦਾਸਤੋਵਸਕੀ, ਤਾਲਸਤਾਏ ਤੇ ਚੈਖ਼ਵ ਤੇ ਗੋਰਕੀ ਵਰਗੇ ਮਹਾਨ ਲਿਖਾਰੀ ਜੰਮੇ, ਇਨਕਲਾਬ ਪਿੱਛੋਂ ਫੁੱਸ ਹੋ ਗਿਆ। ਮਾਇਕੋਵਸਕੀ ਨੇ ਆਤਮ ਹੱਤਿਆ ਕਰ ਲਈ। ਇਹ ਸਭ ਸਟਾਲਿਨ ਮਾਰਕਾ ਸੋਸ਼ਲਿਜ਼ਮ ਦਾ ਕਾਰਨਾਮਾ ਏ।

ਮੈਂ ਰੀਅਲਿਸਟ (Realist) ਕਹਾਣੀ ਕਦੀ ਵੀ ਨਹੀਂ ਲਿਖਣਾ ਚਾਹੁੰਦਾ। ਇਕ ਪਾਸੀ ਕੋਈ ਕਹਾਣੀ ਨਹੀਂ ਹੁੰਦੀ। ਸਾਨੂੰ ਰਮਜ਼ਾਂ ਬਣਾ-ਬਣਾ ਕਹਾਣੀਆਂ ਲਿਖਣੀਆਂ ਚਾਹੀਦੀਆਂ ਨੇ। 20ਵੀਂ ਸਦੀ ਵਿੱਚ ਵੇਖੋ ਚਿੱਤਰਕਾਰੀ ਤੇ ਸੁਲੇਖ ਵਿੱਚ ਕਿੰਨੀਆਂ ਲਹਿਰਾਂ ਚਲੀਆਂ, ਅਸੀਂ ਬਸ ਹਕੀਕਤਪਸੰਦੀ (ਯਥਾਰਥਵਾਦ) ਜਾਂ ਅਗਾਂਹਵਧੂ ਵਿਚਾਰ ਵਿੱਚ ਈ ਫਸੇ ਹੋਏ ਆਂ। ਮੇਰਾ ਇੱਕ ਪਸੰਦ ਦਾ ਲਿਖਾਰੀ ਅਲਬੇਰ ਕਾਮੂ ਏ। ਉਹ ਕਹਿੰਦਾ ਸੀ ਹਯਾਤੀ ਦਾ ਕੋਈ ਮਤਲਬ ਨਹੀਂ ਏ, ਸਭ ਅਫਲ ਏ, ਅਣ ਖੱਟਿਆ, ਵਜੋਗੀਆ। ਉਹਨੇ ਆਪਣੀ ਗੱਲ ਕਰਨ ਲਈ ਯੂਨਾਨੀ ਦੇਵਤਾ ਸਿਸੀਫ਼ਸ ਦੀ ਮਿਸਾਲ ਦਿੱਤੀ। ਜਿਸ ਨੂੰ ਇਹ ਸਜ਼ਾ ਮਿਲੀ ਹੋਈ ਏ ਪਈ ਉਹ ਰੋਜ਼ ਸਿਰ ਉੱਤੇ ਇੱਕ ਪੱਥਰ ਲੈ ਕੇ ਪਹਾੜ ਚੜ੍ਹਦਾ ਏ ਤੇ ਸ਼ਾਮ ਤੀਕ ਉੱਪਰ ਉੱਪੜਦਾ ਏ ਪਰ ਫ਼ਿਰ ਰਾਤ ਨੂੰ ਉਹ ਪੱਥਰ ਡਿਗ ਜਾਂਦਾ ਏ ਤੇ ਉਹ ਫ਼ਿਰ ਸਵੇਰੇ ਲੈ ਕੇ ਉਤਾਂਹ ਚੜ੍ਹਨਾ ਛੋਹ ਦਿੰਦਾ ਏ। ਬੰਦੇ ਦੀ ਹਯਾਤੀ ਵੀ ਇੰਜ ਦੀ ਏ ਅਫਲ (ਐਬਸਰਡ), ਅਸਫ਼ਲ।

ਪਰ ਇਹ ਗੱਲ ਉਹ ਸਿੱਧੀ ਨਹੀਂ ਕਰਦਾ, ਉਹ ਪਾਤਰ ਘੜਦਾ ਏ, ਕੁੱਝ ਅਜਿਹੀ ਸੂਰਤ ਬਣਾਉਂਦਾ ਏ ਜਿਸ ਵਿੱਚ ਤੁਹਾਨੂੰ ਗੱਲ ਸਮਝ ਆਂਦੀ ਏ। ਉਹ ਧੁਰ ਅੰਦਰ ਧੁਰ, ਪਰਤ ਦਰ ਪਰਤ, ਰਮਜ਼ੋ ਰਮਜ਼ੀ ਆਪਣੀ ਕਹਾਣੀ ਬੁਣਦਾ ਏ। ਉਸ ਨੂੰ ਬਹੁਤ ਪੱਕੀ, ਠੇਠ ਬੋਲੀ ਲਿਆਉਣੀ ਪੈਂਦੀ ਏ। ਅਸਲੋਂ ਇਹ ਬੋਲੀ ਦੀ ਅਮੀਰੀ ਏ ਜੋ ਉਸ ਤੋਂ ਕਹਾਣੀ ਵਰਤਾਉਂਦੀ ਏ, ਕਿਉਂ ਜੇ ਗੁੱਝੀ ਗੱਲ ਕਰਨ ਲਈ ਉਸ ਨੂੰ ਰਮਜ਼ਾਂ ਵਿੱਚ ਗੱਲ ਕਰਨੀ ਪੈਂਦੀ ਏ ਜਿਸ ਨੂੰ ਅਸੀਂ ਇਲਾਮਤ (ਚਿੰਨ), ਇਸਤਿਆਰਾ (ਰੂਪਕ), ਤਸ਼ਬੀਹ (ਪ੍ਰਤੀਕ) ਵਗ਼ੈਰਾ ਆਖਣੇ ਆਂ।

ਫ਼ਲਸਫ਼ੇ (Philosophy) ਵਿੱਚ ਮੈਂ ਸਰੀਅਇਜ਼ਮ (Surrealism) ਦਾ ਡੰਗਿਆ ਹੋਇਆ ਹਾਂ। ਤੇ ਸਰੀਅਲਿਸਟ ਨਾਵਲ ਕਹਾਣੀਆਂ ਪੜ੍ਹਦਾ ਰਹਿਣਾ ਵਾਂ। ਤਕਨੀਕ ਬਿਨਾਂ ਮੁੱਦਾ ਕੁੱਝ ਵੀ ਨਹੀਂ ਹੁੰਦਾ, ਅਸਲ ਸ਼ੈ ਕਹਾਣੀ ਪਾਣਾ ਏ। ਇੱਥੇ ਲਾਹੌਰ ਵਿੱਚ ਗੱਲ-ਬਾਤ ਵਿੱਚ ਕਹਿੰਦੇ ਨੇ: "ਬਾਵਾ ਜੀ, ਕੀ ਕਹਾਣੀ ਪਾਈ ਏ।"

? ਕਹਾਣੀ ਤੇ ਲੇਖ ਤਾਂ ਖ਼ੈਰ ਤੁਹਾਡੀ ਮੁੱਢਲੀ ਪਛਾਣ ਹੈ ਈ ਪਰ ਬਤੌਰ ਸ਼ਾਇਰ ਵੀ ਤੁਹਾਡੀ ਇੱਕ ਸ਼ਨਾਖ਼ਤ ਹੈ। ਲੱਗਦਾ ਏ ਕੁੱਝ ਸਮੇਂ ਤੋਂ ਸ਼ਾਇਰੀ ਵੱਲ ਤੁਹਾਡਾ ਧਿਆਨ ਘੱਟ ਏ, ਇਹਦੀ ਕੀ ਵਜਾ ਏ।

-ਮੇਰਾ ਪਹਿਲਾ ਪਿਆਰ ਸ਼ਾਇਰੀ ਈ ਸੀ। ਪੋਂਦ ਸ਼ਾਇਰੀ ਤੋਂ ਈ ਕੀਤੀ, ਪਹਿਲੇ ਉਰਦੂ ਤੇ ਫ਼ਿਰ ਪੰਜਾਬੀ। ਪੰਜਾਬੀ ਦੀ ਸ਼ਾਇਰੀ ਦੀ ਪਹਿਲੀ ਕਿਤਾਬ 'ਦਮ ਯਾਦ ਨਾ ਕੀਤਾ' 1996 ਵਿੱਚ ਛਪੀ ਸੀ। ਦੂਜੀ ਕਿਤਾਬ 2012 ਵਿੱਚ 'ਸੱਦ' ਦੇ ਨਾਂ ਤੋਂ ਛਪੀ ਸੀ। ਪਰ ਇਨ੍ਹਾਂ ਦੀ ਕੋਈ ਚਰਚਾ ਨਾ ਹੋਈ। ਜਦ ਸ਼ਾਇਰੀ ਦੀ ਮੇਰੀ ਦੂਜੀ ਕਿਤਾਬ ਛਪੀ, ਕਰਨਲ ਨਾਦਰ ਅਲੀ ਨੇ ਆਖਿਆ: "ਤੁਸੀਂ ਕਹਾਣੀਆਂ ਸੋਹਣੀਆਂ ਲਿਖਦੇ ਓ, ਸ਼ਾਇਰੀ ਦਾ ਖਹਿੜਾ ਛੱਡ ਦਿਓ।" ਚੰਗੀ ਮੱਤ ਲੈ ਲੈਣੀ ਚਾਹੀਦੀ ਏ ਸੋ ਮੈਨੂੰ ਸਮਝ ਆ ਗਈ। ਮੇਰੀ ਕਹਾਣੀਆਂ ਦੀ ਪਹਿਲੀ ਕਿਤਾਬ 'ਮੀਂਹ, ਬੂਹੇ ਤੇ ਬਾਰੀਆਂ' ਦਾ ਚੰਗਾ ਪਰਤਾਵਾ ਆਇਆ ਸੀ। ਵਾਹਵਾ ਸਲਾਹੁਣਾ ਹੋਈ ਸੀ। ਗ਼ੁਲਾਮ ਹੁਸੈਨ ਸਾਜਿਦ ਨੇ ਲੇਖ ਲਿਖਿਆ ਸੀ। 1997 ਤੋਂ 2009 ਤੀਕ ਮੈਂ ਕਿਤਾਬ ਤ੍ਰਿਵਣ ਵਿੱਚ ਰੁੱਝਿਆ ਰਿਹਾ। ਨੌਕਰੀ ਵੀ ਕਰਦਾ ਸਾਂ, ਟੱਬਰ ਵੀ ਪਾਲੇ। ਇਸ ਲਈ ਕੁੱਝ ਬਹੁਤਾ ਕੰਮ ਨਾ ਕੀਤਾ। 2012 ਮਗਰੋਂ ਕਿਤਾਬ 'ਸੱਦ' ਛਾਪ ਕੇ ਸ਼ਾਇਰੀ ਛੱਡ ਦਿੱਤੀ। ਮੇਰੀ ਕਿਤਾਬ 'ਪਾਣੀ ਦੀ ਕੰਧ' ਨੂੰ ਸ਼ਾਇਰੀ ਵਰਗੀ ਨਸਰ (Prose) ਆਖਿਆ ਗਿਆ ਏ, ਤੁਹਾਨੂੰ ਮੇਰੀਆਂ ਕਹਾਣੀਆਂ ਵਿੱਚ ਕਿਤੇ-ਕਿਤੇ ਐਵੇਂ ਸ਼ਾਇਰੀ ਦਾ ਝੋਲਾ ਪਏਗਾ। ਇੱਕ ਨਾਕਾਮ ਸ਼ਾਇਰ ਵਿੱਚ ਚੰਗਾ ਕਹਾਣੀਕਾਰ ਹੋ ਸਕਦਾ ਏ।

? ਤੁਸੀਂ ਇੱਕ ਜਾਣੇ-ਪਛਾਣੇ ਲੇਖਕ ਹੋ ਤੇ ਤੁਹਾਡੇ ਪਾਠਕ ਤੁਹਾਡੀਆਂ ਲਿਖਤਾਂ ਤੋਂ ਭਲੀ ਭਾਂਤ ਵਾਕਫ਼ ਨੇ। ਕੀ ਤੁਸੀਂ ਸਾਨੂੰ ਦੱਸੋਗੇ ਕਿ ਤੁਸੀਂ ਆਪ ਕਿਨ੍ਹਾਂ ਲੇਖਕਾਂ ਨੂੰ ਪੜ੍ਹਦੇ ਹੋ।

-ਅੰਗਰੇਜ਼ੀ ਦਾ ਉਸਤਾਦ ਹੋਣ ਕਾਰਨ ਮੈਂ ਸਭ ਨੂੰ ਪੜ੍ਹਿਆ ਏ। ਅਲਬੇਰ ਕਾਮੂ, ਮਿਲਾਨ ਕੁੰਦੇਰਾ, ਗਾਰਸੀਆ ਮਾਰਕੇਜ਼, ਚੈਖ਼ਵ, ਨਜੀਬ ਮਹਿਫ਼ੂਜ਼, ਹੈਮਿੰਗਵੇ ਮੈਨੂੰ

ਬਹੁਤ ਪਸੰਦ ਨੇ। ਚੜ੍ਹਦੇ ਪੰਜਾਬ ਵਿੱਚੋਂ ਮੈਂ ਕੁਲਵੰਤ ਸਿੰਘ ਵਿਰਕ, ਪ੍ਰੇਮ ਪ੍ਰਕਾਸ਼, ਵਰਿਆਮ ਸਿੰਘ ਸੰਧੂ, ਸੰਤੋਖ ਧੀਰ, ਮੋਹਨ ਭੰਡਾਰੀ, ਜਿੰਦਰ, ਦੇਸ ਰਾਜ ਕਾਲੀ, ਕਰਤਾਰ ਸਿੰਘ ਦੁੱਗਲ, ਅਜੀਤ ਕੌਰ, ਸਿਮਰਨ, ਵੀਨਾ ਵਰਮਾ ਤੇ ਹੋਰ ਕਈਆਂ ਦੀਆਂ ਕਹਾਣੀਆਂ ਪੜ੍ਹੀਆਂ ਨੇ। ਜਦ ਮੈਂ 2006 ਵਿੱਚ ਪਰਲੇ ਪੰਜਾਬ ਗਿਆ ਤੇ ਪ੍ਰੇਮ ਪ੍ਰਕਾਸ਼ ਮੇਰੇ ਨਾਲ ਤਿੰਨ ਦਿਨ ਚੰਡੀਗੜ੍ਹ ਰਿਹਾ ਸੀ। ਪ੍ਰੇਮ ਨਾਲ ਮੈਨੂੰ ਅਮਰਜੀਤ ਚੰਦਨ ਨੇ ਮਿਲਾਇਆ ਸੀ ਜੋ ਮੇਰਾ ਪੁਰਾਣਾ ਬੇਲੀ ਏ।

ਜਵਾਨੀ ਵਿੱਚ ਜਦ ਮੈਂ 'ਉਦਾਸ ਨਸਲੇਂ' (ਅਬਦੁੱਲਾ ਹੁਸੈਨ), 'ਆਗ ਕਾ ਦਰਿਆ' (ਕੁਰੱਤੁਲਐਨ ਹੈਦਰ) ਪੜ੍ਹਿਆ ਤੇ ਮੇਰੇ ਉੱਤੇ ਬਹੁਤ ਅਸਰ ਹੋਇਆ ਸੀ। 'ਆਗ ਕਾ ਦਰਿਆ' ਪੜ੍ਹ ਕੇ ਮੈਂ ਕਈ ਦਿਨ ਘਰੋਂ ਬਾਹਰ ਨਹੀਂ ਨਿਕਲਿਆ ਸੀ।

ਮੇਰੀ ਕੋਸ਼ਿਸ਼ ਹੁੰਦੀ ਏ ਮੈਂ ਨਵੇਂ ਲਿਖਾਰੀਆਂ ਨੂੰ ਪੜ੍ਹਾਂ। ਤੁਸੀਂ ਮੈਨੂੰ ਪਸੰਦ ਓ ਪਰ ਤੁਸੀਂ ਬਸ ਇਕ ਕਿਤਾਬ ਈ ਲਿਖੀ ਏ। ਮੈਨੂੰ ਪੁਰਾਣੇ ਪੰਜਾਬੀ ਕਹਾਣੀਕਾਰਾਂ ਵਿੱਚੋਂ ਅਨਵਰ ਅਲੀ ਤੇ ਰੰਧਾਵਾ ਵੀ ਪਸੰਦ ਨੇ। ਮਿਰਜ਼ਾ ਹਾਮਿਦ ਬੇਗ ਦੀ 'ਕਿੱਸਾ ਕਹਾਣੀ' ਤੇ ਮਲਕ ਮਿਹਰ ਅਲੀ ਦੀ 'ਢਾਹ ਲੱਗੀ ਵਸਤੀ' ਵੀ ਸੋਹਣੀਆਂ ਕਿਤਾਬਾਂ ਨੇ।

ਮੈਂ ਹਰ ਚੰਗਾ ਨਾਵਲ ਜਾਂ ਕਹਾਣੀਆਂ ਦੀ ਕਿਤਾਬ, ਉਰਦੂ, ਅੰਗਰੇਜ਼ੀ ਜਾਂ ਪੰਜਾਬੀ ਵਿੱਚ ਜ਼ਰੂਰ ਪੜ੍ਹਨਾ ਵਾਂ। ਮੇਰਾ ਕਿਸੇ ਨਾਲ ਕੋਈ ਤਆਸੁਬ (ਪੱਖਪਾਤ) ਨਹੀਂ ਏ। ਕਿਸੇ ਨੇ ਮੈਨੂੰ ਜੇ ਗਾਲ੍ਹਾਂ ਵੀ ਕੱਢੀਆਂ ਹੋਣ ਤੇ ਉਸ ਕੋਈ ਚੰਗੀ ਲਿਖਤ ਲਿਖੀ ਏ ਤਾਂ ਪੜ੍ਹਾਂਗਾ ਤੇ ਖ਼ੋਰੇ ਉਹਨੂੰ ਦੱਸ ਵੀ ਦਿਆਂਗਾ ਭਾਵੇਂ ਸਾਡੀ ਬੋਲ ਚਾਲ ਬੰਦ ਈ ਹੋਵੇ। ਮੈਂ ਲਿਖਤ ਤੇ ਮੁੱਕਦਾ ਹਾਂ, ਲਿਖਾਰੀ ਤੇ ਨਹੀਂ, ਲਿਖਾਰੀ ਚੰਗੇ ਮਾੜੇ ਹੋ ਸਕਦੇ ਨੇ। ਕਈ ਵਾਰ ਲਿਖਤ, ਲਿਖਣ ਵਾਲੇ ਤੋਂ ਅਗਾਂਹ ਲੰਘ ਜਾਂਦੀ ਏ ਤੇ ਲਿਖਣ ਵਾਲੇ ਨੂੰ ਪੱਚੀ ਕਰ ਦਿੰਦੀ ਏ।

ਮੇਰੀ ਨਿੱਜੀ ਲਾਇਬ੍ਰੇਰੀ ਵਿੱਚ ਚਾਰ-ਪੰਜ ਹਜ਼ਾਰ ਕਿਤਾਬ ਹੋਣੀ ਏ। ਮੈਨੂੰ ਫ਼ਲਸਫ਼ੇ (Philosophy) ਤੇ ਨਫ਼ਸੀਆਤ (Psychology) ਦਾ ਵੀ ਬੜਾ ਸ਼ੌਕ ਏ। ਐਫ਼.ਏ., ਬੀ.ਏ. ਵਿੱਚ ਫ਼ਲਸਫ਼ਾ ਪੜ੍ਹਿਆ ਸੀ। ਪੰਜਾਬ ਯੂਨੀਵਰਸਿਟੀ 1977 ਵਿੱਚ ਫ਼ਲਸਫ਼ੇ ਵਿੱਚ ਦਾਖ਼ਲਾ ਵੀ ਲਿਆ ਸੀ ਪਰ ਆਵਾਰਾਗਰਦੀ ਪਾਰੋਂ ਵਿੱਚੋਂ ਈ ਛੱਡ ਕੇ 1978 ਵਿੱਚ ਯੂਰਪ ਚਲਾ ਗਿਆ ਸੀ, ਸੜਕੋ ਸੜਕੀਂ। ਇਸ ਬਾਰੇ ਮੈਂ ਹੁਣ ਇੱਕ ਨਾਵਲ ਲਿਖ ਰਿਹਾ ਆਂ। ਫ਼ਲਸਫ਼ੇ ਵਿੱਚ ਵੀ ਪੰਜਾਬੀ ਵਿੱਚ ਇੱਕ ਦੋ ਕਿਤਾਬਾਂ ਲਿਖਣ ਦਾ ਚਾਹ ਏ, ਵੇਖੋ।

? ਤੁਹਾਡੇ ਸਮਕਾਲੀਆਂ ਵਿੱਚੋਂ ਆਪਣੀ ਬੋਲੀ ਦੇ ਜਿਨ੍ਹਾਂ ਲੇਖਕਾਂ ਨੂੰ ਤੁਸੀਂ ਪੜ੍ਹਿਆ ਹੈ, ਉਨਾਂ ਵਿੱਚੋਂ ਤੁਹਾਡਾ ਮਨਭਾਉਂਦਾ ਲੇਖਕ ਕੌਣ ਏ।

-ਕੁੱਝ ਦੇ ਨਾਂ ਮੈਂ ਉੱਤੇ ਲੈ ਦਿੱਤੇ ਨੇ। ਨਾਦਰ ਅਲੀ ਵੀ ਚੰਗਾ ਲਿਖਦੇ ਸਨ। ਉਹ ਅਕਸਰ ਕਹਿੰਦੇ ਸਨ: "ਜ਼ੁਬੈਰ ਤੇ ਮੈਂ ਸਮਕਾਲੀ ਆਂ, ਜ਼ੁਬੈਰ ਨੇ ਤੇਈ ਸਾਲ ਦੀ ਉਮਰ ਵਿੱਚ ਲਿਖਣਾ ਛੋਹਿਆ ਏ ਤੇ ਮੈਂ ਸੱਠ ਦੀ।" ਉਂਞ ਇਸ ਸਵਾਲ ਦਾ ਜਵਾਬ ਦੇਣਾ ਔਖਾ ਏ ਕਿਉਂ ਜੇ ਜਿਸ ਦਾ ਨਾਂ ਨਾ ਲਿਆ ਉਸ ਨਾਰਾਜ਼ ਹੋ ਜਾਣਾ ਏ। ਖ਼ੈਰ ਮੈਨੂੰ ਨੈਣ

ਸੁਖ ਬਹੁਤ ਪਸੰਦ ਨੇ। ਉਨ੍ਹਾਂ ਇਕ ਹੱਦ ਤੀਕ ਸਾਡੇ ਪਾਸੇ ਵੱਲ ਕਹਾਣੀ ਤੇ ਨਾਵਲ ਦਾ ਖੱਪਾ ਵੀ ਪੂਰ ਦਿੱਤਾ ਏ। 2002 ਤੋਂ ਲੈ ਕੇ ਹੁਣ ਤੀਕ ਉਹ 7 ਨਸਰ ਦੀਆਂ ਕਿਤਾਬਾਂ ਦੇ ਚੁੱਕੇ ਹਨ। 8ਵੀਂ ਕਿਤਾਬ 'ਧਰਤੀ ਪੰਜ ਦਰਿਆਈ' ਦਾ ਪਰਲੇ ਪੰਜਾਬ ਵਿੱਚ ਹੁਣ ਦੂਜਾ ਐਡੀਸ਼ਨ ਛੱਪ ਰਿਹਾ ਏ। 'ਮਾਧੋ ਲਾਲ ਹੁਸੈਨ, ਲਾਹੌਰ ਸ਼ਹਿਰ ਦੀ ਵੇਲ' ਦਾ ਦੂਜਾ ਐਡੀਸ਼ਨ ਛੱਪ ਚੁੱਕਾ ਏ। ਅਖ਼ੀਰੀ ਨਾਵਲ 'ਵਬਾ ਤੇ ਵਸੇਬ' ਮੁੱਕਣ ਵਾਲਾ ਏ। ਕਿਉਂ ਜੇ ਕਿਤਾਬ ਤ੍ਰਿੰਞਣ ਛਾਪਣਹਾਰ (ਪ੍ਰਕਾਸ਼ਕ) ਏ ਇਸ ਲਈ ਮੈਨੂੰ ਪਤਾ ਏ। ਨੈਣ ਸੁਖ ਨੂੰ ਨਿਰੇ ਪੰਜਾਬੀ ਦੇ ਪੜ੍ਹਿਆਰ ਈ ਨਹੀਂ ਪੜ੍ਹਦੇ ਸਗੋਂ ਯੂਨੀਵਰਸਿਟੀਆਂ ਦੇ ਅੰਗਰੇਜੀ ਦੇ ਪੜ੍ਹਿਆਰ ਮੁੰਡੇ-ਕੁੜੀਆਂ ਵੀ ਪੜ੍ਹਦੇ ਨੇ। ਪਰ ਕਿਸੇ ਯੂਨੀਵਰਸਿਟੀ ਦੇ ਪੰਜਾਬੀ ਡਿਪਾਰਟਮੈਂਟ ਨੂੰ ਤੌਫ਼ੀਕ ਨਹੀਂ ਹੋਈ ਉਸ ਉੱਤੇ ਕੰਮ ਕਰਾਏ। ਇਕ ਧੜਾ ਉਸ ਤੋਂ ਸੜਦਾ ਏ, ਉਨ੍ਹਾਂ ਨੂੰ ਡਰ ਏ ਅਸੀਂ ਏਨੇ ਪੁਰਾਣੇ ਆਂ ਕਿਤੇ ਸਾਡਾ ਛਾਬਾ ਈ ਨਾ ਉਲਟਾ ਦੇਵੇ। ਪਰ ਨੈਣ ਸੁਖ ਜੋ ਲਿਖਿਆ ਏ ਉਸ ਤੋਂ ਕਿਤੇ ਵੱਧ ਉਹਦੇ ਦਿਮਾਗ਼ ਵਿੱਚ ਏ। ਹੁਣ ਤੇ ਉਸ ਵਕੀਲੀ ਛੱਡ ਕੇ ਨਿਰਾ ਲਿਖਣ-ਪੜ੍ਹਨ ਦਾ ਕੰਮ ਸਾਂਭ ਲਿਆ ਏ।

ਬਾਕੀ ਨਵੇਂ ਕਹਾਣੀਕਾਰ ਵੀ ਚੰਗਾ ਲਿਖ ਰਹੇ ਨੇ ਜਿਵੇਂ ਇਜਾਜ਼, ਸ਼ਹਿਜ਼ਾਦ ਅਸਲਮ, ਸਈਦ ਅੰਜੁਮ ਖੋਖਰ ਤੇ ਭਲਕ ਹੁਣ ਇਨ੍ਹਾਂ ਲਿਖਾਰੀਆਂ ਦੀ ਏ। ਅਸਾਂ ਤਾਂ ਜੋ ਲਿਖਣਾ ਸੀ ਲਿਖ ਲਿਆ ਜਾਂ ਇਕ ਦੋ ਕਿਤਾਬਾਂ ਹੋਰ ਲਿਖ ਲਾਂਗੇ।

? ਕੀ ਤੁਸੀਂ ਸਾਨੂੰ ਆਪਣੇ ਲੇਖਣ ਕਾਰਜ ਦੀਆਂ ਆਦਤਾਂ ਬਾਰੇ ਦੱਸ ਸਕਦੇ ਹੋ? ਕੀ ਤੁਸੀਂ ਕਲਮ ਨਾਲ ਕਾਗ਼ਜ਼ ਉੱਤੇ ਲਿਖਦੇ ਹੋ ਜਾਂ ਸਿੱਧਾ ਕੰਪਿਊਟਰ ਉੱਤੇ ਟਾਈਪ ਕਰਦੇ ਹੋ? ਖਰੜੇ ਦੀ ਸੋਧ ਸੁਧਾਰ ਬਾਰੇ ਕੁੱਝ ਦੱਸੋ।

-ਮੈਂ 1999 ਵਿੱਚ ਕੰਪਿਊਟਰ ਲੈ ਲਿਆ ਸੀ ਤੇ ਇਸ ਪਿੱਛੋਂ ਮੈਂ ਕੰਪਿਊਟਰ ਉੱਤੇ ਈ ਲਿਖਦਾ ਆਂ। ਕਮਾਲ ਦੀ ਚੀਜ਼ ਏ ਕੰਪਿਊਟਰ। ਲਿਖਣ ਦਾ ਸੁਆਦ ਆ ਜਾਂਦਾ ਏ। ਸੋਧ, ਇਮਲਾ, ਕੱਟ ਤੇ ਪੇਸਟ ਦਾ ਕੋਈ ਮਸਲਾ ਨਹੀਂ। ਤੁਸੀਂ ਕਹਾਣੀ ਦਾ ਪਹਿਲਾ ਪੈਰਾ ਅਖ਼ੀਰ ਵਿੱਚ ਤੇ ਅਖ਼ੀਰਲਾ ਪਹਿਲੇ ਲਿਆ ਸਕਦੇ ਓ। ਪਰ ਆਪਣੀਆਂ ਕਹਾਣੀਆਂ ਦੀ ਪਹਿਲੀ ਕਿਤਾਬ ਮੈਂ ਕਾਗ਼ਜ਼ ਤੇ ਈ ਲਿਖੀ ਸੀ।

ਮੈਨੂੰ ਪੋਂਦ ਵਿੱਚ ਕਹਾਣੀ ਦੀ 'ਆਮਦ' ਹੁੰਦੀ ਏ ਤੇ ਤਿੰਨ-ਚਾਰ ਸਫ਼ੇ ਮੈਂ ਲਿਖ ਲੈਣਾਂ। ਫ਼ਿਰ ਆਮਦ ਰੁਕ ਜਾਂਦੀ ਏ। ਮੈਂ ਲਿਖਣਾ ਬੰਦ ਕਰ ਦਿੰਦਾ ਆਂ। ਮੈਂ ਕਈ-ਕਈ ਵਰ੍ਹੇ ਆਪਣੀਆਂ ਕਹਾਣੀਆਂ ਨੂੰ ਜੀਵਿਆ ਏ। ਫ਼ਿਰ ਐਵੇਂ ਖ਼ਿਆਲ ਆਉਂਦਾ ਏ, ਮੈਂ ਲਿਖੀ ਕਹਾਣੀ ਮੁੜ ਵੇਖਦਾ ਆਂ ਤੇ ਕੁੱਝ ਹੋਰ ਲਿਖ ਕੇ ਛੱਡ ਦੇਣਾਂ ਵਾਂ। ਮੈਂ ਦਸ-ਦਸ ਵਾਰ ਆਪਣੀਆਂ ਕਹਾਣੀਆਂ ਦੀ ਸੋਧ ਕੀਤੀ ਏ। ਮੈਨੂੰ ਹਮੇਸ਼ ਅਹਿਸਾਸ ਰਹਿੰਦਾ ਏ ਕੋਈ ਗੱਲ ਰਹਿ ਗਈ ਏ, ਅਜੇ ਕਹਾਣੀ ਪੂਰੀ ਨਹੀਂ ਹੋਈ। ਮੈਂ ਕਹਾਣੀਆਂ ਦੀਆਂ ਸਾਰੀਆਂ ਕਿਤਾਬਾਂ ਇਸ ਲਈ ਛਾਪੀਆਂ ਪਈ ਉਹ ਕਹਾਣੀਆਂ ਚਿੰਬੜ ਗਈਆਂ ਸਨ। ਪਿਕਾਸੋ ਕੋਲੋਂ ਕੋਈ ਬੰਦਾ ਪੇਂਟਿੰਗ ਖ਼ਰੀਦਣ ਆਇਆ ਤੇ ਇੱਕ ਪਾਸੇ ਪਈ ਪੇਂਟਿਗ ਵੇਖ ਕੇ ਕਹਿਣ ਲੱਗਾ: "ਇਹ ਮੁਕੰਮਲ ਏ?" ਪਿਕਾਸੋ ਨੇ ਜਵਾਬ ਦਿੱਤਾ: "ਮੇਰੀਆਂ ਪੇਂਟਿੰਗਜ਼ ਕਦੀ ਵੀ ਮੁਕੰਮਲ ਨਹੀਂ ਹਨ। ਜਦ ਤੀਕ ਇਹ ਇੱਥੇ ਰਹੇਗੀ ਮੈਂ ਇਸ ਉੱਤੇ

ਕੰਮ ਕਰਦਾ ਰਹਾਵਾਂਗਾ।" ਇਸ ਲਈ ਜਦ ਤੀਕ ਮੇਰੀ ਕਹਾਣੀ ਛੱਪ ਨਹੀਂ ਜਾਂਦੀ ਮੈਂ ਉਸ ਉੱਤੇ ਕੰਮ ਕਰਦਾ ਰਹਿਣਾ ਵਾਂ। ਸੁਆਦ ਵੀ ਬੜਾ ਆਉਂਦਾ ਏ ਜਦ ਕੋਈ ਚੰਗਾ ਫ਼ਿਕਰਾ ਲਹਿ ਜਾਂਦਾ ਏ ਜਾਂ ਕੋਈ ਨਵੀਂ ਗੱਲ ਲੱਭ ਜਾਂਦੀ ਏ।

? ਵੇਲੇ ਦੇ ਨਾਲ ਬੋਲੀ ਵਿੱਚ ਬਦਲਾਓ ਆਉਣਾ ਇਕ ਫ਼ਿਤਰੀ ਅਮਲ ਏ, ਕਿਸੇ ਧੜੇ ਵੱਲੋਂ ਇਹਨੂੰ ਠੇਠ ਰੱਖਣ ਉੱਤੇ ਅੜੇ ਰਹਿਣਾ, ਕੀ ਬੋਲੀ ਦੇ ਵਧਾਰੇ ਨੂੰ ਡੱਕਾ ਲਾਉਣ ਵਰਗਾ ਨਹੀਂ ਜਾਪਦਾ।

-ਵੇਲੇ ਨਾਲ ਬੋਲੀ ਵਿੱਚ ਬਦਲਾਓ ਆਂਦਾ ਏ ਇਹ ਗੱਲ ਠੀਕ ਏ ਪਰ ਜੇ ਵੇਲਾ ਵੀ ਬਦਲੇ। ਅੰਗਰੇਜ਼ੀ ਦੇ ਉਸਤਾਦ ਪਾਰੋਂ ਅੰਗਰੇਜ਼ੀ ਦੀ ਮਿਸਾਲ ਸੌਖੀ ਰਹੇਗੀ। ਉਂਞ ਅਸੀਂ ਆਪਣੀ ਬੋਲੀ ਤੋਂ ਅੱਡ ਅੰਗਰੇਜ਼ੀ ਦੇ ਚੰਗੇ ਜਾਣੂ ਆਂ। ਜੈਫਰੀ ਚੌਸਰ ਪਹਿਲਾ ਸ਼ਾਇਰ ਸੀ ਅੰਗਰੇਜ਼ੀ ਦਾ, ਉਸ ਦੀ ਬੋਲੀ ਤੇ ਬਾਅਦ ਵਿੱਚ ਆਉਣ ਵਾਲੀਆਂ ਦੀ ਬੋਲੀ ਜਿਵੇਂ ਸ਼ੈਕਸਪੀਅਰ ਦੀ ਬੋਲੀ ਵਿੱਚ ਚੋਖਾ ਫ਼ਰਕ ਏ। ਜੈਫਰੀ ਚੌਸਰ 14ਵੀਂ ਸਦੀ ਦਾ ਏ, ਸ਼ੈਕਸਪੀਅਰ 16ਵੀਂ ਸਦੀ ਦਾ। ਅੰਗਰੇਜ਼ੀ ਬੋਲੀ ਵਿੱਚ ਬਦਲਾਓ ਸਮਾਜ ਬਦਲਣ ਨਾਲ ਵੀ ਆਇਆ। ਸੱਨਅਤੀ, ਸਾਇੰਸੀ ਤੇ ਸਰਮਾਏਦਾਰੀ ਦੀ ਚੜ੍ਹਤਲ ਨੇ ਬੋਲੀ ਤੇ ਅਸਰ ਪਾਇਆ। ਅੰਗਰੇਜ਼ੀ ਨਸਰ ਹੋਰ ਤੋਂ ਹੋਰ ਹੋ ਗਈ। ਉਚੇਚੇ ਪੱਖੋਂ 17ਵੀਂ ਤੇ 18ਵੀਂ ਸਦੀ ਵਿੱਚ ਅੰਗਰੇਜ਼ੀ ਵਿੱਚ ਹਰ ਸ਼ੈ ਲਿਖੀ ਜਾਣ ਲੱਗ ਪਈ। ਇਸ ਦੇ ਦੋ ਵੱਡੇ ਕਾਰਨ ਸਨ। ਸੱਨਅਤੀ ਬਦਲਾਓ ਤੇ ਵਿਚਕਾਰਲੇ ਮੇਲ ਦਾ ਵਜੂਦ ਵਿੱਚ ਆਣਾ। ਜਿਸ ਨਾਲ ਪੜ੍ਹਾਈ-ਲਿਖਾਈ ਵਧੀ, ਅਖ਼ਬਾਰ ਰਸਾਲੇ ਨਿਕਲਣਾ ਸ਼ੁਰੂ ਹੋਏ, ਪ੍ਰਿੰਟਿੰਗ ਪ੍ਰੈੱਸ ਆਇਆ, ਕਿਤਾਬਾਂ ਸਸਤੀਆਂ ਮਿਲਣ ਲੱਗੀਆਂ। ਜਿਸ ਪਾਰੋਂ ਇੱਕ ਨਵੀਨ (Modern) ਅੰਗਰੇਜ਼ੀ ਬਣੀ ਜਿਸ ਪਾਰੋਂ ਅੱਜ ਅੰਗਰੇਜ਼ੀ ਦਾ ਰਾਜ ਏ। ਫ਼ਿਰ ਇੱਥੇ ਵਾਧਾ ਹੁੰਦਾ ਰਿਹਾ ਤੇ ਫ਼ਿਰ ਚੱਲ ਸੋ ਚੱਲ। ਅੱਜ ਅੰਗਰੇਜ਼ੀ ਕਿੱਥੇ ਖਲੋਤੀ ਏ ਕਿਉਂ ਜੇ ਇਸ ਵਿੱਚ ਹਰ ਗੱਲ ਹੋ ਸਕਦੀ ਏ। ਸਾਡੇ ਪੰਜਾਬ ਵਿੱਚ ਇੰਜ ਦਾ ਕੁੱਝ ਨਹੀਂ ਹੋਇਆ। ਸਾਡੇ ਕੋਈ ਸੱਨਅਤੀ ਬਦਲਾਓ ਨਹੀਂ ਆਇਆ, ਕੋਈ ਸਾਇੰਸੀ ਚਮਤਕਾਰ ਨਹੀਂ ਹੋਇਆ। ਸਾਂਝੇ ਪੰਜਾਬ ਵਿੱਚ 20ਵੀਂ ਸਦੀ ਵਿੱਚ ਕਿਤੇ ਜਾ ਕੇ ਅਸੀਂ ਨਸਰ ਵੱਲ ਆਏ। ਸਾਡੇ ਮਿੱਤਰ ਪ੍ਰੋਫ਼ੈਸਰ ਸਈਦ ਭੁੱਟਾ ਕਹਿੰਦੇ ਨੇ: "20ਵੀਂ ਸਦੀ ਸਿੱਖਾਂ ਦੀ ਸਦੀ ਏ।" ਭਾਵੇਂ ਮੈਂ ਧਰਮੀ ਵੰਡ ਨੂੰ ਨਹੀਂ ਮੰਨਦਾ ਪਰ ਇਹ ਗੱਲ ਠੀਕ ਏ। ਸਾਡੀ (ਪਾਕਿਸਤਾਨੀ ਪੰਜਾਬੀ) ਨਸਰ 60 ਦੇ ਦਹਾਕੇ ਵਿੱਚ ਜਾ ਕੇ ਲਿਖਣ ਵੱਲ ਆਈ।

ਠੇਠ ਬੋਲੀ ਲਿਖਣਾ ਕੋਈ ਲਾਂਭਾ ਨਹੀਂ, ਚੰਗੀ ਗੱਲ ਏ ਸਾਨੂੰ ਠੇਠ ਬੋਲੀ ਹੀ ਲਿਖਣੀ ਚਾਹੀਦੀ ਏ। ਸ਼ਾਇਦ ਤੁਸੀਂ 'ਸ਼ੁੱਧ ਬੋਲੀ' ਜਾਂ 'ਪਵਿੱਤਰ ਬੋਲੀ' ਦੀ ਗੱਲ ਕਰ ਰਹੇ ਓ। ਅਸਲੋਂ ਅਸੀਂ ਕਿੰਜ ਦੀ ਬੋਲੀ ਲਿਖੀਏ? ਇਹ ਲਿਖਾਰੀ ਦੀ ਆਪਣੀ ਚੋਣ ਏ, ਉਹ ਠੇਠ ਲਿਖੇ, ਸ਼ੁੱਧ ਜਾਂ ਉਹ ਬੋਲੀ ਜੋ ਉਹ ਬੋਲਦਾ ਏ! ਉਸ ਦੀ ਆਪਣੀ ਚੋਣ ਏ। ਸਾਡੇ ਇੱਥੇ ਇੱਕ ਵੇਲੇ ਪੰਜਾਬੀ ਅਦਬੀ ਬੋਰਡ ਦੇ ਵੱਡਕੀਆਂ ਮਿਥਿਆ ਸੀ; ਅਸੀਂ ਲਹਿੰਦੀ ਲਿਖਾਂਗੇ ਕਿਉਂ ਜੇ ਉਹ ਕਲਾਸਿਕ ਦੀ ਬੋਲੀ ਏ, ਨਾਲੇ ਸਰਾਇਕੀ ਦੇ ਸਵਾਲ ਨੂੰ ਨਜਿੱਠਣ ਦਾ ਆਹਰ ਸੀ, ਇਸ ਵਿੱਚ ਆਸਿਫ਼ ਖ਼ਾਨ, ਸ਼ਫ਼ਕਤ ਤਨਵੀਰ ਮਿਰਜ਼ਾ,

ਨਜਮ ਹੁਸੈਨ ਸੱਯਦ ਤੇ ਰਾਜਾ ਰਸਾਲੂ ਵਰਗੇ ਲੋਕ ਸਨ। ਆਸਿਫ਼ ਖ਼ਾਨ ਜੋ ਬੋਲੀ ਲਿਖੀ ਉਹ ਸਮਝ ਆਂਦੀ ਏ, ਸ਼ਫ਼ਕਤ ਸਾਹਿਬ ਸਿੱਧੀ ਪੰਜਾਬੀ ਲਿਖਦੇ ਸਨ, ਉਹ ਸਿਆਸੀ ਬੰਦੇ ਸਨ ਤੇ ਆਪਣੀ ਗੱਲ ਕਹਿ ਲੈਂਦੇ ਸਨ। ਨਜਮ ਹੁਸੈਨ ਸੱਯਦ ਨੇ ਖ਼ਾਸ ਪੰਜਾਬੀ ਲਿਖੀ ਏ ਤੇ ਲਿਖ ਰਹੇ ਹਨ, ਉਨ੍ਹਾਂ ਦੇ ਕੁੱਝ ਮੁਰੀਦ ਵੀ ਇਹ ਬੋਲੀ ਲਿਖਦੇ ਹਨ ਜਿਸ ਵਿੱਚ ਲਹਿੰਦੀ ਦਾ ਰੰਗ ਹੁੰਦਾ ਏ। ਅੱਜ ਪੰਜਾਹ ਵਰ੍ਹਿਆਂ ਪਿੱਛੋਂ ਇਸ ਲਿਖਤ ਢੰਗ ਬਾਰੇ ਮੁੜ ਫੇਰੀ ਦੀ ਲੋੜ ਏ।

ਪਰ ਸਰਾਇਕੀ ਵਾਲਿਆਂ ਇਸ ਲਿਖਤ ਨੂੰ ਪ੍ਰਵਾਨ ਨਹੀਂ ਕੀਤਾ। ਇਸ ਨਾਲ ਬੋਲੀ ਦੇ ਵਧਾਰੇ ਨੂੰ ਡੱਕਾ ਨਹੀਂ ਲੱਗਦਾ। ਬੋਲੀ ਵਗਦਾ ਦਰਿਆ ਏ, ਇਸ ਦਾ ਵਹਿਣ ਨਹੀਂ ਰੁਕਦਾ। ਹਾਂ ਇੱਕ ਅਜਿਹੀ ਲਿਖਤ ਜਿਸ ਨੂੰ ਪੜ੍ਹਨ ਵਿੱਚ ਆਓਖਤ ਹੋਵੇ ਉਸ ਦਾ ਸਭ ਤੋਂ ਵੱਡਾ ਡੱਕਾ ਤਾਂ ਲਿਖਾਰੀ ਨੂੰ ਲੱਗਦਾ ਏ, ਜੋ ਔਖੀ ਬੋਲੀ ਲਿਖਦਾ ਏ। ਖ਼ਲਕਤ ਵਿੱਚ ਉਹ ਪ੍ਰਵਾਨ ਨਹੀਂ ਹੁੰਦਾ ਤੇ ਕੁੱਝ ਖ਼ਾਸ ਲੋਕਾਂ ਵਿੱਚ ਈ ਰਹਿ ਜਾਂਦਾ ਏ। ਇਸ ਦਾ ਪੰਜਾਬੀ ਬੋਲੀ ਤੋਂ ਜ਼ਿਆਦਾ ਨੁਕਸਾਨ ਲਿਖਾਰੀ ਨੂੰ ਆਪੇ ਹੁੰਦਾ ਏ। ਜਿਹੜੇ ਸ਼ਾਇਰਾਂ ਲੋਕ ਬੋਲੀ ਵਿੱਚ ਲਿਖਿਆ, ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਵੱਸਦੇ ਪਏ ਨੇ, ਜਿਵੇਂ ਉਸਤਾਦ ਦਾਮਨ, ਅਹਿਮਦ ਰਾਹੀ, ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ। ਇਸ ਲਈ ਸਾਡੀ ਬੋਲੀ ਵਿੱਚ ਬਹੁਤ ਪਾੜ ਹਨ ਜੋ ਫ਼ਿਰ ਲਿਖਾਰੀਆਂ ਵਿੱਚ ਵੀ ਨਜ਼ਰ ਆਉਂਦੇ ਹਨ। ਬਾਬਾ ਨਜਮੀ ਤੇ ਨਜਮ ਹੁਸੈਨ ਸੱਯਦ ਦਾ ਜੋ ਪਾੜ ਏ, ਉਹ ਕੌਣ ਮੇਲੇਗਾ! ਦੋਵੇਂ ਪੰਜਾਬੀ ਦੇ ਸ਼ਾਇਰ ਨੇ। ਨਜਮ ਸਾਹਿਬ ਕਦੀ ਮੁਸ਼ਾਇਰੇ ਵਿੱਚ ਸ਼ਾਇਰੀ ਨਹੀਂ ਪੜ੍ਹੀ ਤੇ ਬਾਬਾ ਨਜਮੀ ਪੜ੍ਹਦਾ ਈ ਮੁਸ਼ਾਇਰੇ ਵਿੱਚ ਏ। ਮਾਨਤਾ ਦੋਨਾਂ ਦੀ ਏ ਆਦਰ ਭਾਅ ਵੀ ਏ। ਦੂਜੇ ਬੰਨੇ ਨਜਮ ਹੁਸੈਨ ਸੱਯਦ ਤੇ ਫ਼ਖ਼ਰ ਜ਼ਮਾਨ ਦਾ ਫ਼ਰਕ ਏ। ਹੈ ਦੋਵੇਂ ਪੰਜਾਬੀ ਦੇ ਲਿਖਾਰੀ। ਆਸਿਫ਼ ਖ਼ਾਨ ਇੱਕ ਵਾਰੀ ਦੱਸਿਆ ਕਿ ਫ਼ਖ਼ਰ ਜ਼ਮਾਨ ਨੇ ਨਿਰੇ 20 ਕਣ (Infinitive) ਵਰਤੇ ਨੇ। ਫ਼ਖ਼ਰ ਜ਼ਮਾਨ ਕਹਿੰਦਾ ਸੀ: "ਜੇ ਲਿਖਦਿਆਂ ਮੇਰੇ ਦਿਮਾਗ਼ ਵਿੱਚ ਮੀਂਹ ਦੀ ਥਾਂ ਬਾਰਸ਼ ਆਵੇਗਾ, ਮੈਂ ਬਾਰਸ਼ ਲਿਖਾਂਗਾ।" ਉਹ ਰਹਿਤਲ ਤੇ ਸਭਿਆਚਾਰ ਦੀ ਥਾਂ ਕਲਚਰ ਵਰਤਦਾ ਏ। ਇਸ ਲਈ ਕੁੱਝ ਚਿਰ ਇੰਜ ਈ ਚੱਲਣਾ ਏ। ਸਾਡੀ ਬੋਲੀ ਪੜ੍ਹਾਈ-ਲਿਖਾਈ ਦਾ ਵਸੀਲਾ ਤਾਂ ਬਣੀ ਨਹੀਂ। ਮੈਂ ਕਿਸੇ ਸਕੂਲ ਵਿੱਚੋਂ ਪੰਜਾਬੀ ਨਹੀਂ ਪੜ੍ਹੀ, ਇਸ ਲਈ ਮੇਰਾ ਖ਼ਿਆਲ ਏ ਅਜੇ ਸ਼ੁੱਧ ਪੰਜਾਬੀ ਦੀ ਸਾਨੂੰ ਲੋੜ ਨਹੀਂ। ਸਾਨੂੰ ਲੋਕਾਂ ਤੀਕ ਉੱਪੜਨਾ ਚਾਹੀਦਾ ਏ। ਸਾਡੀ ਬੋਲੀ ਦਾ ਕੋਈ ਵਾਲੀ ਵਾਰਿਸ ਨਹੀਂ। ਕਿਤਾਬ ਬਹੁਤ ਘੱਟ ਖ਼ਰੀਦੀ ਤੇ ਪੜ੍ਹੀ ਜਾਂਦੀ ਏ। ਇਸ ਲਈ ਲਿਖਤ ਨੂੰ ਲੋਕਾਂ ਤੀਕ ਉੱਪੜਨਾ ਚਾਹੀਦਾ ਏ।

ਤੁਹਾਨੂੰ ਇੱਕ ਰਾਜ਼ ਦੀ ਗੱਲ ਦੱਸਦਾ ਹਾਂ। 1999 ਜਾਂ 2000 ਵਿੱਚ ਮੇਰੀ ਪਹਿਲੀ ਕਿਤਾਬ 'ਮੀਂਹ, ਬੂਹੇ ਤੇ ਬਾਰੀਆਂ' ਛਪਣ ਲਈ ਤਿਆਰ ਸੀ। ਮੇਰੇ ਕੋਲ ਛਾਪਣ ਦੇ ਪੈਸੇ ਨਹੀਂ ਸਨ, ਮੈਂ ਇਹਦਾ ਖਰਜ਼ਾ 'ਪੰਜਾਬੀ ਅਦਬੀ ਬੋਰਡ' ਵਿੱਚ ਜਮਾਂ ਕਰਾ ਦਿੱਤਾ। ਖ਼ਾਨ ਸਾਹਿਬ ਨੇ ਫ਼ਰਖ਼ੰਦਾ ਲੋਧੀ ਨੂੰ ਭੇਜ ਦਿੱਤਾ ਜਿਹੜੀਆਂ ਛਪਤ ਕਮੇਟੀ ਦੀਆਂ ਇੰਚਾਰਜ ਵਗ਼ੈਰਾ ਸਨ। ਉਨ੍ਹਾਂ ਮੇਰੀ ਕਿਤਾਬ ਰੱਦ ਕਰ ਦਿੱਤੀ ਪਈ ਇਸ

ਵਿੱਚ ਵੱਖੋ ਵੱਖ ਲਹਿਜਿਆਂ (Dialects) ਦਾ ਰਲਾ ਏ। ਫ਼ੇਰ ਮੈਂ ਕਿਤਾਬ ਨੂੰ ਮੁੜ ਤੋਂ ਸੰਵਾਰਿਆ ਤੇ 'ਕਿਤਾਬ ਤ੍ਰਿੰਞਣ' ਵੱਲੋਂ ਛਾਪ ਲਈ ਜੋ 1997 ਵਿੱਚ ਮੈਂ ਈ ਚਲਾਂਦਾ ਸਾਂ। ਕਈ ਵਰ੍ਹਿਆਂ ਪਿੱਛੋਂ ਇੱਕ ਵਾਰੀ ਫ਼ਰਖ਼ੰਦਾ ਲੋਧੀ ਜੀ ਮਿਲੇ ਤੇ ਮੇਰਾ ਮੱਥਾ ਚੁੰਮ ਲਿਆ ਪਈ ਤੂੰ ਬਹੁਤ ਸੋਹਣਾ ਲਿਖ ਰਿਹਾ ਐਂ। ਮੈਂ ਪੁਰਾਣੀ ਗੱਲ ਨਹੀਂ ਰੜਕਾਈ ਤੇ ਉਨ੍ਹਾਂ ਨੂੰ ਖ਼ੋਰੇ ਯਾਦ ਵੀ ਨਹੀਂ ਸੀ।

ਤੁਸੀਂ ਲੇਖ (Essay) ਲਿਖਣ ਲੱਗੇ ਠੇਠ ਪੰਜਾਬੀ ਲਿਖ ਸਕਦੇ ਓ। ਕਹਾਣੀ ਤੇ ਨਾਵਲ ਦੀ ਬੋਲੀ ਉਹੀ ਹੋਵੇਗੀ ਜੋ ਤੁਸੀਂ ਆਪ ਬੋਲਦੇ ਓ ਨਹੀਂ ਤਾਂ ਤੁਸੀਂ ਆਪਣੀ ਲਿਖਤ ਤੋਂ ਈ ਵਿਜੋਗੇ ਜਾਉਗੇ। ਲਿਖਾਰੀ ਇੱਕ ਤਰ੍ਹਾਂ ਆਪਣੀ ਬੋਲੀ ਦੀ ਸਾਂਭ ਵੀ ਕਰ ਰਿਹਾ ਹੁੰਦਾ ਏ। ਇਸ ਲਈ ਜਿਸ ਤਰ੍ਹਾਂ ਦਾ ਉਰਦੂ, ਹਿੰਦੀ, ਸੰਸਕ੍ਰਿਤ ਤੇ ਅਰਬੀ, ਫ਼ਾਰਸੀ ਦਾ ਰਲਾ ਏ ਇਸ ਪੱਖੋਂ ਸ਼ੁੱਧ ਲਿਖਣ ਵਾਲੇ ਵੀ ਸੱਚੇ ਨੇ। ਤੇ ਇਸ ਲਈ ਇਨ੍ਹਾਂ ਨੂੰ ਲਿਖਣ ਦਿਓ, ਇਹ ਵੀ ਸਾਡੀ ਬੋਲੀ ਦਾ ਰੰਗ ਏ। ਉਂਞ ਨਜਮ ਹੁਸੈਨ ਸੱਯਦ ਨੇ ਖ਼ਾਸ ਕਰ ਜਿਵੇਂ ਦੀ ਪਰਖ ਪੜਚੋਲ ਲਿਖੀ ਏ ਉਸ ਦਾ ਕੋਈ ਜੋੜ ਨਹੀਂ, ਚੜ੍ਹਦੇ ਪੰਜਾਬ ਵਿੱਚ ਵੀ। ਉਨ੍ਹਾਂ ਨਵਿਆਂ ਫ਼ਲਸਫ਼ਿਆਂ ਨੂੰ ਇੰਜ ਬੋਲੀ ਵਿੱਚ ਪਰੋ ਕੇ ਲਿਖਿਆ ਏ ਪਈ ਪਤਾ ਨਹੀਂ ਲੱਗਦਾ ਤੇ ਇਹ ਕੋਈ ਛੋਟੀ ਗੱਲ ਏ!

? ਜੇ ਤੁਹਾਨੂੰ ਆਪਣੀਆਂ ਦਸ ਕਹਾਣੀਆਂ ਦੀ ਚੋਣ ਕਰਨ ਲਈ ਆਖਿਆ ਜਾਵੇ ਤਾਂ ਤੁਸੀਂ ਕਿਹੜੀਆਂ ਕਹਾਣੀਆਂ ਦੇ ਨਾਂ ਗਿਣਵਾਓਗੇ।

-ਮੈਂ 30-32 ਵਰ੍ਹਿਆਂ ਵਿੱਚ 43 ਕਹਾਣੀਆਂ ਲਿਖੀਆਂ ਨੇ। ਪਹਿਲੀ ਕਿਤਾਬ 'ਮੀਂਹ, ਬੂਹੇ ਤੇ ਬਾਰੀਆਂ' (2001) ਵਿੱਚੋਂ ਮੈਂ 'ਸਵੈਟਰ', 'ਮੀਂਹ, ਬੂਹੇ ਤੇ ਬਾਰੀਆਂ', 'ਬੂਹਾ ਖੁੱਲ੍ਹਾ ਏ', ਤੇ 'ਵਲੀ ਅੱਲ੍ਹਾ ਗਵਾਚ ਗਿਆ ਏ' ਚੁਣਾਂਗਾ। ਦੂਜੀ ਕਿਤਾਬ 'ਕਬੂਤਰ, ਬਨੇਰੇ ਤੇ ਗਲੀਆਂ' ਵਿੱਚੋਂ 'ਮੁਰਦਾ ਤਾਰੀ', 'ਬਾਜਵਾ ਹੁਣ ਗੱਲ ਨਹੀਂ ਕਰਦਾ' ਤੇ 'ਕਬੂਤਰ, ਬਨੇਰੇ ਤੇ ਗਲੀਆਂ' ਤੇ ਅਖੀਰਲੀ ਕਿਤਾਬ 'ਪਾਣੀ ਦੀ ਕੰਧ' ਵਿੱਚੋਂ ਮੈਂ 'ਅੱਧ ਮੱਘਰ ਦਾ ਚੰਦ', 'ਸਾਹਵਾਂ ਦੀ ਵਲਗਨ', 'ਓਭੜ ਹੋਇਆ ਸਹਿਰ' ਤੇ 'ਪਾਣੀ ਦੀ ਕੰਧ' ਨੂੰ ਚੁਣਾਂਗਾ।

? ਲਾਹੌਰ ਵਿੱਚ ਪੰਜਾਬੀ ਲੇਖਕਾਂ ਦੀਆਂ ਕਈ ਮੰਡਲੀਆਂ ਬਣ ਗਈਆਂ ਨੇ। ਪਹਿਲਾਂ ਸ਼ਾਇਦ ਅਗਾਂਹਵਧੂ ਲੇਖਕਾਂ ਦਾ ਇੱਕੋ ਧੜਾ ਤੇ ਜੇਲ੍ਹ ਰੋਡ ਵਾਲਾ ਠੀਹਾ ਈ ਸੀ। ਦੂਜੇ ਉਹ ਸਨ ਜੋ ਇਸ ਨਾਲ ਜੁੜੇ ਹੋਏ ਨਹੀਂ ਹੁੰਦੇ ਸਨ। ਹੁਣ ਤਾਂ ਇੱਕੋ ਵਿਚਾਰਧਾਰਾ ਵਾਲਿਆਂ ਦੇ ਅੱਡੋ ਅੱਡ ਧੜੇ ਨੇ। ਇਸ ਪਾੜ ਨੂੰ ਤੁਸੀਂ ਕਿਸ ਨਜ਼ਰ ਨਾਲ ਵੇਖਦੇ ਹੋ ? ਇਸ ਖਿਲਾਰੇ ਦੇ ਕਾਰਨ ਕੀ ਨੇ।

-ਲਾਹੌਰ ਵਿੱਚ ਕਦੀ ਵੀ ਇੱਕ-ਦੋ ਧੜੇ ਨਹੀਂ ਰਹੇ, ਹੁਣ ਵੀ ਨਹੀਂ ਹਨ। ਲਾਹੌਰ ਵਿੱਚ ਲੇਖਕਾਂ ਦੀਆਂ ਹਮੇਸ਼ ਮੰਡਲੀਆਂ ਰਹੀਆਂ ਨੇ। ਪਰ ਸਭ ਤੋਂ ਭਰਪੂਰ ਦਹਾਕਾ 70 ਦਾ ਈ ਸੀ। ਫ਼ਖ਼ਰ ਜ਼ਮਾਨ ਦਾ ਇੱਕ ਧੜਾ ਸੀ, ਮੈਨੂੰ ਯਾਦ ਏ ਅਫ਼ਜ਼ਲ ਖ਼ਾਨ ਨੇ ਆਪਣੇ ਪਰਚੇ ਦਾ ਕੋਈ ਅੱਠ-ਨੌਂ ਸੌ ਸਫ਼ਿਆਂ ਦਾ 'ਫ਼ਖ਼ਰ ਜ਼ਮਾਨ ਨੰਬਰ' ਵੀ ਛਾਪਿਆ ਸੀ। ਫ਼ਖ਼ਰ ਜ਼ਮਾਨ ਨਾਂ ਲਏ ਬਿਨਾਂ ਜੇਲ੍ਹ ਰੋਡ ਵਾਲਿਆਂ ਦੀ ਪੰਜਾਬੀ ਦੀ ਨਿੰਦਿਆ ਕਰਦਾ

ਸੀ ਤੇ ਕਹਿੰਦਾ ਸੀ; ਇਹ ਲੋਕ 'ਮਤਰੂਕ' (Obsolete) ਪੰਜਾਬੀ ਲਿਖ ਰਹੇ ਨੇ। ਪਰ ਮੈਂ ਨਜਮ ਸਾਹਿਬ ਦੇ ਮੂੰਹੋਂ ਕਦੀ ਫ਼ਖ਼ਰ ਜ਼ਮਾਨ ਬਾਰੇ ਕੋਈ ਅੱਖਰ ਨਹੀਂ ਸੁਣਿਆ। ਉਹ ਅਸਲੋਂ ਸਮਕਾਲੀਆਂ ਬਾਰੇ ਕੋਈ ਰਾਅ ਨਹੀਂ ਦਿੰਦੇ। ਫ਼ਿਰ ਪਾਕ ਟੀ ਹਾਊਸ ਵਿੱਚ 'ਪੰਜਾਬੀ ਅਦਬੀ ਸੰਗਤ' ਦੀ ਮੰਡਲੀ ਸੀ। ਜਿਸ ਵਿੱਚ ਸ਼ਫ਼ਕਤ ਤਨਵੀਰ ਮਿਰਜ਼ਾ, ਸਲੀਮ ਖ਼ਾਨ ਗਿਮੀ, ਆਸਿਫ਼ ਖ਼ਾਨ ਸਾਹਿਬ, ਸਲੀਮ ਜਹਾਂਗੀਰ, ਅਕਬਰ ਲਾਹੌਰੀ ਤੇ ਹੋਰ ਕਈ ਲਿਖਾਰੀ ਆਉਂਦੇ ਸਨ। ਟਕਸਾਲੀ, ਉਸਤਾਦ ਦਾਮਨ ਦਾ ਢੇਰਾ ਤੇ ਮੰਡਲੀ ਸੀ। ਉਰਦੂ ਬਾਜ਼ਾਰ, ਅਜ਼ੀਜ਼ ਬੁੱਕ ਡਿਪੂ ਤੇ ਵੀ ਇੱਕ ਮੰਡਲੀ ਬਹਿੰਦੀ ਸੀ। ਇਹ ਸਾਰੀਆਂ ਮੰਡਲੀਆਂ ਅਗਾਂਹ ਵਧੂ ਸਨ।

ਉਹ ਵੇਲਾ ਵਿਚਾਰਧਾਰਾ ਦਾ ਸੀ। ਹੁਣ ਮੰਡਲੀਆਂ ਸ਼ਖ਼ਸੀਅਤਾਂ ਦੁਵੱਲੇ ਬਣੀਆਂ ਹੋਈਆਂ ਨੇ। ਇੱਕ ਅਸਾਂ ਮਾਂ ਬੋਲੀ ਦਾ ਲਾਹੌਰੋਂ 2013 ਵਿੱਚ 21 ਫ਼ਰਵਰੀ ਨੂੰ ਜਲੂਸ ਕੱਢਣ ਦਾ ਮਤਾ ਪਕਾਇਆ ਸੀ, ਉਸ ਵਿੱਚ ਵੀ ਵੰਡੀਆਂ ਪੈ ਗਈਆਂ ਨੇ। ਹੁਣ ਆਗੂ ਬਣਨ ਦੀ ਲੜਾਈ ਏ, ਪੰਜਾਬੀ ਕਿੱਥੇ ਏ! ਲਿਖਣ ਵਾਲੇ ਪਿੱਛੇ ਰਹਿ ਗਏ ਨੇ। ਹੁਣ ਵਿਚਾਰਾਂ ਦੀ ਲੜਾਈ ਨਹੀਂ ਚੌਧਰ ਦੀ ਲੜਾਈ ਏ।

? ਕੀ ਤੁਸੀਂ 'ਪੰਜ ਦਰਿਆ' ਮੈਗਜ਼ੀਨ ਦੇ ਫ਼ਖ਼ਰ ਜ਼ਮਾਨ ਵਿਸ਼ੇਸ਼ ਅੰਕ ਦੀ ਗੱਲ ਕਰ ਰਹੇ ਸੀ।

-ਜੀ ਹਾਂ।

? ਤੁਸੀਂ ਵੀ ਪੰਜਾਬੀ ਦਾ ਇੱਕ ਸਾਹਿਤਕ ਰਿਸਾਲਾ ਕੱਢਦੇ ਹੋ। 'ਬਾਰਾਂ ਮਾਹ' ਨੂੰ ਲੈ ਕੇ ਤੁਹਾਡੇ ਕੀ ਇਰਾਦੇ ਨੇ ? ਰਿਸਾਲਾ ਕੱਢਣਾ ਇਕੱਲੇ ਸੋਧੀ ਦਾ ਕੰਮ ਨਹੀਂ, ਇਹਦੇ ਪਿੱਛੇ ਪੂਰੀ ਇੱਕ ਮੰਡਲੀ ਹੋਣੀ ਚਾਹੀਦੀ ਏ। 'ਬਾਰਾਂ ਮਾਹ' ਲਈ ਤੁਹਾਨੂੰ ਕਿਨਾਂ ਮਿੱਤਰਾਂ ਦਾ ਸੰਗ-ਸਾਥ ਹਾਸਲ ਏ।

-ਇਹ ਪਰਚਾ ਮੈਂ ਤੇ ਅਮਰਜੀਤ ਚੰਦਨ ਮਿਲ ਕੇ ਕੱਢਦੇ ਹਾਂ। ਇਹ ਇਕੱਲਾ ਪਰਚਾ ਏ ਜੋ ਸਾਂਝੇ ਪੰਜਾਬ ਦਾ ਨਿਸ਼ਾਨ ਏ। ਇਸ ਤੋਂ ਪਹਿਲਾਂ ਸਫ਼ੀਰ ਰਾਮੇ ਜੀ 'ਸਾਂਝ' ਕੱਢਦੇ ਸਨ ਜਿਹੜਾ ਦੋਵੇਂ ਲਿਪੀਆਂ ਵਿੱਚ ਛਪਦਾ ਸੀ। ਹੁਣ ਤੀਕ 'ਬਾਰਾਂ ਮਾਹ' ਦੇ ਚਾਰ ਪਰਚੇ ਛੱਪ ਚੁੱਕੇ ਨੇ ਤੇ ਸਾਰੇ ਪਰਚਿਆਂ ਵਿੱਚ ਇੱਕ ਵਿਸ਼ਾ ਹੁੰਦਾ ਏ। ਪਹਿਲਾ ਸ਼ੁਮਾਰਾ 2019 ਯਾਦਾਂ ਬਾਰੇ ਸੀ ਖ਼ਾਸ ਕਰ 1970 ਦਿਆਂ ਯਾਦਾਂ। ਇਸ ਵਿੱਚ ਮਨਜ਼ੂਰ ਇਜਾਜ਼, ਅਮਰਜੀਤ ਚੰਦਨ, ਮਜ਼ਹਰ ਤਿਰਮਜ਼ੀ, ਸਰਮਦ ਸਹਿਬਾਈ, ਫ਼ਿਆਜ਼ ਬਾਕਿਰ, ਸ਼ਾਹਿਦ ਨਦੀਮ, ਅਹਿਮਦ ਸਲੀਮ ਵਰਗੀਆਂ ਦੇ ਲੇਖ ਸ਼ਾਮਿਲ ਸਨ। ਦੂਜਾ ਸ਼ੁਮਾਰਾ (ਅੰਕ) ਪੰਜਾਬ, ਪੰਜਾਬੀ ਤੇ ਪੰਜਾਬੀਅਤ ਬਾਰੇ ਸੀ। ਇਸ ਵਿੱਚ ਮੇਜਰ ਇਸਹਾਕ ਮੁਹੰਮਦ, ਪ੍ਰੋਫ਼ੈਸਰ ਪ੍ਰੀਤਮ ਸਿੰਘ, ਮਨਜ਼ੂਰ ਇਜਾਜ਼, ਅਤਰ ਸਿੰਘ, ਫ਼ਿਆਜ਼ ਬਾਕਿਰ, ਈਸ਼ਵਰ ਗੌੜ ਤੇ ਫ਼ਖ਼ਰ ਜ਼ਮਾਨ ਦੇ ਲੇਖ ਸ਼ਾਮਿਲ ਸਨ। ਤੀਜਾ ਸ਼ੁਮਾਰਾ ਪੰਜਾਬ ਦੀ ਵੰਡ ਬਾਰੇ ਸੀ ਜਿਸ ਵਿੱਚ ਕੁੱਲ ਪੰਜਾਬ ਦੇ 16 ਲੇਖ ਸ਼ਾਮਿਲ ਸਨ ਤੇ ਪਿਛਲਾ ਸ਼ੁਮਾਰਾ ਬੋਲੀ ਦੇ ਸਵਾਲ ਬਾਰੇ ਸੀ। ਜੇ ਹੁਣ ਤੁਸੀਂ ਪੰਜਾਬ ਬਾਰੇ ਲਿਖਣਾ ਏ ਤੇ ਪਰਚੇ ਰੈਫ਼ਰੈਂਸ ਦਾ ਕੰਮ ਦੇਣਗੇ। ਇਸ ਵਰ੍ਹੇ ਦਾ ਪਰਚਾ ਤਰਜਮਿਆਂ (ਅਨੁਵਾਦ) ਤੇ ਹੋਵੇਗਾ।

ਮੇਰੇ ਨਾਲ ਗੁਰਮੁਖੀ ਦਾ ਸਾਰਾ ਮੁਵਾਦ ਅਮਰਜੀਤ ਚੰਦਨ ਦਿੰਦੇ ਨੇ। ਇਸ ਪਰਚੇ ਦਾ ਸੁਫ਼ਨਾ ਵੀ ਉਨ੍ਹਾਂ ਦਾ ਏ। ਜਦ ਅਸਾਂ ਪਹਿਲਾ ਪਰਚਾ ਕੱਢਿਆ ਤੇ ਕੁੱਝ ਦਾ ਖ਼ਿਆਲ ਸੀ; ਵੇਖਦੇ ਆਂ ਦੂਜਾ ਪਰਚਾ ਕੱਢ ਨਿਕਲਿਆ! ਪਰ ਇਹ ਲਗਾਤਾਰ ਨਿਕਲ ਰਿਹਾ ਏ ਤੇ ਜਦ ਤੀਕ ਮੇਰੇ ਵਿੱਚ ਹਿੰਮਤ ਏ ਨਿਕਲਦਾ ਰਹੇਗਾ। ਸਾਨੂੰ ਕੋਈ ਤਗੜਾ ਹੁੰਗਾਰਾ ਨਹੀਂ ਮਿਲਦਾ। ਸਾਨੂੰ ਬਸ ਹੁੰਗਾਰੇ ਦੀ ਲੋੜ ਏ, ਪਰਚਾ ਅਸੀਂ ਕੱਢਦੇ ਰਹਾਂਗੇ। ਅਸੀਂ ਪੰਜਾਬ ਬਾਰੇ ਸੋਹਣੀਆਂ ਲਿਖਤਾਂ ਛਾਪਣੀਆਂ ਚਾਹੁੰਦੇ ਆਂ। ਅਸੀਂ ਨਿਰਾ ਸੁਲੇਖ ਨਹੀਂ ਛਾਪਦੇ। ਅਸੀਂ ਫ਼ਲਸਫ਼ਾ, ਤਵਾਰੀਖ਼ ਤੇ ਹੋਰ ਵਿਸ਼ਿਆਂ ਨੂੰ ਵੀ ਥਾਂ ਦਿੰਦੇ ਆਂ। ਇਹ ਖੱਬੇ ਪੱਖ ਦਾ ਰਿਸਾਲਾ ਨਹੀਂ, ਭਾਵੇਂ ਮੇਰਾ ਤੇ ਚੰਦਨ ਦਾ ਪਿਛੋਕੜ ਖੱਬੇ ਪਾਸੇ ਦਾ ਏ। ਅਸੀਂ ਬਸ ਚੰਗਾ ਸੁਲੇਖ ਛਾਪਣਾ ਚਾਹੁੰਦੇ ਆਂ ਭਾਵੇਂ ਉਹ ਕਿਸੇ ਵੀ ਵਿਚਾਰ ਦਾ ਹੋਵੇ।

ਅਜੇ ਮੈਂ ਈ ਸਭ ਕੰਮ ਕਰਦਾ ਹਾਂ। ਤੁਸੀਂ ਰਲ ਜਾਓ।

? ਕਿਉਂ ਨਹੀਂ, ਤੁਹਾਡੇ ਨਾਲ ਈ ਹਾਂ।

-ਜੀ ਸ਼ੁਕਰੀਆ।

? ਕਿਤਾਬ ਭੰਡਾਰ ਦੀ ਬਜਾਏ ਕਿਤਾਬ ਤ੍ਰਿੰਞਣ ਹੀ ਕਿਉਂ? ਇਹਦੇ ਨਾਂ ਨੂੰ Feminize ਕਰਨ ਪਿੱਛੇ ਕੀ ਤੱਕ ਏ? ਤੁਸੀਂ ਛਪਵਾਕ ਤੇ ਵਰਤਾਵੇ ਵੀ ਹੋ, ਪੰਜਾਬੀ ਵਿੱਚ ਅੱਜ ਕੱਲ੍ਹ ਕਿਤਾਬਾਂ ਦੀ ਛਪਵਾਈ ਤੇ ਵਿੱਕਰੀ ਦੀ ਜੋ ਸੂਰਤਹਾਲ ਏ, ਉਹਦੇ ਬਾਰੇ ਵਿੱਚ ਤੁਹਾਡੀ ਕੀ ਰਾਏ ਹੈ।

-ਕਿਤਾਬ ਤ੍ਰਿੰਞਣ ਦਾ ਨਾਂ ਨਜਮ ਹੁਸੈਨ ਸੱਯਦ ਨੇ ਰੱਖਿਆ ਸੀ, ਮੈਨੂੰ ਵੀ ਇਹ ਨਾਂ ਪਸੰਦ ਏ। ਲੋਕ ਬਹੁਤ ਪਸੰਦ ਕਰਦੇ ਨੇ, ਕਿਤਾਬ ਵੀ ਫ਼ੈਮਿਨਿਨ ਏ, ਕਿਤਾਬ ਹੁੰਦੀ ਏ, ਐਵੇਂ ਤੁਹਾਡੀ ਗੱਲ ਤੋਂ ਖ਼ਿਆਲ ਆਇਆ। ਜ਼ਨਾਨੀਵਾਦ ਹੋਣਾ ਚੰਗੀ ਗੱਲ ਏ, ਉਂਝ ਇਹ ਸਦੀ ਜ਼ਨਾਨੀਆਂ ਦੀ ਏ। ਅਸੀਂ ਇਹ ਨਾਂ 1997 ਵਿੱਚ ਰੱਖਿਆ ਸੀ।

ਕਿਤਾਬਾਂ ਦੀ ਛਪਾਈ ਤੇ ਵਿਕਰੀ ਦਾ ਮੰਦਾ ਹਾਲ ਏ। ਉਂਝ ਸੋਸ਼ਲ ਮੀਡੀਆ, ਪੰਜਾਬੀ ਪਿਆਰਿਆਂ ਨਾਲ ਭਰਿਆ ਹੋਇਆ ਏ ਪਰ ਪੜ੍ਹਿਆਰਾਂ ਵਿੱਚ ਦਿਨੋਂ ਦਿਨ ਘਾਟਾ ਪੈ ਰਿਹਾ ਏ। ਇੰਟਰਨੈੱਟ ਨੇ ਮਸ਼ਹੂਰੀ ਤੇ ਬੜੀ ਕੀਤੀ ਏ ਪਰ ਪੜ੍ਹਨ ਵਾਲੇ ਜੀ ਬਹੁਤੇ ਵਧੇ ਨਹੀਂ। 'ਕਿਤਾਬ ਤ੍ਰਿੰਞਣ' ਇਕ ਗ਼ੈਰ ਮੁਨਾਫ਼ਾ ਬਖ਼ਸ਼ ਤੇ ਗ਼ੈਰ-ਤਜਾਰਤੀ ਅਦਾਰਾ ਏ। ਕੁੱਝ ਸੱਜਣ ਸਾਡੀ ਮਦਦ ਕਰਦੇ ਹਨ ਤੇ ਅਸੀਂ ਚੱਲ ਰਹੇ ਆਂ। ਮੇਰਾ ਵਿਚਾਰ ਏ ਜੇ ਅਸੀਂ ਪੰਜਾਬੀ ਪੜ੍ਹਨ ਵੱਲ ਆ ਜਾਈਏ ਤੇ ਸਾਨੂੰ ਖ਼ੈਰ ਪੈ ਜਾਏਗੀ। ਛਪਾਈ ਦਾ ਵੀ ਮਾੜਾ ਹਾਲ ਏ, 40 ਹਜ਼ਾਰ ਦੀ ਕਿਤਾਬ ਹੁਣ 80 ਹਜ਼ਾਰ ਵਿੱਚ ਮਸਾਂ ਛਪਦੀ ਏ। ਕਾਗ਼ਜ਼ ਨਹੀਂ ਮਿਲਦਾ ਤੇ ਬਾਕੀ ਦੇ ਖ਼ਰਚੇ ਵੀ ਵਾਧੂ ਨੇ।

? ਜ਼ੁਬੈਰ ਜੀ ਹੁਣ ਜ਼ਰਾ 'Grieving For Pigeons' ਦੀ ਗੱਲ ਹੋ ਜਾਏ। ਆਪਣੀਆਂ ਕਹਾਣੀਆਂ ਦੇ ਇਸ ਉਲੱਥੇ ਬਾਰੇ ਤੁਸੀਂ ਕੀ ਕਹੋਗੇ? ਜਿਵੇਂ ਭਾਰਤੀ ਲੇਖਕਾਂ ਨੇ ਜਗਤ ਪੱਧਰ ਉੱਤੇ ਅੰਗਰੇਜ਼ੀ ਤਰਜਮਿਆਂ ਰਾਹੀਂ ਆਪਣੀ ਪਛਾਣ ਕਰਵਾਈ ਏ, ਕੀ ਸਾਡੇ ਸਾਹਿਤਕਾਰਾਂ ਲਈ ਵੀ ਅਜਿਹੇ ਇਮਕਾਨ (ਸੰਭਾਵਨਾਵਾਂ) ਮੌਜੂਦ ਨੇ।

-ਪਹਿਲੀ ਗੱਲ ਤਾਂ ਇਹ ਵੇ ਪਈ ਪੰਜਾਬੀ ਤੋਂ ਅੰਗਰੇਜ਼ੀ ਵਿੱਚ ਉਲੱਥੇ ਸਰਪਰ

ਹੋਣੇ ਚਾਹੀਦੇ ਨੇ। ਇਹ ਕੰਮ ਏ ਤੁਹਾਡੀਆਂ ਯੂਨੀਵਰਸਿਟੀਆਂ ਦੇ ਅੰਗਰੇਜ਼ੀ ਸ਼ੋਅਬੇ ਦਾ। ਪਰ ਸਾਡੀਆਂ ਯੂਨੀਵਰਸਿਟੀਆਂ ਵੀ ਨਿਕੰਮੀਆਂ ਨੇ ਤੇ ਪ੍ਰੋਫ਼ੈਸਰ ਵੀ। ਸਾਡੇ ਅੰਗਰੇਜ਼ੀ ਦੇ ਪ੍ਰੋਫ਼ੈਸਰ ਕਾਠੇ ਅੰਗਰੇਜ਼ ਨੇ, ਉੱਕਾ ਵਿਜੋਗੇ ਹੋਏ, ਆਪਣੀ ਧਰਤੀ ਤੇ ਮਾਂ ਬੋਲੀ ਤੋਂ। ਲਾਹੌਰ ਦੇ ਅੰਗਰੇਜ਼ੀ ਦੇ ਪ੍ਰੋਫੈਸਰਾਂ ਨੂੰ ਲੰਦਨ, ਨਿਊਯਾਰਕ ਦੇ ਮੁਹੱਲਿਆਂ ਦੇ ਨਾਂ ਯਾਦ ਨੇ ਪਰ ਲਾਹੌਰ ਦਾ ਖੱਖ ਪਤਾ ਨਹੀਂ। ਜਿੱਥੋਂ ਦੀ ਹਵਾ ਵਿੱਚ ਜਿਊਂਦੇ ਨੇ, ਸਾਹ ਲੈਂਦੇ ਨੇ, ਪਾਣੀ ਪੀਂਦੇ ਨੇ, ਉਹਨੂੰ ਮਾਣਦੇ ਨਹੀਂ। ਪੈਂਗੁਇਨ ਇੰਡੀਆ ਨੇ ਮਲਿਆਲਮ, ਤਾਮਿਲ, ਬੰਗਾਲੀ ਤੇ ਹੋਰ ਬੋਲੀਆਂ ਦੇ ਸੁਲੇਖ ਦੇ ਉਲੱਥੇ ਛਾਪੇ ਨੇ। ਇਹ ਉਲੱਥੇ ਯੂਨੀਵਰਸਿਟੀ ਦੇ ਅੰਗਰੇਜ਼ੀ ਪ੍ਰੋਫ਼ੈਸਰਾਂ ਕੀਤੇ ਨੇ। ਸਾਡਾ ਕੋਈ ਅੰਗਰੇਜ਼ੀ ਦਾ ਪ੍ਰੋਫ਼ੈਸਰ ਪੰਜਾਬੀ ਪੜ੍ਹਦਾ ਏ ? ਇੱਕ ਵੀ ਨਹੀਂ! ਉਹ ਨਫ਼ਰਤ ਕਰਦਾ ਏ ਆਪਣੀ ਬੋਲੀ ਨਾਲ, ਧਰਤੀ ਨਾਲ। ਪੈਰ ਉਹਦੇ ਸਾਡੀ ਧਰਤੀ ਤੇ ਨੇ, ਖ਼ਿਆਲ ਲੰਦਨ ਅਮਰੀਕਾ ਦਾ ਏ।

ਮੇਰੀ ਅੰਗਰੇਜ਼ੀ ਦੀ ਕਿਤਾਬ ਦਾ ਇੱਕ ਪਿਛੋਕੜ ਏ। ਇਸ ਕਿਤਾਬ ਉੱਤੇ 2014 ਵਿੱਚ ਕੰਮ ਛੋਹਿਆ ਸੀ ਤੇ ਕਿਤਾਬ 2022 ਵਿੱਚ ਛਪੀ। ਪੰਜਾਬੀ ਤੋਂ ਇਹ ਸਿੱਧਾ ਉਲੱਥਾ ਪ੍ਰੋਫ਼ੈਸਰ ਐਨ ਮਰਫ਼ੀ ਨੇ ਕੀਤਾ ਏ ਜੋ ਵੈਨਕੂਵਰ, ਯੂ-ਬੀ-ਸੀ ਯੂਨੀਵਰਸਿਟੀ ਵਿੱਚ ਤਵਾਰੀਖ਼ ਪੜ੍ਹਾਉਂਦੇ ਨੇ। ਪਹਿਲੇ ਉਹ ਬੋਲੀਆਂ ਪੜ੍ਹਾਂਦੇ ਸਨ। ਉਨ੍ਹਾਂ ਨੂੰ ਸ਼ਾਹਮੁਖੀ, ਗੁਰਮੁਖੀ, ਹਿੰਦੀ, ਉਰਦੂ ਤੇ ਸੰਸਕ੍ਰਿਤ ਆਉਂਦੀ ਏ। ਅੰਗਰੇਜ਼ੀ ਉਨ੍ਹਾਂ ਦੀ ਮਾਂ ਬੋਲੀ ਏ। ਕਿਤਾਬ ਵਿੱਚ ਉਨ੍ਹਾਂ ਸਾਰਾ ਵੇਰਵਾ ਦਿੱਤਾ ਏ ਪਈ ਇਹ ਕਿਤਾਬ ਕਿਵੇਂ ਤਿਆਰ ਹੋਈ। ਉਹ 2014 ਵਿੱਚ ਲਾਹੌਰ ਆਏ ਸਨ। ਤੇ ਢਾਹਾਂ ਐਵਾਰਡ ਬਨਾਣ ਵਿੱਚ ਸ਼ਾਮਿਲ ਸਨ। ਮੈਂ ਸਲਾਹਕਾਰ ਕਮੇਟੀ ਦਾ ਮੈਂਬਰ ਸਾਂ।

ਮੇਰੇ ਕੁੱਝ ਉਲੱਥੇ ਮੁਆਜ਼ਮ ਸ਼ੇਖ਼ ਤੇ ਨਿਰੂਪਮਾ ਦੱਤ ਨੇ ਵੀ ਕੀਤੇ। ਸਭ ਤੋਂ ਪਹਿਲਾ ਉਲੱਥਾ ਮੁਆਜ਼ਮ ਸ਼ੇਖ਼ ਨੇ ਕੀਤਾ ਸੀ। ਕਿਤਾਬ ਦਾ ਨਾਂ ਸੀ 'A Letter From India' ਇਹ ਪੈਂਗੁਇਨ ਇੰਡੀਆ ਤੋਂ 2004 ਵਿੱਚ ਛਪੀ, ਇਸ ਵਿੱਚ ਮੇਰੀ ਕਹਾਣੀ ਸੀ। ਇੱਕ ਕਿਤਾਬ 'Stories of the Soil' ਜਿਹੜੀ 2010 ਵਿੱਚ ਪੈਂਗੁਇਨ ਇੰਡੀਆ ਨੇ ਈ ਛਾਪੀ ਸੀ, ਉਸ ਵਿੱਚ ਮੇਰੀ ਕਹਾਣੀ 'ਮੀਂਹ, ਬੂਹੇ ਤੇ ਬਾਰੀਆਂ' ਦਾ ਉਲੱਥਾ ਸ਼ਾਮਿਲ ਏ। ਮਰਫ਼ੀ ਜੀ ਨੇ ਮੈਨੂੰ ਕਿਤਾਬ ਬਨਾਣ ਦੀ ਸਲਾਹ ਦਿੱਤੀ ਤੇ ਇੰਜ ਇਹ ਕਿਤਾਬ ਅੱਠ ਵਰ੍ਹਿਆਂ ਪਿੱਛੋਂ ਤਿਆਰ ਹੋ ਕੇ ਛਪੀ। ਇਹੋ ਜਿਹਾ ਉਲੱਥਾਕਾਰ ਮਿਲਣਾ ਵੀ ਤੁਹਾਡੇ ਭਾਗ ਨੇ। ਪਰ ਇਸ ਵੇਲੇ ਸਾਡੀ ਕਹਾਣੀਆਂ ਦੀਆਂ ਕਿਤਾਬਾਂ ਦੀਆਂ ਦੋ-ਤਿੰਨ ਚੋਣਾਂ ਹੋ ਸਕਦੀਆਂ ਨੇ ਤੇ ਉਲੱਥੇ ਵੀ! ਪਰ ਕੌਣ ਕਰੇਗਾ ?

? ਤੁਹਾਨੂੰ ਢਾਹਾਂ ਐਵਾਰਡ ਦੀ ਸਲਾਹਕਾਰ ਸੱਥ ਦੀ ਪ੍ਰਧਾਨਗੀ ਦੀਆਂ ਮੁਬਾਰਕਾਂ। ਸਾਡੇ ਸਭ ਲਈ ਇਹ ਮਾਣ ਵਾਲੀ ਗੱਲ ਏ। ਆਸ ਹੈ ਤੁਸੀਂ ਇਹ ਵਾਹਲ ਬਖ਼ੂਬੀ ਨਿਭਾਓਗੇ। ਐਵਾਰਡ ਦੀ ਨਿਰਪੱਖਤਾ ਨੂੰ ਬਿਹਤਰ ਬਣਾਉਣ ਲਈ ਤੁਹਾਡੇ ਮਨ ਵਿੱਚ ਕੀ ਵਿਚਾਰ ਨੇ।

-ਇਹ ਬਹੁਤ ਰੌਲੇ ਵਾਲਾ ਸਵਾਲ ਏ ਕਿਉਂ ਜੇ ਮੈਂ ਹੁਣ ਪ੍ਰਧਾਨ ਸਲਾਹਕਾਰ ਕਮੇਟੀ ਹਾਂ, ਮੇਰਾ ਇੱਕ-ਇੱਕ ਅੱਖਰ ਗੋਹ ਨਾਲ ਪੜ੍ਹਿਆ ਜਾਏਗਾ। ਜਿੱਥੋਂ ਤੀਕ

ਇਨਾਮ ਦੇ ਮਿਥਣ ਦੀ ਗੱਲ ਏ, ਤੇ ਇਨਾਮ ਦਾ ਫ਼ੈਸਲਾ ਤਿੰਨ ਜਿਊਰੀਆਂ ਕਰਦਿਆਂ ਨੇ ਤੇ ਉਨ੍ਹਾਂ ਨੂੰ ਪੂਰੀ ਖੁੱਲ੍ਹ ਹੁੰਦੀ ਏ। ਜੱਜਾਂ ਨੂੰ ਮਾਕੂਲ ਮੁਆਵਜ਼ਾ (Wage) ਵੀ ਦਿੱਤਾ ਜਾਂਦਾ ਏ। ਢਾਹਾਂ ਇਨਾਮ ਦੇ ਪ੍ਰਬੰਧੀਆਂ ਦਾ ਇਸ ਵਿੱਚ ਬਹੁਤਾ ਲੈਣਾ-ਦੇਣਾ ਨਹੀਂ। ਹੁਣ ਤੀਕ 9 ਵਰ੍ਹੇ ਹੋ ਚੁੱਕੇ ਨੇ। ਤੇ 25 ਲਿਖਾਰੀਆਂ ਨੂੰ ਇਨਾਮ ਮਿਲ ਚੁੱਕਾ ਏ। ਤਿੰਨ ਜਿਊਰੀਆਂ ਹਰ ਸਾਲ ਕੰਮ ਕਰਦਿਆਂ ਨੇ 70-75 ਲਿਖਾਰੀ ਜਿਊਰੀ ਦੇ ਮੈਂਬਰ ਬਣ ਚੁੱਕੇ ਨੇ। ਕਦੀ ਤੁਸੀਂ ਸੁਣਿਆ ਢਾਹਾਂ ਵਾਲਿਆਂ ਕਿਸੇ ਦੀ ਹਿਮਾਇਤ ਜਾਂ ਮੁਖ਼ਾਲਫ਼ਤ ਕੀਤੀ ਹੋਵੇ ਜਾਂ ਜਿਊਰੀ ਦੇ ਫ਼ੈਸਲੇ ਨੂੰ ਬਦਲਿਆ ਹੋਵੇ ? ਦੂਜੀ ਗੱਲ ਇਨਾਮ ਲਿਖਾਰੀ ਨੂੰ ਮੁੱਖ ਰੱਖ ਕੇ ਨਹੀਂ, ਉਹਦੀ ਕਿਤਾਬ ਨੂੰ ਮੁੱਖ ਰੱਖ ਕੇ ਦਿੱਤਾ ਜਾਂਦਾ ਏ। ਆਖ਼ਰੀ ਗੱਲ ਇਹ ਵੇ ਪਈ ਇਨਾਮ ਸੁਲੇਖ ਨਹੀਂ ਬਣਾਂਦਾ ਸਗੋਂ ਸੁਲੇਖਕਾਰਾਂ ਇਨਾਮ ਜੰਮੇ। ਨੋਬਲ ਇਨਾਮ ਨੂੰ ਮਸਾਂ ਸੌ ਵਰ੍ਹੇ ਹੋਏ ਹੋਣੇ। ਕਈ ਮਹਾਨ ਲੇਖਕਾਂ ਨੂੰ ਇਹ ਇਨਾਮ ਨਹੀਂ ਮਿਲਿਆ, ਉਨ੍ਹਾਂ ਨੂੰ ਕੋਈ ਫ਼ਰਕ ਨਹੀਂ ਪਿਆ।

ਢਾਹਾਂ ਇਨਾਮ ਦੀ ਰਕਮ ਕਿਉਂ ਜੇ ਬਹੁਤ ਜ਼ਿਆਦਾ ਏ ਇਸ ਲਈ ਜਿਹਨੂੰ ਨਹੀਂ ਮਿਲਦਾ ਉਹ ਨਾਰਾਜ਼ ਹੋ ਜਾਂਦਾ ਏ। ਮੈਂ ਇਨਾਮਾਂ ਦੇ ਹੱਕ ਵਿੱਚ ਹਾਂ, ਇਨਾਮ ਹੋਣੇ ਚਾਹੀਦੇ ਨੇ। ਆਖ਼ਿਰ ਤੁਸੀਂ ਕਿਉਂ ਲਿਖਦੇ ਓ ? ਇਸ ਲਈ ਪਈ ਲੋਕ ਤੁਹਾਨੂੰ ਪੜ੍ਹਨ! ਇਨਾਮ ਨਾਲ ਮਸ਼ਹੂਰੀ ਹੁੰਦੀ ਏ ਤੇ ਲੋਕਾਂ ਨੂੰ ਤੁਹਾਡੀ ਕਿਤਾਬ ਦਾ ਪਤਾ ਚਲਦਾ ਏ। 2014 ਵਿੱਚ ਢਾਹਾਂ ਇਨਾਮ ਪਾਰੋਂ ਮੇਰੀ ਕਿਤਾਬ 'ਕਬੂਤਰ, ਬਨੇਰੇ ਤੇ ਗਲੀਆਂ' ਹੱਥੋਂ ਹੱਥ ਵਿਕ ਗਈ। 500 ਕਾਪੀਆਂ ਦੋ ਵਰ੍ਹੇ ਵਿੱਚ ਵਿਕ ਗਈਆਂ ਸਨ, ਹੁਣ ਦੂਜਾ ਐਡੀਸ਼ਨ ਅਸੀਂ 'ਕਿਤਾਬ ਤ੍ਰਿੰਞਣ' ਤੋਂ ਛਾਪਿਆ ਉਹ ਵੀ ਮੁੱਕਣ ਵਾਲਾ ਏ। ਇਨਾਮ ਰਾਹੀਂ ਨਵੇਂ ਸੱਜਣ ਮਿਲਦੇ ਨੇ, ਚੜ੍ਹਦੇ ਪੰਜਾਬ ਤੋਂ ਮੈਨੂੰ ਰੋਜ਼ ਦੋ-ਚਾਰ ਬੰਦੇ ਫ਼ੇਸਬੁੱਕ ਤੇ ਦਰਖ਼ਾਸਤ ਕਰਦੇ ਨੇ ਤੇ ਇਨ੍ਹਾਂ ਵਿੱਚ ਬਹੁਤੇ ਲਿਖਾਰੀ ਹੁੰਦੇ ਨੇ। ਇਹ ਸਭ ਕੁੱਝ ਇਨਾਮ ਪਾਰੋਂ ਈ ਹੈ। ਪਰ ਲਿਖਾਰੀ ਨੂੰ ਇਨਾਮ ਲੈਣ ਲਈ ਨਹੀਂ ਲਿਖਣਾ ਚਾਹੀਦਾ। ਅਜਿਹੀਆਂ ਕਿਤਾਬਾਂ ਪ੍ਰਵਾਨ ਨਹੀਂ ਹੁੰਦੀਆਂ, ਨਾ ਹੋ ਸਕਦੀਆਂ ਨੇ।

? ਗੁਰਮੁਖੀ ਵਿੱਚ ਤੁਸੀਂ ਇੱਕ ਚਿਰ ਤੋਂ ਛਪਦੇ ਆ ਰਹੇ ਹੋ......।

-ਮੇਰੀ ਗੁਰਮੁਖੀ ਦੀ ਪਹਿਲੀ ਕਿਤਾਬ 2008 ਨੂੰ 'ਕਬੂਤਰ ਬਨੇਰੇ ਤੇ ਗਲੀਆਂ' ਤਲਵਿੰਦਰ ਸਿੰਘ (ਜੰਨਤੀ) ਦੇ ਆਹਰ ਪਾਰੋਂ ਲੋਕ ਗੀਤ ਪ੍ਰਕਾਸ਼ਨ ਨੇ ਛਾਪੀ ਸੀ। ਅਸਲੋਂ ਉਹ ਕਿਤਾਬ 'ਮੀਂਹ ਬੂਹੇ ਤੇ ਬਾਰੀਆਂ' ਸੀ ਤੇ ਇਸ ਵਿੱਚ ਨਿਰੀਆਂ ਦੋ ਕਹਾਣੀਆਂ 'ਕਬੂਤਰ ਬਨੇਰੇ ਤੇ ਗਲੀਆਂ' ਵਿੱਚੋਂ ਸ਼ਾਮਿਲ ਕੀਤੀਆਂ ਗਈਆਂ ਸਨ। ਮੁੜ ਦੂਜੀ ਕਿਤਾਬ 'ਪਾਣੀ ਦੀ ਕੰਧ' 2021 ਵਿੱਚ ਸੱਚਲ ਪ੍ਰਕਾਸ਼ਨ ਨੇ, ਪਰਮਜੀਤ ਮੀਸ਼ਾ ਤੇ ਸੰਦੀਪ ਦੇ ਆਹਰ ਨਾਲ਼ ਛਾਪੀ। ਮੈਂ ਇਨ੍ਹਾਂ ਸਾਰਿਆਂ ਦਾ ਸ਼ੁਕਰਗੁਜ਼ਾਰ ਹਾਂ। ਹਥਲੀ ਕਿਤਾਬ ਲਈ ਮੈਂ ਅਮਰਜੀਤ ਚੰਦਨ ਤੇ ਉਚੇਚੇ ਪੱਖੋਂ ਆਪਣੇ ਮਿੱਤਰ ਖ਼ਾਲਿਦ ਧਾਰੀਵਾਲ ਦਾ ਸ਼ੁਕਰਗੁਜ਼ਾਰ ਹਾਂ, ਜਿਸ ਦੀ ਮਿਹਨਤ ਸਦਕਾ ਇਹ ਕਿਤਾਬ ਪਾਠਕਾਂ ਦੇ ਹੱਥ ਵਿੱਚ ਏ। ਜੇ ਯਾਰ ਫ਼ਰੀਦ ਕਬੂਲ ਕਰੇ।

●



ਜ਼ੁਬੈਰ ਅਹਿਮਦ ਵਰਗੀਆਂ ਕਹਾਣੀਆਂ ਚੜ੍ਹਦੇ ਪੰਜਾਬ 'ਚ ਕੋਈ ਨਹੀਂ ਲਿਖਦਾ। ਇਹ ਕਹਾਣੀਆਂ ਪੜ੍ਹਦਿਆਂ ਮੈਨੂੰ ਉਰਦੂ ਦੇ ਵੱਡੇ ਕਹਾਣੀਕਾਰ ਰਾਜਿੰਦਰ ਸਿੰਘ ਬੇਦੀ ਦੀ ਯਾਦ ਆ ਜਾਂਦੀ ਏ। ਖ਼ਾਸ ਕਰਕੇ ਉਹਦੀ ਕਹਾਣੀ 'ਦਸ ਮਿਨਟ ਬਾਰਿਸ਼ ਮੇਂ' ਦੀ। ਕਹਾਣੀ ਕਹਿਣ ਦਾ ਜ਼ੁਬੈਰ ਦਾ ਅੰਦਾਜ਼ ਆਮ ਜ਼ਿੰਦਗੀ ਦੀਆਂ ਆਮ-ਜਿਹੀਆਂ ਗੱਲਾਂ ਤੇ ਘਟਨਾਵਾਂ ਨੂੰ ਖ਼ਾਸ ਬਣਾ ਦੇਂਦਾ ਏ। ਇਹ ਕਲਾਕਾਰੀ ਮੇਰੇ ਵਰਗੇ ਕਈ ਅਸਾਧਾਰਨ ਪਾਤਰਾਂ ਦੀਆਂ ਕਹਾਣੀਆਂ ਲਿਖਣ ਵਾਲ਼ਿਆਂ ਲਈ ਬੜੀ ਔਖੀ ਗੱਲ ਏ। ਤੁਸੀਂ ਪੜ੍ਹੋਂਗੇ ਤਾਂ ਈ ਪਤਾ ਲੱਗੇਗਾ ਕਿ ਜ਼ੁਬੈਰ ਅਹਿਮਦ ਦੇ ਪਾਤਰਾਂ ਦੀਆਂ ਭਾਵਨਾਵਾਂ ਕਿਵੇਂ ਪਾਠਕ ਦੇ ਮਨ 'ਤੇ ਤਹਿ-ਦਰ-ਤਹਿ ਬਣ ਕੇ ਬਹਿ ਜਾਂਦੀਆਂ ਨੇ।

- ਪ੍ਰੇਮ ਪ੍ਰਕਾਸ਼

Where knowledge unites wisdom

ISBN 935231658-4

9789352316588

sangam541@gmail.com ₹ 195/-

www.sangampublications.com